Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
CA DRE Lic.#01180969


Jassi Gill
CA DRE# 00966763

Hardeep S.Rai
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192


ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 12, March 19, 2011 20451 N Plum Grove Rd. Palatine, IL 60074 Ph:847-359-0746, Fax:847-705-9388

## ਬਜਟ-2011
## ਵੋਟਾਂ ਲਈ ਪੰਜਾਬ ਸਿਰ ਹੋਰ ਕਰਜ਼ਾ ਚੜ੍ਹਾਉਣ ਦੀ ਤਿਆਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਆਖ਼ਰੀ ਵਰ੍ਹਾ ਹੋਣ ਕਾਰਨ ਪੰਜਾਬ ਸਰਕਾਰ ਨੇ ਇਸ ਵਰ੍ਹੇ ਦੇ ਬਜਟ 'ਚ ਕੋਈ ਹੋਰ ਟੈਕਸ ਨਾ ਥੋਪ ਕੇ ਤੇ ਕਈ ਤਰ੍ਹਾਂ ਦੀਆਂ ਲੋਕ ਲੁਭਾਊ ਰਿਆਇਤਾਂ ਦੇ ਕੇ ਵੋਟਰਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਵਿਰੋਧੀ ਧਿਰ ਅਤੇ ਆਰਥਿਕ ਮਾਹਿਰਾਂ ਨੇ ਬਜਟ ਨੂੰ 'ਲੋਕਾਂ ਨਾਲ ਧੋਖਾ' ਕਰਾਰ ਦਿੱਤਾ ਹੈ। ਬਜਟ 'ਚ ਸਰਕਾਰ ਵੱਲੋਂ ਜਿੱਥੇ ਪਿਛਲਾ ਕਰਜ਼ਾ ਉਤਾਰਨ ਲਈ ਕੋਈ ਯੋਜਨਾ ਨਹੀਂ ਬਣਾਈ ਗਈ ਉਥੇ ਆਪਣਾ ਵੋਟ ਬੈਂਕ ਪੱਕਾ ਕਰਨ ਲਈ ਪੰਜਾਬ ਸਿਰ ਹੋਰ ਕਰਜ਼ਾ ਚੜ੍ਹਾਉਣ ਦੀ ਤਿਆਰੀ ਕੀਤੀ ਗਈ ਹੈ।


ਡਾ. ਉਪਿੰਦਰਜੀਤ ਕੌਰ

ਇਸ ਬਜਟ 'ਚ ਦਿੱਤੀਆਂ ਗਈਆਂ ਰਿਆਇਤਾਂ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਕੇਂਦਰ ਦੀਆਂ ਸਕੀਮਾਂ ਨੂੰ ਸਿੱਖ ਗੁਰੂਆਂ ਤੇ ਸ਼ਹੀਦਾਂ ਦਾ ਨਾਂ ਦੇ ਕੇ ਪੰਜਾਬ ਸਰਕਾਰ ਵੱਲੋਂ ਆਪਣੀ ਬੱਲੇ-ਬੱਲੇ ਕਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਘੇ ਖੇਤੀ ਅਰਥਸ਼ਾਸਤਰੀ ਤੇ ਪੰਜਾਬ ਯੋਜਨਾ ਬੋਰਡ ਦੇ ਸਾਬਕਾ ਉਪ ਚੇਅਰਮੈਨ ਡਾ. ਸਰਦਾਰਾ ਸਿੰਘ ਜੌਹਲ ਨੇ ਆਖਿਆ ਹੈ ਕਿ ਇਹ ਬਜਟ ਅਗਲੀ ਸਰਕਾਰ ਨੂੰ ਕੁੱਲ ਡੇਢ ਲੱਖ ਕਰੋੜ ਰੁਪਏ ਦਾ ਕਰਜ਼ਾ ਤੋਹਫ਼ੇ ਵਜੋਂ ਦੇਵੇਗਾ। ਸਬਸਿਡੀਆਂ ਦਾ ਸਰੂਪ ਤਰਕ ਸੰਗਤ ਨਾ ਬਣਾ ਕੇ ਉਵੇਂ ਹੀ ਕਾਇਮ ਰੱਖਣ ਨੂੰ ਉਨ੍ਹਾਂ ਸੂਬੇ ਦੀ ਵਿੱਤੀ ਹਾਲਤ ਲਈ ਵੱਡਾ ਖ਼ਤਰਾ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਬਜਟ ਵਿਚ ਵਿੱਤੀ ਘਾਟਾ 8801 ਕਰੋੜ ਰੁਪਏ ਦਾ ਦੱਸਿਆ ਗਿਆ ਹੈ ਜੋ ਕਿ ਸੂਬੇ ਸਿਰ ਚੜ੍ਹੇ ਕਰਜ਼ ਵਿਚ ਹੀ ਜੁੜੇਗਾ। ਇਸ ਘਾਟੇ ਮੁਤਾਬਕ ਰਾਜ 'ਤੇ ਕੁੱਲ ਕਰਜ਼ ਵਧ ਕੇ 81 ਹਜ਼ਾਰ ਕਰੋੜ ਹੋ ਜਾਵੇਗਾ ਪਰ ਬਜਟ ਵਿਚ ਇਸ ਕਰਜ਼ੇ ਨੂੰ ਲਾਹੁਣ ਬਾਰੇ ਕਿਸੇ ਤਰ੍ਹਾਂ ਦੀ ਕੋਈ ਅਗਾਊਂ ਯੋਜਨਾਬੰਦੀ ਦਾ ਜ਼ਿਕਰ ਨਹੀਂ ਕੀਤਾ ਗਿਆ। ਦੂਜੇ ਪਾਸੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਅਖ਼ੀਰਲੇ ਬਜਟ ਨੂੰ ਇਤਿਹਾਸਕ ਕਰਾਰ ਦਿੱਤਾ ਹੈ।

ਵਿੱਤ ਮੰਤਰੀ ਡਾ. ਉਪਿੰਦਰਜੀਤ ਕੌਰ ਨੇ 14 ਮਾਰਚ ਨੂੰ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤੇ 3378.99 ਕਰੋੜ ਰੁਪਏ ਦੇ ਵਿੱਤੀ ਘਾਟੇ ਵਾਲੇ ਆਪਣੇ

(ਬਾਕੀ ਸਫਾ 6 'ਤੇ)

# ਜਾਪਾਨ 'ਚ ਭੁਚਾਲ ਤੇ ਸੁਨਾਮੀ ਨੇ ਮਚਾਈ ਵਿਆਪਕ ਤਬਾਹੀ

## ਪਰਮਾਣੂ ਰਿਐਕਟਾਂ 'ਚ ਧਮਾਕੇ, 3 ਹਜ਼ਾਰ ਤੋਂ ਵੱਧ ਮੌਤਾਂ

**ਟੋਕੀਓ (ਪੰਜਾਬ ਟਾਈਮਜ਼ ਬਿਊਰੋ):** ਜ਼ਬਰਦਸਤ ਭੂਚਾਲ, ਸੁਨਾਮੀ ਲਹਿਰਾਂ ਤੇ ਪਰਮਾਣੂ ਰਿਐਕਟਰਾਂ ਦੇ ਫਟਣ ਤੋਂ ਬਾਅਦ ਦੁਨੀਆਂ ਦੇ ਖ਼ੂਬਸੂਰਤ ਅਤੇ ਵਿਕਸਿਤ ਦੇਸ਼ ਜਾਪਾਨ 'ਚ ਵਿਆਪਕ ਤਬਾਹੀ ਹੋਈ ਹੈ। ਦੂਸਰੀ ਵਿਸ਼ਵ ਜੰਗ ਪਿੱਛੋਂ ਜਪਾਨ 'ਤੇ ਆਏ ਇਸ ਕੁਦਰਤੀ ਆਫਤ ਵਿਚ 3 ਹਜ਼ਾਰ ਤੋਂ ਵੱਧ ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਹੋਈ ਹੈ ਜਦੋਂਕਿ 10 ਹਜ਼ਾਰ ਤੋਂ ਵੱਧ ਲੋਕ ਲਾਪਤਾ ਹਨ। ਅਮਰੀਕਾ ਦੇ ਭੂ-ਸਰਵੇਖਣ ਅਨੁਸਾਰ ਇਸ ਭੂਚਾਲ ਨੇ ਜਪਾਨ ਟਾਪੂ ਨੂੰ 8 ਫੁੱਟ ਸਰਕਾ ਦਿੱਤਾ ਹੈ। ਇਸ ਭੁਚਾਲ ਨੂੰ ਜਾਪਾਨ ਦੇ ਇਤਿਹਾਸ ਦਾ ਸਭ ਤੋਂ ਭਿਆਨਕ ਭੁਚਾਲ ਮੰਨਿਆ ਗਿਆ ਹੈ। ਇਸ ਤੋਂ ਬਿਨਾ ਪਰਮਾਣੂ ਪਲਾਂਟਾਂ ਨੂੰ ਨੁਕਸਾਨ ਕਰਕੇ ਹੋਰ ਮਨੁੱਖੀ ਜਾਨਾਂ ਦੀ ਤਬਾਹੀ ਦਾ ਖਦਸ਼ਾ ਕਾਇਮ ਹੈ।

ਸਰਕਾਰੀ ਸੂਤਰਾਂ ਅਨੁਸਾਰ 11 ਮਾਰਚ ਨੂੰ ਰਿਕਟਰ ਸਕੇਲ 'ਤੇ 9 ਤੀਬਰਤਾ ਵਾਲੇ ਸ਼ਕਤੀਸ਼ਾਲੀ ਭੁਚਾਲ ਪਿੱਛੋਂ ਆਈ ਸੁਨਾਮੀ ਨਾਲ ਤਟੀ ਰੇਖਾ 'ਤੇ ਕਈ ਪੂਰੇ ਕਸਬੇ ਮਲਬੇ ਦੇ ਢੇਰ ਵਿਚ ਬਦਲ ਗਏ ਹਨ। ਇਵੇਤ ਸੂਬੇ ਦੇ 15000 ਦੀ ਆਬਾਦੀ ਵਾਲੇ ਓਟਸੂਚੀ ਕਸਬੇ 'ਚੋਂ 12000 ਵਿਅਕਤੀ ਲਾਪਤਾ ਹਨ। ਪਹਿਲੇ ਵਡੇ ਭੁਚਾਲ ਤੋਂ ਬਾਅਦ ਛੋਟੇ ਝਟਕਿਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ।

ਭੁਚਾਲ ਤੋਂ ਬਾਅਦ ਲਗਾਤਾਰ ਚਾਰ ਪਰਮਾਣੂ ਰਿਐਕਰਾਂ 'ਚ ਹੋਏ ਧਮਾਕਿਆਂ ਕਰ ਕੇ ਫੈਲੀ ਰੇਡੀਏਸ਼ਨ ਨਾਲ ਹਾਲਤ ਹੋਰ ਗੰਭੀਰ ਹੋ ਗਈ ਹੈ। ਪ੍ਰਧਾਨ ਮੰਤਰੀ ਨਾਓਤੋ ਕਾਨ ਨੇ ਚਿਤਾਵਨੀ ਦਿੱਤੀ ਹੈ ਕਿ ਰੇਡੀਏਸ਼ਨ ਦਾ ਪੱਧਰ ਇੰਨਾ ਕੁ ਜ਼ਰੂਰ ਹੋ ਗਿਆ ਹੈ ਜਿਸ ਨਾਲ ਇਨਸਾਨੀ ਜ਼ਿੰਦਗੀਆਂ 'ਤੇ ਅਸਰ ਪੈ ਸਕਦਾ ਹੈ। ਪ੍ਰਧਾਨ ਮੰਤਰੀ ਨੇ ਕੌਮ ਦੇ ਨਾਂ ਸੰਦੇਸ਼ ਵਿਚ ਆਖਿਆ ਕਿ ਬਰਬਾਦ ਹੋਏ ਰਿਐਕਟਰਾਂ 'ਚੋਂ ਰੇਡੀਏਸ਼ਨ ਫੈਲ ਚੁੱਕੀ ਹੈ ਤੇ ਅੱਗੇ ਹੋਰ ਵੀ ਕਾਫੀ ਲੀਕੇਜ਼ ਹੋਣ ਦਾ ਖਤਰਾ ਹੈ। ਫੂਕੁਸ਼ਿਮਾ ਪਲਾਂਟ ਦੇ ਤਿੰਨ ਨੰਬਰ ਰਿਐਕਟਰ ਵਿਚ ਰੇਡੀਏਸ਼ਨ ਦਾ ਪੱਧਰ 400 ਗੁਣਾ ਦਾ ਪਾਇਆ ਗਿਆ ਹੈ। ਵਿਗਿਆਨੀਆਂ ਅਨੁਸਾਰ ਨੰਬਰ 2 ਤੇ ਨੰਬਰ 4 ਰਿਐਕਟਰਾਂ ਵਿਚ ਧਮਾਕੇ ਹੋਣ ਤੋਂ ਬਾਅਦ ਪਾਈ ਗਈ

(ਬਾਕੀ ਸਫਾ 8 'ਤੇ)


ਸੁਨਾਮੀ ਲਹਿਰਾਂ ਵਲੋਂ 'ਕੱਠਾ ਕੀਤਾ ਗਿਆ ਘਰਾਂ ਅਤੇ ਕਾਰਾਂ ਦਾ ਮਲਬਾ

Mann Tax Services
Individual, Trucking or Business Taxes
CTEC California Tax Education Council Approved Tax Preparer
IRS e-file
For Fast Refund:
For Appointments.


Gurdawar S. Mann
Ph:(510) 487-1000
(510) 468-9381
Email: manntaxservices@gmail.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Warmers
Chaffing Dishes
China & Silverware
Linen Rental
Waiters & Bartenders
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ


Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਕੈਲੀਫੋਰਨੀਆ ਦੇ ਲੋਕਾਂ ਨੂੰ ਇਕ ਦਿਨ ਲਈ ਪੱਗ ਬੰਨਣ ਦੀ ਅਪੀਲ





**ਸੈਕਰਾਮੈਂਟੋ:** ਕੈਲੀਫੋਰਨੀਆ ਦੀ ਸੈਨੇਟ ਦੇ ਚੁਣੇ ਗਏ ਪ੍ਰਧਾਨ ਡੈਰੇਲ ਸਟੈਨਬਰਗ ਨੇ ਕੈਲੀਫੋਰਨੀਆ ਦੇ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖ ਭਾਈਚਾਰੇ ਪ੍ਰਤੀ ਇਕਜੁੱਟਤਾ ਦਿਖਾਉਣ ਲਈ ਇਕ ਦਿਨ ਲਈ ਪੱਗ ਬੰਨਣ। ਸੈਨੇਟਰ ਸਟੈਨਬਰਗ 4 ਮਾਰਚ ਨੂੰ ਇਥੇ ਇਕ ਨਸਲੀ ਹਮਲੇ ਵਿਚ ਇਕ ਸਿੱਖ ਸੁਰਿੰਦਰ ਸਿੰਘ ਦੀ ਮੌਤ ਅਤੇ ਇਕ ਹੋਰ ਗੁਰਮੇਜ ਅਟਵਾਲ ਦੇ ਜ਼ਖ਼ਮੀ ਹੋਣ ਦੀ ਘਟਨਾ ਉਪਰੰਤ ਸਿੱਖ ਭਾਈਚਾਰੇ ਵਿਚ ਪੈਦਾ ਹੋਈ ਚਿੰਤਾ ਦੀ ਲਹਿਰ ਪਿਛੋਂ ਇਥੇ ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਚ ਸਿੱਖ ਭਾਈਚਾਰੇ ਦੇ ਇਕ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਦੇ ਨਾਲ ਵੈਸਟ ਸੈਕਰਾਮੈਂਟੋ ਦੇ ਪੁਲਿਸ ਮੁਖੀ ਅਤੇ ਐਲਕ ਗਰੂਵ ਪੁਲਿਸ ਮਹਿਕਮੇ ਦਾ ਇਕ ਨੁਮਾਇੰਦਾ ਵੀ ਮੌਜੂਦ ਸੀ।

ਇਸ ਤੋਂ ਪਹਿਲਾਂ ਸਿੱਖ ਭਾਈਚਾਰੇ ਦੇ ਵੱਖ ਵੱਖ ਬੁਲਾਰਿਆਂ ਨੇ ਕਿਹਾ ਸੀ ਕਿ ਅਕਸਰ ਸਿੱਖਾਂ ਨੂੰ ਉਨ੍ਹਾਂ ਦੀ ਦਸਤਾਰ ਕਰਕੇ ਮੁਸਲਮਾਨ ਸਮਝ ਲਿਆ ਜਾਂਦਾ ਹੈ। ਇਸ ਮੌਕੇ ਸ੍ਰੀ ਸਟੈਨਬਰਗ ਨੇ ਸਿੱਖ ਸਭਿਆਚਾਰ ਦਿਵਸ ਮਨਾਉਣ ਦੀ ਗੱਲ ਵੀ ਕੀਤੀ ਤਾਂ ਜੋ ਅਮਰੀਕਨ ਮੁੱਖ ਧਾਰਾ ਦੇ ਲੋਕਾਂ ਨੂੰ ਸਿੱਖ ਧਰਮ ਅਤੇ ਸਿੱਖ ਭਾਈਚਾਰੇ ਬਾਰੇ ਵੱਧ ਜਾਣਕਾਰੀ ਹੋ ਸਕੇ। ਉਨ੍ਹਾਂ ਕਿਹਾ ਕਿ ਇਸ ਹਮਲੇ ਦੇ ਦੋਸ਼ੀਆਂ ਨੂੰ ਫੜ ਕੇ ਸਖਤ ਸਜ਼ਾਵਾਂ ਦਿੱਤੀਆਂ ਜਾਣਗੀਆਂ ਅਤੇ ਸਿੱਖ ਅਮਰੀਕਨ ਭਾਈਚਾਰੇ ਨੂੰ ਅਸੀਂ ਭਰੋਸਾ ਦਿਵਾਉਣਾ ਚਾਹੁੰਦੇ ਹਾਂ ਕਿ ਉਹ ਇਕੱਲੇ ਨਹੀਂ ਹਨ। ਇਸ ਤੋਂ ਇਲਾਵਾ ਅਮਰੀਕੀ ਲੋਕਾਂ ਨੇ ਵਿਤਕਰੇ ਅਤੇ ਭੇਦਭਾਵ ਨੂੰ ਖਤਮ ਕਰਨ ਲਈ ਬੜਾ ਲੰਮਾ ਸੰਘਰਸ਼ ਕੀਤਾ ਹੈ ਪਰ ਇਹ ਕੰਮ ਕਦੇ ਵੀ ਮੁੱਕਦਾ ਨਹੀਂ ਹੈ। ਸਾਨੂੰ ਵਿਤਕਰੇ ਵਿਰੁਧ ਖਾਸਕਰ ਨਵੀਂ ਪੀੜ੍ਹੀ ਨੂੰ ਸਿਖਿਅਤ ਕਰਨਾ ਜਾਰੀ ਰੱਖਣਾ ਪਵੇਗਾ। ਉਨ੍ਹਾਂ ਦੀ ਇਸ ਅਪੀਲ ਦੇ ਬਾਅਦ ਗੁਰਦੁਆਰਾ ਸਾਹਿਬ ਵੱਲੋਂ ਇਸ ਸਬੰਧੀ 13 ਅਪ੍ਰੈਲ ਦਾ ਦਿਨ ਨਿਰਧਾਰਿਤ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਲੋਕ ਸੰਪਰਕ ਅਧਿਕਾਰੀ ਦਰਸ਼ਨ ਮੁੰਡੀ ਨੇ ਦੱਸਿਆ ਕਿ ਅਸੀਂ ਸਟੈਨਬਰਗ ਦੇ ਸਮਰਥਨ ਤੋਂ ਖੁਸ਼ ਹਾਂ। ਉਹ ਲੰਮੇ ਸਮੇਂ ਤੋਂ ਸਿੱਖ ਭਾਈਚਾਰੇ ਨਾਲ ਵਿਚਰ ਰਹੇ ਹਨ।

ਇਸੇ ਦੌਰਾਨ ਗੁਰਦੁਆਰਾ ਪ੍ਰਬੰਧਕਾਂ ਵਲੋਂ 9 ਅਪਰੈਲ ਨੂੰ ਸਿੱਖ ਚੇਤਨਾ ਦਿਵਸ ਮਨਾਇਆ ਜਾਏਗਾ ਅਤੇ ਇਸ ਦਿਨ ਲੋਕ ਸਿੱਖ ਭਾਈਚਾਰੇ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਲਈ ਸਵਾਲ ਪੁਛ ਸਕਣਗੇ। ਇਸ ਮੌਕੇ ਬੋਲਦਿਆਂ ਐਲਕ ਗਰੂਵ ਦੇ ਵਾਸੀ ਚਰਨ ਪਰਮਾਰ ਨੇ ਕਿਹਾ ਕਿ ਇਕ ਦੂਜੇ ਦੇ ਸਭਿਆਚਾਰ ਦੀ ਕਦਰ ਕਰਨਾ ਅਤੇ ਰਲ ਮਿਲ ਕੇ ਰਹਿਣਾ ਅਮਰੀਕਾ ਦੀ ਬੁਨਿਆਦੀ ਖਾਸੀਅਤ ਹੈ।

## ਗਦਰੀ ਬਾਬਿਆਂ ਦੀ ਯਾਦ 'ਚ ਮੇਲਾ 19 ਨੂੰ

**ਫਰਿਜ਼ਨੋ (ਮਾਨ ਮਨਦੀਪ):** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਸਾਲਾਨਾ ਮੇਲਾ ਇਸ ਸਾਲ ਇਥੋਂ ਨਜ਼ਦੀਕੀ ਕਸਬੇ ਕਲੋਵਿਸ ਵਿਚ ਸਨਿਚਰਵਾਰ 19 ਮਾਰਚ ਨੂੰ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿਚ ਕੈਨੇਡਾ ਤੋਂ ਡਾ. ਸਾਧੂ ਸਿੰਘ ਮੁੱਖ ਮਹਿਮਾਨ ਹੋਣਗੇ ਅਤੇ ਜੀ ਪੰਜਾਬ ਟੀ ਵੀ ਚੈਨਲ (ਡਿਸ਼ ਨੈਟਵਰਕ ਚੈਨਲ 621) ਦੇ ਸੀ ਈ ਓ ਜਸਪਾਲ ਸ਼ੇਤਰਾ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਣਗੇ। ਇਸ ਤੋਂ ਬਿਨਾ ਡਾ. ਐਸ ਐਸ ਵਿਰਦੀ ਮੁੱਖ ਬੁਲਾਰੇ ਦੇ ਤੌਰ 'ਤੇ ਪ੍ਰਧਾਨਗੀ ਭਾਸ਼ਣ ਦੇਣਗੇ।

ਗਾਇਕ ਸੁਖਵਿੰਦਰ ਪੰਛੀ, ਰਾਜ ਬਰਾੜ, ਸੁਖਦੇਵ ਸਾਹਿਲ ਅਤੇ ਮਿੱਕੀ ਸਰਾਂ ਲੋਕ ਗੀਤ ਪੇਸ਼ ਕਰਨਗੇ ਜਦੋਂਕਿ ਭੰਗੜੇ ਅਤੇ ਗਿੱਧੇ ਦੀਆਂ ਟੀਮਾਂ ਭੰਗੜਾ ਪੇਸ਼ ਕਰਨਗੀਆਂ। ਇਸ ਤੋਂ ਇਲਾਵਾ ਪਰਮਜੀਤ ਸਿੰਘ ਅਤੇ ਰੇਨੂ ਸਿੰਘ 'ਬੇਗਮੋ ਦੀ ਧੀ' ਨਾਂ ਦਾ ਨਾਟਕ ਪੇਸ਼ ਕਰਨਗੇ। ਸਭਾ ਦੇ ਮੈਂਬਰ ਕੁਲਵੀਰ ਹੇਅਰ ਅਤੇ ਸਕੱਤਰ ਸੁਰਿੰਦਰ ਸਿੰਘ ਮੰਢਾਲੀ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਇਸ ਮੇਲੇ ਵਿਚ ਹੁਮ ਹੁਮਾ ਕੇ ਪਹੁੰਚਣ ਅਤੇ ਆਜ਼ਾਦੀ ਦੇ ਪਰਵਾਨੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਭੇਟ ਕਰਨ। ਜੀ ਪੰਜਾਬ ਟੀ ਵੀ ਚੈਨਲ ਵਲੋਂ ਸਾਰੇ ਮੇਲੇ ਦੀ ਕਵਰੇਜ ਕੀਤੀ ਜਾਏਗੀ ਜੋ ਆਉਣ ਵਾਲੇ ਦਿਨਾਂ ਵਿਚ ਡਿਸ਼ ਨੈਟਵਰਕ ਚੈਨਲ 621 'ਤੇ ਦਿਖਾਈ ਜਾਏਗੀ।

## ਗਦਾਫ਼ੀ ਬਾਗੀਆਂ ਨੂੰ ਕੁਚਲਣ ਲਈ ਦ੍ਰਿੜ

**ਕਾਹਿਰਾ:** ਅਮਰੀਕਾ ਸਣੇ ਵਿਦੇਸ਼ੀ ਤਾਕਤਾਂ ਦੀਆਂ ਘੁਰਕੀਆਂ ਦੀ ਪਰਵਾਹ ਨਾ ਕਰਦੇ ਹੋਏ ਤਾਨਾਸ਼ਾਹ ਮੁਅੱਮਰ ਗਦਾਫ਼ੀ ਨੇ ਬਾਗੀਆਂ 'ਤੇ ਸਖ਼ਤੀ ਵਰਤਣੀ ਸ਼ੁਰੂ ਕਰ ਦਿੱਤੀ ਹੈ। ਗਦਾਫ਼ੀ ਦੇ ਵਫ਼ਾਦਾਰ ਸੈਨਿਕਾਂ ਨੇ ਬਾਗ਼ੀਆਂ ਤੋਂ ਕਬਜ਼ੇ ਛੁਡਵਾਉਣ ਲਈ ਆਖ਼ਰੀ ਹੱਲੇ ਵਜੋਂ ਤਿੱਖੇ ਹਮਲੇ ਸ਼ੁਰੂ ਕਰ ਦਿੱਤੇ ਹਨ। ਯੋਜਨਾਬੱਧ ਤਰੀਕੇ ਨਾਲ ਭਿਆਨਕ ਹਮਲੇ ਕਰਦਿਆਂ ਗਦਾਫੀ ਹਮਾਇਤੀ ਸੈਨਿਕਾਂ ਨੇ ਪੂਰਬੀ ਲੀਬੀਆ ਦੇ ਸ਼ਹਿਰ ਅਦਾਬੀਆਹ 'ਤੇ 15 ਮਾਰਚ ਨੂੰ ਚਾਰ ਹਵਾਈ ਹਮਲੇ ਕੀਤੇ ਜਦਕਿ ਬਾਗ਼ੀਆਂ ਦੇ ਕਬਜ਼ੇ ਵਾਲੇ ਮਹੱਤਵਪੂਰਨ ਇਲਾਕੇ ਬੇਨਗਾਜ਼ੀ ਤੇ ਤੋਬਰੁਕ 'ਤੇ ਕਬਜ਼ਾ ਲੈਣ ਲਈ ਕਾਰਵਾਈ ਜਾਰੀ ਹੈ। ਲੜਾਈ ਲਈ ਟੈਂਕਾਂ ਤੇ ਕਿਸ਼ਤੀਆਂ ਦਾ ਸਹਾਰਾ ਲਿਆ ਜਾ ਰਿਹਾ ਹੈ। ਤੇਲ ਭੰਡਾਰ ਵਾਲੇ ਕਸਬਾ ਬਰੇਗਾ ਵਿਚ ਤਿੱਖੀਆਂ ਝੜਪਾਂ ਜਾਰੀ ਹਨ ਪਰ ਕਿਸੇ ਧਿਰ ਵੱਲੋਂ ਕੰਟਰੋਲ ਕਰਨ ਦੇ ਵੇਰਵੇ ਨਹੀਂ ਮਿਲੇ। ਦੂਜੇ ਪਾਸੇ ਅਰਬ ਲੀਗ ਵੱਲੋਂ ਲੀਬੀਆ 'ਤੇ ਉਡਾਨ ਵਰਜਿਤ ਇਲਾਕਾ ਐਲਾਨਣ ਬਾਰੇ ਦਿੱਤੇ ਗਏ ਸੱਦੇ ਦੇ ਬਾਵਜੂਦ ਇਸ ਮੁੱਦੇ 'ਤੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਸਹਿਮਤੀ ਨਹੀਂ ਬਣ ਸਕੀ।

ਉਧਰ ਆਪਣੀ ਪਕੜ ਮਜ਼ਬੂਤ ਕਰ ਚੁੱਕੇ ਤਾਨਾਸ਼ਾਹ ਕਰਨਲ ਮੁਅੱਮਰ ਗਦਾਫ਼ੀ ਸੌਦੇਬਾਜ਼ੀ 'ਤੇ ਉਤਰ ਆਏ ਹਨ। ਉਨ੍ਹਾਂ ਭਾਰਤ ਸਮੇਤ ਕਈ ਦੇਸ਼ਾਂ ਨੂੰ ਆਪਣੇ ਦੇਸ਼ ਦੀਆਂ ਤੇਲ ਕੰਪਨੀਆਂ ਵਿਚ ਹਿੱਸੇਦਾਰੀ ਦੇਣ ਬਦਲੇ ਰਾਜਨੀਤਕ ਸਮਰਥਨ ਦੀ ਮੰਗ ਕੀਤੀ ਹੈ। ਗਦਾਫ਼ੀ ਨੇ ਰਾਜਧਾਨੀ ਤ੍ਰਿਪੋਲੀ ਵਿਚ ਭਾਰਤ ਦੇ ਰਾਜਦੂਤ ਐਮ. ਮਨੀਮੇਕਲਾਈ ਮੁਲਾਕਾਤ ਕਰਕੇ ਉਕਤ ਇੱਛਾ ਜਤਾਈ। ਗਦਾਫ਼ੀ ਨੇ ਚੀਨ ਤੇ ਰੂਸ ਦੇ ਰਾਜਦੂਤਾਂ ਨੂੰ ਵੀ ਇਹੋ ਲਾਲਚ ਦੇਣ ਦੀ ਕੋਸ਼ਿਸ਼ ਕੀਤੀ। ਗਦਾਫ਼ੀ ਦਾ ਕਹਿਣਾ ਹੈ ਕਿ ਦੇਸ਼ ਵਿਚ ਵਿਦਰੋਹ ਪਿਛੋਂ ਪੱਛਮੀ ਤੇਲ ਕੰਪਨੀਆਂ ਇਥੋਂ ਭੱਜ ਰਹੀਆਂ ਹਨ ਤੇ ਤੇਲ ਉਤਪਾਦਨ ਘੱਟ ਰਿਹਾ ਹੈ। ਇਨ੍ਹਾਂ ਤੇਲ ਕੰਪਨੀਆਂ ਦੀ ਹਿੱਸੇਦਾਰੀ ਭਾਰਤ, ਚੀਨ ਤੇ ਰੂਸ ਲੈ ਸਕਦੇ ਹਨ।


# ਪੰਜਾਬੀ ਕਲਚਰਲ ਸੁਸਾਇਟੀ ਲੋਡਾਈ ਅਤੇ ਸਟਾਕਟਨ ਵਲੋਂ ਪੇਸ਼ ਹੈ

## ਵਿਸਾਖੀ ਮੇਲਾ

**April 9, 2011**

*At* **Performing Arts Theater**
125 Hutchins Street, Lodi, CA 95240
Starting at 6:00 pm Sharp

**Tickets: VIP and VVIP Seating**
**$50.00 front seats, $15 for general addmission**



**ਭਿੰਦੇ ਜੱਟ ਦੀ ਖਾਸ ਪੇਸ਼ਕਸ਼**



**Will dazzle you with his new super hit songs**

ਪੰਜਾਬੀ ਸਭਿਆਚਾਰ ਨੂੰ ਉਭਾਰਨ ਅਤੇ ਇਲਾਕੇ ਦੇ ਬੱਚਿਆਂ ਦੀ ਭਲਾਈ ਲਈ ਹੁਮ ਹਮਾ ਕੇ ਆਓ ਅਤੇ ਭਿੰਦੇ ਜੱਟ ਦੀ ਸ਼ਾਨਦਾਰ ਗਾਇਕੀ ਦਾ ਮਜ਼ਾ ਲਵੋ। ਵਧੀਆ ਪ੍ਰੋਗਰਾਮ ਦਾ ਅਨੰਦ ਮਾਣੋ ਅਤੇ ਆਪਣੀ ਕਮਿਉਨਿਟੀ ਦੀ ਮਦਦ ਵੀ ਕਰੋ

ਇਲਾਕੇ ਦੇ ਸਾਰੇ ਪੰਜਾਬੀਆਂ ਨੂੰ ਬੇਨਤੀ ਹੈ ਕਿ ਹੁਮ ਹੁਮਾ ਕੇ ਇਸ ਪ੍ਰੋਗਰਾਮ ਵਿਚ ਪੁਜ ਕੇ ਰੌਣਕ ਵਧਾਓ। ਪੰਜਾਬੀ ਕਲਚਰਲ ਸੁਸਾਇਟੀ ਇਕ ਨਾਨ ਪ੍ਰਾਫਿਟ ਅਦਾਰਾ ਹੈ, ਜੋ ਇਸ ਇਲਾਕੇ ਵਿਚ ਪੰਜਾਬੀ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਯਤਨਸ਼ੀਲ ਹੈ। ਸਾਡਾ ਟੀਚਾ ਇਲਾਕੇ ਵਿਚ ਇਕ ਕਮਿਉਨਿਟੀ ਸੈਂਟਰ ਬਣਾਉਣਾ ਅਤੇ ਇਲਾਕੇ ਦੇ ਕਾਲਜਾਂ ਵਿਚ ਜਾਣ ਵਾਲੇ ਬੱਚਿਆਂ ਲਈ ਸਕਾਲਰਸ਼ਿਪ ਪ੍ਰੋਗਰਾਮ ਸਥਾਪਤ ਕਰਨਾ ਹੈ।
ਤੁਹਾਡਾ ਦਿਤਾ ਹੋਇਆ ਦਾਨ ਟੈਕਸ ਫਰੀ ਹੈ। ਪੰਜਾਬੀ ਕਲਚਰਲ ਸੁਸਾਇਟੀ ਤੁਹਾਡੀ ਅਤਿ ਧੰਨਵਾਦੀ ਹੋਵੇਗੀ।

ਹੋਰ ਜਾਣਕਾਰੀ ਲਈ ਕਾਲ ਕਰੋ
ਬੱਲ ਬਹਾਦਰ ਸਿੰਘ ਪਾਲ 209-629-5415, ਮਨਜੀਤ ਸਿੰਘ 209-570-5721, ਅਮਰਜੀਤ ਸਿੰਘ ਬੇਦੀ 209-542-0350, ਜਗਤਾਰ ਸਿੰਘ ਪ੍ਰੀਤ 209-955-1842, ਬਲਵਿੰਦਰ ਸਿਘ (ਮੇਜਰ) 209-403-9276, ਮਹੇਸ਼ਇੰਦਰ ਸਿੰਘ ਸਿਧੂ 209-747-8292, ਬਲਬੀਰ ਸਿੰਘ ਢਿੱਲੋਂ 209-327-4682

# Pacific Coast Law Firm P.C.

Lance V Friel, Attorney at Law Kirandeep K Sihota, Attorney at Law

## Over 10 Years of experience

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

- > Personal Injury/Car Accident ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
- > Bankruptcy (Ch 7) ਬੈਂਕਰਪਸੀ (ਚੈਪਟਰ 7)
- > Family Law (Divorce, Custody) ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)

Unlawful Detainer/Eviction ਕਿਰਾਏਦਾਰ ਦਾ ਕਬਜ਼ਾ/ਬੇਦਖਲੀ

Probate (Wills & Trusts) ਪਰੋਬੇਟ (ਵਸੀਅਤਾਂ ਅਤੇ ਟਰੱਸਟ)

Business Formation and Tax (installment agreement)

ਬਿਜਨਸ ਦੀ ਸਥਾਪਨਾ ਅਤੇ ਟੈਕਸ (ਕਿਸ਼ਤਨਾਮਾ)



*Kirandeep K Sihota and Lance V Friel*

*Free Consultation ਮੁਫਤ ਸਲਾਹ-ਮਸ਼ਵਰਾ*

**Ph.209-475-6001**

**2351 W. March Lane Suite A, Stockton, CA 95207**



# ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਮਰੀਜ਼ ਸਾਵਧਾਨ!

## ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ ਜੇ ਉਹ ਗਲਤ ਸਾਬਤ ਹੋਵੇ?




ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ ਜੇ ਉਹ ਗਲਤ ਸਾਬਤ ਹੋਵੇ?

ਸਟਾਕਟਨ ਇਲਾਕੇ ਵਿਚ ਕਮਰ ਦਰਦ ਅਤੇ ਡਿਸਕ ਦੀ ਦਰਦ ਤੋਂ ਪੀੜਤ ਲੋਕ ਕਿੰਨੇ ਹੀ ਸਾਲਾਂ ਤੋਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਬਹੁਤੇ ਲੋਕਾਂ ਲਈ ਇਹ ਪ੍ਰੇਸ਼ਾਨੀ ਸਾਰੀ ਉਮਰ ਨਾਲ ਹੀ ਨਿਭਦੀ ਹੈ।

ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਇਲਾਜ ਦੇ ਸਭ ਤੋਂ ਵੱਡੇ ਮੁੱਦਈ ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦੇ ਡਾ. ਜਗਜੀਤ ਸਿੰਘ ਸਿਹੋਤਾ ਡੀ ਸੀ ਦਾ ਕਹਿਣਾ ਹੈ ਕਿ ਕਮਰ ਦਰਦ, ਡਿਸਕ ਦੀ ਦਰਦ, ਸਿਆਟਿਕਾ, ਗੁੱਝੀ ਕਮਰ ਦਰਦ, ਲੱਤ ਦੀ ਦਰਦ ਜਾਂ ਚੂਲ੍ਹੇ ਦੀ ਦਰਦ, ਸਲਿਪ ਡਿਸਕ ਬਾਰੇ ਜੋ ਅਕਸਰ ਲੋਕ ਸੋਚਦੇ ਹਨ ਮੂਲੋਂ ਹੀ ਗਲਤ ਹੋ ਸਕਦਾ ਹੈ। ਭਾਵੇਂ ਉਨ੍ਹਾਂ ਦੀ ਇਸ ਰਾਏ ਨਾਲ ਹਰ ਕੋਈ ਸਹਿਮਤ ਨਹੀਂ ਹੈ...ਫਿਰ ਵੀ ਇਸ ਡਾਕਟਰ ਦਾ ਨਜ਼ਰੀਆ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਉਸ ਦੇ ਇਸ ਨਜ਼ਰੀਏ ਦੀ ਪ੍ਰੋੜਤਾ ਕਰਨ ਵਾਲੇ ਕਮਰ ਦਰਦ ਤੋਂ ਨਿਜਾਤ ਪਾ ਚੁਕੇ ਖੁਸ਼ ਲੋਕਾਂ ਦੀ ਇਕ ਪੂਰੀ ਫੌਜ ਹੈ।

ਕੀ ਤੁਸੀਂ *ਐਂਟੀ-ਇਨਫਲੇਮੇਟਰੀ ਮਲ੍ਹਮਾਂ *ਕਾਇਰੋਪ੍ਰੈਕਟਿਕ *ਯੋਗਾ *ਕਸਰਤ *ਸਟਰੈਚਿੰਗ *ਫਿਜ਼ੀਕਲ ਥੈਰਪੀ *ਦਵਾਈਆਂ *ਸਰਜਰੀ *ਲੱਕ ਦੀਆਂ ਪੇਟੀਆਂ *ਨੈਚੂਰਲ ਸਪਲੀਮੈਂਟ *ਦੇਸੀ ਦਵਾਈਆਂ *ਸੇਕ *ਰੀੜ ਦੀ ਹੱਡੀ 'ਚ ਇੰਜੈਕਸ਼ਨ *ਬਰਫ *ਹਾਟ ਲਿਨੀਮੈਂਟ *ਕੋਲਡ ਲਿਨੀਮੈਂਟ *ਮਸਾਜ (ਮਾਲਿਸ਼) ਆਦਿ ਸਭੇ ਨੁਸਖੇ ਅਜ਼ਮਾ ਚੁਕੇ ਹੋ ਅਤੇ ਕੋਈ ਫਰਕ ਨਹੀਂ ਪਿਆ! ਜੇ ਤੁਹਾਡਾ ਜੁਆਬ ਹਾਂ ਵਿਚ ਹੈ ਤਾਂ ਇਸ ਪ੍ਰਗਤੀਸ਼ੀਲ ਡਾਕਟਰ ਦੇ ਖਿਆਲ ਵਿਚ ਲਾਜ਼ਮੀ ਤੌਰ 'ਤੇ ਤੁਹਾਡੀ ਕਮਰ ਅਤੇ ਡਿਸਕ ਦਰਦ ਵਾਸਤੇ ਜੋ ਕੁਝ ਦੱਸਿਆ ਗਿਆ ਹੈ ਉਸ ਵਿਚ ਕੁਝ ਗਲਤ ਹੈ।

ਅਸਲੀਅਤ ਤਾਂ ਇਹ ਹੈ ਕਿ ਡਾ. ਸਿਹੋਤਾ, ਡੀ ਸੀ ਨੇ ਸਟਾਕਟਨ ਅਤੇ ਆਲੇ ਦੁਆਲੇ ਦੇ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਜਿੰਨੇ ਮਰੀਜਾਂ ਦਾ ਇਲਾਜ ਇਸ ਬਹੁਤ ਹੀ ਨਿਵੇਕਲੀ ਅਤੇ ਬਿਨਾ ਚੀਰ-ਫਾੜ ਵਾਲੀ ਇਲਾਜ-ਪ੍ਰਣਾਲੀ ਨਾਲ ਕੀਤਾ ਹੈ, ਉਸ ਦੇ ਆਧਾਰ ਉਤੇ ਬੜੇ ਦਾਅਵੇ ਨਾਲ ਉਹ ਕੁਝ ਕਹਿ ਸਕਣ ਦੇ ਸਮਰਥ ਹਨ। ਉਨ੍ਹਾਂ ਇਕ ਬਹੁਤ ਹੀ ਨਿਵੇਕਲੀ ਸਕਰੀਨਿੰਗ ਵਿਧੀ ਇਜਾਦ ਕੀਤੀ ਹੈ ਜਿਸ ਨਾਲ ਇਹ ਪਤਾ ਲਗਦਾ ਹੈ ਕਿ ਇਹ ਇਲਾਜ ਕਿਹੜੇ ਮਰੀਜ਼ਾਂ ਲਈ ਸਹੀ ਹੈ ਅਤੇ ਕਿਹੜੇ ਮਰੀਜ਼ਾਂ ਲਈ ਨਹੀਂ, ਜਿਸ ਕਰਕੇ ਉਨ੍ਹਾਂ ਨੂੰ ਜਿੰਨੀ ਕਾਮਯਾਬੀ ਮਿਲਦੀ ਹੈ ਉਸ ਦਾ ਸ਼ਾਇਦ ਤੁਹਾਨੂੰ ਅੰਦਾਜ਼ਾ ਨਹੀਂ ਹੋਵੇਗਾ!

ਜੇ ਤੁਸੀਂ ਕਮਰ ਦਰਦ ਦੀਆਂ ਪ੍ਰੇਸ਼ਾਨੀਆਂ ਨਾਲ ਜੂਝ ਰਹੇ ਹੋ ਅਤੇ ਆਸ ਦੀ ਕੋਈ ਕਿਰਨ ਨਜ਼ਰ ਨਹੀਂ ਆਉਂਦੀ

...ਤਾਂ ਫਿਰ ਇਕ ਬਹੁਤ ਹੀ ਸਿਆਣਾ ਡਾਕਟਰ ਤੁਹਾਡੀ ਉਡੀਕ ਕਰ ਰਿਹਾ ਹੈ। ਇਹ ਉਸ ਦੀ ਅਤਿ-ਆਧੁਨਿਕ ਤਕਨਾਲੋਜੀ ਅਤੇ ਹਮਦਰਦਾਨਾ ਪਹੁੰਚ ਹੈ ਜਿਸ ਕਰਕੇ ਉਸ ਦੀ ਇਲਾਜ-ਪ੍ਰਣਾਲੀ ਸਟਾਕਟਨ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਮਰੀਜ਼ਾਂ ਵਿਚ ਇੰਨੀ ਹਰਮਨਪਿਆਰੀ ਹੋ ਚੁਕੀ ਹੈ।

ਇਹ ਇਲਾਜ ਸਾਰੇ ਹੀ ਮਰੀਜ਼ਾਂ ਲਈ ਢੁਕਵਾਂ ਨਹੀਂ ਹੈ।

ਜਦੋਂਕਿ ਇਹ ਗੱਲ ਮਾੜੀ ਖਬਰ ਜਾਪੇਗੀ ਪਰ ਅਸਲ ਵਿਚ ਇਹ ਇਕ ਖੁਸ਼ਖਬਰੀ ਹੈ। ਕਾਰਨ ਇਹ ਹੈ ਕਿ...ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦਾ ਸਟਾਫ ਅਤੇ ਡਾਕਟਰ ਭੇਦ ਦੀ ਜਿਹੜੀ ਗੱਲ ਮੰਨਦੇ ਹਨ ਉਹ ਹੈ ਇਲਾਜ ਲਈ ਸਹੀ ਮਰੀਜ਼ਾਂ ਦੀ ਚੋਣ। ਵਰ੍ਹਿਆਂਬੱਧੀ ਅੰਤਾਂ ਦੀ ਕਮਰ ਦਰਦ ਸਹਿਣ ਪਿਛੋਂ ਮਰੀਜ਼ ਜਾਣਦੇ ਹਨ ਕਿ ਇਕ ਪਿਛੋਂ ਇਕ ਇਲਾਜ ਕਰਵਾਉਣ ਤੋਂ ਬਾਅਦ ਵੀ ਕੋਈ ਆਰਾਮ ਨਾ ਆਉਣ 'ਤੇ ਕਿੰਨੀ ਨਿਰਾਸ਼ਾ, ਡਰ ਅਤੇ ਚਿੰਤਾ ਹੁੰਦੀ ਹੈ।

ਡਾ. ਸਿਹੋਤਾ ਦੀ ਨਿਮਰ, ਯਥਾਰਥਕ, ਸਿੱਧੀ ਸਿੱਧੀ ਬਿਨਾ ਕਿਸੇ ਲੁਕ-ਲੁਕਾ ਵਾਲੀ ਪਹੁੰਚ ਅਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਇਕ ਅਜਿਹੀ ਇਲਾਜ-ਪ੍ਰਣਾਲੀ ਵਿਕਸਿਤ ਹੋਈ ਹੈ ਜਿਸ ਦਾ ਉਨ੍ਹਾਂ ਮਰੀਜ਼ਾਂ ਨੂੰ ਵੀ ਫਾਇਦਾ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਦੀ ਆਸ ਉਕਾ ਹੀ ਲਾਹ ਚੁੱਕੇ ਸਨ। ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦੇ ਡਾ. ਸਿਹੋਤਾ ਜਿਹੜੇ ਕੇਸ ਲੈਂਦੇ ਹਨ, ਉਨ੍ਹਾਂ ਦੀ ਸਫਲਤਾ ਪ੍ਰਤੀ ਇਨੇ ਪ੍ਰਤੀਬਧ ਹਨ ਕਿ ਉਹ ਆਪਣੇ ਮਰੀਜਾਂ ਨੂੰ "ਤਸੱਲੀ ਦੀ ਗਾਰੰਟੀ"* ਦਿੰਦੇ ਹਨ।

ਜੇ ਤੁਹਾਡਾ ਅਸਹਿ/ਅਸਾਧ ਦਰਦ: (1) ਕਮਰ ਦੇ ਹੇਠਲੇ ਪਾਸੇ (ਸੀ-1, 3, 4 ਜਾਂ 5) ਹੈ, (2) ਤੁਹਾਡੇ ਚੂਲ੍ਹੇ ਵਿਚ ਹੈ (3) ਲੱਤ ਦੇ ਹੇਠਾਂ ਪਿੰਨੀਆਂ ਵਿਚ ਹੈ (4) ਗਰਦਨ ਵਿਚ (ਸੀ-3, 4, 5 ਜਾਂ 7) ਹੈ (5) ਬਾਂਹ ਤੋਂ ਹੇਠਾਂ ਵਲ ਹੈ (6) ਚੀਸਾਂ ਉਠਦੀਆਂ ਹਨ, ਛੁਰੀਆਂ ਚਲਦੀਆਂ ਹਨ ਜਾਂ ਸਾੜ ਪੈਂਦਾ ਹੈ (7) ਹਰਨੀਆ ਦੀ ਡਿਸਕ ਪੀੜ ਵਰਗੀ ਹੈ (8) ਸਲਿਪ ਡਿਸਕ ਤੋਂ ਹੈ (9) ਤਰੇੜੀ ਹੋਈ ਡਿਸਕ ਤੋਂ ਹੈ (10) ਸੁਕੜੇਵੇਂ ਤੋਂ ਹੈ (11) ਜੋੜਾਂ ਦੇ ਦਰਦ ਤੋਂ ਹੈ ਜਾਂ ਅਜੇ ਪੀੜ ਦੇ ਦਰਦ ਦਾ ਕਾਰਨ ਪਤਾ ਨਹੀਂ ਲਗਿਆ... ਤਾਂ ਤੁਸੀਂ ਚੀਰ-ਫਾੜ ਅਤੇ ਦਵਾ ਰਹਿਤ ਕਮਰ ਦਰਦ ਨਿਵਾਰਨ ਸਿਸਟਮ ਦੇ ਲਈ ਸਹੀ ਉਮੀਦਵਾਰ ਹੋ। ਦਰਦ ਤੋਂ ਛੁਟਕਾਰਾ ਪਾਉਣ ਲਈ

## ਅਜ ਹੀ ਫੋਨ 209-464-7738 'ਤੇ ਕਾਲ ਕਰੋ।

ਇਹ ਲੇਖ ਪੜ੍ਹ ਕੇ ਕਾਲ ਕਰਨ ਵਾਲੇ ਮਰੀਜ਼ਾਂ ਪ੍ਰਤੀ ਵਿਸ਼ੇਸ਼ ਲਿਹਾਜ ਵਜੋਂ ਐਕਸੀਡੈਂਟ ਐਂਡ ਇੰਜਰੀ ਕਲੀਨਿਕ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਅਗਲੇ ਦਸਾਂ ਦਿਨਾਂ ਵਿਚ 11 ਮਰੀਜਾਂ ਨੂੰ ਮੁਫਤ ਨਿਜੀ ਯੋਗਤਾ ਮੁਆਇਨਾ/ਸਲਾਹ-ਮਸ਼ਵਰਾ ਦੇਣਗੇ ਤਾਂ ਜੋ ਪਾਠਕ ਇਹ ਫੈਸਲਾ ਕਰ ਸਕਣ ਕਿ ਵਾਕਿਆ ਹੀ ਆਪਣੀ ਬਰਦਾਸ਼ਤ ਬਾਹਰੀ ਕਮਰ ਦਰਦ ਤੋਂ ਛੁਟਕਾਰਾ ਹਮੇਸ਼ਾਂ-ਹਮੇਸ਼ਾਂ ਲਈ ਪਾਇਆ ਜਾ ਸਕਦਾ ਹੈ। ਇਸ ਮੁਆਇਨੇ/ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ।

ਸੋ, ਜੇ ਤੁਸੀਂ ਦਵਾਈਆਂ ਅਤੇ ਟੀਕਿਆਂ ਦੀ ਥਾਂ ਕਮਰ ਦਰਦ ਦਾ ਕੋਈ ਪੱਕਾ ਇਲਾਜ ਲੱਭਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰਨ ਤੋਂ ਹਿਚਕਿਚਾਓ ਨਹੀਂ।

ਸਾਡੀ ਕਲੀਨਿਕ **2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ। ਬਿਨਾ ਕਿਸੇ ਫੀਸ ਤੋਂ ਆਪਣੇ ਮੁਲਾਂਕਣ ਅਤੇ ਸਲਾਹ-ਮਸ਼ਵਰੇ ਲਈ ਫੋਨ ਕਰੋ: 209-464-7738

**ਨੋਟ (1):** ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। **ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 25 ਮਾਰਚ 2011 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

---



ਮੈਂ ਜਿਸ ਸਮੇਂ ਡਾ. ਸਿਹੋਤਾ ਪਾਸ ਆਈ ਮੇਰੀ ਕਮਰ ਦਰਦ ਦਸ ਦੇ ਗਰੇਡ ਵਿਚ ਦਸ ਸੀ, ਮੈਂ ਨਾ ਬੈਠ ਸਕਦੀ ਸਾਂ ਨਾ ਸੌਂ ਸਕਦੀ ਸਾਂ। ਮੈਂ ਡਾ. ਸਿਹੋਤਾ ਲਈ ਮੁਫਤ ਸਲਾਹ-ਮਸ਼ਵਰੇ ਲਈ ਮਿਲੀ ਅਤੇ ਜਦੋਂ ਡਾ. ਸਿਹੋਤਾ ਨੇ ਦੱਸਿਆ ਕਿ ਮੇਰੇ ਲਈ ਇਹ ਇਲਾਜ ਢੁਕਵਾਂ ਹੈ। ਇਸ ਇਲਾਜ ਨਾਲ ਮੇਰੀ ਹਿੱਲ-ਜੁੱਲ ਦੀ ਰੇਂਜ 90% ਤੱਕ ਵਾਪਸ ਆ ਚੁਕੀ ਹੈ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਮੈਂ ਬਿਨਾਂ ਕਿਸੇ ਤਕਲੀਫ ਦੇ ਉਠ-ਬੈਠ ਸਕਦੀ ਹਾਂ। ਮੈਨੂੰ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਤੋਂ ਪੂਰੀ-ਪੂਰੀ ਤਸੱਲੀ ਹੈ। ਜੇ ਤੁਸੀਂ ਕਮਰ ਦਰਦ ਲਈ ਦਵਾਈਆਂ ਲੈ ਰਹੇ ਹੋ, ਇੰਜੈਕਸ਼ਨ ਲਵਾ ਰਹੇ ਹੋ ਜਾਂ ਸਰਜਰੀ ਬਾਰੇ ਸੋਚ ਰਹੇ ਹੋ ਤਾਂ ਮੇਰੀ ਤੁਹਾਨੂੰ ਸਲਾਹ ਹੈ ਇਕ ਵਾਰ ਡਾ. ਸਿਹੋਤਾ ਨੂੰ ਜ਼ਰੂਰ ਮਿਲੋ, ਤੁਹਾਨੂੰ ਨਿਰਾਸ਼ਾ ਨਹੀਂ ਹੋਵੇਗੀ। ***-ਹ. ਕੌਰ, ਇੰਸ਼ੋਰੈਂਸ ਏਜੰਟ, ਉਮਰ 37 ਸਾਲ***

# Matrimonials

### ਕੰਨਿਆ ਦੀ ਲੋੜ

Wanted US citizen girl for Kamboj Sikh boy, 25, 5’5", Bachelor in Architecture, raised in America went to school, college in New York, living with parents in New York and works with family business. Cast no bar. Contact: 516.439.1208 or 347.920.9011

ਜੱਟ ਸਿੱਖ ਢਿੱਲੋਂ, ਸੁਨੱਖੇ, 22, 5’11”, ਦਸ ਸਾਲ ਦੇ ਟੂਰਿਸਟ/ਬਿਜਨਸ ਵੀਜ਼ੇ ‘ਤੇ ਅਮਰੀਕਾ ਆਪਣੇ ਪਿਤਾ ਪਾਸ ਰਹਿੰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਫੋਨ 812-677-6206 ਜਾਂ ਈਮੇਲ: dhillon196315@yahoo.com

Wanted suitable match for Jatt Sikh US born, handsome, cleanshaven, 27/ 6’1”, engineer (BSc. Engg.) boy, manager in a top US corporation. Educated, respected family, no demands. Pl. contact: Sikh5family@gmail.com

### ਵਰ ਦੀ ਲੋੜ

Sikh match for Parjapat Sikh female, 30, 5’- 6", working with US University on H1 visa, PhD (Molecular Biology) from US. Caste no bar, US/Canada preferred. Contact at 978-799-8948 (US), 91-98784-59056 (India), or piscean100@yahoo.com

To Advertise with us call: 847-359-0746



ਗੁਰਦੁਆਰਾ ਗੁਰੂ ਨਾਨਕ ਸਿੱਖ ਮਿਸ਼ਨ ਵਿਖੇ ਕੀਰਤਨ ਕਰਦਾ ਹੋਇਆ ਜਥਾ

## ਨਾਨਕਸ਼ਾਹੀ ਜੰਤਰੀ ਮੁਤਾਬਕ ਨਵਾਂ ਸਾਲ ਮਨਾਇਆ

ਲਿਵਿੰਗਸਟਨ: ਸਥਾਨਕ ਗੁਰਦੁਆਰਾ ਗੁਰੂ ਨਾਨਕ ਸਿੱਖ ਮਿਸ਼ਨ ਬੀ ਸਟਰੀਟ ਵਿਖੇ ਨਾਨਕਸ਼ਾਹੀ ਕੈਲੰਡਰ ਮੁਤਾਬਕ ਨਵਾਂ ਸਾਲ ਸ਼ਰਧਾ ਭਾਵਨਾ ਅਤੇ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ।

ਇਸ ਸਬੰਧੀ 13 ਮਾਰਚ ਨੂੰ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਵਿਸ਼ੇਸ਼ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਦੇ ਜਥੇ ਨੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਉਪਰੰਤ ਭਾਈ ਅਮਰਜੀਤ ਸਿੰਘ, ਭਾਈ ਮਨਜੀਤ ਸਿੰਘ ਮਾਡੈਸਟੋ, ਭਾਈ ਕਿਸ਼ਨ ਸਿੰਘ ਟਰਲਕ ਅਤੇ ਭਾਈ ਕੁਲਵਿੰਦਰ ਸਿੰਘ ਜਲੰਧਰ ਵਾਲਿਆਂ ਨੇ ਵੀ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

# 2-ਜੀ ਸਪੈਕਟ੍ਰਮ ਘੁਟਾਲੇ ਵਿਚ ਹਵਾਲਾ ਕਾਂਡ ਸ਼ਾਮਲ

**ਨਵੀਂ ਦਿੱਲੀ:** 2-ਜੀ ਘੁਟਾਲੇ ਬਾਰੇ ਇਨਫੋਰਸਮੈਂਟ ਡਾਇਰੈਕਟੋਰੇਟ (ਆਈ.ਡੀ.) ਨੇ ਸੁਪਰੀਮ ਕੋਰਟ ਵਿਚ ਸਟੇਟਸ ਰਿਪੋਰਟ ਪੇਸ਼ ਕਰਦਿਆਂ ਕਿਹਾ ਹੈ ਕਿ ਉਕਤ ਘੁਟਾਲੇ ਲਈ ਹਵਾਲਾ ਰਾਹੀਂ ਲੈਣ-ਦੇਣ ਹੋਇਆ ਤੇ ਮਾਰੀਸ਼ਸ ਸਮੇਤ ਕਈ ਮੁਲਕਾਂ ਰਾਹੀਂ ਪੈਸਾ ਮੰਗਵਾਇਆ ਗਿਆ। ਇਸ ਬਾਰੇ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਕਰੀਬ 31 ਕੰਪਨੀਆਂ ਨੂੰ ਜਾਂਚ ਦੇ ਘੇਰੇ ਵਿਚ ਲਿਆਂਦਾ ਹੈ ਅਤੇ ਇਨ੍ਹਾਂ ਨੂੰ ਸੰਮਨ ਜਾਰੀ ਕੀਤੇ ਗਏ ਹਨ। ਜਾਂਚ ਅਧਿਕਾਰੀਆਂ ਵੱਲੋਂ ਇਨ੍ਹਾਂ ਕੰਪਨੀਆਂ ਕੋਲੋਂ ਪੁੱਛਗਿੱਛ ਕੀਤੀ ਜਾਵੇਗੀ।

ਇਨਫੋਰਸਮੈਂਟ ਡਾਇਰੈਕਟੋਰੇਟ ਨੇ ਇਸ ਸਬੰਧੀ ਜਸਟਿਸ ਜੀ.ਐਸ. ਸਿੰਘਵੀ ਤੇ ਏ.ਕੇ. ਗਾਂਗੁਲੀ ਦੀ ਅਗਵਾਈ ਵਾਲੇ ਸੰਵਿਧਾਨਕ ਬੈਂਚ ਨੂੰ ਤਾਜ਼ਾ ਜਾਂਚ ਰਿਪੋਰਟ ਦਾ ਸੀਲਬੰਦ ਲਿਫ਼ਾਫ਼ਾ ਸੌਂਪਿਆ। ਰਿਪੋਰਟ ਵਿਚ ਜਾਂਚ ਏਜੰਸੀ ਨੇ ਪੈਸੇ ਦਾ ਸਰੋਤ ਪਤਾ ਕਰਨ ਲਈ ਵਿਦੇਸ਼ੀ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰਨ ਦੀ ਇੱਛਾ ਜ਼ਾਹਿਰ ਕੀਤੀ ਹੈ। ਇਸ ਸਬੰਧ ਵਿਚ ਸਿੰਘਾਪੁਰ, ਸਾਈਪ੍ਰਸ, ਜਰਸੀ ਤੇ ਵਰਜ਼ਨ ਟਾਪੂ ਨੂੰ ਪੱਤਰ ਭੇਜੇ ਹਨ ਤੇ ਦੋ ਹੋਰ ਮੁਲਕਾਂ ਨਾਲ ਵੀ ਤਾਲਮੇਲ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿਚ ਉਕਤ 31 ਕੰਪਨੀਆਂ ਨੂੰ ਸੰਮਨ ਭੇਜੇ ਗਏ ਹਨ ਜਦਕਿ 26 ਹੋਰ ਕੰਪਨੀਆਂ ਦੇ ਬਿਆਨ ਦਰਜ ਕੀਤੇ ਗਏ ਹਨ।

ਅਦਾਲਤ ਕੋਲ ਪੇਸ਼ ਰਿਪੋਰਟ ਅਨੁਸਾਰ ਤਾਲਮੇਲ ਕਰਨ ਲਈ ਹੀ ਇਕ ਵਿਅਕਤੀ ਨੂੰ 100 ਕਰੋੜ ਰੁਪਏ ਦਿੱਤੇ ਗਏ। ਵੈਨੂ ਗੋਪਾਲ ਨੇ ਰਿਪੋਰਟ ਵਿਚ ਘੁਟਾਲੇ ਵਿਚ ਸ਼ਾਮਲ ਵਿਅਕਤੀਗਤ ਨਾਂਵਾਂ ਤੇ ਕੰਪਨੀਆਂ ਬਾਰੇ ਜਾਣਕਾਰੀ ਨਹੀਂ ਦਿੱਤੀ। ਰਿਪੋਰਟ ਵਿਚ ਬੈਂਕ ਖਾਤਿਆਂ ਰਾਹੀਂ ਰੋਜ਼ਾਨਾ ਹੋਏ ਲੈਣ-ਦੇਣ ਬਾਰੇ ਦੱਸਿਆ ਗਿਆ ਹੈ ਤੇ ਇਕ ਖਾਤਾ ਧਾਰਕ 2.5 ਕਰੋੜ ਦੇ ਹੋਏ ਲੈਣ-ਦੇਣ ਬਾਰੇ ਸਪੱਸ਼ਟ ਨਹੀਂ ਕਰ ਸਕਿਆ।

## ਸਿੱਖ ਕੈਦੀ ਵਲੋਂ ਜੇਲ੍ਹ ਵਿਭਾਗ ਵਿਰੁਧ ਮਕੱਦਮਾ ਦਾਇਰ

**ਲਾਸ ਏਂਜਲਸ:** ਸੈਨ ਲੁਇਸ ਓਬਿਸਪੋ ਜੇਲ੍ਹ ਦੇ ਇਕ ਸਿੱਖ ਕੈਦੀ ਨੇ ਸਟੇਟ ਦੇ ਜੇਲ੍ਹ ਮਹਿਕਮੇ ਵਿਰੁਧ ਇਸ ਆਧਾਰ ਉਤੇ ਮੁਕੱਦਮਾ ਦਾਇਰ ਕੀਤਾ ਹੈ ਕਿ ਉਸ ਨੂੰ ਵਧੀ ਦਾਹੜੀ ਨਾ ਕਤਰਨ ਉਤੇ ਸਜ਼ਾ ਦਿੱਤੀ ਗਈ ਜਦੋਂਕਿ ਦਾਹੜੀ ਰੱਖਣਾ ਉਸ ਦੇ ਧਰਮ ਦਾ ਚਿੰਨ੍ਹ ਹੈ।

ਦੱਖਣੀ ਕੈਲੀਫੋਰਨੀਆ ਦੀ ਮਨੁੱਖੀ ਅਧਿਕਾਰ ਜਥੇਬੰਦੀ ਅਮੈਰਿਕਨ ਸਿਵਲ ਲਿਬਰਟੀਜ਼ ਯੂਨੀਅਨ ਨੇ ਪਿਛਲੇ ਹਫਤੇ ਸੁਖਜਿੰਦਰ ਬਸਰਾ ਦੀ ਤਰਫੋਂ ਮੁਕੱਦਮਾ ਦਾਇਰ ਕੀਤਾ ਹੈ।

# ਗਦਰ ਫਾਊਂਡੇਸ਼ਨ ਵਲੋਂ ਸਿੱਖਾਂ ਉਤੇ ਨਸਲੀ ਹਮਲੇ ਦੀ ਨਿਖੇਧੀ

ਸੈਕਰਾਮੈਂਟੋ (ਬਿਊਰੋ): ਗਦਰ ਮੈਮੋਰੀਅਲ ਫਾਊਂਡੇਸ਼ਨ, ਸੈਕਰਾਮੈਂਟੋ ਨੇ ਪਿਛਲੇ ਹਫਤੇ ਇਥੇ ਅਨਪਛਾਤੇ ਜਨੂਨੀਆਂ ਨੇ ਇਕ ਸਿੱਖ ਨੂੰ ਹਲਾਕ ਕਰ ਦੇਣ ਅਤੇ ਇਕ ਨੂੰ ਜ਼ਖ਼ਮੀ ਕਰਨ ਦੇਣ ਦੀ ਘਟਨਾ ਦੀ ਪੁਰਜ਼ੋਰ ਨਿਖੇਧੀ ਕਰਦਿਆਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਹੈ। ਸ੍ਰੀ ਚਰਨ ਸਿੰਘ ਜੱਜ ਵਲੋਂ ਇਥੇ ਜਾਰੀ ਕੀਤੇ ਗਏ ਇਕ ਬਿਆਨ ਵਿਚ ਫਾਊਂਡੇਸ਼ਨ ਨੇ ਕਿਹਾ ਹੈ ਕਿ ਇਹ ਪਹਿਲਾ ਮੌਕਾ ਨਹੀਂ ਜਦੋਂ ਕਿਸੇ ਸਿੱਖ ਉਪਰ ਨਸਲੀ ਵਿਤਕਰਾ ਹੋਇਆ ਹੋਵੇ। ਇਸ ਤੋਂ ਪਹਿਲਾਂ ਵੀ ਟੈਕਸੀ ਚਾਲਕ ਹਰਭਜਨ ਸਿੰਘ ਪੁੰਨੀ ਉਪਰ ਨਸਲੀ ਹਮਲਾ ਹੋ ਚੁਕਾ ਹੈ।

ਜਥੇਬੰਦੀ ਨੇ ਸਮੁੱਚੇ ਸਿੱਖ ਭਾਈਚਾਰੇ ਨੂੰ ਨਸਲੀ ਵਿਤਕਰੇ ਦੇ ਖਿਲਾਫ ਇਕਮੁੱਠ ਹੋ ਕੇ ਸੰਘਰਸ਼ ਕਰਨ ਅਤੇ ਅਮਰੀਕਾ ਵਿਚ ਸਿੱਖੀ ਦੀ ਪਛਾਣ ਲਈ ਕੰਮ ਕਰਨ ਦਾ ਸੱਦਾ ਦਿੱਤਾ ਹੈ। ਇਸ ਸਬੰਧੀ ਮੀਡੀਏ ਅਤੇ ਆਮ ਲੋਕਾਂ ਨਾਲ ਸੰਪਰਕ ਦੀ ਵਿਸ਼ੇਸ਼ ਮੁਹਿੰਮ ਚਲਾਏ ਜਾਣ ਦੀ ਲੋੜ ਹੈ। ਜਥੇਬੰਦੀ ਨੇ ਜਪਾਨ ਵਿਚ ਹਾਲ ਹੀ ਵਿਚ ਆਏ ਭੁਚਾਲ ਅਤੇ ਸੁਨਾਮੀ ਤੁਫਾਨ ਨਾਲ ਹੋਈ ਤਬਾਹੀ ਉਤੇ ਵੀ ਉਥੋਂ ਦੇ ਲੋਕਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

## ਬਲਜਿੰਦਰ ਸਿੰਘ ਧਾਮੀ ਸੁਰਗਵਾਸ



**ਸੈਨਹੋਜ਼ੇ:** ਬੇ-ਏਰੀਏ ਦੇ ਬਿਜਨਸਮੈਨ ਅਤੇ ਪਤਵੰਤੇ ਸੱਜਣ ਸ. ਬਲਜਿੰਦਰ ਸਿੰਘ ਧਾਮੀ ਪੁੱਤਰ ਸ. ਪਿਆਰਾ ਸਿੰਘ ਧਾਮੀ 9 ਮਾਰਚ ਨੂੰ ਇਸ ਸੰਸਾਰ ਨੂੰ ਹਮੇਸਾਂ ਲਈ ਅਲਵਿਦਾ ਕਹਿ ਗਏ। ਉਹ ਪਿਛਲੇ ਲਗਭਗ 30 ਸਾਲਾਂ ਤੋਂ ਸੈਨਹੋਜ਼ੇ ਵਿਚ ਰਹਿ ਰਹੇ ਸਨ। ਉਨ੍ਹਾਂ ਦਾ ਪਿਛਲਾ ਪਿੰਡ ਧਾਮੀਆਂ ਕਲਾਂ ਜ਼ਿਲ੍ਹਾ ਹੁਸ਼ਿਆਰਪੁਰ ਹੈ। ਉਹ 1981 ਵਿਚ ਅਮਰੀਕਾ ਆਏ ਅਤੇ ਕੁਝ ਸਮਾਂ ਮਿਲਵਾਕੀ ਵੀ ਰਹੇ। ਸ. ਧਾਮੀ ਆਪਣੇ ਪਿਛੇ ਪਤਨੀ ਪ੍ਰਿਤਪਾਲ ਤੋਂ ਇਲਾਵਾ ਤਿੰਨ ਬੱਚੇ ਛਡ ਗਏ ਹਨ।

ਸ.ਧਾਮੀ ਦਾ ਅੰਤਮ ਸੰਸਕਾਰ ਸਨਿਚਰਵਾਰ 19 ਮਾਰਚ ਨੂੰ ਸਵੇਰੇ 10.30 ਵਜੇ ਤੋਂ ਬਾਅਦ ਦੁਪਹਿਰ 12.30 ਵਜੇ ਤੱਕ ਹੇਵਰਡ ਦੇ ਚੈਪਲ ਆਫ ਚਾਈਮਜ਼ (32992 ਮਿਸ਼ਨ ਬੁਲੇਵਾਰਡ) ਵਿਖੇ ਹੋਵੇਗਾ। ਅੰਤਿਮ ਅਰਦਾਸ ਗੁਰਦੁਆਰਾ ਫਰੀਮਾਂਟ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਰਵਿੰਦਰ ਸਿੰਘ ਧਾਮੀ ਫੋਨ: 408-904-9827 ਜਾਂ ਹਰਜੋਤ ਸਿੰਘ ਖਾਲਸਾ ਫੋਨ:408-218-1116 ਰਾਹੀਂ ਕੀਤਾ ਜਾ ਸਕਦਾ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
We Also Offer Notary Service



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law
Law Offices Of Jaspreet Singh
4491 W. Shaw Ave., Suite 300 B (Near Costco) Fresno, CA 93722 Ph: 559-271-5511
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440

SYAN VIDEO PRODUCTION, INC.
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)



734-261-0936 / 734-890-1767
E-mail: raj@syanvideo.com
or visit at: www.syanvideo.com
SV PRODUCTION

## ਸੜਕ ਹਾਦਸੇ ਵਿਚ ਵਿਦਿਆਰਥੀ ਹਲਾਕ

**ਸੈਨ ਹੋਜ਼ੇ (ਬਿਊਰੋ):** ਇਕ ਸਿੱਖ ਵਿਦਿਆਰਥੀ ਅਤੇ ਉਭਰਦਾ ਅਥਲੀਟ ਉਸ ਸਮੇਂ ਹਲਾਕ ਹੋ ਗਿਆ ਜਦੋਂ ਉਸ ਦੀ ਕਾਰ ਇਕ ਦਰਖਤ ਵਿਚ ਜਾ ਵੱਜੀ। ਸੁੱਖਪ੍ਰੀਤ ਸਿੰਘ ਗਰੇਵਾਲ (ਉਮਰ 18 ਸਾਲ) ਨੇ ਪਾਈਨੀਅਰ ਹਾਈ ਸਕੂਲ ਵਿਚ ਸੀਨੀਅਰ ਵਜੋਂ ਸਾਰੇ ਲੀਗ ਆਨਰ ਜਿੱਤੇ ਅਤੇ ਉਹ ਬਾਸਕਿਟ ਬਾਲ ਦਾ ਬਹੁਤ ਵਧੀਆ ਖਿਡਾਰੀ ਸੀ।

ਕੈਲੀਫੋਰਨੀਆ ਹਾਈਵੇਅ ਪੈਟਰੋਲ ਅਨੁਸਾਰ ਸੁੱਖਪ੍ਰੀਤ ਦੀ ਜੀ ਐਮ ਸੀ ਯੂਕੋਨ ਗੱਡੀ ਬਹੁਤ ਵੱਡੀ ਸਪੀਡ 'ਤੇ ਜਾ ਰਹੀ ਸੀ ਕਿ ਅਚਾਨਕ ਬੇਕਾਬੂ ਹੋ ਕੇ ਗੱਡੀ ਸੜਕ ਕੰਢੇ ਇਕ ਦਰਖਤ ਵਿਚ ਜਾ ਵੱਜੀ। ਉਸ ਸਮੇਂ ਉਸ ਨੇ ਸੀਟ ਬੈਲਟ ਵੀ ਨਹੀਂ ਸੀ ਲਾਈ ਹੋਈ। ਸੁੱਖਪ੍ਰੀਤ ਆਪਣੇ ਕਿਸੇ ਦੋਸਤ ਦੇ ਘਰੋਂ ਵਾਪਸ ਆ ਰਿਹਾ ਸੀ।

# ਸਿਹਤ ਤੇ ਸਿੱਖਿਆ ਵਿਭਾਗਾਂ ਦੀਆਂ ਬੇਨਿਯਮੀਆਂ ਨਸ਼ਰ

**ਚੰਡੀਗੜ੍ਹ:** ਭਾਰਤ ਦੇ ਕੰਪਟਰੋਲਰ ਤੇ ਆਡੀਟਰ ਜਨਰਲ (ਕੈਗ) ਵੱਲੋਂ ਪੰਜਾਬ ਵਿਧਾਨ ਸਭਾ ਅੰਦਰ ਪੇਸ਼ ਕੀਤੀਆਂ ਰਿਪੋਰਟਾਂ ਵਿਚ ਸਿਹਤ ਅਤੇ ਸਿੱਖਿਆ ਵਿਭਾਗਾਂ ਵਿਚ ਬੇਨਿਯਮੀਆਂ ਸਾਹਮਣੇ ਲਿਆਂਦੇ ਗਏ ਹਨ।

ਕੈਗ ਨੇ ਸਿਹਤ ਵਿਭਾਗ ਵਿਚ ਮੈਡੀਕਲ ਪਲਾਂਟੇਸ਼ਨ ਦੀ ਠੇਕਾ ਆਧਾਰਿਤ ਖੇਤੀ ਦੇ ਮਾਮਲੇ ਵਿਚ 86.23 ਲੱਖ ਰੁਪਏ ਦਾ ਕਥਿਤ ਘਪਲਾ ਹੋਣ ਤੋਂ ਬਿਨਾਂ ਜਿਨ੍ਹਾਂ ਤੱਥਾਂ ਨੂੰ ਉਜਾਗਰ ਕੀਤਾ ਹੈ, ਉਨ੍ਹਾਂ ਵਿਚ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਵੱਲੋਂ ਜੋ ਗਰਾਂਟ ਭੇਜੀ ਗਈ, ਉਸ ਵਿਚੋਂ ਸਿਰਫ਼ 83 ਫੀਸਦੀ ਹੀ ਖਰਚੀ ਗਈ। ਰੋਗੀ ਕਲਿਆਣ ਕਮੇਟੀਆਂ, ਸੁਸਾਇਟੀਆਂ ਦੇ ਤੌਰ 'ਤੇ ਰਜਿਸਟਰ ਹੀ ਨਹੀਂ ਕਰਾਵਾਈਆਂ। ਪੇਂਡੂ ਸਿਹਤ ਸੰਭਾਲ ਵਿਚ ਗੈਰ-ਸਰਕਾਰੀ ਸੰਸਥਾਵਾਂ ਦਾ ਹਿੱਸਾ ਵੀ ਨਾਕਾਫੀ ਦੱਸਿਆ ਗਿਆ ਹੈ। ਕੈਗ ਦੀ ਇਸ ਰਿਪੋਰਟ ਮੁਤਾਬਕ ਪੇਂਡੂ ਖੇਤਰ ਦੇ ਜ਼ਿਆਦਾਤਰ ਸਿਹਤ ਕੇਂਦਰਾਂ ਵਿਚ ਜ਼ਰੂਰੀ ਸਾਜ਼ੋ-ਸਮਾਨ ਅਤੇ ਬੁਨਿਆਦੀ ਸਹੂਲਤਾਂ ਦੀ ਘਾਟ ਹੈ। ਸਿਹਤ ਸੰਸਥਾਵਾਂ ਵਿਚ ਡਾਕਟਰਾਂ, ਨਰਸਾਂ, ਫਾਰਮਾਸਿਸਟਾਂ ਅਤੇ ਦੂਜੇ ਤਕਨੀਸ਼ੀਅਨਾਂ ਦੀ ਗਿਣਤੀ ਤਾਂ ਘੱਟ ਹੈ ਹੀ, ਇਨ੍ਹਾਂ ਦੀਆਂ ਤਾਇਨਾਤੀਆਂ ਵੀ ਤਰਕਸੰਗਤ ਨਹੀਂ ਹਨ।

ਕੈਗ ਦੀ ਰਿਪੋਰਟ ਮੁਤਾਬਕ ਨਵੰਬਰ 2002 ਵਿਚ ਜੜੀ-ਬੂਟੀਆਂ ਦੀ ਠੇਕੇ 'ਤੇ ਕਾਸ਼ਤ ਕਰਾਉਣ ਲਈ ਕੇਂਦਰੀ ਸਹਾਇਤਾ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਹਾਇਤਾ ਪ੍ਰਾਪਤ ਕਰਨ ਦੇ ਚਾਹਵਾਨਾਂ ਲਈ ਜ਼ਰੂਰੀ ਸੀ ਕਿ ਉਹ ਪ੍ਰੋਜੈਕਟ ਤਜਵੀਜ਼ਾਂ ਤਹਿਤ ਕੰਮ ਕਰੇ ਪਰ ਪੰਜਾਬ ਸਰਕਾਰ ਨੇ ਇਨ੍ਹਾਂ ਸ਼ਰਤਾਂ ਅਤੇ ਨਿਯਮਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਕੈਗ ਨੇ ਵਿਭਾਗ ਦੀਆਂ ਰਿਪੋਰਟਾਂ ਫਰਜ਼ੀ ਹੋਣ ਅਤੇ ਇਸ ਮਾਮਲੇ ਵਿਚ ਕਈ ਤਰ੍ਹਾਂ ਦੇ ਸ਼ੱਕੀ ਤੱਥ ਸਾਹਮਣੇ ਲਿਆਂਦੇ ਹਨ। ਅਧਿਕਾਰੀਆਂ ਦੀ ਕਾਰਗੁਜ਼ਾਰੀ 'ਤੇ ਸ਼ੱਕ ਕੀਤਾ ਹੈ। ਰਿਪੋਰਟ ਮੁਤਾਬਕ 86.23 ਲੱਖ ਰੁਪਏ ਦੀ ਵਿੱਤੀ ਅਦਾਇਗੀ ਸਹੀ ਨਹੀਂ। ਕੇਂਦਰ ਸਰਕਾਰ ਵੱਲੋਂ 2005 ਤੋਂ 2010 ਤੱਕ ਦੇ ਸਮੇਂ ਦੌਰਾਨ 791.68 ਕਰੋੜ ਰੁਪਏ ਦਿੱਤੇ ਗਏ। ਕਈ ਮਾਮਲਿਆਂ ਵਿਚ ਰਾਜ ਸਰਕਾਰ ਨੇ ਆਪਣਾ ਬਣਦਾ ਹਿੱਸਾ ਹੀ ਨਹੀਂ ਦਿੱਤਾ ਜਿਸ ਕਾਰਨ ਗਰਾਂਟ ਦੀ ਸੁਚੱਜੀ ਵਰਤੋਂ ਨਹੀਂ ਹੋ ਸਕੀ।

ਰਾਜ ਦੇ ਕੁੱਲ 3475 ਸਿਹਤ ਕੇਂਦਰਾਂ ਵਿਚੋਂ 1466 ਦਾ ਨਮੂਨੇ ਦੇ ਤੌਰ 'ਤੇ ਸਰਵੇਖਣ ਕੀਤਾ ਗਿਆ। ਰਿਪੋਰਟ ਮੁਤਾਬਕ 1514 ਸਿਹਤ ਕੇਂਦਰਾਂ ਵਿਚ ਪਖਾਨੇ ਹੀ ਨਹੀਂ; 14 ਵਿਚ ਪੀਣ ਵਾਲੇ ਪਾਣੀ ਦੀ ਕੋਈ ਸਹੂਲਤ ਨਹੀਂ। ਪੰਜਾਬ ਦੇ 187 ਮੁੱਢਲੇ ਸਿਹਤ ਕੇਂਦਰਾਂ ਵਿਚ ਲੇਬਰ ਰੂਮ ਨਹੀਂ ਹਨ। 290 ਮੁੱਢਲੇ ਸਿਹਤ ਕੇਂਦਰਾਂ ਅੰਦਰ ਅਪਰੇਸ਼ਨ ਥਿਏਟਰਾਂ ਦੀ ਅਣਹੋਂਦ ਹੈ। ਕੈਗ ਦੀ ਰਿਪੋਰਟ ਵਿਚ ਪ੍ਰਗਟਾਵਾ ਕੀਤਾ ਗਿਆ ਹੈ ਕਿ ਮਾਰਚ 2010 ਤੱਕ 134.42 ਕਰੋੜ ਰੁਪਏ ਦੀ ਉਪਲੱਬਧਤਾ ਹੋਣ ਦੇ ਬਾਵਜੂਦ ਬਨਿਆਦੀ ਸਹੂਲਤ ਨਹੀਂ ਦਿੱਤੀ ਗਈ। ਕੈਗ ਨੇ ਸਿੱਖਿਆ ਦੇ ਖੇਤਰ ਵਿਚ ਵੀ ਕਈ ਤੱਥ ਸਾਹਮਣੇ ਲਿਆਂਦੇ ਹਨ। ਜਾਂਚ ਦਾ ਹਿੱਸਾ ਬਣਾਏ 148 ਸਕੂਲਾਂ ਵਿਚੋਂ 54 ਸਕੂਲਾਂ ਵਿਚ ਵਿਦਿਆਰਥੀਆਂ ਦਾ ਦਾਖਲਾ 16.02 ਫੀਸਦੀ ਤੋਂ 25.48 ਫੀਸਦੀ ਤੱਕ ਘਟ ਗਿਆ ਅਤੇ ਵੱਡੀ ਗਿਣਤੀ ਸਕੂਲ ਅਸੁਰੱਖਿਅਤ ਇਮਾਰਤਾਂ ਵਿਚ ਚੱਲ ਰਹੇ ਹਨ।

## ਪ੍ਰਵਾਸੀਆਂ ਦੀਆਂ ਦਿੱਕਤਾਂ ਬਾਰੇ ਸੈਮੀਨਾਰ 27 ਨੂੰ

**ਸੈਕਰਾਮੈਂਟੋ (ਬਿਊਰੋ):** ਐਨ.ਆਰ. ਆਈ. ਫਰੰਟ ਯੂ ਐਸ ਏ ਵਲੋਂ ਪ੍ਰਵਾਸੀ ਪੰਜਾਬੀਆਂ ਦੀਆਂ ਮੁਸ਼ਕਿਲਾਂ ਸੰਬੰਧੀ ਇਕ



ਜੱਸੀ ਖੰਗੁੜਾ

ਸੈਮੀਨਾਰ ਇਥੇ ਹੋਟਲ ਫੋਰ ਪੁਆਇੰਟ ਸ਼ੈਰੇਟਨ ਵਿਚ ਕਰਵਾਇਆ ਜਾਏਗਾ। ਪੰਜਾਬ ਦੇ ਵਿਧਾਇਕ ਤੇ ਪ੍ਰਵਾਸੀ ਪੰਜਾਬੀਆਂ ਦੇ ਹਮਦਰਦ ਸ: ਜਸਬੀਰ ਸਿੰਘ ਖੰਗੂੜਾ (ਜੱਸੀ ਖੰਗੁੜਾ) ਵਿਸ਼ੇਸ਼ ਤੋਰ 'ਤੇ ਪਹੁੰਚਣਗੇ ਤੇ ਸਮਾਗਮ ਦੀ ਪ੍ਰਧਾਨਗੀ ਕਰਨਗੇ।

ਇਸ ਸੰਬੰਧੀ ਫੈਸਲਾ ਫਰੰਟ ਦੀ ਇਕ ਮੀਟਿੰਗ ਵਿਚ ਲਿਆ ਗਿਆ ਜਿਸ ਵਿਚ ਹੋਰਨਾਂ ਤੋਂ ਇਲਾਵਾ ਸੁੱਖੀ ਘੁੰਮਣ, ਪਾਲ ਸਿਹੋਤਾ, ਗੁਰਜਤਿੰਦਰ ਸਿੰਘ ਰੰਧਾਵਾ, ਗੁਲਿੰਦਰ ਗਿੱਲ, ਗੁਰਚਰਨ ਸਿੰਘ ਢਿਲੋਂ, ਤਾਜ ਰੰਧਾਵਾ, ਸੁਖਵਿੰਦਰ ਸਿੰਘ ਸੰਘੇੜਾ, ਜਤਿੰਦਰ ਪਾਲ ਸਿੰਘ, ਗੁਰਬਖਸ਼ੀਸ਼ ਸਿੰਘ ਗਰੇਵਾਲ, ਸਰਦੂਲ ਸਿੰਘ ਢਿਲੋਂ, ਜਨਕ ਸਪਰਾ ਸ਼ਾਮਲ ਹੋਏ।

ਹੋਰ ਜਾਣਕਾਰੀ ਲਈ ਫੋਨ 916-320-9444 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਰਾਖਵਾਂਕਰਨ ਲਈ ਜਾਟਾਂ ਦਾ ਅੰਦੋਲਨ ਭਖਿਆ

**ਨਵੀਂ ਦਿੱਲੀ:** ਸਰਕਾਰੀ ਨੌਕਰੀਆਂ 'ਚ ਰਾਖਵੇਂਕਰਨ ਦੀ ਮੰਗ ਨੂੰ ਲੈ ਕੇ ਜਾਟਾਂ ਦੇ ਅੰਦੋਲਨ ਨੇ ਸਰਕਰ ਦੇ ਨੱਕ 'ਚ ਦਮ ਕਰ ਦਿੱਤਾ ਹੈ। ਉੱਤਰੀ ਭਾਰਤ 'ਚ ਰੇਲਵੇ ਆਵਾਜਾਈ ਪੂਰੀ ਤਰ੍ਹਾਂ ਠੱਪ ਹੋਣ ਤੋਂ ਬਾਅਦ ਜਾਟਾਂ ਨੂੰ ਕੇਂਦਰ ਨੇ ਗੱਲਬਾਤ ਦਾ ਸੱਦਾ ਦੇ ਦਿੱਤਾ ਹੈ ਤਾਂ ਜੋ ਉਕਤ ਮੁੱਦੇ ਦਾ ਕੋਈ ਸਾਰਥਿਕ ਹੱਲ ਕੱਢਿਆ ਜਾ ਸਕੇ। ਜਾਟਾਂ ਨਾਲ ਗੱਲਬਾਤ ਦਾ ਫ਼ੈਸਲਾ ਸਿਆਸੀ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਦੀ ਮੀਟਿੰਗ ਵਿਚ ਲਿਆ ਗਿਆ ਜੋ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ।

ਦੂਜੇ ਪਾਸੇ ਉੱਤਰ ਪ੍ਰਦੇਸ਼ ਤੇ ਹਰਿਆਣਾ 'ਚ ਜਾਟ ਅੰਦੋਲਨ ਕਾਰਨ ਲਖਨਊ-ਦਿੱਲੀ ਸਣੇ ਕਈ ਹੋਰ ਰੂਟਾਂ 'ਤੇ ਰੇਲ ਆਵਾਜਾਈ ਪ੍ਰਭਾਵਿਤ ਹੋਈ। ਜਾਟਾਂ ਨੇ ਰੇਲ ਪਟੜੀਆਂ 'ਤੇ ਕਬਜ਼ਾ ਕਰ ਲਿਆ ਤੇ ਆਪਣੀਆਂ ਮੰਗਾਂ ਦੇ ਹੱਕ 'ਚ ਰੋਸ ਮੁਜ਼ਾਹਰੇ ਕੀਤੇ। ਇਸ ਦੇ ਨਾਲ ਹੀ 15 ਮਾਰਚ ਨੂੰ ਦਿੱਲੀ ਦੇ ਜੰਤਰ ਮੰਤਰ ਵਿਖੇ ਜਾਟਾਂ ਨੇ ਆਪਣੀਆਂ ਮੰਗਾਂ ਦੇ ਹੱਕ 'ਚ ਜ਼ੋਰਦਾਰ ਪ੍ਰਦਰਸ਼ਨ ਕੀਤਾ ਜਿਸ ਵਿਚ ਰਾਸ਼ਟਰੀ ਲੋਕ ਦਲ ਦੇ ਮੁਖੀ ਚੌਧਰੀ ਅਜੀਤ ਸਿੰਘ ਤੇ ਉਨ੍ਹਾਂ ਦੇ ਸਾਂਸਦ ਬੇਟੇ ਜੈਅੰਤ ਨੇ ਵੀ ਸ਼ਿਰਕਤ ਕੀਤੀ। ਇਸ ਅੰਦੋਲਨ ਕਾਰਨ 66 ਰੇਲ ਗੱਡੀਆਂ ਨੂੰ ਰੱਦ ਕਰਨਾ ਪਿਆ ਤੇ ਕਈਆਂ ਗੱਡੀਆਂ ਦੇ ਰਾਹ ਬਦਲਣੇ ਪਏ।

ਉਧਰ ਹਰਿਆਣਾ ਵਿਧਾਨ ਸਭਾ ਸੈਸ਼ਨ ਦੇ ਆਖਰੀ ਦਿਨ ਜਾਟ ਰਾਖਵਾਂਕਰਨ ਦਾ ਮੁੱਦਾ ਭਾਰੂ ਰਿਹਾ। ਇਸ ਮੁੱਦੇ ਨੂੰ ਲੈ ਕੇ ਇਨੈਲੋ ਤੇ ਕਾਂਗਰਸ ਦੇ ਵਿਧਾਇਕਾਂ ਵਿਚ ਝੜਪਾਂ ਹੋਈਆਂ। ਇਨੈਲੋ ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਜਾਟ ਰਾਖਵਾਂਕਰਨ ਦੇ ਹੱਕ ਵਿਚ ਹੈ ਪਰ ਦੂਜੀਆਂ ਜਾਤੀਆਂ ਨੂੰ ਵੀ ਆਰਥਿਕ ਆਧਾਰ 'ਤੇ ਰਾਖਵਾਂਕਰਨ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਸਦਨ ਵਿਚ ਸਰਬਸੰਮਤੀ ਦੇ ਨਾਲ ਇਸ ਮੁੱਦੇ ਨੂੰ ਪਾਸ ਕੀਤਾ ਜਾਵੇ। ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਜਾਟ ਰਾਖਵਾਂਕਰਨ ਮਾਮਲੇ ਬਾਰੇ ਵਿਰੋਧੀ ਧਿਰ ਦੀ ਸਥਿਤੀ ਸਪੱਸ਼ਟ ਨਹੀਂ ਹੈ ਜਦਕਿ ਹਰਿਆਣਾ ਸਰਕਾਰ ਤੇ ਕਾਂਗਰਸ ਪਾਰਟੀ ਦਾ ਸਟੈਂਡ ਇਸ ਮੁੱਦੇ ਬਾਰੇ ਸਪਸ਼ੱਟ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛੜੇ ਵਰਗ (ਓ.ਬੀ.ਸੀ.) ਤਹਿਤ ਜਾਟਾਂ ਨੂੰ ਰਾਖਵਾਂਕਰਨ ਮਿਲਣਾ ਚਾਹੀਦਾ ਹੈ।

## ਪੰਜਾਬ ਦੇ ਜੱਟਾਂ ਨੇ ਵੀ ਰਾਖਵਾਂਕਰਨ ਮੰਗਿਆ

**ਜਲੰਧਰ:** ਹਰਿਆਣਾ ਤੇ ਉੱਤਰ ਪ੍ਰਦੇਸ਼ 'ਚ ਜਾਟ ਰਾਖਵਾਂਕਰਨ ਦੀ ਮੰਗ ਨੂੰ ਲੈ ਕੇ ਚੱਲ ਰਹੇ ਅੰਦੋਲਨ ਦੇ ਸਮਰਥਨ ਦਾ ਐਲਾਨ ਕਰਦਿਆਂ ਜੱਟ ਸਿੱਖ ਸਭਾ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਵੀ ਆਰਥਿਕ ਪੱਖੋਂ ਕਮਜ਼ੋਰ ਜੱਟ ਸਿੱਖਾਂ ਲਈ ਰਾਖਵਾਂਕਰਨ ਲਾਗੂ ਕਰੇ। ਜੱਟ ਸਿੱਖ ਸਭਾ ਦੇ ਆਗੂਆਂ ਨੇ ਕਿਹਾ ਕਿ ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀਆਂ ਨੇ ਇਨ੍ਹਾਂ ਰਾਜਾਂ 'ਚ ਉੱਠ ਰਹੀ ਇਸ ਮੰਗ ਲਈ ਸਮਰਥਨ ਦੇ ਸੰਕੇਤ ਦੇ ਕੇ ਸਬੰਧਤ ਭਾਈਚਾਰਿਆਂ ਦੀ ਉਮੀਦ ਜਗਾਈ ਹੈ।

ਸਭਾ ਦੇ ਪ੍ਰਧਾਨ ਸੁੱਚਾ ਸਿੰਘ ਬਾਜਵਾ ਨੇ ਕਿਹਾ ਕਿ ਚੱਲ ਰਹੇ ਬਜਟ ਸੈਸ਼ਨ ਵਿਚ ਪੰਜਾਬ ਸਰਕਾਰ ਇਸ ਮੰਗ ਨੂੰ ਵਿਚਾਰਦੇ ਹੋਏ ਵਿਧਾਨ ਸਭਾ 'ਚ ਬਿੱਲ ਪਾਸ ਕਰੇ। ਜੇ ਸਰਕਾਰ ਵੱਲੋਂ ਇਸ ਬਜਟ ਸੈਸ਼ਨ ਵਿਚ ਸਭਾ ਦੀ ਮੰਗ ਨੂੰ ਨਾ ਵਿਚਾਰਿਆ ਗਿਆ ਤਾਂ ਸੈਸ਼ਨ ਦੇ ਖਤਮ ਹੋਣ ਤੋਂ ਬਾਅਦ ਮੀਟਿੰਗ ਬੁਲਾ ਕੇ ਇਸ ਮੰਗ ਲਈ ਅੰਦੋਲਨ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਭਾਰਤ ਅੰਦਰ ਸਰਕਾਰੇ-ਦਰਬਾਰੇ ਹਰ ਥਾਂ ਵੱਖ-ਵੱਖ ਜਾਤੀਆਂ ਲਈ ਰਾਖਵਾਂਕਰਨ ਹੈ ਜਿਸ ਕਾਰਨ ਸਬੰਧਤ ਵਰਗ ਦੇ ਲੋਕ ਨਿਸ਼ਚਿਤ ਕੋਟੇ ਦਾ ਲਾਭ ਲੈਂਦੇ ਹਨ। ਉਨ੍ਹਾਂ ਕਿਹਾ ਕਿ ਅੱਜ ਜੱਟ ਭਾਈਚਾਰੇ ਲਈ ਅਜਿਹੇ ਹਾਲਾਤ ਬਣ ਗਏ ਹਨ ਕਿ ਇਸ ਨਾਲ ਸਬੰਧਤ ਨੌਜਵਾਨ ਉੱਚ ਯੋਗਤਾ ਰੱਖਦੇ ਹੋਏ ਵੀ ਨੌਕਰੀਆਂ ਪ੍ਰਾਪਤ ਕਰਨ 'ਚ ਅਸਫਲ ਰਹਿੰਦੇ ਹਨ। ਸਭਾ ਦੇ ਆਗੂਆਂ ਨੇ ਕਿਹਾ ਕਿ ਖੇਤੀ ਇਕ ਘਾਟੇ ਵਾਲਾ ਧੰਦਾ ਬਣ ਗਿਆ ਹੈ ਤੇ ਹਜ਼ਾਰਾਂ ਜੱਟ ਕਰਜ਼ਿਆਂ ਕਰਕੇ ਖੁਦਕੁਸ਼ੀਆਂ ਕਰ ਚੁੱਕੇ ਹਨ। ਅਜਿਹੇ ਹਾਲਾਤਾਂ ਨੂੰ ਧਿਆਨ 'ਚ ਰੱਖਦਿਆਂ ਸਰਕਾਰ ਆਰਥਿਕ ਪੱਖੋਂ ਕਮਜ਼ੋਰ ਜੱਟ ਸਿੱਖਾਂ ਲਈ ਨੌਕਰੀਆਂ ਵਿਚ ਰਾਖਵਾਂ ਕੋਟ ਨਿਸ਼ਚਿਤ ਕਰੇ।




Guaranteed Save $5,000!
on Your Home Purchase or I will Pay You $1,000 Cash
Call 24hr Free Information 1-888-450-6603, ID 4008
Call Amardeep SinghRealtor/Loan Broker PH:(916) 712-2735 FAX:(916)679-5986 Lic #01357217

**Antelope $148,000**



**$5,180 Down $774 Payment**
Beautiful 3 bedroom. Cozy fire. Lovely home. Excellent School. Payment less than rent.
**FREE INFO: 1-888-450-6603**
ID # 4212

**Elk Grove $270,000**



**$9,450 Down $1,329 Payment**
Walking distance to school, park and shopping plazas. Lovely home. Clean. Private Yard.
**FREE INFO: 1-888-450-6603**
ID # 4226

**Sacramento $128,000**



**$4,480 Down $613 Payment**
Eat in Kitchen, family house, clean, private backyard. Quite neighborhood. Bright rooms
**FREE INFO: 1-888-450-6603**
ID # 4217

**Elk Grove $230,000**



**$7,350 Down $1,089PMT**
Lovely home. Beautiful 4 bedroom. Great schools. Private yard. Perfect for family.
**FREE INFO: 1-888-450-6603**
ID #4221

**Antelope $139,000**




**$4,865 Down! $782 Payment**
Quite street. Bright living & family room. Perfect home.Unique. Shaded backyard. Cozy fireplace. Patio.
**FREE INFO:1-888-450-6603**
ID#4201

**Sacramento $165,000**



**$5,600 Down. $837 Payment**
Big family house. One Bed and Bath downstairs. Formal Dining. 3 Car Garage. Safe neighborhood.
**FREE INFO: 1-888-450-6603**
ID # 4204

**Sacramento $229,000**



**$8,015 Down $1,198 PMT**
Anatolia Beauty. New community. Good Schools. Walking distance to park.
**FREE INFO: 1-888-450-6603**
ID # 4222

**Sacramento $99,000**



**$3,465 Down $647 Payment**
Great Location. 3 Beds. Separate Dining and Family Room. Family house. Private backyard.
**FREE INFO: 1-888-450-660**
ID # 4224

**For Short Sale I received over $4,500**




**FREE** cash back money when we did our short sale. Both my first, second loans, utility bills and property taxes were forgiven by the lenders. I got enough time to relocate to next home. Amardeep had his whole team negotiated with the lenders and protected our rights. Thanks for saving my credit and being foreclosed… Mike and family

**Elk Grove $238,000**



**$8,830 Down $1,245 Payment**
Quite Street. Great neighborhood. Perfect. Cozy Fireplace. Open Lay Out. Den. Bright rooms
**FREE INFO: 1-888-450-6603**
ID # 4228

**Sacramento $220,000**



**$7700 Down $1,152 Payment**
Peaceful. Family home. Lovely. 2005 Built. Shaded huge backyard. Newer Area.Spacious.
**FREE INFO: 1-888-450-6603**
ID #4229

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵੋਟਾਂ ਲਈ ਪੰਜਾਬ ਸਿਰ ਹੋਰ ਕਰਜ਼ਾ ਚੜ੍ਹਾਉਣ ਦੀ ਤਿਆਰੀ

## ਆਰਥਿਕ ਮਾਹਿਰਾਂ ਤੇ ਵਿਰੋਧੀ ਦਲਾਂ ਵੱਲੋਂ 'ਲੋਕਾਂ ਨਾਲ ਧੋਖਾ' ਕਰਾਰ

ਪਲੇਠੇ ਬਜਟ ਵਿਚ ਆਗਾਮੀ ਵਿਧਾਨ ਸਭਾ ਚੋਣਾਂ ਦਾ ਧਿਆਨ ਰੱਖਦਿਆਂ ਜਿੱਥੇ ਕੋਈ ਨਵਾਂ ਟੈਕਸ ਨਹੀਂ ਲਾਇਆ ਉਥੇ ਸਮਾਜ ਭਲਾਈ ਸਕੀਮਾਂ ਦਾ ਦਾਇਰਾ ਵਧਾਉਣ ਦਾ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ। ਮਾਲੀ ਸਾਲ 2011-12 ਦਾ ਇਹ ਬਜਟ 48,594.85 ਕਰੋੜ ਰੁਪਏ ਦਾ ਹੈ ਤੇ ਇਸ ਵਿਚ ਨਵੇਂ ਵਿੱਤੀ ਸਾਧਨ ਜੁਟਾਉਣ ਦੀ ਥਾਂ ਟੈਕਸਾਂ ਦੀ ਬਿਹਤਰ ਵਸੂਲੀ ਰਾਹੀਂ ਵੱਧ ਸਰਕਾਰੀ ਮਾਲੀਆ ਜੁਟਾਉਣ ਨੂੰ ਪਹਿਲ ਦਿੱਤੀ ਗਈ ਹੈ। ਵਿੱਤ ਮੰਤਰੀ ਨੇ ਸਿੱਖਿਆ, ਸਿਹਤ, ਖੇਤੀਬਾੜੀ, ਖੇਡਾਂ, ਨੌਜਵਾਨਾਂ ਦੀ ਭਲਾਈ, ਬਿਜਲੀ, ਬੁਨਿਆਦੀ ਢਾਂਚਾ ਵਿਕਾਸ ਖੇਤਰਾਂ ਨੂੰ ਤਰਜੀਹ ਦੇਣ ਦਾ ਦਾਅਵਾ ਕੀਤਾ ਹੈ।

ਭਾਵੇਂ ਕਈ ਮਹੀਨਿਆਂ ਤੋਂ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਰੁਕੀਆਂ ਹੋਈਆਂ ਹਨ ਪਰ ਸਰਕਾਰ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਰਾਜ ਦੀ ਆਰਥਿਕ ਹਾਲਤ ਮੁੜ ਲੀਹ 'ਤੇ ਆ ਗਈ ਹੈ। ਸਾਲਾਨਾ ਮਾਲੀ ਘਾਟਾ 1.33 ਫੀਸਦੀ ਰਹਿ ਗਿਆ ਹੈ ਤੇ ਰਾਜਕੋਸ਼ੀ ਘਾਟਾ ਵੀ ਕੁੱਲ ਘਰੇਲੂ ਉਤਪਾਦ ਦਾ 3.45 ਫੀਸਦੀ ਰਹਿ ਗਿਆ ਹੈ। ਬਜਟ ਮੁਤਾਬਕ ਪੰਜਾਬ ਸਿਰ 31 ਮਾਰਚ 2012 ਤੱਕ ਕਰਜ਼ੇ ਦਾ ਭਾਰ 77585 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ ਜੋ ਕੁੱਲ ਘਰੇਲੂ ਉਤਪਾਦ ਦਾ 30.40 ਫੀਸਦੀ ਬਣਦਾ ਹੈ। ਆਗਾਮੀ ਵਿੱਤੀ ਵਰ੍ਹੇ ਦੌਰਾਨ ਵੈਟ ਦੀ ਵਸੂਲੀ 11800 ਕਰੋੜ ਤੱਕ ਪਹੁੰਚਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ। ਇਹ ਵਾਧਾ 18 ਫੀਸਦੀ ਦਾ ਬਣਦਾ ਹੈ। ਆਬਕਾਰੀ ਤੋਂ 3250 ਕਰੋੜ ਰੁਪਏ, ਮੋਟਰ ਗੱਡੀਆਂ ਦੀ ਰਜਿਸਟਰੇਸ਼ਨ ਤੋਂ 800 ਕਰੋੜ, ਸਟੈਂਪ ਡਿਊਟੀ ਤੋਂ 2900 ਕਰੋੜ ਰੁਪਏ ਤੇ ਰਾਜ ਦੇ ਸਾਰੇ ਸਰੋਤਾਂ ਤੋਂ 32026.76 ਕਰੋੜ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ, ਜਦੋਂਕਿ ਕੁੱਲ ਖਰਚਾ 35405.75 ਕਰੋੜ ਰੁਪਏ ਦੱਸਿਆ ਗਿਆ ਹੈ। ਇਸ ਤਰ੍ਹਾਂ 3378.99 ਕਰੋੜ ਰੁਪਏ ਦਾ ਘਾਟਾ ਦਰਸਾਇਆ ਗਿਆ ਹੈ।

ਇਸ ਬਜਟ 'ਚ ਸਿੱਖਿਆ ਖੇਤਰ 'ਚ ਵੱਖ-ਵੱਖ ਯੋਜਨਾਵਾਂ ਲਈ 1441 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ। ਸਾਰੇ ਸਰਕਾਰੀ ਸਕੂਲਾਂ ਵਿਚ 11ਵੀਂ ਤੇ 12ਵੀਂ ਜਮਾਤ ਤੱਕ ਪੜ੍ਹਨ ਵਾਲੀਆਂ ਸਾਰੀਆਂ ਵਿਦਿਆਰਥਣਾਂ ਨੂੰ 'ਮਾਈ ਭਾਗੋ ਵਿਦਿਆ ਸਕੀਮ' ਤਹਿਤ ਮੁਫ਼ਤ ਸਾਈਕਲ ਮੁਹੱਈਆ ਕਰਵਾਉਣ ਲਈ 75 ਕਰੋੜ ਰੁਪਏ ਦੀ ਨਵੀਂ ਸਕੀਮ ਦੀ ਤਜਵੀਜ਼ ਹੈ। ਇਸਤਰੀਆਂ ਦੀ ਬੁਢਾਪਾ ਪੈਨਸ਼ਨ ਦੀ ਯੋਗਤਾ ਉਮਰ ਮੌਜੂਦਾ 60 ਸਾਲ ਤੋਂ ਘਟਾ ਕੇ 58 ਸਾਲ ਕੀਤੀ ਜਾਵੇਗੀ। ਆਜ਼ਾਦੀ ਘੁਲਾਟੀਆਂ ਦੀ ਪੈਨਸ਼ਨ 4250 ਰੁਪਏ ਤੋਂ ਵਧਾ ਕੇ 5000 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਹੈ। ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਤੇ ਈਸਾਈ ਲੜਕੀਆਂ ਨੂੰ ਦਿੱਤੀ ਜਾਣ ਵਾਲੀ 15000 ਰੁਪਏ ਦੀ ਸ਼ਗਨ ਸਕੀਮ ਦਾ ਘੇਰਾ ਵਧਾ ਕੇ ਇਸ ਵਿਚ ਆਮਦਨ ਦੀ 30,000 ਰੁਪਏ ਪ੍ਰਤੀ ਸਾਲ ਦੀ ਨਵੀਂ ਕੁੱਲ ਆਮਦਨ ਸੀਮਾ ਦੇ ਆਧਾਰ 'ਤੇ ਪਛੜੀਆਂ ਸ਼੍ਰੇਣੀਆਂ/ਜਾਤੀਆਂ ਦੀਆਂ ਲੜਕੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੀਆਂ ਲੜਕੀਆਂ ਨੂੰ ਵੀ ਇਸ ਸਕੀਮ ਦੇ ਅੰਦਰ ਲਿਆਂਦਾ ਗਿਆ ਹੈ। ਸਿਹਤ ਵਿਭਾਗ ਵੱਲੋਂ 720 ਕਰੋੜ ਰੁਪਏ ਦੀ ਰਕਮ ਖ਼ਰਚ ਕਰਨ ਦੀ ਤਜਵੀਜ਼ ਹੈ। ਡਾਕਟਰੀ ਸਿੱਖਿਆ ਵਿਭਾਗ ਲਈ 129 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ। ਸਰਕਾਰ ਨੇ ਮਹਿਲਾਵਾਂ ਦੇ ਨਾਂ ਤੇ ਹੋਣ ਵਾਲੀ ਜਾਇਦਾਦ ਦੀ ਅਸ਼ਟਾਮ ਡਿਊਟੀ ਨੂੰ 4 ਫ਼ੀਸਦੀ ਤੋਂ ਘਟਾ ਕੇ 3 ਫ਼ੀਸਦੀ ਕਰ ਦਿੱਤਾ ਹੈ। ਖੇਤੀਬਾੜੀ ਤੇ ਇਸ ਨਾਲ ਸੰਬੰਧਿਤ ਖੇਤਰਾਂ ਲਈ 453 ਕਰੋੜ ਰੁਪਏ ਦੀ ਕੁੱਲ ਰਕਮ ਮੁਹੱਈਆ ਕਰਵਾਈ ਗਈ ਹੈ। ਸਰਕਾਰ ਨੇ ਅਗਲੇ ਵਿੱਤੀ ਵਰ੍ਹੇ ਦੌਰਾਨ ਅੰਦਾਜ਼ਨ 3500 ਕਰੋੜ ਦੀ ਸਬਸਿਡੀ ਦੇਣ ਦਾ ਫੈਸਲਾ ਕੀਤਾ ਹੈ। ਇਸ ਸਬਸਿਡੀ 'ਚੋਂ 3020 ਕਰੋੜ ਰੁਪਏ ਕਿਸਾਨਾਂ ਨੂੰ ਦਿੱਤੀ ਜਾਂਦੀ ਮੁਫ਼ਤ ਬਿਜਲੀ ਦੀ ਸਹੂਲਤ ਹੈ।

### ਕੈਪਟਨ ਵੱਲੋਂ ਬਜਟ ਝੂਠ ਦਾ ਪੁਲੰਦਾ ਕਰਾਰ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਬਜਟ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੱਤਾਧਾਰੀ ਅਕਾਲੀ-ਭਾਜਪਾ ਸਰਕਾਰ ਨੇ ਪੂਰੀ ਤਰ੍ਹਾਂ ਨਾਲ ਕੇਂਦਰੀ ਫੰਡਾਂ ਰਾਹੀਂ ਹੋਏ ਵਿਕਾਸ 'ਤੇ ਆਪਣੇ ਨਾਂ ਦਾ ਬਿੱਲਾ ਲਗਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ ਜਦੋਂਕਿ ਇਨ੍ਹਾਂ ਸਕੀਮਾਂ 'ਚ ਸਰਕਾਰ ਦਾ ਕੋਈ ਯੋਗਦਾਨ ਨਹੀਂ ਹੈ। ਕੈਪਟਨ ਨੇ ਕਿਹਾ ਕਿ ਇਸ ਟੈਕਸ ਰਹਿਤ ਬਜਟ ਦੀ ਪੋਲ ਉਸ ਸਮੇਂ ਖੁੱਲ੍ਹ ਗਈ ਜਦੋਂ ਉਸ ਦਿਨ ਸੱਤਾਧਾਰੀ ਸਰਕਾਰ ਨੇ ਟੈਕਸ ਬਿੱਲ ਦਾ ਖਰੜਾ ਵੀ ਵੰਡਿਆ। ਉਨ੍ਹਾਂ ਕਿਹਾ ਸਰਕਾਰ ਦਾ ਇਹ ਆਖਰੀ ਬਜਟ ਹੈ ਤੇ ਇਸ ਵਿਚ ਜੋ ਵੀ ਮਾੜੀ ਮੋਟੀ ਰਾਹਤ ਦਿੱਤੀ ਹੈ, ਉਹ ਮਹਿਜ਼ ਇਕ ਸਾਲ ਤੋਂ ਵੀ ਘੱਟ ਸਮੇਂ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ 'ਚ ਰੱਖ ਕੇ ਦਿੱਤੀ ਗਈ ਹੈ।

ਵਿਧਾਨ ਸਭਾ ਵਿਚ ਕਾਂਗਰਸ ਦੇ ਵਿਪ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਹੈ ਕਿ ਹਰਿਆਣਾ ਦੀ 21 ਹਜ਼ਾਰ ਕਰੋੜ ਦੀ ਯੋਜਨਾ ਮੁਕਾਬਲੇ ਪੰਜਾਬ ਦੀ 11,500 ਕਰੋੜ ਦੀ ਯੋਜਨਾ ਪੰਜਾਬ ਦੀ ਆਰਥਿਕਤਾ ਤੇ ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਨੂੰ ਬਿਆਨ ਕਰਦੀ ਹੈ। ਉਨ੍ਹਾਂ ਕਿਹਾ ਕਿ ਬਜਟ ਵਿਚ 42000 ਕਰੋੜ ਦੇ ਮੈਗਾ ਪ੍ਰਾਜੈਕਟਾਂ ਦਾ ਜੋ ਦਾਅਵਾ ਕੀਤਾ ਗਿਆ ਹੈ, ਹਕੀਕਤ ਵਿਚ ਅਜਿਹਾ ਕੁਝ ਵੀ ਨਹੀਂ ਹੈ, ਅਗਰ ਬਜਟ ਵਿਚ ਸ਼ਾਮਲ ਕੇਂਦਰੀ ਸਕੀਮਾਂ ਨੂੰ ਕੱਢ ਦਿੱਤਾ ਜਾਵੇ ਤਾਂ ਬਾਕੀ ਕੁਝ ਵੀ ਨਹੀਂ ਰਹਿ ਜਾਂਦਾ।

### ਅਗਲੀ ਸਰਕਾਰ ਨੂੰ ਡੇਢ ਲੱਖ ਕਰੋੜ ਕਰਜ਼ੇ ਦਾ ਤੋਹਫ਼ਾ

**ਚੰਡੀਗੜ੍ਹ:** ਉਘੇ ਖੇਤੀ ਅਰਥ ਸ਼ਾਸਤਰੀ ਤੇ ਪੰਜਾਬ ਯੋਜਨਾ ਬੋਰਡ ਦੇ ਸਾਬਕਾ ਉਪ ਚੇਅਰਮੈਨ ਸਰਦਾਰਾ ਸਿੰਘ ਜੌਹਲ ਨੇ ਆਖਿਆ ਹੈ ਕਿ ਮੌਜੂਦਾ ਬਜਟ ਅਗਲੀ ਸਰਕਾਰ ਨੂੰ ਕੁੱਲ ਡੇਢ ਲੱਖ ਕਰੋੜ ਦਾ ਕਰਜ਼ਾ ਤੋਹਫ਼ੇ ਵਜੋਂ ਦੇਵੇਗਾ। ਉਨ੍ਹਾਂ ਆਖਿਆ ਕਿ ਬਜਟ ਵਿੱਚ ਵਿੱਤੀ ਘਾਟਾ 8801 ਕਰੋੜ ਰੁਪਏ ਦਾ ਦੱਸਿਆ ਗਿਆ ਹੈ ਜੋ ਕਿ ਸੂਬੇ ਸਿਰ ਚੜ੍ਹੇ ਕਰਜ਼ੇ ਵਿਚ ਹੀ ਜੁੜੇਗਾ। ਇਸ ਘਾਟੇ ਮੁਤਾਬਕ ਰਾਜ 'ਤੇ ਕੁੱਲ ਕਰਜ਼ ਵਧ ਕੇ 81 ਹਜ਼ਾਰ ਕਰੋੜ ਹੋ ਜਾਵੇਗਾ ਤੇ ਜੇ ਸਾਰੇ ਹੀ ਘਾਟੇ ਜਿਨ੍ਹਾਂ ਵਿੱਚ ਸਬਸਿਡੀਆਂ ਤੇ ਕਾਰਪੋਰੇਟ ਘਾਟੇ ਵੀ ਸ਼ਾਮਲ ਹਨ, ਜੋੜ ਲਏ ਜਾਣ ਤਾਂ ਇਹ ਕਰਜ਼ ਡੇਢ ਲੱਖ ਕਰੋੜ ਨੂੰ ਛੂਹ ਜਾਵੇਗਾ।

ਉਨ੍ਹਾਂ 3378 ਕਰੋੜ ਰੁਪਏ ਦੇ ਮਾਲੀ ਘਾਟੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਦਾ ਭਾਵ ਹੈ ਕਿ ਸਰਕਾਰ ਕੋਲ ਹੋਰ ਕੰਮਾਂ 'ਤੇ ਨਿਵੇਸ਼ ਲਈ ਕੋਈ ਪੈਸਾ ਨਹੀਂ ਬਚਿਆ। ਉਨ੍ਹਾਂ ਅਗਲੇ ਵਰ੍ਹੇ ਦੀ ਸਾਲਾਨਾ ਯੋਜਨਾ ਵਿਚ 25 ਫੀਸਦੀ ਵਾਧੇ ਦੇ ਐਲਾਨ 'ਤੇ ਟਿੱਪਣੀ ਕਰਦਿਆਂ ਆਖਿਆ ਕਿ ਇਹ ਸਾਰਾ ਪੈਸਾ ਵੀ ਸਰਕਾਰ ਨੇ ਆਪਣੇ ਵਿੱਤੀ ਸਾਧਨਾਂ ਤੋਂ ਪੂਰਾ ਕਰਨਾ ਹੁੰਦਾ ਹੈ ਪਰ ਵਿਚ ਮਾਲੀ ਸਾਧਨਾਂ ਦੀ ਹਾਲਤ ਨੂੰ ਦੇਖਦਿਆਂ ਆਖਿਆ ਜਾ ਸਕਦਾ ਹੈ ਕਿ ਸਰਕਾਰ ਨੂੰ ਆਪਣੀ ਯੋਜਨਾ ਦੇ ਅਮਲ ਨੂੰ ਸਿਰੇ ਚੜ੍ਹਾਉਣ ਲਈ ਵੀ ਕਰਜ਼ਾ ਹੀ ਚੁੱਕਣਾ ਪਵੇਗਾ।

### ਬਜਟ 'ਚ ਗਲਤ ਅੰਕੜਿਆਂ ਦੀ ਪੇਸ਼ਕਾਰੀ: ਮਨਪ੍ਰੀਤ

**ਚੰਡੀਗੜ੍ਹ:** ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਬਜਟ ਵਿਚ ਝੂਠ 'ਤੇ ਝੂਠ ਬੋਲਿਆ ਗਿਆ ਹੈ ਤੇ ਗਲਤ ਅੰਕੜੇ ਪੇਸ਼ ਕੀਤੇ ਗਏ ਹਨ ਜਿਨ੍ਹਾਂ ਰਾਹੀਂ ਵਿੱਤੀ ਐਮਰਜੈਂਸੀ ਦਾ ਸਾਹਮਣਾ ਕਰ ਰਹੇ ਸੂਬੇ ਦੀ ਮਾੜੀ ਵਿੱਤੀ ਹਾਲਤ ਨੂੰ ਜਾਣ-ਬੁੱਝ ਕੇ ਘਟਾ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਿਜਲੀ ਸਬਸਿਡੀ ਦਾ ਅੰਦਾਜ਼ਾ 3493 ਕਰੋੜ ਤੋਂ ਘਟਾ ਕੇ 3020 ਕਰੋੜ ਰੁਪਏ ਪੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦੋ ਤਿੰਨ ਸਾਲਾਂ ਵਿਚ ਮਹਿੰਗਾਈ ਵਧਣ ਕਾਰਨ ਕੋਇਲੇ ਦੀਆਂ ਕੀਮਤਾਂ 'ਚ ਵਾਧਾ ਹੋਇਆ ਹੈ ਤੇ ਜੇ ਰਾਜ ਵਿਚ ਪਹਿਲਾਂ ਜਿੰਨੀ ਬਿਜਲੀ ਵੀ ਪੈਦਾ ਹੁੰਦੀ ਹੈ ਤਾਂ ਵੀ ਬਿਜਲੀ ਸਬਸਿਡੀ ਵਧੇਗੀ ਨਾ ਕਿ ਘਟੇਗੀ। ਉਨ੍ਹਾਂ ਕਿਹਾ ਕਿ ਜੇ ਸਰਕਾਰ ਵੱਲੋਂ ਬਿਜਲੀ ਉਤਪਾਦਨ 'ਚ 20 ਫੀਸਦੀ ਵਾਧੇ ਨੂੰ ਮੰਨ ਵੀ ਲਈਏ ਤਾਂ ਇਕ ਅੰਦਾਜ਼ੇ ਅਨੁਸਾਰ ਸਬਸਿਡੀ 4200 ਕਰੋੜ ਚਾਹੀਦੀ ਹੈ ਨਾ ਕਿ 3020 ਕਰੋੜ।

ਸਾਬਕਾ ਵਿਤ ਮੰਤਰੀ ਨੇ ਕਿਹਾ ਕਿ ਸਾਲਾਨਾ ਖਰਚੇ ਜਾਣ-ਬੁੱਝ ਕੇ ਚਾਲਾਕੀ ਨਾਲ ਗੁਮਰਾਹਕੁੰਨ ਢੰਗ ਨਾਲ ਘੱਟ ਦਿਖਾਏ ਹਨ। ਇਸ ਤਰ੍ਹਾਂ ਹੀ ਸਟੈਂਪ ਡਿਊਟੀ 'ਚ 2500 ਕਰੋੜ ਤੋਂ 400 ਕਰੋੜ ਦਾ ਵਾਧਾ ਕਰਕੇ 2900 ਕਰੋੜ ਦਿਖਾਈ ਹੈ। ਇਹ ਕਿਵੇਂ ਵਧ ਗਈ ਸਿਰਫ਼ ਉਨ੍ਹਾਂ ਨੂੰ ਥੱਲੇ ਲਾਉਣ ਲਈ ਅੰਕੜਿਆਂ 'ਚ ਹੇਰ-ਫੇਰ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਵੱਲੋਂ ਕੁੱਲ ਵਿੱਤੀ ਘਾਟਾ 3787 ਕਰੋੜ ਰੁਪਏ ਤੋਂ ਘਟਾ ਕੇ 3705 ਕਰੋੜ ਰੁਪਏ ਦਿਖਾਇਆ ਹੈ ਜੋ ਕਿ 5000 ਕਰੋੜ ਰੁਪਏ ਤੋਂ ਵੀ ਵੱਧ ਚਾਹੀਦਾ ਸੀ।

### ਹਰਿਆਣਾ ਨੇ ਪੰਜਾਬ ਨੂੰ ਪਛਾੜਿਆ

**ਚੰਡੀਗੜ੍ਹ:** ਜੇਕਰ ਬਜਟ ਦੀ ਤੁਲਨਾ ਕਰੀਏ ਤਾਂ ਪੰਜਾਬ ਗੁਆਂਢੀ ਸੂਬੇ ਹਰਿਆਣਾ ਤੋਂ ਕਿਤੇ ਪਿੱਛੇ ਰਹਿ ਗਿਆ ਹੈ। ਸਾਲ 2011 ਦੇ ਬਜਟ 'ਚ ਪੰਜਾਬ ਨੇ ਖੇਤੀਬਾੜੀ ਤੇ ਇਸ ਨਾਲ ਜੁੜੇ ਖੇਤਰਾਂ ਲਈ 892 ਕਰੋੜ ਰੁਪਏ ਰੱਖੇ ਹਨ ਜਦੋਂਕਿ ਹਰਿਆਣਾ ਨੇ ਇਸ ਲਈ 1529 ਕਰੋੜ ਰੁਪਏ ਰੱਖੇ ਹਨ।

ਇਸ ਤੋਂ ਇਲਾਵਾ ਪੰਜਾਬ ਨੇ ਬਿਜਲੀ ਲਈ 3300 ਕਰੋੜ ਪਰ ਹਰਿਆਣਾ ਨੇ 4962 ਕਰੋੜ, ਟਰਾਂਸਪੋਰਟ ਲਈ ਪੰਜਾਬ ਨੇ 986 ਪਰ ਹਰਿਆਣਾ ਨੇ 1375 ਕਰੋੜ, ਸਿੰਜਾਈ ਲਈ ਪੰਜਾਬ ਨੇ 1030 ਜਦੋਂਕਿ ਹਰਿਆਣਾ ਨੇ 1748 ਕਰੋੜ, ਸਿਹਤ ਲਈ ਪੰਜਾਬ ਨੇ ਸਿਰਫ਼ 720 ਕਰੋੜ ਜਦੋਂਕਿ ਹਰਿਆਣਾ ਨੇ 1443 ਕਰੋੜ ਤੇ ਪੇਂਡੂ ਵਿਕਾਸ ਲਈ ਪੰਜਾਬ ਨੇ 940 ਕਰੋੜ ਪਰ ਹਰਿਆਣਾ ਨੇ 1104 ਕਰੋੜ ਰੁਪਏ ਰੱਖੇ ਹਨ।

## ਬਾਦਲ ਨੇ ਮੁੜ ਵੱਧ ਮਾਲੀ ਖੁਦਮੁਖਤਾਰੀ ਦਾ ਰਾਗ ਅਲਾਪਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਨੰਦਪੁਰ ਸਾਹਿਬ ਦੇ ਮਤੇ ਦਾ ਜ਼ਿਕਰ ਕੀਤੇ ਬਿਨਾਂ ਮੁੜ ਰਾਜਾਂ ਲਈ ਵੱਧ ਮਾਲੀ ਖ਼ੁਦਮੁਖਤਾਰੀ ਦਾ ਰਾਗ ਅਲਾਪਿਆ ਹੈ। ਕੇਂਦਰ 'ਚ ਕਾਂਗਰਸ ਸਰਕਾਰ ਹੋਣ ਕਰਕੇ ਸ. ਬਾਦਲ ਨੇ ਆਪਣੇ ਰਵਾਇਤੀ ਹਥਿਆਰ ਦੀ ਵਰਤੋਂ ਕਰਦਿਆਂ ਕਿਹਾ ਕਿ ਦੇਸ਼ ਦੇ ਸੰਵਿਧਾਨ ਵਿਚ ਸੋਧ ਕਰਕੇ ਅਸਲ ਅਰਥਾਂ ਵਿਚ ਫੈਡਰਲ ਢਾਂਚਾ ਸਥਾਪਤ ਕਰਨਾ ਤੇ ਰਾਜਾਂ ਨੂੰ ਵਿੱਤੀ ਖ਼ੁਦਮੁਖਤਾਰੀ ਦੇਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਆਮ ਤੌਰ 'ਤੇ ਸ. ਬਾਦਲ ਆਪਣੇ ਭਾਈਵਾਲ ਐਨ.ਡੀ.ਏ. ਦੀ ਸਰਕਾਰ ਵੇਲੇ ਇਸ ਹਥਿਆਰ ਨੂੰ ਸਾਂਭ ਕੇ ਰੱਖਦੇ ਹਨ।

ਰਾਜਪਾਲ ਦੇ ਭਾਸ਼ਨ ਬਾਰੇ ਧੰਨਵਾਦ ਮਤੇ 'ਤੇ ਵਿਧਾਨ ਸਭਾ 'ਚ ਹੋਈ ਬਹਿਸ ਦਾ ਜਵਾਬ ਦਿੰਦਿਆਂ ਸ. ਬਾਦਲ ਨੇ ਕਿਹਾ ਕਿ ਸੰਵਿਧਾਨ ਦੀ ਪ੍ਰਸਤਾਵਨਾ ਅੰਦਰ ਫੈਡਰਲ ਸ਼ਬਦ ਦਰਜ ਕੀਤਾ ਜਾਵੇ ਕਿਉਂਕਿ ਅੱਜ ਸ਼ਕਤੀਸ਼ਾਲੀ ਕੇਂਦਰ ਦੇਸ਼ ਦੇ ਸਾਰੇ ਸਾਧਨਾਂ ਉਪਰ ਕਬਜ਼ਾ ਜਮਾ ਕੇ ਖੁਲ੍ਹੇ ਗੱਫੇ ਛਕ ਰਿਹਾ ਹੈ ਤੇ ਰਾਜਾਂ ਨੂੰ 'ਨਗਰ ਪਾਲਿਕਾਵਾਂ' ਬਣਾ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰਾਂ ਹੀ ਧਰਾਤਲ ਦੀਆਂ ਠੋਸ ਸਮੱਸਿਆਵਾਂ ਨੂੰ ਸਮਝਣ ਤੇ ਹੱਲ ਕਰਨ ਪੱਖੋਂ ਵਧੇਰੇ ਸਮਰੱਥ ਹਨ ਤੇ ਉਨ੍ਹਾਂ ਕੋਲ ਅਜਿਹਾ ਕਰਨ ਲਈ ਮੁਨਾਸਿਬ ਮਾਲੀ ਹੱਕ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਰਾਜਾਂ ਦੇ ਤਾਕਤਵਰ ਹੋਣ ਦਾ ਮਤਲਬ ਹੈ ਭਾਰਤ ਦਾ ਵਧੇਰੇ ਤਾਕਤਵਰ ਹੋਣਾ।

ਸ. ਬਾਦਲ ਨੇ ਆਪਣੇ ਭਾਸ਼ਨ ਵਿਚ ਪੰਜਾਬ ਨਾਲ ਵਿਤਕਰੇ ਦਾ ਰਾਗ ਵੀ ਵਾਰ-ਵਾਰ ਅਲਾਪਦਿਆਂ ਮੰਗ ਕੀਤੀ ਕਿ ਚੰਡੀਗੜ੍ਹ ਤੇ ਪੰਜਾਬ ਤੋਂ ਬਾਹਰ ਰਹੇ ਪੰਜਾਬੀ ਬੋਲਦੇ ਇਲਾਕੇ ਤੁਰੰਤ ਪੰਜਾਬ ਦੇ ਹਵਾਲੇ ਕੀਤੇ ਜਾਣ। ਇਹ ਮੰਗ ਵੀ ਆਨੰਦਪੁਰ ਸਾਹਿਬ ਦੇ ਮਤੇ ਵਿਚ ਸ਼ਾਮਲ ਹੈ ਜਿਸ ਦਾ ਅਕਾਲੀ ਦਲ ਅੱਜ-ਕੱਲ੍ਹ ਕੋਈ ਜ਼ਿਕਰ ਨਹੀਂ ਕਰਦਾ। ਉਨ੍ਹਾਂ ਨੇ ਪਾਣੀਆਂ ਦੇ ਝਗੜੇ ਦੇ ਮੁੱਦੇ ਨੂੰ ਉਠਾਉਂਦੇ ਹੋਏ ਕੇਂਦਰ ਨੂੰ ਕੌਮੀ ਤੇ ਕੌਮਾਂਤਰੀ ਤੌਰ 'ਤੇ ਪ੍ਰਵਾਨਤ ਰਿਪੇਰੀਅਨ ਕਾਨੂੰਨ ਅਨੁਸਾਰ ਬਿਨਾਂ ਕਿਸੇ ਦੇਰੀ ਤੋਂ ਪਾਣੀ ਦੀ ਸਹੀ ਵੰਡ ਕਰਨ ਲਈ ਕਿਹਾ। ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਕੇਂਦਰ ਨੇ ਪੰਜਾਬ ਨਾਲ ਖੇਤੀਬਾੜੀ, ਉਦਯੋਗ ਤੇ ਇਥੋਂ ਤੱਕ ਕਿ ਬੁਨਿਆਦੀ ਢਾਂਚਾ ਵਿਕਾਸ ਹਰ ਪੱਧਰ 'ਤੇ ਧੋਖਾ ਕੀਤਾ ਹੈ। ਕਰਜ਼ਾ ਤੇ ਰਾਜ ਦੇ ਕੁੱਲ ਉਤਪਾਦਨ ਅੰਦਰਲਾ ਅਨੁਪਾਤ 46% ਤੋਂ ਘਟ ਕੇ ਹੁਣ 30.5% ਤੱਕ ਆ ਗਿਆ ਹੈ।

## ਮਨਪ੍ਰੀਤ ਨੇ ਮੈਥੋਂ ਮੇਰਾ ਭਰਾ ਖੋਹਿਆ: ਬਾਦਲ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਭਰਾ ਗੁਰਦਾਸ ਸਿੰਘ ਬਾਦਲ ਤੇ ਭਤੀਜੇ ਮਨਪ੍ਰੀਤ ਬਾਦਲ ਦੇ ਪਾਰਟੀ ਤੇ ਪਰਿਵਾਰ ਨਾਲੋਂ ਅਲਹਿਦਾ ਹੋ ਜਾਣ ਦੀ ਘਟਨਾ ਨੂੰ ਆਪਣੀ ਜ਼ਿੰਦਗੀ ਦੀ ਸਭ ਤੋਂ ਦੁਖਦਾਈ ਘਟਨਾ ਕਰਾਰ ਦਿੰਦਿਆਂ ਸਾਰੇ ਘਟਨਾਕ੍ਰਮ ਲਈ ਮਨਪ੍ਰੀਤ ਬਾਦਲ ਨੂੰ ਕਸੂਰਵਾਰ ਦੱਸਿਆ ਹੈ।

ਸ. ਬਾਦਲ ਨੇ ਮਨਪ੍ਰੀਤ 'ਤੇ ਰਾਜਸੀ ਲਾਲਸਾ ਤੇ ਈਰਖਾ ਵੱਸ ਪਾਰਟੀ ਤੇ ਪਰਿਵਾਰ ਨਾਲੋਂ ਅਲੱਗ ਹੋ ਜਾਣ ਦੀ ਗੱਲ ਕਹੀ। ਉਨ੍ਹਾਂ ਕਿਹਾ, "ਸਾਰੇ ਇਲਾਕੇ ਵਿੱਚ ਲੋਕ ਮੇਰੇ ਅਤੇ ਮੇਰੇ ਭਰਾ ਦੇ ਗੂੜ੍ਹੇ ਸੰਬੰਧਾਂ ਕਾਰਨ ਰਾਮ ਲਛਮਣ ਦੀ ਜੋੜੀ ਕਿਹਾ ਕਰਦੇ ਸਨ ਪਰ ਅੱਜ ਮਨਪ੍ਰੀਤ ਨੇ ਮੈਥੋਂ ਮੇਰਾ ਭਰਾ ਖੋਹ ਲਿਆ। ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਮਨਪ੍ਰੀਤ ਇਸ ਤਰ੍ਹਾਂ ਮੈਨੂੰ ਤੇ ਪਾਰਟੀ ਨੂੰ ਛੱਡ ਕੇ ਚਲਾ ਜਾਵੇਗਾ। ਜਿਹੜੇ ਪੰਜਾਬ ਨੂੰ ਉਹ ਜਗਾਉਣ ਤੁਰਿਐ, ਉਹ ਪੰਜਾਬ ਤਾਂ ਪਹਿਲਾਂ ਹੀ ਜਾਗਿਆ ਹੋਇਐ।"

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਭਾਰਤੀ ਵਿਦਿਆਰਥੀਆਂ ਦੇ ਆਸਟ੍ਰੇਲੀਅਨ ਹਮਲਾਵਰਾਂ ਵਿਰੁੱਧ ਮੁਕੱਦਮੇ ਨੂੰ ਹਰੀ ਝੰਡੀ

**ਮੈਲਬੌਰਨ:** ਪਿਛਲੇ ਸਾਲ ਆਸਟ੍ਰੇਲੀਆ 'ਚ ਮੈਲਬੌਰਨ ਦੇ ਦੱਖਣੀ ਪੂਰਬੀ ਇਲਾਕੇ 'ਚ ਇਕ ਭਾਰਤੀ ਵਿਦਿਆਰਥੀ ਦੀ ਕੁੱਟਮਾਰ ਕਰਨ 'ਤੇ ਨਸਲੀ ਵਿਤਕਰੇ ਵਿਰੋਧੀ ਕਾਨੂੰਨ ਤਹਿਤ ਤਿੰਨ ਆਸਟ੍ਰੇਲੀਆਈ ਨਾਗਰਿਕਾਂ ਵਿਰੁੱਧ ਮੁਕੱਦਮੇ ਨੂੰ ਹਰੀ ਝੰਡੀ ਮਿਲ ਗਈ ਹੈ। ਸੂਤਰਾਂ ਅਨੁਸਾਰ ਤਿੰਨਾਂ ਦੋਸ਼ੀਆਂ ਜੈਸਨ ਰਿਚੀ (24), ਐਡਮ ਬੈਕਸਟਰ ਤੇ ਡੈਵਿਡ ਪੋਟਰ ਦੇ ਵਕੀਲ ਨੇ ਪ੍ਰਗਟਾਵਾ ਕੀਤਾ ਕਿ ਤਿੰਨੇ ਫਰੈਂਕਸਨ ਤੋਂ ਰਈ ਨੂੰ ਜਾ ਰਹੀ ਬੱਸ ਅੰਦਰ ਹਮਲੇ ਦੇ ਦੋਸ਼ਾਂ ਵਿਰੁੱਧ ਆਪਣਾ ਪੱਖ ਪੇਸ਼ ਕਰਨਗੇ। ਇਸ ਹਮਲੇ ਵਿਚ ਰਾਜਨ ਕੁਮਾਰ ਕਟਕਮ ਨਾਂ ਦੀ ਵਿਦਿਆਰਥੀ ਦੀ ਕੁੱਟਮਾਰ ਕੀਤੀ ਗਈ ਤੇ ਗਾਲ੍ਹਾਂ ਕੱਢੀਆਂ ਸਨ।

ਪਿਛਲੇ ਸਾਲ ਛੇ ਫਰਵਰੀ ਨੂੰ ਖਚਾਖਚ ਭਰੀ ਬੱਸ ਵਿਚ 45 ਮਿੰਟ ਤੱਕ ਇਹ ਤਿੰਨੇ ਨੌਜਵਾਨ ਦੀ ਕੁੱਟਮਾਰ ਕਰਦੇ ਰਹੇ ਤੇ ਗਾਲ੍ਹਾਂ ਕੱਢਦੇ ਤੇ ਬੇਇਜ਼ਤੀ ਕਰਦੇ ਰਹੇ। 10 ਮਾਰਚ ਨੂੰ ਅਦਾਲਤ ਵਿਚ ਸੁਣਵਾਈ ਦੌਰਾਨ ਮੁਦਈ ਪੱਖ ਦੇ ਵਕੀਲ ਡਿਆਨਾ ਕਰਮੀਕੋਵ ਨੇ ਫਰੈਂਕਟਨ ਮਜਿਸਟਰੇਟ ਦੀ ਅਦਾਲਤ ਨੂੰ ਦੱਸਿਆ ਕਿ ਬੱਸ ਦੀ ਪਿਛਲੀ ਸੀਟ 'ਤੇ ਪਹਿਲਾਂ ਰਿਚੀ ਵੱਲੋਂ ਕਾਲੇ ਆਦਮੀ, ਕਾਲੇ ਆਦਮੀ ਕਹਿ ਕੇ ਕੁਮਾਰ ਨੂੰ ਉਸ ਦੀ ਸੀਟ ਤੋਂ ਪਿੱਛੇ ਧੱਕ ਦਿੱਤਾ ਤੇ ਫਿਰ ਉਸ ਦੇ ਦੁਆਲੇ ਝੁਰਮਟ ਪਾ ਕੇ ਬਹਿ ਗਏ।

ਕਰਮੀਕੋਵ ਨੇ ਇਹ ਵੀ ਦੱਸਿਆ ਕਿ ਤਿੰਨਾਂ ਦੋਸ਼ੀਆਂ ਨੇ ਇਹ ਵੀ ਕਿਹਾ ਕਿ ਤੁਸੀਂ ਬਰਾਬਰੀ ਦਾ ਹੱਕ ਮੰਗਦੇ ਹੋ, ਕਿਉਂ ਨਾ ਤੇਰੀ ਭੁਗਤ ਸੁਆਰ ਦਿੱਤੀ ਜਾਵੇ। ਰਾਜਨ ਮਾਮਲੇ 'ਚ ਨਿਆਂਪਾਲਿਕਾ ਦੇ ਰੋਲ ਦੀ ਸ਼ਲਾਘਾ ਕਰਦੇ ਹੋਏ ਇੰਡੀਆਨ ਆਸਟਰੇਲੀਅਨ ਕੌਮੀ ਕੌਂਸਿਲ ਦੇ ਬਾਨੀ ਤੇ ਵਿਕਟੋਰੀਆ ਦੀ ਇੰਡੀਅਨ ਐਸੋਸੀਏਸ਼ਨ ਦੀ ਫੈਡਰੇਸ਼ਨ ਦੇ ਪ੍ਰਧਾਨ ਵਸਨ ਸ੍ਰੀਨਿਵਾਸਨ ਨੇ ਕਿਹਾ ਕਿ ਇਸ ਤਰ੍ਹਾਂ ਦਾ ਫ਼ੈਸਲਾ ਵਿਕਟੋਰੀਆ ਦੇ ਇਤਿਹਾਸ 'ਚ ਪਹਿਲੀ ਵਾਰ ਆਇਆ ਹੈ।

## ਬਿਨਾਇਕ ਸੇਨ ਦੀ ਪਟੀਸ਼ਨ 'ਤੇ ਸਰਕਾਰ ਨੂੰ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮਨੁੱਖੀ ਅਧਿਕਾਰਾਂ ਦੀ ਪੈਰਵੀ ਕਰਨ ਵਾਲੇ ਬਿਨਾਇਕ ਸੇਨ ਵੱਲੋਂ ਪਾਈ ਪਟੀਸ਼ਨ 'ਤੇ ਛੱਤੀਸਗੜ੍ਹ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਪਟੀਸ਼ਨ ਸੇਨ ਵੱਲੋਂ ਜ਼ਮਾਨਤ ਲੈਣ ਤੇ ਆਪਣੀ ਉਮਰ ਕੈਦ ਦੀ ਸਜ਼ਾ 'ਤ ਰੋਕ ਲਾਉਣ ਲਈ ਪਾਈ ਗਈ ਸੀ।

ਦੱਸਣਯੋਗ ਹੈ ਕਿ ਸ੍ਰੀ ਸੇਨ ਨੂੰ ਮਾਓਵਾਦੀਆਂ ਨਾਲ ਸਬੰਧ ਰੱਖਣ ਦੇ ਦੋਸ਼ 'ਚ ਛੱਤੀਸਗੜ੍ਹ ਦੀ ਸੈਸ਼ਨ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਜਸਟਿਸ ਐਚ.ਐਸ. ਬੇਦੀ ਤੇ ਕੇ.ਸੀ. ਪ੍ਰਸਾਦ ਨੇ ਛੱਤੀਸਗੜ੍ਹ ਸਰਕਾਰ ਨੂੰ ਚਾਰ ਹਫ਼ਤਿਆਂ 'ਚ ਜਵਾਬ ਦੇਣ ਲਈ ਕਿਹਾ ਹੈ। ਸ੍ਰੀ ਸੇਨ ਦੇ ਵਕੀਲ ਚਾਹੁੰਦੇ ਸਨ ਕਿ ਸਰਵਉੱਚ ਅਦਾਲਤ ਪਟੀਸ਼ਨ 'ਤੇ ਸੁਣਵਾਈ ਕੁਝ ਸਮੇਂ ਤੱਕ ਟਾਲ ਦੇਵੇ ਪਰ ਇਸ ਦੇ ਬਾਵਜੂਦ ਬੈਂਚ ਨੇ ਇਹ ਹੁਕਮ ਜਾਰੀ ਕਰ ਦਿੱਤਾ। 10 ਫਰਵਰੀ ਨੂੰ ਛੱਤੀਸਗੜ੍ਹ ਹਾਈ ਕੋਰਟ ਨੇ ਸ੍ਰੀ ਸੇਨ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਸੀ ਤੇ ਉਸ ਮਗਰੋਂ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਗਿਆ। 61 ਸਾਲਾ ਸੇਨ ਨੇ ਵੇਲੂਰ ਤੋਂ ਡਾਕਟਰੀ ਕੀਤੀ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਸਬੂਤ ਨਾ ਹੋਣ ਦੇ ਬਾਵਜੂਦ ਉਸ ਨੂੰ ਸਜ਼ਾ ਸੁਣਾਈ ਗਈ।

# ਰਮੇਸ਼ਇੰਦਰ ਨੇ ਪੰਜਾਬ ਸਰਕਾਰ ਨੂੰ ਕਸੂਤਾ ਫਸਾਇਆ

**ਚੰਡੀਗੜ੍ਹ:** ਪੰਜਾਬ ਸਰਕਾਰ ਮੁੱਖ ਸੂਚਨਾ ਕਮਿਸ਼ਨਰ (ਸੀ.ਆਈ.ਸੀ.) ਰਮੇਸ਼ਇੰਦਰ ਸਿੰਘ ਨੂੰ ਸੁਪਰੀਮ ਕੋਰਟ ਦੇ ਜੱਜ ਦੇ ਬਰਾਬਰ ਤਨਖ਼ਾਹ ਤੇ ਹੋਰ ਭੱਤੇ ਦੇਣ ਕਾਰਨ ਕਸੂਤੀ ਫਸ ਗਈ ਹੈ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਸੂਚਨਾ ਅਧਿਕਾਰ ਕਾਨੂੰਨ ਮੁਤਾਬਕ ਮੁੱਖ ਸੂਚਨਾ ਕਮਿਸ਼ਨਰ ਨੂੰ ਸੁਪਰੀਮ ਕੋਰਟ ਦੇ ਜੱਜ ਦੇ ਬਰਾਬਰ ਦਾ ਰੁਤਬਾ ਤਾਂ ਦਿੱਤਾ ਜਾ ਸਕਦਾ ਹੈ ਪਰ ਤਨਖ਼ਾਹਾਂ ਤੇ ਭੱਤੇ ਨਹੀਂ। ਇਸ ਰਾਏ ਤੋਂ ਬਾਅਦ ਸਰਕਾਰ ਦਾ ਫੈਸਲਾ ਇਕ ਤਰ੍ਹਾਂ ਨਾਲ 'ਗੈਰ ਕਾਨੂੰਨੀ' ਹੀ ਮੰਨਿਆ ਜਾ ਰਿਹਾ ਹੈ ਪਰ ਸਰਕਾਰ ਇਸ ਪ੍ਰਕਿਰਿਆ ਨੂੰ ਕਾਨੂੰਨੀ ਤੌਰ 'ਤੇ ਸਹੀ ਕਰਨ ਦੇ ਰਸਤੇ ਲੱਭਣ ਵਿਚ ਲੱਗੀ ਹੈ। ਦੱਸਣਯੋਗ ਹੈ ਕਿ ਸਾਬਕਾ ਮੁੱਖ ਸੂਚਨਾ ਕਮਿਸ਼ਨਰ ਰਾਜਨ ਕਸ਼ਯਪ ਸੁਪਰੀਮ ਕੋਰਟ ਦੇ ਜੱਜ ਦੇ ਬਰਾਬਰ ਤਨਖ਼ਾਹ ਤੇ ਭੱਤੇ ਲੈਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਪਹੁੰਚ ਗਏ ਹਨ।

ਵਿੱਤ ਵਿਭਾਗ ਮੁਤਾਬਕ ਰਾਜ ਸਰਕਾਰ ਨੇ ਸੀ.ਆਈ.ਸੀ. ਨੂੰ ਸੁਪਰੀਮ ਕੋਰਟ ਦੇ ਜੱਜ ਦੇ ਬਰਾਬਰ ਦੀ ਤਨਖ਼ਾਹ ਦੇਣ ਦਾ ਫੈਸਲਾ ਅਗਸਤ 2010 'ਚ ਲਿਆ ਸੀ ਜਦੋਂਕਿ ਰਮੇਸ਼ਇੰਦਰ ਸਿੰਘ ਦੀ ਨਿਯੁਕਤੀ 2009 ਵਿਚ ਕੀਤੀ ਗਈ ਸੀ। ਸਰਕਾਰ ਨੇ ਤਕਰੀਬਨ ਇਕ ਸਾਲ ਬਾਅਦ ਨਿਯੁਕਤੀ ਦੀਆਂ ਸ਼ਰਤਾਂ ਤੈਅ ਕੀਤੀਆਂ ਤੇ ਇਨ੍ਹਾਂ ਤਹਿਤ ਤਨਖ਼ਾਹ ਤੇ ਭੱਤੇ ਦੇਣ ਦਾ ਫੈਸਲਾ ਲਿਆ ਗਿਆ ਸੀ। ਸਰਕਾਰ ਦੇ ਇਸ ਫੈਸਲੇ ਤੋਂ ਬਾਅਦ ਸਾਬਕਾ ਸੀ.ਆਈ.ਸੀ. ਕਸ਼ਯਪ ਨੇ ਜਦੋਂ ਸਰਕਾਰ ਤੱਕ ਪਹੁੰਚ ਕੀਤੀ ਕਿ ਮੌਜੂਦਾ ਸੀ.ਆਈ.ਸੀ. ਰਮੇਸ਼ਇੰਦਰ ਸਿੰਘ ਨੂੰ ਸੁਪਰੀਮ ਕੋਰਟ ਦੇ ਜੱਜ ਦੇ ਬਰਾਬਰ ਦੇ ਸੇਵਾ ਮੁਕਤੀ ਲਾਭ ਦਿੱਤੇ ਜਾ ਰਹੇ ਹਨ ਤਾਂ ਉਸ ਨੂੰ ਵੀ ਇਹ ਲਾਭ ਮਿਲਣਾ ਚਾਹੀਦਾ ਹੈ। ਸ੍ਰੀ ਕਸ਼ਯਪ ਦੀ ਮੰਗ 'ਤੇ ਪ੍ਰਮੁੱਖ ਸਕੱਤਰ ਵਿੱਤ ਕੇ.ਬੀ.ਐਸ. ਸਿੱਧੂ ਨੇ ਫਾਈਲ ਕਾਨੂੰਨੀ ਮਸ਼ੀਰ ਨੂੰ ਭੇਜਦਿਆਂ ਸਲਾਹ ਮੰਗੀ ਕਿ ਕੀ ਸੀ.ਆਈ.ਸੀ. ਨੂੰ ਸੁਪਰੀਮ ਕੋਰਟ ਦੇ ਜੱਜ ਦੇ ਬਰਾਬਰ ਦੀ ਤਨਖ਼ਾਹ ਤੇ ਭੱਤੇ ਦਿੱਤੇ ਜਾ ਸਕਦੇ ਹਨ ਤਾਂ ਐਲ.ਆਰ. ਨੇ ਸੂਚਨਾ ਅਧਿਕਾਰ ਕਾਨੂੰਨ ਵਿਚ ਅਜਿਹੀ ਕੋਈ ਵਿਵਸਥਾ ਨਾ ਹੋਣ ਦਾ ਗੱਲ ਕਹੀ। ਐਲ.ਆਰ. ਦੀ ਇਸ ਟਿੱਪਣੀ ਤੋਂ ਬਾਅਦ ਸਰਕਾਰ ਵੱਲੋਂ ਲਏ ਗਏ ਅਹਿਮ ਫੈਸਲੇ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਉਧਰ ਸ੍ਰੀ ਕਸ਼ਯਪ ਨੇ ਵੀ ਸਰਕਾਰ ਦੇ ਇਸ ਫੈਸਲੇ ਨੂੰ ਵਿਤਕਰੇ ਭਰਿਆ ਕਰਾਰ ਦਿੱਤਾ ਹੈ।

# ਪੰਜ ਭਾਰਤੀ-ਅਮਰੀਕੀ ਨੌਜਵਾਨਾਂ ਦਾ ਲੋਕ ਸੇਵਾ ਲਈ ਸਨਮਾਨ

**ਨਿਊਯਾਰਕ:** ਇਥੋਂ ਦੀ ਇਕ ਗੈਰ-ਸਰਕਾਰੀ ਸੰਸਥਾ ਨੇ ਪੰਜ ਭਾਰਤੀ-ਅਮਰੀਕੀ ਨੌਜਵਾਨਾਂ ਵੱਲੋਂ ਪਰਉਪਕਾਰ ਤੇ ਲੋਕ ਸੇਵਾ ਦੇ ਕਾਰਜਾਂ ਨੂੰ ਹੱਲਾਸ਼ੇਰੀ ਦੇਣ ਲਈ ਉਨ੍ਹਾਂ ਦੇ ਯਤਨਾਂ ਨੂੰ ਮਾਨਤਾ ਦਿੱਤੀ ਹੈ।

ਕਾਂਚੀ ਕਾਮਾਕੋਟੀ ਸੇਵਾ ਫਾਊਂਡੇਸ਼ਨ ਵੱਲੋਂ ਛੇ ਮਾਰਚ ਨੂੰ ਕਰਵਾਏ ਸਮਾਗਮ ਦੌਰਾਨ ਮਾਊਂਟ ਸਿਨਾਈ ਸਕੂਲ ਆਫ ਮੈਡੀਸਨ ਵਿਚ ਐਮ.ਡੀ.ਦੀ ਡਿਗਰੀ ਕਰ ਰਹੇ ਬ੍ਰਾਊਨ ਯੂਨੀਵਰਸਿਟੀ ਦੇ ਗਰੈਜੂਏਟ ਰਾਜੀਵ ਜੈਦੇਵਨ, ਵਾਰਟਨ ਸਕੂਲ ਆਫ ਬਿਜ਼ਨੈਸ ਵਿਚ ਅਰਥ ਸ਼ਾਸਤਰ ਦੀ ਬੀ.ਐਸ. ਡਿਗਰੀ ਕਰ ਰਹੇ ਅੰਕਿਤ ਸ਼ਾਹ, ਪ੍ਰਿੰਸਟਨ ਯੂਨੀਵਰਸਿਟੀ ਦੇ ਗ੍ਰੈਜੂਏਟ ਯਾਮਨਿਕ ਕੋਸੁਰੀ ਤੇ ਪੈਟ੍ਰਿਕ ਹੈਂਡਰਸਨ ਤੇ ਫਟਜ਼ ਯੂਨੀਵਰਸਿਟੀ ਦੇ ਗਰੈਜੂਏਟ ਨੀਲ ਚੁੱਘ ਨੂੰ ਸਨਮਾਨਿਆ ਗਿਆ।

ਜੈਦੇਵਨ ਨੇ ਫੁਲਬ੍ਰਾਈਟ ਸਕਾਲਰ ਵਜੋਂ ਇੰਡੋਨੇਸ਼ੀਆ ਵਿਚ ਬੱਚਿਆਂ ਤੇ ਚੀਨ ਵਿਚ ਅਨਾਥ ਬੱਚਿਆਂ ਦੀ ਪੜ੍ਹਾਈ ਦੀ ਸੇਵਾ ਨਿਭਾਈ ਸੀ। ਸ਼ਾਹ ਨੇ ਉੱਤਰ ਪ੍ਰਦੇਸ਼ ਵਿਚ ਵਾਰਾਨਸੀ ਨੇੜੇ ਇਕ ਪਿੰਡ ਵਿਚ ਗਰੀਬ ਬੱਚਿਆਂ ਨੂੰ ਗਣਿਤ ਤੇ ਅੰਗਰੇਜ਼ੀ ਦੀ ਪੜ੍ਹਾਈ ਕਰਵਾਈ ਸੀ। ਕੋਸੁਰੀ ਤੇ ਹੈਂਡ੍ਰਿਕ ਨੇ ਜ਼ਿੰਬਾਬਵੇ ਵਿਚ ਬਿਲਹਰਜ਼ੀਆ ਦੀ ਬਿਮਾਰੀ ਤੇ ਕੁਪੋਸ਼ਣ ਦੇ ਸ਼ਿਕਾਰ ਲੋਕਾਂ ਲਈ ਕੰਮ ਕੀਤਾ। ਚੁੱਘ ਨੇ ਟੀਚ ਫਾਰ ਅਮੇਰਿਕਾ ਪ੍ਰੋਗਰਾਮ ਰਾਹੀਂ ਵਾਸ਼ਿੰਗਟਨ ਡੀ.ਸੀ. 'ਚ ਗਰੀਬ ਬੱਚਿਆਂ ਨੂੰ ਪੜ੍ਹਾਇਆ ਸੀ।

# ਸ਼ਾਂਤਨੂੰ ਬਣਿਆ ਓਬਾਮਾ ਦਾ ਸਲਾਹਕਾਰ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਏਡੋਬ ਸਿਸਟਮਜ਼ ਦੇ ਪ੍ਰਧਾਨ ਤੇ ਮੁੱਖ ਕਾਰਜਕਾਰੀ ਅਧਿਕਾਰੀ ਭਾਰਤੀ ਮੂਲ ਦੇ ਨਾਗਰਿਕ ਸ਼ਾਂਤਨੂ ਨਰਾਇਨਣ ਨੂੰ ਇਕ ਮਹੱਤਵਪੂਰਨ ਕਮੇਟੀ 'ਚ ਸਲਾਹਕਾਰ ਨਿਯੁਕਤ ਕੀਤਾ ਹੈ। ਪ੍ਰੈਜ਼ੀਡੈਂਟਸ ਮੈਨੇਜਮੈਂਟ ਐਡਵਾਈਜ਼ਰੀ ਬੋਰਡ (ਪੀ.ਐਮ.ਏ.ਬੀ) ਲਈ ਨਰਾਇਨਣ ਤੇ ਹੋਰ 9 ਪ੍ਰਭਾਵਸ਼ਾਲੀ ਵਿਅਕਤੀਆਂ ਦੀ ਨਿਯੁਕਤੀ ਦਾ ਐਲਾਨ ਕਰਦਿਆਂ ਓਬਾਮਾ ਨੇ ਕਿਹਾ ਇਨ੍ਹਾਂ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਦੇਸ਼ ਲਈ ਇਸ ਮਹੱਤਵਪੂਰਨ ਸਮੇਂ 'ਚ ਅਮਰੀਕੀ ਨਾਗਰਿਕਾਂ ਦੀ ਸੇਵਾ ਕਰਨ ਲਈ ਚੁਣਿਆ ਗਿਆ ਹੈ ਤੇ ਇਹ ਲੋਕ ਇਸ ਕੰਮ 'ਚ ਆਪਣੀ ਪ੍ਰਤਿਭਾ ਦੀ ਵਰਤੋਂ ਕਰਨਗੇ। ਉਨ੍ਹਾਂ ਕਿਹਾ ਕਿ ਉਹ ਆਉਣ ਵਾਲੇ ਮਹੀਨਿਆਂ ਤੇ ਸਾਲਾਂ ਦੌਰਾਨ ਵੱਧ ਸਮਰਥ ਤੇ ਪ੍ਰਭਾਵਸ਼ਾਲੀ ਸਰਕਾਰ ਚਲਾਉਣ ਲਈ ਇਨ੍ਹਾਂ ਨਾਲ ਕੰਮ ਕਰਨਾ ਚਾਹੁੰਦੇ ਹਨ।




ਦੱਸਣਯੋਗ ਹੈ ਕਿ 2007 'ਚ ਏਡੋਬ ਸਿਸਟਮਜ਼ ਦੇ ਸੀ. ਈ. ਓ. ਬਣਨ ਤੋਂ ਪਹਿਲਾਂ ਨਰਾਇਨਣ ਏਡੋਬ ਦੇ ਪ੍ਰਧਾਨ ਤੇ ਸੀ. ਓ. ਓ. ਸਨ। ਉਹ ਇਸ ਤੋਂ ਪਹਿਲਾਂ ਏਡੋਬ 'ਚ ਵਿਸ਼ਵਵਿਆਪੀ ਉਤਪਾਦਾਂ ਦੇ ਕਾਰਕਾਰੀ ਉਪ ਪ੍ਰਧਾਨ ਤੇ ਇੰਜੀਨੀਅਰਿੰਗ ਟੈਕਨਾਲੋਜੀ ਸਮੂਹ ਦੇ ਉਪ ਪ੍ਰਧਾਨ ਤੇ ਮਹਾਪ੍ਰਬੰਧਕ ਸਮੇਤ ਉਤਪਾਦ ਖੋਜ ਤੇ ਵਿਕਾਸ ਨਾਲ ਸਬੰਧਿਤ ਪ੍ਰਮੁੱਖ ਅਹੁਦਿਆਂ 'ਤੇ ਕੰਮ ਕਰ ਚੁੱਕੇ ਹਨ।


## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



## Short Sale Specialist

**We Can Sell Your Home in Short Sale at No Cost to You**



Sohanpreet (Sam) Chahal
CA Lic. 01504071
Realtor/Notary Public
email:samchahal@hotmail.com

**For Buying & Selling Residential And For Loans**

*Call: Sohanpreet 'Sam' Chahal*
**@916-612-5773**

Serving from Bay Area to Sacramento

Call for free listing of Reo-Bankowned Properties

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

## Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਸੈਕਰਾਮੈਂਟੋ 'ਚ ਗੁਰੂ ਰਵਿਦਾਸ ਪੂਰਬ 'ਤੇ ਮਹਾਨ ਨਗਰ ਕੀਰਤਨ

**ਸੈਕਰਾਮੈਂਟੋ (ਬਿਊਰੋ):** ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ, ਰਿਓਲਿੰਡਾ ਦੀਆਂ ਸੰਗਤਾਂ ਵਲੋਂ ਗੁਰੂ ਰਵਿਦਾਸ ਮਹਾਰਾਜ ਦੇ 634ਵੇਂ ਪ੍ਰਕਾਸ਼ ਪੁਰਬ ਸਬੰਧੀ ਇਥੇ ਲੰਘੇ ਐਤਵਾਰ ਨੂੰ ਮਹਾਨ ਨਗਰ ਕੀਰਤਨ ਸਜਾਇਆ ਗਿਆ ਜਿਸ ਵਿਚ ਦੂਰੋਂ ਨੇੜਿਓਂ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸਭਾ ਵਲੋਂ ਕਰਵਾਇਆ ਗਿਆ ਇਹ 11ਵਾਂ ਨਗਰ ਕੀਰਤਨ ਸੀ।

ਨਗਰ ਕੀਰਤਨ ਐਤਵਾਰ ਸਵੇਰੇ 5 ਪਿਆਰਿਆਂ ਦੀ ਅਗਵਾਈ ਹੇਠ ਅਰੰਭ ਹੋਇਆ। ਅੱਗੇ ਅੱਗੇ ਹਰਿ ਨਿਸ਼ਾਨਚੀ ਚੱਲ ਰਹੇ ਸਨ। ਭਾਈ ਮਨਜੀਤ ਸਿੰਘ (ਬਰਾਡਸ਼ਾਹ ਗੁਰੂ ਘਰ) ਦਾ ਜਥਾ ਗੁਰੂ ਮਹਾਰਾਜ ਜੀ ਦੇ ਫਲੋਟ 'ਤੇ ਗੁਰੂ ਰਵਿਦਾਸ ਦੇ ਸ਼ਬਦਾਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰ ਰਿਹਾ ਸੀ। ਨਗਰ ਕੀਰਤਨ ਸ਼ਹਿਰ ਦੇ ਵੱਖ ਵੱਖ ਰਸਤਿਆਂ ਤੋਂ ਹੁੰਦਾ ਹੋਇਆ ਸ਼ਾਮ 5 ਵਜੇ ਵਾਪਸ ਪਰਤਿਆ। ਰਸਤੇ ਵਿਚ ਸ਼ਰਧਾਲੂ ਸੰਗਤਾਂ ਨੇ ਥਾਂ ਥਾਂ ਉਤੇ ਚਾਹ-ਪਕੌੜਿਆਂ, ਮਿਠਾਈ, ਛੋਲੇ ਪੂਰੀਆਂ, ਗੰਨੇ ਦੇ ਰਸ ਅਤੇ ਜਲੇਬੀਆਂ ਦੇ ਲੰਗਰ ਲਾਏ ਹੋਏ ਸਨ।

ਇਸ ਤੋਂ ਪਹਿਲਾਂ ਗੁਰੂ ਰਵਿਦਾਸ ਜੀ ਦੇ ਆਗਮਨ ਪੁਰਬ ਦੇ ਜਸ਼ਨਾਂ ਵਜੋਂ ਸਭਾ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠਾਂ ਦੀ ਲੜੀ ਹਰ ਸਾਲ ਵਾਂਗ ਇਸ ਵਾਰ ਵੀ ਦੋ ਮਹੀਨੇ ਪਹਿਲਾਂ ਅਰੰਭ ਕਰ ਦਿੱਤੀ ਗਈ ਸੀ। ਇਹ ਸੇਵਾ ਗੁਰੂ ਰਵਿਦਾਸ ਨੌਜਵਾਨ ਸਭਾ, ਗੁਰੂ ਰਵਿਦਾਸ ਸਭਾ ਇਸਤਰੀ ਵਿੰਗ ਅਤੇ ਸ੍ਰੀ ਜੋਗਿੰਦਰ ਚੁੰਬਰ, ਸ੍ਰੀ ਗੁਰਦਿਆਲ ਮੱਲ੍ਹ ਅਤੇ ਹੋਰ ਸੰਗਤਾਂ ਵਲੋਂ ਰਲ ਮਿਲ ਕੇ ਕੀਤੀ ਗਈ। 11 ਮਾਰਚ ਨੂੰ ਅਰੰਭੇ ਗਏ ਅਖੰਡ ਪਾਠ ਦਾ ਭੋਗ ਐਤਵਾਰ 13 ਮਾਰਚ ਨੂੰ ਪਾਇਆ ਗਿਆ। ਮੱਧ ਵਾਲੇ ਦਿਨ 12 ਮਾਰਚ ਨੂੰ ਸ਼ਾਮ 7 ਵਜੇ ਤੋਂ ਲੈ ਕੇ ਰਾਤ 12 ਵਜੇ ਤੱਕ ਰੈਣ ਸਬਾਈ ਕੀਰਤਨ ਸਜਾਏ ਗਏ ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਅਮਰਜੀਤ ਸਿੰਘ ਅਤੇ ਭਾਈ ਜਸਵਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਰੋਜ਼ਵਿਲ ਗੁਰੂ ਘਰ ਦੇ ਬੱਚਿਆਂ ਨੇ ਵੀ ਗੁਰਬਾਣੀ ਦਾ ਗਾਇਨ ਕੀਤਾ। ਇਸ ਤੋਂ ਇਲਾਵਾ ਭਾਈ ਮਨਜੀਤ ਸਿੰਘ (ਬਰਾਡਸ਼ਾਹ ਗੁਰੂ ਘਰ) ਨੇ ਵੀ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਦੇ ਲੜ ਲਾਇਆ।

ਉਪਰੰਤ ਸੰਗਤਾਂ ਨੂੰ ਸੰਬੋਧਨ ਕਰਦਿਆਂ ਇੰਡੀਆ ਤੋਂ ਆਏ ਵਿਦਵਾਨ ਡਾ. ਐਸ ਐਲ ਵਿਰਦੀ ਨੇ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਦੇ ਬੇਗਮਪੁਰਾ ਦੇ ਸੰਕਲਪ ਬਾਰੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ। ਸ੍ਰੀ ਮੁਣਸ਼ੀ ਰਾਮ ਚੰਦਰ ਨੰਬਰਦਾਰ, ਸ੍ਰੀਮਤੀ ਕਸ਼ਮੀਰ ਕੌਰ ਬੋਲੀਨਾ, ਸ੍ਰੀਮਤੀ ਸਕਤੀ ਬੱਧਣ, ਸ੍ਰੀਮਤੀ ਚੰਨੋ ਬੱਧਣ, ਸ੍ਰੀਮਤੀ ਊਧਮ ਕੌਰ ਰੱਲ੍ਹ, ਸ੍ਰੀ ਕਸ਼ਮੀਰ ਸਿੰਘ ਹੀਰਾ, ਸ੍ਰੀਮਤੀ ਗੁਰਦੀਪ ਕੌਰ ਬੰਗਾ, ਸ੍ਰੀ ਮਿਲਖੀ ਰਾਮ ਜੱਸਲ, ਸ੍ਰੀ ਸਤਨਾਮ ਸਿੰਘ ਮੰਢਾਲੀ, ਸ੍ਰੀ ਗੁਰਦਿਆਲ ਚੰਦ ਮੱਲ੍ਹ ਨੂੰ ਗੁਰੂ ਘਰ ਵਲੋਂ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ।

13 ਮਾਰਚ ਐਤਵਾਰ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਹੈਡ ਗ੍ਰੰਥੀ ਅਮਰਜੀਤ ਸਿੰਘ ਅਤੇ ਭਾਈ ਜਸਵਿੰਦਰ ਸਿੰਘ ਨੇ ਕੀਰਤਨ ਕੀਤਾ। ਬਾਅਦ ਵਿਚ ਸ੍ਰੀ ਤਵਿੰਦਰ ਕਾਜਲਾ, ਸ੍ਰੀ ਅਜੀਤ ਰਾਮ ਬੰਗੜ (ਵਾਈਸ ਚੇਅਰਮੈਨ), ਸ੍ਰੀ ਓ ਪੀ ਬਾਲੀ (ਮੈਂਬਰ ਸੁਪਰੀਮ ਕੌਂਸਲ), ਸ੍ਰੀ ਸਰਬਜੀਤ ਲਾਲ, ਡਾ. ਹਰਮੇਸ਼ ਲਾਲ, ਸ੍ਰੀ ਸੰਤੋਖ ਸਿੰਘ ਰੱਲ੍ਹ (ਗੁਰੂ ਘਰ ਪਿਟਸਬਰਗ), ਸ੍ਰੀ ਦੇਸ ਰਾਜ ਬੰਗੜ (ਫਰਿਜ਼ਨੋ), ਸ੍ਰੀ ਜੀਵਨ ਰੱਤੂ, ਸ੍ਰੀ ਬਲਬੀਰ ਸ਼ੀਹਮਾਰ (ਪ੍ਰਧਾਨ ਗੁਰੂ ਰਵਿਦਾਸ ਸਭਾ, ਬੇਏਰੀਆ), ਸ੍ਰੀ ਗੁਰਬਚਨ ਚੋਪੜਾ (ਸ੍ਰੀ ਗੁਰੂ ਰਵਿਦਾਸ ਸਭਾ, ਯੂਬਾ ਸਿਟੀ), ਸ੍ਰੀ ਰਾਜ ਕੁਮਾਰ ਸੂਦ, ਸ੍ਰੀ ਸਤੀਸ਼ ਕੁਮਾਰ ਰੱਲ੍ਹ ਅਤੇ ਪੱਤਰਕਾਰ ਕੁਲਦੀਪ ਸਿੰਘ ਨੇ ਹਾਜ਼ਰੀ ਲਵਾਈ।

ਸਮਾਗਮ ਵਿਚ ਹਿੱਸਾ ਲੈਣ ਲਈ ਸੈਕਰਾਮੈਂਟੋ ਕਾਊਂਟੀ ਦੇ ਸੁਪਰਵਾਈਜ਼ਰ ਫਿਲ ਸਰਨਾ ਵੀ ਪਹੁੰਚੇ ਅਤੇ ਉਨ੍ਹਾਂ ਦਾ ਗੁਰੂ ਘਰ ਦੀ ਕਮੇਟੀ ਤਰਫੋਂ ਪ੍ਰਧਾਨ ਸ੍ਰੀ ਰਾਕੇਸ਼ ਚੰਦਰ ਵਲੋਂ ਖਾਸ ਤੌਰ 'ਤੇ ਧੰਨਵਾਦ ਕੀਤਾ ਗਿਆ। ਸ੍ਰੀ ਫਿਲ ਸਰਨਾ ਨੇ ਗੁਰੂ ਰਵਿਦਾਸ ਦੇ ਜੀਵਨ ਅਤੇ ਉਨ੍ਹਾਂ ਦੇ ਉਪਦੇਸ਼ਾਂ ਬਾਰੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਗੁਰੂ ਰਵਿਦਾਸ ਸਭਾ, ਰਿਓਲਿੰਡਾ ਦੇ ਚੇਅਰਮੈਨ ਸ੍ਰੀ ਜਸਵਿੰਦਰ ਬੰਗਾ ਨੇ ਸਮੂਹ ਸੰਗਤਾਂ ਨੂੰ ਗੁਰੂ ਰਵਿਦਾਸ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਇਨ੍ਹਾਂ ਸਮਾਗਮਾਂ ਵਿਚ ਦੂਰੋਂ ਨੇੜਿਓਂ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜੇ ਅਸੀਂ ਸੱਚੇ ਸਿੱਖ ਹਾਂ ਤਾਂ ਸਾਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੇ ਰਹਿਬਰਾਂ ਦੀ ਬਾਣੀ ਦਾ ਸਤਿਕਾਰ ਕਰਦਿਆਂ ਗੁਰੂ ਗ੍ਰੰਥ ਸਾਹਿਬ ਦੇ ਦੱਸੇ ਮਾਰਗ 'ਤੇ ਚੱਲਣਾ ਚਾਹੀਦਾ ਹੈ। ਮੰਚ ਸੰਚਾਲਨ ਸ੍ਰੀ ਰਾਜ ਸੂਦ ਅਤੇ ਸਤੀਸ਼ ਕੁਮਾਰ ਰੱਲ੍ਹ ਨੇ ਸੁਚੱਜੇ ਢੰਗ ਨਾਲ ਕੀਤਾ।

ਇਨ੍ਹਾਂ ਸਮਾਗਮਾਂ ਵਿਚ ਹਿੱਸਾ ਲੈਣ ਲਈ ਇਡਾਹੋ ਤੋਂ ਸੁਭਾਸ਼ ਬੰਗਾ, ਸ੍ਰੀ ਅਵਤਾਰ ਜੱਸਲ, ਓਰੇਗਾਨ ਤੋਂ ਮੋਹਨ ਸੈਂਪਲੇ, ਜਸਵੰਤ ਰੱਤੂ ਅਤੇ ਬਾਗਾ ਪਰਿਵਾਰ, ਟੈਕਸਸ ਤੋਂ ਲੱਕੀ ਬੱਧਣ, ਨੇਵਾਡਾ ਤੋਂ ਸੰਤੋਖ ਕੈਂਥ, ਲਸ਼ਕਰ ਸਿੰਘ ਬੱਧਣ ਅਤੇ ਨਵਦੀਪ ਕਾਲੀਆ ਵੀ ਪਹੁੰਚੇ ਹੋਏ ਸਨ।





# ਜਾਪਾਨ 'ਚ ਭੁਚਾਲ ਤੇ ਸੁਨਾਮੀ ਨੇ ਮਚਾਈ ਵਿਆਪਕ ਤਬਾਹੀ

ਰੇਡੀਏਸ਼ਨ ਦੀ ਪੱਧਰ ਦਾ ਇਨਸਾਨੀ ਸਰੀਰ 'ਤੇ ਮਾੜਾ ਅਸਰ ਪੈ ਸਕਦਾ ਹੈ।

ਉਧਰ ਦੇਸ਼ ਦੇ ਉਤਰੀ ਖੇਤਰ ਵਿਚ ਤਕਰੀਬਨ 20 ਲੱਖ ਘਰਾਂ 'ਚ ਬਿਜਲੀ ਤੇ ਪਾਣੀ ਦੀ ਅਣਹੋਂਦ ਕਾਰਨ ਜਨ-ਜੀਵਨ ਪੂਰੀ ਤਰ੍ਹਾਂ ਠੱਪ ਹੈ। ਇਕ ਅਨੁਮਾਨ ਮੁਤਾਬਕ ਭੁਚਾਲ ਤੇ ਸੁਨਾਮੀ ਤੋਂ ਪ੍ਰਭਾਵਤ ਹੋਣ ਵਾਲੇ ਇਲਾਕਿਆਂ 'ਚ 170 ਅਰਬ ਡਾਲਰ ਦਾ ਨੁਕਸਾਨ ਹੋਇਆ ਹੈ। ਭੁਚਾਲ ਤੇ ਸੁਨਾਮੀ ਨਾਲ ਜਾਪਾਨ ਦੀਆਂ ਘੱਟੋ ਘੱਟ 6 ਬੰਦਰਗਾਹਾਂ ਨੂੰ ਨੁਕਸਾਨ ਪੁੱਜਾ ਹੈ ਤੇ ਉਨ੍ਹਾਂ ਨੂੰ ਚਾਲੂ ਹਾਲਾਤ ਵਿਚ ਕਰਨ ਲਈ ਕਈ ਮਹੀਨਿਆਂ ਦਾ ਸਮਾਂ ਲੱਗੇਗਾ। ਭੂਚਾਲ ਮਾਰੇ ਖੇਤਰਾਂ 'ਚ ਘੱਟੋ-ਘੱਟ 20,820 ਇਮਾਰਤਾਂ ਪੂਰੀ ਤਰ੍ਹਾਂ ਜਾਂ ਅੰਸ਼ਿਕ ਤੌਰ 'ਤੇ ਤਬਾਹ ਹੋ ਗਈਆਂ ਹਨ। ਨਰਸਿੰਗ ਹੋਮਾਂ ਸਣੇ 181 ਭਲਾਈ ਕੇਂਦਰ ਨੁਕਸਾਨੇ ਗਏ ਹਨ। ਸੇਂਡਈ ਦੀ ਇਕ ਵਾਰਡ 'ਚੋਂ 200-300 ਲਾਸ਼ਾਂ ਮਿਲੀਆਂ ਹਨ। ਭੂਚਾਲ ਪੀੜਤ ਖੇਤਰ ਦੇ 55.70 ਲੱਖ ਘਰਾਂ ਦੀ ਬਿਜਲੀ ਸਪਲਾਈ ਤੇ 600,000 ਘਰਾਂ ਦੀ ਪਾਣੀ ਸਪਲਾਈ ਠੱਪ ਹੋ ਗਈ ਹੈ।

ਜ਼ਿਕਰਯੋਗ ਹੈ ਕਿ 11 ਮਾਰਚ ਨੂੰ ਜ਼ੋਰਦਾਰ ਭੂਚਾਲ ਮਗਰੋਂ 33 ਫੁੱਟ ਦੀ ਦੈਂਤ ਨੁਮਾ ਸੁਨਾਮੀ ਲਹਿਰ ਆਈ ਜੋ ਭੂਚਾਲ ਮਾਰੇ ਖੇਤਰ 'ਚ ਹੋਰ ਵੀ ਕਹਿਰ ਵਰਸਾ ਗਈ। ਇਸ ਭੁਚਾਲ ਨਾਲ ਜਾਪਾਨ ਦੇ ਚਾਰ ਪਰਮਾਣੂ ਰਿਐਕਟਰਾਂ 'ਚ ਧਮਾਕੇ ਹੋਏ ਹਨ। ਟੋਕੀਓ ਤੋਂ 250 ਕਿਲੋਮੀਟਰ ਦੂਰ ਉਤਰੀ ਜਾਪਾਨ ਵਿਚ ਫੁਕੂਸ਼ੀਮਾ ਪਰਮਾਣੂ ਦੇ ਪਲਾਂਟਾਂ 'ਚ ਜਬਰਦਸਤ ਧਮਾਕੇ ਹੋਏ ਹਨ। ਇਨ੍ਹਾਂ ਪਲਾਂਟਾਂ ਦੇ 10 ਕਿਲੋਮੀਟਰ ਦੇ ਆਸ-ਪਾਸ ਰਹਿੰਦੇ 45000 ਲੋਕਾਂ ਨੂੰ ਉੱਥੋਂ ਕੱਢਿਆ ਗਿਆ ਪਰ ਫਿਰ ਵੀ ਅਣਗਿਣਤ ਲੋਕਾਂ ਦੇ ਰੇਡੀਏਸ਼ਨ ਦੀ ਮਾਰ ਵਿਚ ਆਉਣ ਦਾ ਖ਼ਤਰਾ ਹੈ। ਭੂਚਾਲ ਦੀ ਮਾਰ ਹੇਠ ਆਏ ਫੁਕੂਸ਼ੀਮਾ ਪਰਮਾਣੂ ਪਲਾਂਟ ਦੇ ਚਾਰ ਪਰਮਾਣੂ ਰਿਐਕਟਰਾਂ ਵਿਚ ਧਮਾਕੇ ਹੋਣ ਕਾਰਨ ਜਾਪਾਨ ਪਰਮਾਣੂ ਆਫ਼ਤ ਦੀ ਮਾਰ ਹੇਠ ਹੈ। ਇਨ੍ਹਾਂ ਧਮਾਕਿਆਂ ਦੀ ਆਵਾਜ਼ 40 ਕਿਲੋਮੀਟਰ ਦੂਰ ਤਕ ਸੁਣੀ ਗਈ। ਇਸ ਤੋਂ ਪਹਿਲਾਂ 12 ਮਾਰਚ ਨੂੰ ਫੁਕੂਸ਼ਿਮਾ ਦੇ ਇਕ ਨੰਬਰ ਪਰਮਾਣੂ ਪਲਾਂਟ 'ਚ ਧਮਾਕਾ ਹੋਣ ਪਿਛੋਂ ਰੇਡੀਏਸ਼ਨ ਕਿਰਨਾਂ ਦਾ ਰਿਸਾਅ ਸ਼ੁਰੂ ਹੋ ਗਿਆ ਸੀ।

ਉਧਰ ਮਿਆਗੀ ਸ਼ਹਿਰ 'ਚੋਂ ਹੁਣ ਤਕ 2000 ਤੋਂ ਵਧੇਰੇ ਲਾਸ਼ਾਂ ਕੱਢੀਆਂ ਜਾ ਚੁੱਕੀਆਂ ਹਨ। ਮਿਆਗੀ ਵਿਚੋਂ 450,000 ਲੋਕ ਕੱਢੇ ਗਏ ਹਨ ਪਰ ਵੱਖ-ਵੱਖ ਥਾਂਵਾਂ 'ਤੇ ਪਾਣੀ, ਭੋਜਨ ਤੇ ਬਾਲਣ ਦੀ ਸਪਲਾਈ ਬਹੁਤ ਘੱਟ ਹੋ ਰਹੀ ਹੈ। ਸਰਕਾਰ ਵੱਲੋਂ ਹੈਲੀਕਾਪਟਰਾਂ ਰਾਹੀਂ ਇਹ ਸਾਮਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਥੇ ਸੈਰ-ਸਪਾਟੇ ਲਈ ਆਏ 2500 ਸੈਲਾਨੀਆਂ ਬਾਰੇ ਵੀ ਕੁਝ ਪਤਾ ਨਹੀਂ ਚੱਲ ਸਕਿਆ।

ਸੂਤਰਾਂ ਅਨੁਸਾਰ ਜਾਪਾਨ 'ਚ ਆਇਆ ਭੂਚਾਲ ਤੇ ਸੁਨਾਮੀ ਲਹਿਰਾਂ ਪਿਛਲੇ 100 ਸਾਲ ਦੀ ਸਭ ਤੋਂ ਵੱਡੀ ਕੁਦਰਤੀ ਆਫ਼ਤ ਹੈ। ਟੋਕੀਓ ਵਿਚ ਸੰਨ 1929 ਵਿਚ ਆਏ ਜ਼ਬਰਦਸਤ ਭੂਚਾਲ ਨਾਲ ਤਕਰੀਬਨ 1 ਲੱਖ 40 ਹਜ਼ਾਰ ਲੋਕ ਮਾਰੇ ਗਏ ਸਨ। ਇਸ ਤੋਂ ਇਲਾਵਾ 2004 ਦੇ ਭੂਚਾਲ ਨੇ ਵੀ ਜਪਾਨ ਦੀ ਵਿਆਪਕ ਤਬਾਹੀ ਕੀਤੀ ਸੀ। ਭੂਚਾਲ ਜਪਾਨ 'ਚ ਆਏ 1923 ਦੇ ਭੂਚਾਲ ਨਾਲੋਂ ਵੀ ਵੱਧ ਪੈਮਾਨੇ ਦਾ ਸੀ। ਉਦੋਂ ਟੋਕੀਓ ਦੇ ਗਰੇਟ ਕੈਂਟੋ ਖੇਤਰ ਤੇ ਆਲੇ-ਦੁਆਲੇ ਆਏ 7.9 ਪੈਮਾਇਸ਼ ਦੇ ਭੂਚਾਲ ਨਾਲ 1,40,000 ਲੋਕ ਮਾਰੇ ਗਏ ਸਨ।

## ਅੰਤਰਰਾਸ਼ਟਰੀ ਭਾਈਚਾਰੇ ਵਲੋਂ ਸਹਾਇਤਾ

ਅਮਰੀਕਾ ਦਾ ਸ਼ਕਤੀਸ਼ਾਲੀ ਜਹਾਜ਼ਾਂ ਨੂੰ ਲਿਜਾਣ ਵਾਲਾ ਬੇੜਾ ਰੋਨਾਲਡ ਰੀਗਨ ਰਾਹਤ ਕਾਰਜਾਂ 'ਚ ਸਹਾਇਤਾ ਲਈ ਜਾਪਾਨ ਪਹੁੰਚ ਗਿਆ ਹੈ। ਦੱਖਣੀ ਕੋਰੀਆ ਦੀ 102 ਮੈਂਬਰਾਂ ਵਾਲੀ ਟੀਮ ਬਚਾਅ ਕਾਰਜਾਂ 'ਚ ਸਹਾਇਤਾ ਲਈ ਜਾਪਾਨ ਪਹੁੰਚੀ ਹੈ। ਇਸ ਤੋਂ ਇਲਾਵਾ ਚੀਨ ਦੀ 15 ਮੈਂਬਰੀ ਟੀਮ ਜਾਪਾਨ ਪਹੁੰਚੀ ਸੀ। ਆਸਟਰੇਲੀਆ, ਸ੍ਰੀਲੰਕਾ, ਭਾਰਤ, ਬਰਤਾਨੀਆ ਤੇ ਰੂਸ ਵਲੋਂ ਵੀ ਸਹਾਇਤਾ ਸਮੱਗਰੀ ਤੇ ਰਾਹਤ ਕਾਰਜਾਂ ਲਈ ਟੀਮਾਂ ਭੇਜੀਆਂ ਜਾ ਰਹੀਆਂ ਹਨ। ਅਫਗਾਨਿਸਤਾਨ ਦੇ ਕੰਧਾਰ ਸ਼ਹਿਰ ਨੇ 50 ਹਜ਼ਾਰ ਡਾਲਰ ਦਾਨ ਦੇਣ ਦਾ ਐਲਾਨ ਕੀਤਾ ਹੈ। ਥਾਈਲੈਂਡ ਵੀ ਤੁਰੰਤ 1,65000 ਡਾਲਰ ਦੀ ਸਹਾਇਤਾ ਦੇ ਰਿਹਾ ਹੈ। ਭਾਰਤ ਨੇ ਭੂਚਾਲ ਤੇ ਸੁਨਾਮੀ ਤੋਂ ਪੀੜਤ ਜਪਾਨ ਨੂੰ ਹਰ ਤਰ੍ਹਾਂ ਦੀ ਮਦਦ ਦੇਣ ਦੀ ਪੇਸ਼ਕਸ਼ ਕੀਤੀ ਹੈ। ਭਾਰਤ ਸਰਕਾਰ ਨੇ ਦੱਸਿਆ ਕਿ ਜਪਾਨ 'ਚ ਰਹਿੰਦੇ 25000 ਦੇ ਕਰੀਬ ਭਾਰਤੀ ਠੀਕ ਠਾਕ ਹਨ।

**ਨਿਊ ਯਾਰਕ:** ਮਾਨਵ ਸੇਵਾ ਜਥੇਬੰਦੀ ਯੂਨਾਈਟਡ ਸਿੱਖਸ ਨੇ ਜਾਪਾਨ ਵਿਚ ਆਏ ਭੁਚਾਲ ਤੋਂ ਬਾਅਦ ਮੁਸੀਬਤ ਮਾਰੇ ਲੋਕਾਂ ਦੀ ਸੇਵਾ ਸੰਭਾਲ ਲਈ ਯਤਨ ਆਰੰਭ ਕਰ ਦਿਤੇ ਹਨ। ਜਥੇਬੰਦੀ ਦੇ ਪ੍ਰਧਾਨ ਸ੍ਰੀ ਕੁਲਦੀਪ ਸਿੰਘ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਜਾਪਾਨ ਦੇ ਲੋਕਾਂ ਨੂੰ ਆਰਜੀ ਤੰਬੂਆਂ, ਕੰਬਲਾਂ, ਤ੍ਰਪਾਲਾਂ ਅਤੇ ਖਾਣੇ ਦੀਆਂ ਚੀਜ਼ਾਂ ਤੋਂ ਇਲਾਵਾ ਰੋਜ਼ਮਰਾ ਵਰਤੋਂ ਦੀਆਂ ਚੀਜ਼ਾਂ ਟੂਥਬਰਸ਼, ਟੂਥਪੇਸਟ ਵਗੈਰਾ ਦੀ ਬੇਹੱਦ ਲੋੜ ਹੈ। ਜਥੇਬੰਦੀ ਇਹ ਚੀਜ਼ਾਂ ਲੋੜਵੰਦਾਂ ਤਕ ਪਹੁੰਚਾਉਣ ਲਈ ਹੰਭਲਾ ਮਾਰ ਰਹੀ ਹੈ। ਇਸ ਦੇ ਵਾਲੰਟੀਓਰ ਗੁਰਸ਼ਰਨਜੀਤ ਕੌਰ ਅਤੇ ਨਾਓਕੀ ਨਾਕਾਜ਼ੀਮਾ ਲੋਕਾਂ ਨੂੰ ਲੋੜੀਂਦੀਆਂ ਚੀਜ਼ਾਂ ਪਹੁੰਚਾਉਣ ਵਿਚ ਜੁਟ ਗਏ ਹਨ।



ਭੁਚਾਲ ਦੀ ਮਚਾਈ ਤਬਾਹੀ

## 'ਲਹਿਰਾਂ' ਦੇ ਸੰਪਾਦਕ ਡਾ. ਹੁਸੈਨ ਅਖ਼ਤਰ ਨਹੀਂ ਰਹੇ

**ਚੰਡੀਗੜ੍ਹ:** ਲਾਹੌਰ ਤੋਂ ਛਪਣ ਵਾਲੇ ਪੰਜਾਬੀ ਰਸਾਲੇ 'ਲਹਿਰਾਂ' ਦੇ ਸੰਪਾਦਕ ਤੇ ਪੰਜਾਬੀ ਸਾਹਿਤਕਾਰ ਡਾ. ਸੱਯਦ ਅਖ਼ਤਰ ਹੁਸੈਨ ਅਖ਼ਤਰ 15 ਮਾਰਚ ਨੂੰ ਸਵੇਰੇ 10 ਵਜੇ ਲਾਹੌਰ ਵਿਖੇ ਵਫ਼ਾਤ ਪਾ ਗਏ ਹਨ। 75 ਸਾਲਾ ਡਾ. ਅਖ਼ਤਰ ਪਿਛਲੇ ਕੁਝ ਅਰਸੇ ਤੋਂ ਬਿਮਾਰ ਚਲੇ ਆ ਰਹੇ ਸਨ।

ਡਾ. ਅਖ਼ਤਰ ਨੇ ਪੰਜਾਬੀ ਜ਼ੁਬਾਨ ਤੇ ਅਦਬ ਦੇ ਨਾਲ-ਨਾਲ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਨੂੰ ਉਸਾਰੂ ਲੀਹਾਂ 'ਤੇ ਤੋਰਿਆ। ਉਨ੍ਹਾਂ ਨੇ 1957 ਵਿਚ ਸ਼ਾਹਮੁਖੀ ਲਿਪੀ ਵਿਚ ਛਪਣ ਵਾਲਾ ਪੰਜਾਬੀ ਰਸਾਲਾ 'ਲਹਿਰਾਂ' ਛਾਪਣਾ ਸ਼ੁਰੂ ਕੀਤਾ ਸੀ। ਇਸ ਰਸਾਲੇ ਨੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀ ਸਾਹਿਤ ਦੀ ਆਪਸੀ ਸਾਂਝ ਤੇ ਤਰੱਕੀ ਲਈ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਨੇ 1966 ਵਿਚ ਪਹਿਲੇ ਕਾਵਿ ਸੰਗ੍ਰਹਿ 'ਦਿਲ ਦੀਆਂ ਪੀੜਾਂ' ਨਾਲ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕੀਤਾ ਸੀ। ਉਪਰੰਤ ਉਨ੍ਹਾਂ ਨੇ ਪੰਜਾਬ ਦੀਆਂ ਲੋਕ ਰੀਤਾਂ, ਰਸਮਾਂ, ਅਕੀਦਿਆਂ, ਮੇਲਿਆਂ ਤੇ ਲੋਕ ਨਾਟਕਾਂ ਬਾਰੇ ਡੂੰਘਾ ਖੋਜ ਭਰਪੂਰ ਕੰਮ ਕੀਤਾ। ਉਨ੍ਹਾਂ ਦੀ ਇਕ ਹੋਰ ਪੁਸਤਕ 'ਪੰਜਾਬੀ ਵਾਰਾਂ' (2002), ਜੋ ਅਕਾਦਮਿਕ ਖੋਜ ਉਪਰ ਆਧਾਰਿਤ ਹੈ, ਵੀ ਮਕਬੂਲ ਹੋਈ। ਡਾ. ਅਖ਼ਤਰ ਹੁਸੈਨ ਅਖ਼ਤਰ ਆਪਣੇ ਪਿੱਛੇ ਚਾਰ ਧੀਆਂ ਅਤੇ ਚਾਰ ਪੁੱਤਰ ਛੱਡ ਗਏ ਹਨ।

FARMERS INSURANCE GROUP
Symbol of Superior Service

FARMERS®

**181 Metro Drive, Suite 290, San Jose, CA 95110**

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



**Satwant Singh**
**Insurance Agent**
**License # OH11256**

***Auto *Home *Life *Business**
***Workers Compensation**

**Call for consultation**

# Ph: 408-771-2438

***408-580-6063, 408-687-7566***

**Fax: 408-573-3829**

**ssingh6@farmeragent.com**

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

***Call us to know about special discounts for nurses, teachers, engineers, pharmacists, doctors and more professionals to get low prices.****

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

**We Specialize in Bankowned, Foreclosure and Short Sale Homes**

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**
***We are certified Home Afordable Foreclosure Alternative (HAFA) specilist in shortsale of homes.***



**Gurbans Singh Gill**
**Realtor**
**13 Years Experiance in Real Estate**
**e-mail: gurbans@gotracy.com**

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

**Fax: 209-836-0706**
**www.gotracy.com**

**Gurbans Gill 209-815-1869**



# ਸੈਕਰਾਮੈਂਟੋ ਲਈ ਖੁਸ਼ਖਬਰੀ

ਇਸ ਐਤਵਾਰ 20 ਮਾਰਚ 2011 ਨੂੰ ਪੰਜਾਬੀ ਰੇਡੀਓ ਯੂਐਸਏ ਦੀ ਟੀਮ ਹੇਠ ਲਿਖੇ ਗੁਰੂਘਰਾਂ ਵਿਚ ਰੇਡੀਓ ਸੈਟ ਲੈ ਕੇ ਪਹੁੰਚ ਰਹੀ ਹੈ

ਸਮਾਂ : ਸਵੇਰੇ 11 ਤੋਂ 1 ਵਜੇ

ਸੈਕਰਾਮੈਂਟੋ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ, ਬਰਾਡਸ਼ਾਹ ਰੋਡ
ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ, ਐਲਕ ਗਰੋਵ, ਫਲੋਰੀਨ ਰੋਡ

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
*Uniting Punjabi's All Over*

# ਟੈਰੇਸੀ 'ਚ ਪੰਜਾਬੀ ਰੇਡੀਓ ਸ਼ੁਰੂ

ਰੇਡੀਓ ਲੈਣ ਲਈ ਕਾਲ ਕਰੋ
**408.722.7698**

## ਛੋਟੇ ਰੇਡੀਓ ਦੀ ਕੀਮਤ $ 25 ਵੱਡੇ ਰੇਡੀਓ ਦੀ ਕੀਮਤ $ 35

## ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਤੋਂ 9 ਵਜੇ : **ਅੰਮ੍ਰਿਤ ਵੇਲਾ ਸਚ ਨਾਉ**, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਪ੍ਰਸਾਰਣ
- ਸਵੇਰੇ 9.30 ਵਜੇ : ਪੰਜਾਬੀ ਅਤੇ ਅੰਗਰੇਜ਼ੀ ਵਿਚ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ **ਹੁਕਮਨਾਮੇ ਦੀ ਵਿਆਖਿਆ**
- ਚੰਡੀਗੜ੍ਹ, ਮੁਕਤਸਰ ਸਾਹਿਬ, ਲਾਹੌਰ ਤੇ ਨਿਊ ਜਰਸੀ ਤੋਂ **ਖ਼ਬਰਾਂ ਹਰ ਦੋ ਘੰਟੇ ਬਾਅਦ**
- ਸਵੇਰੇ 10 ਤੋਂ 11 ਵਜੇ : **ਆਤਮਿਕ ਆਨੰਦ ਪ੍ਰੋਗਰਾਮ** – ਕੁਲਬੀਰ ਸਿੰਘ
- ਬਾਅਦ ਦੁਪਹਿਰ 1 ਤੋਂ 2 ਵਜੇ : **ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ** (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- ਸ਼ਾਮ 4 ਤੋਂ 6 ਵਜੇ : **ਕੁਝ ਗੱਲਾਂ ਕੁਝ ਗੀਤ** (ਗੁਰਜਸਪਾਲ ਸਿੰਘ ਤੇ ਰਾਜਕਰਨਬੀਰ ਸਿੰਘ)
- ਸ਼ਾਮ 6 ਤੋਂ 7:30 ਵਜੇ : **ਸਰਬ ਸਾਂਝੀ ਗੁਰਬਾਣੀ** – ਰਹਿਰਾਸ ਸਾਹਿਬ ਤੇ ਕੀਰਤਨ ਗੁਰਦੁਆਰਾ ਐਲ ਸਬਰਾਂਟੇ, ਸੈਨਹੋਜ਼ੇ ਤੇ ਹੋਰ ਗੁਰਦੁਆਰਾ ਸਾਹਿਬ ਤੋਂ
- ਰਾਤ 7:30 ਤੋਂ 8 ਵਜੇ ਤੱਕ : **ਜੀਵਨ ਜਾਚ ਦਾ ਖਜ਼ਾਨਾ** – ਵੀਰ ਭੁਪਿੰਦਰ ਸਿੰਘ ਤੇ ਕਥਾ ਭਾਈ ਅਮਰੀਕ ਸਿੰਘ ਚੰਡੀਗੜ੍ਹ
- ਰਾਤ 8 ਤੋਂ 9 ਵਜੇ : **ਭਖਦੇ ਮਸਲਿਆਂ 'ਤੇ ਲਾਈਵ ਟਾਕ ਸ਼ੋਅ** (ਸੁਸ਼ੀਲ ਦੋਸਾਂਝ, ਪਰਵਿੰਦਰ ਸਿੰਘ ਟਿਵਾਣਾ, ਜਸਵਿੰਦਰ ਸਿੰਘ ਬਿੱਟਾ)
- ਰਾਤ 9 ਤੋਂ 10 ਵਜੇ : **ਮਨੋਰੰਜਕ ਪ੍ਰੋਗਰਾਮ - ਦੋ ਆਰ ਦੀਆਂ ਦੋ ਪਾਰ ਦੀਆਂ** - ਗੁਰਪ੍ਰੀਤ ਸਿੰਘ ਤੇ ਸਿਮਰਨ, **ਲਹਿੰਦੇ ਪੰਜਾਬ ਦੀਆਂ ਬਾਂਗਾਂ** - ਮਸੂਦ ਮੱਲੀ, ਖਬਰ ਤੇ ਨਜ਼ਰ ਪਰਮਿੰਦਰ ਸਿੰਘ ਟਿਵਾਣਾ

ਸ਼ੁੱਕਰਵਾਰ : ਸ਼ਾਮ 3 ਤੋਂ 4 ਵਜੇ : **ਦੇਸੋ ਪਰਦੇਸ** – ਪਾਲ ਧਾਲੀਵਾਲ • ਰਾਤ 8 ਤੋਂ 10 ਵਜੇ : **ਸ਼ਾਨ ਪੰਜਾਬ ਦੀ** – ਗੁਰਦੀਪ ਸਿੰਘ ਸ਼ੇਰਗਿੱਲ
ਸ਼ਨਿਚਰਵਾਰ : ਸ਼ਾਮ 3 ਤੋਂ 4 ਵਜੇ : **ਝਿਲਮਿਲ ਤਾਰੇ** – ਬੱਚਿਆਂ ਲਈ ਪ੍ਰੋਗਰਾਮ– ਦਿਲਪ੍ਰੀਤ ਸਿੰਘ ਖਾਲਸਾ ਤੇ ਮਨਪ੍ਰੀਤ ਕਾਲਰਾ • ਰਾਤ 8 ਤੋਂ 10 ਵਜੇ : **ਇਕ ਖ਼ਾਸ ਮੁਲਾਕਾਤ** – ਹਰਵਿੰਦਰ ਸਿੰਘ ਕੰਗ

ਹੋਰ ਜਾਣਕਾਰੀ ਲਈ **408.722.7698**
Listen LIVE www.punjabiradiousa.com
Email: info@punjabiradiousa.com
3750 McKee Road, # B, San Jose CA 95127

# ਜ਼ਮੀਨ ਦੀ ਵੰਡ ਪਿੱਛੇ ਰਾਮੂਵਾਲੀਆ ਪਰਿਵਾਰ 'ਚ ਡੰਡਾ ਖੜਕਿਆ

**ਟੋਰਾਂਟੋ:** ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਦੇ ਪਰਿਵਾਰ 'ਚ ਜੱਦੀ ਜ਼ਮੀਨ ਨੂੰ ਲੈ ਕੇ ਕਾਫ਼ੀ ਸਮੇਂ ਤੋਂ ਕਲੇਸ਼ ਪਿਆ ਹੋਇਆ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਟਰਾਂਟੋ 'ਚ ਵਸੇ ਰਾਮੂਵਾਲੀਆ ਦੇ ਭਰਾ ਡਾ. ਰਛਪਾਲ ਸਿੰਘ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਛੋਆਂ ਭੈਣ-ਭਰਾਵਾਂ ਦੇ ਪਰਿਵਾਰ ਦੇ ਸ. ਬਲਵੰਤ ਸਿੰਘ ਰਾਮੂਵਾਲੀਆ ਨਾਲ ਤਿੱਖੇ ਮੱਤਭੇਦ ਹਨ ਜੋ ਕਿ ਪਿਤਾ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਦੇ ਦੋ ਸਾਲ ਪਹਿਲਾਂ ਹੋਏ ਅਕਾਲ ਚਲਾਣੇ ਤੋਂ ਹੋਰ ਗਹਿਰਾ ਗਏ ਹਨ। ਇਹ ਗੱਲ ਉਨ੍ਹਾਂ ਹਾਲ ਹੀ ਵਿਚ ਆਪਣੇ ਭਰਾ ਵੱਲੋਂ ਦਿੱਤੇ ਬਿਆਨਾਂ ਤੋਂ ਦੁਖੀ ਹੋ ਕੇ ਕਹੀ। ਇਹ ਝਗੜਾ ਪਿੰਡ ਰਾਮੂਵਾਲਾ ਵਿਚ ਪਰਿਵਾਰ ਦੀ ਜੱਦੀ 12 ਏਕੜ ਜ਼ਮੀਨ ਦੀ ਵੰਡ ਕਾਰਨ ਸ਼ੁਰੂ ਹੋਇਆ ਹੈ। ਉਧਰ ਬਲਵੰਤ ਸਿੰਘ ਰਾਮੂਵਾਲੀਆ ਨੇ ਆਪਣੇ ਭਰਾਵਾਂ ਨੂੰ ਜ਼ਮੀਨ ਦਾ ਹਿੱਸਾ ਦੇਣਾ ਮੰਨਿਆ ਹੈ ਤੇ ਉਹ ਬਾਪੂ ਜੀ ਦੇ ਨਾਂ 'ਤੇ ਕਵੀਸ਼ਰਗਰ ਤੇ 11 ਮੈਂਬਰੀ ਟਰੱਸਟ ਅਧੀਨ ਇਕ ਅਕਾਦਮੀ ਸਥਾਪਤ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਆਪਣੇ ਮ੍ਰਿਤਕ ਪਿਤਾ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹਨ ਤੇ ਜ਼ਮੀਨ ਹੜੱਪਣ ਦੀ ਕੋਈ ਮਨਸ਼ਾ ਨਹੀਂ।

ਸ. ਰਛਪਾਲ ਰਾਮੂਵਾਲੀਆ ਅਨੁਸਾਰ ਬਾਪੂ ਪਾਰਸ ਤਰਕਸ਼ੀਲ ਵਿਚਾਰਾਂ ਦਾ ਪੱਕਾ ਧਾਰਨੀ ਹੋਣ ਕਰਕੇ ਜਾਦੂ-ਟੂਣੇ ਤੇ ਹਰ ਤਰ੍ਹਾਂ ਦੀ ਵਹਿਮ ਦੇ ਸਖ਼ਤ ਖ਼ਿਲਾਫ਼ ਸੀ ਪਰ ਬਲਵੰਤ ਸਿੰਘ ਨੇ ਦੋ ਸਾਲ ਪਹਿਲਾਂ ਸੰਗਰੂਰ ਦੀ ਸੰਸਦੀ ਸੀਟ ਜਿੱਤਣ ਲਈ ਦਿਸ਼ਾਵਸਤੂ ਸ਼ਾਸਤਰ ਦਾ ਸਹਾਰਾ ਲੈਂਦਿਆਂ ਰਾਮੂਵਾਲਾ ਪਿੰਡ ਵਾਲੇ ਮਕਾਨ 'ਤੇ ਤਾਂਤਰਿਕਾਂ ਦੀਆਂ ਹਦਾਇਤਾਂ ਅਨੁਸਾਰ ਚੁਬਾਰੇ ਦੀ ਉਸਾਰੀ ਸ਼ੁਰੂ ਕੀਤੀ ਹੋਈ ਸੀ। ਬਾਪੂ ਪਾਰਸ ਦੇ ਸਸਕਾਰ ਵਾਲੇ ਦਿਨ ਵੇਲੇ ਵੀ ਇਹ ਉਸਾਰੀ ਜਾਰੀ ਰੱਖੀ ਗਈ। ਸ. ਰਛਪਾਲ ਨੇ ਦਾਅਵਾ ਕੀਤਾ ਕਿ ਬਾਪੂ ਜੀ ਦੀ ਵਸੀਅਤ ਅਨੁਸਾਰ ਜੱਦੀ ਜ਼ਮੀਨ ਚਾਰਾਂ ਭਰਾਵਾਂ ਦੇ ਨਾਂ ਚੜ੍ਹ ਚੁੱਕੀ ਹੈ ਪਰ ਪਿਛਲੇ ਦੋ ਸਾਲ ਤੋਂ ਬਲਵੰਤ ਸਿੰਘ ਰਾਮੂਵਾਲੀਆ ਇਸ ਬਟਵਾਰੇ ਨੂੰ ਸਿਰੇ ਚਾੜ੍ਹਨ ਪੱਖੋਂ ਟਾਲ-ਮਟੋਲ ਕਰ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਬਲਵੰਤ ਸਿੰਘ ਰਾਮੂਵਾਲੀਆ ਹੁਣ ਕਵੀਸ਼ਰੀ ਦੀ ਅਕਾਡਮੀ ਖੋਲ੍ਹਣ ਦੇ ਨਾਂ ਉਤੇ ਸਾਰੀ ਜ਼ਮੀਨ ਇਕ ਟਰਸਟ ਦੇ ਹਵਾਲੇ ਕਰਨ ਦੇ ਸ਼ੋਸ਼ੇ ਛੱਡ ਰਹੇ ਹਨ ਜਦੋਂਕਿ ਬਾਕੀ ਪਰਿਵਾਰ ਨੂੰ ਸੰਦੇਹ ਹੈ ਕਿ ਇਹ ਟਾਲ-ਮਟੋਲ ਚਾਰ ਕਰੋੜ ਰੁਪਏ ਦੇ ਮੁੱਲ ਦੀ 12 ਏਕੜ ਜ਼ਮੀਨ ਨੂੰ ਕਥਿਤ ਤੌਰ 'ਤੇ ਖ਼ੁਰਦ-ਬੁਰਦ ਲਈ ਹੈ।

ਉਧਰ ਬਲਵੰਤ ਸਿੰਘ ਰਾਮੂਵਾਲੀਆ ਦੇ ਵੱਡੇ ਭਰਾ ਤੇ ਪਰਿਵਾਰ ਦੇ ਮੁਖੀ ਸ. ਹਰਚਰਨ ਸਿੰਘ ਦਾ ਕਹਿਣਾ ਹੈ ਕਿ ਪਿਤਾ ਕਰਨੈਲ ਸਿੰਘ ਪਾਰਸ ਆਪਣੇ ਜਿਊਂਦੇ ਜੀਅ 6 ਧੀਆਂ-ਪੁੱਤਾਂ ਦੀਆਂ ਵੰਡੀਆਂ ਤੇ ਵਖਰੇਵਿਆਂ ਦਾ ਹੱਲ ਨਹੀਂ ਕੱਢ ਸਕੇ ਤੇ ਅੰਤ ਨੂੰ ਆਪਣੇ ਸੀਨੇ ਵਿਚ ਇਹ ਦੁਖ ਲੈ ਕੇ ਚਲੇ ਗਏ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਵਿਦੇਸ਼ ਵਸਦੇ ਦੋ ਭਰਾਵਾਂ ਇਕਬਾਲ ਤੇ ਰਛਪਾਲ ਨੂੰ ਡਰ ਹੈ ਕਿ ਬਲਵੰਤ ਸਿੰਘ ਰਾਮੂਵਾਲੀਆ ਉਨ੍ਹਾਂ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਤਾਕ ਵਿਚ ਹੈ ਜਦੋਂਕਿ ਅਸੀਂ ਦੋਵੇਂ ਭਰਾ ਬਾਪੂ ਜੀ ਦੀ ਜ਼ਮੀਨ ਦੀਆਂ ਵੰਡੀਆਂ ਪਾਉਣ ਦੇ ਹੱਕ ਵਿਚ ਨਹੀਂ। ਉਨ੍ਹਾਂ ਅਨੁਸਾਰ ਦੋਵੇਂ ਭੈਣਾਂ ਨੇ ਵੀ ਬਾਪੂ ਜੀ ਦੇ ਹੁੰਦਿਆਂ ਜੱਦੀ ਜ਼ਮੀਨ 'ਤੇ ਆਪਣਾ ਹੱਕ ਜਤਾ ਦਿੱਤਾ ਸੀ ਪਰ ਪਿੱਛੋਂ ਉਹ ਤਾਂ ਸਮਝਾਉਣ 'ਤੇ ਮੰਨ ਗਈਆਂ ਪਰ ਭਰਾਵਾਂ ਵਿਚਕਾਰ ਉਦੋਂ ਦੇ ਪਏ ਵੱਖਰੇਵੇਂ ਵਧਦੇ ਗਏ।

**ਬਲਵੰਤ ਰਾਮੂਵਾਲੀਆ 'ਤੇ ਜ਼ਮੀਨ ਹੜੱਪਣ ਦਾ ਦੋਸ਼**



## ਰਾਮੂਵਾਲੀਆ ਨੇ ਸਾਰੇ ਦੋਸ਼ ਨਕਾਰੇ

**ਚੰਡੀਗੜ੍ਹ:** ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਕੈਨੇਡਾ ਰਹਿੰਦੇ ਦੋ ਭਰਾਵਾਂ ਨੂੰ ਅਪੀਲ ਕੀਤੀ ਹੈ ਕਿ ਸਵਰਗੀ ਬਾਪੂ ਤੇ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਦੀਆਂ ਭਾਵਨਾਵਾਂ ਦੀ ਕਦਰ ਕਰਨ। ਉਨ੍ਹਾਂ ਕਿਹਾ ਕਿ ਬਾਪੂ ਜੀ ਦੀ ਇੱਛਾ ਸੀ ਕਿ ਰਾਮੂਵਾਲਾ ਪਿੰਡ ਕਵੀਸ਼ਰੀ ਦਾ ਮੱਕਾ ਬਣੇ ਜਿਸ ਕਰਕੇ ਇਹ ਜ਼ਮੀਨ ਟੋਟੇ-ਟੋਟੇ ਨਾ ਕੀਤੀ ਜਾਵੇ ਸਗੋਂ 15 ਵਰ੍ਹੇ ਇਸ ਜ਼ਮੀਨ ਨੂੰ ਨਾ ਵੰਡਿਆ ਜਾਵੇ। ਸ੍ਰੀ ਰਾਮੂਵਾਲੀਆ ਭਾਵੁਕ ਹੁੰਦਿਆਂ ਹੈਰਾਨੀ ਜ਼ਾਹਿਰ ਕੀਤੀ ਕਿ ਉਹ ਆਪਣੇ ਭਰਾਵਾਂ ਨਾਲ ਜ਼ਮੀਨ ਜਾਇਦਾਦ ਦੇ ਮਾਮਲਿਆਂ ਨੂੰ ਲੈ ਕੇ ਕਿਵੇਂ ਧੋਖਾਧੜੀ ਕਰ ਸਕਦੇ ਹਨ, ਉਹ ਤਾਂ ਨਿੱਤ ਦਿਨ ਆਮ ਲੋਕਾਂ ਦੇ ਵੀ ਦੁੱਖ ਦਰਦਾਂ ਵਿਚ ਵੀ ਹੰਝੂ ਵਹਾ ਕੇ ਉਨ੍ਹਾਂ ਦੀਆਂ ਦੱਬੀਆਂ ਜਾਇਦਾਦਾਂ ਵਾਪਸ ਕਰਵਾ ਰਹੇ ਹਨ।

# ਵਿਕਟੋਰੀਆ ਪੁਲਿਸ ਵਿਚ ਪਹਿਲਾ ਸਿੱਖ ਅਫ਼ਸਰ ਸ਼ਾਮਲ



**ਚੰਡੀਗੜ੍ਹ:** ਵਿਕਟੋਰੀਆ ਪੁਲਿਸ 'ਚ ਸ. ਅਮੀਤੋਜ ਸਿੰਘ ਨਾਂ ਦੇ ਸਿੱਖ ਨੂੰ ਕਾਂਸਟੇਬਲ ਵਜੋਂ ਭਰਤੀ ਕਰ ਲਿਆ ਗਿਆ ਹੈ। ਵਿਕਟੋਰੀਆ ਪੁਲਿਸ 'ਚ ਸ਼ਾਮਲ ਹੋਣ ਵਾਲਾ ਇਹ ਪਹਿਲਾ ਸਿੱਖ ਹੈ। ਪੁਲਿਸ ਅਕਾਦਮੀ ਵਿਚੋਂ ਗਰੈਜੂਏਟ ਦੀ ਡਿਗਰੀ ਪ੍ਰਾਪਤ ਕਰਨ ਵਾਲਾ ਅਮੀਤੋਜ ਦਿਲਕਸ਼ ਅੰਦਾਜ਼ ਵਿਚ ਦਸਤਾਰ ਸਜਾਉਣ ਵਿਚ ਮਾਹਰ ਹੈ। ਉਸ ਨੂੰ ਇੰਡੀਵੀਅਰ ਹਿਲਜ਼ ਵਿਖੇ ਡਿਊਟੀ ਉਤੇ ਲਾਇਆ ਗਿਆ ਹੈ।

ਇਸ ਭਰਤੀ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਸਿੱਖਾਂ ਦੇ ਖ਼ੂਨ ਵਿਚ ਹੀ ਕੌਮ ਤੇ ਦੇਸ਼ ਦੀ ਸੇਵਾ ਕਰਨਾ ਸ਼ਾਮਲ ਹੈ ਤੇ ਸਿੱਖਾਂ ਨੇ ਕਈ ਦੇਸ਼ਾਂ ਵਿਚ ਬਹਾਦਰੀ ਨਾਲ ਸੇਵਾਵਾਂ ਨਿਭਾਈਆਂ ਹਨ। ਸਿੱਖ ਹਰ ਵਕਤ ਸੇਵਾ ਲਈ ਤਿਆਰ ਰਹਿੰਦੇ ਹਨ ਤੇ ਭਾਰਤੀ ਫ਼ੌਜ ਵਿਚ ਸਿੱਖਾਂ ਦਾ ਅਹਿਮ ਰੋਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਿੱਖਾਂ ਦੇ ਸੁਭਾਅ ਵਿਚ ਹੀ ਸ਼ਾਮਲ ਹੈ ਕਿ ਜੇ ਉਨ੍ਹਾਂ ਨੂੰ ਢੁਕਵਾਂ ਮੌਕਾ ਦਿੱਤਾ ਜਾਵੇ ਤਾਂ ਉਹ ਹਰ ਵਕਤ ਦੇਸ਼ ਤੇ ਕੌਮ ਦੀ ਖ਼ਿਦਮਤ ਕਰਨ ਲਈ ਤਿਆਰ ਰਹਿੰਦੇ ਹਨ।

## ਮਾਂ ਵੱਲੋਂ ਤਿੰਨ ਧੀਆਂ ਨੂੰ ਜ਼ਹਿਰ ਦੇ ਕੇ ਖ਼ੁਦਕੁਸ਼ੀ

**ਨਵਾਂ ਸ਼ਹਿਰ:** ਇਥੋਂ ਦੇ ਪਿੰਡ ਚੱਕ ਹਾਜੀਪੁਰ 'ਚ ਪਰਵਾਸੀ ਭਾਰਤੀ ਨਾਲ ਵਿਆਹੀ ਔਰਤ ਨੇ 11 ਮਾਰਚ ਨੂੰ ਆਪਣੀਆਂ ਤਿੰਨ ਧੀਆਂ ਨੂੰ ਜ਼ਹਿਰੀਲੀ ਚੀਜ਼ ਪਿਲਾ ਕੇ ਆਪ ਵੀ ਜ਼ਹਿਰ ਪੀ ਲਿਆ ਜਿਸ ਕਾਰਨ ਉਸ ਦੀ ਮੌਤ ਹੋ ਗਈ ਜਦਕਿ ਤਿੰਨ ਲੜਕੀਆਂ ਨੂੰ ਨਵਾਂ ਸ਼ਹਿਰ ਦੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਇਸ ਔਰਤ ਦੀਆਂ 6 ਲੜਕੀਆਂ ਤੇ ਇਕ ਪੁੱਤਰ ਸੀ।


ਮਿਲੀ ਜਾਣਕਾਰੀ ਅਨੁਸਾਰ ਸ਼ੇਰੋ ਦੇਵੀ ਨਾਂ ਦੀ ਇਹ ਔਰਤ ਤਕਰੀਬਨ 25 ਸਾਲ ਪਹਿਲਾਂ ਪਿੰਡ ਚੱਕ ਹਾਜੀਪੁਰ ਦੇ ਵਾਸੀ ਬਲਵੀਰ ਰਾਮ ਨਾਲ ਵਿਆਹੀ ਸੀ। ਉਸ ਦੀ ਕੁੱਖੋਂ ਛੇ ਲੜਕੀਆਂ ਤੇ ਇਕ ਲੜਕੇ ਨੇ ਜਨਮ ਲਿਆ ਜਿਨ੍ਹਾਂ ਵਿਚੋਂ ਤਿੰਨ ਲੜਕੀਆਂ ਦਾ ਵਿਆਹ ਹੋ ਚੁੱਕਾ ਹੈ। ਪਰਿਵਾਰ ਨੇ ਦੱਸਿਆ ਕਿ ਸ਼ੇਰੋ ਦਾ ਪਤੀ ਜੋਰਡਨ ਵਿਚ ਹੈ। ਸਹੁਰਾ ਪਰਿਵਾਰ ਦੇ ਮੈਂਬਰ ਸ਼ੇਰੋ ਨੂੰ ਤੰਗ ਕਰਦੇ ਰਹਿੰਦੇ ਸਨ ਪਰ ਉਸ ਨੇ ਕਦੇ ਸ਼ਿਕਾਇਤ ਨਹੀਂ ਕੀਤੀ। ਉਨ੍ਹਾਂ ਦੱਸਿਆ ਕਿ ਸ਼ੇਰੋ ਨੇ ਕੁਝ ਦਿਨ ਪਹਿਲਾਂ ਫ਼ੋਨ ਕਰਕੇ ਉਨ੍ਹਾਂ ਨੂੰ ਦੱਸਿਆ ਸੀ ਕਿ ਸਹੁਰਾ ਪਰਿਵਾਰ ਦੇ ਕੁਝ ਮੈਂਬਰ ਉਸ ਨੂੰ ਤੰਗ-ਪ੍ਰੇਸ਼ਾਨ ਕਰ ਰਹੇ ਹਨ।

## ਯੂਨੈਸਕੋ ਨੂੰ ਹੋਂਦ ਚਿੱਲੜ ਦੇ ਖੰਡਰ ਸੰਭਾਲਣ ਦੀ ਅਪੀਲ

**ਅੰਮ੍ਰਿਤਸਰ:** ਸਿੱਖਸ ਫਾਰ ਜਸਟਿਸ ਦੇ ਵਫ਼ਦ ਨੇ ਨੇ ਯੂਨੈਸਕੋ ਤੋਂ ਮੰਗ ਕੀਤੀ ਹੈ ਕਿ ਉਹ 1984 'ਚ ਹੋਂਦ ਚਿੱਲੜ ਕਾਂਡ ਦੌਰਾਨ ਤਬਾਹ ਕੀਤੇ ਘਰਾਂ ਦੇ ਖੰਡਰਾਂ ਦੀ ਸੰਭਾਲ ਕਰੇ। ਵਫ਼ਦ ਨੇ ਯੂਨੈਸਕੋ ਦੀ ਡਾਇਰੈਕਟਰ ਜਨਰਲ ਇਰਿਨਾ ਬੋਕੋਵਾ ਨਾਲ ਮੁਲਾਕਾਤ ਕਰ ਜਾਣਕਾਰੀ ਦਿੱਤੀ ਕਿ 1984 ਵਿਚ ਦਿੱਲੀ ਤੇ ਹੋਰ ਥਾਵਾਂ 'ਤੇ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਤੇ ਉਨ੍ਹਾਂ ਦੀ ਜਾਇਦਾਦ ਤਬਾਹ ਕੀਤੀ ਗਈ। ਉਦੋਂ ਹੀ ਹਰਿਆਣਾ ਦੇ ਪਿੰਡ ਹੋਂਦ ਚਿੱਲੜ 'ਚ 32 ਸਿੱਖਾਂ ਦਾ ਕਤਲ ਕੀਤਾ ਗਿਆ ਤੇ ਉਨ੍ਹਾਂ ਦੇ ਘਰ ਫੂਕ ਦਿੱਤੇ ਗਏ। ਜਥੇਬੰਦੀ ਦੀ ਯੂਥ ਕੋਆਰਡੀਨੇਟਰ ਤੇਜਕਰਨ ਕੌਰ ਬੈਂਸ ਨੇ ਦੱਸਿਆ ਕਿ ਯੂਨੈਸਕੋ ਨੂੰ ਕਿਹਾ ਗਿਆ ਹੈ ਕਿ ਉਹ ਦੁਨੀਆ ਭਰ ਵਿਚ ਇਤਿਹਾਸਕ ਖੰਡਰਾਂ ਤੇ ਇਮਾਰਤਾਂ ਦੀ ਸੰਭਾਲ ਕਰਦੀ ਹੈ ਤੇ ਹੋਂਦ ਚਿੱਲੜ ਦੇ ਖੰਡਰ ਵੀ ਸਿੱਖਾਂ ਲਈ ਬੜੇ ਇਤਿਹਾਸਕ ਹਨ।

# ਕੈਪਟਨ ਵੱਲੋਂ ਬਾਦਲ ਦਾ ਸਿਆਸੀ ਜੀਵਨ ਥੋਥਾ ਕਰਾਰ

**ਲੁਧਿਆਣਾ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਤਿੱਖਾ ਵਿਅੰਗ ਕੱਸਦਿਆਂ ਕਿਹਾ ਕਿ ਉਨ੍ਹਾਂ ਨੇ ਆਪਣਾ 42 ਸਾਲਾ ਸਿਆਸੀ ਜੀਵਨ ਥੋਥਾ ਬਤੀਤ ਕੀਤਾ ਹੈ ਤੇ ਉਨ੍ਹਾਂ ਕੋਲ ਸਿਰਫ ਤਿੰਨ ਗੱਲਾਂ ਹਨ, ਆਦਰਸ਼ ਸਕੂਲ, ਫੋਕਲ ਪੁਆਇੰਟ ਤੇ ਫੈਡਰਲ ਢਾਂਚਾ ਜਿਨ੍ਹਾਂ 'ਚ ਫੋਕਲ ਪੁਆਇੰਟ ਸਕੀਮ ਬੁਰੀ ਤਰ੍ਹਾਂ ਫੇਲ੍ਹ ਹੋ ਜਾਣ ਕਰਕੇ ਉਹ ਇਸ ਗੱਲ ਨੂੰ ਭੁੱਲ ਗਏ ਹਨ। ਫੈਡਰਲ ਢਾਂਚਾ ਉਨ੍ਹਾਂ ਨੂੰ ਕੇਂਦਰ ਵਿਚ ਭਾਜਪਾ ਦੀ ਸਰਕਾਰ ਸਮੇਂ ਭੁੱਲ ਜਾਂਦਾ ਹੈ ਤੇ ਆਪਣੇ ਚਾਰ ਸਾਲ ਦੇ ਰਾਜ ਦੌਰਾਨ ਸ. ਬਾਦਲ ਨੇ ਚਾਰ ਆਦਰਸ਼ ਸਕੂਲ ਵੀ ਨਹੀਂ ਬਣਾਏ।



ਕੈਪਟਨ ਨੇ ਕਿਹਾ ਕਿ ਬਾਦਲ ਪਿਓ-ਪੁੱਤਰ ਵਿਕਾਸ ਦੇ ਨਾਂ 'ਤੇ ਝੂਠ ਬੋਲਦੇ ਹਨ ਤੇ ਪੰਜਾਬ 'ਚ ਜੋ ਵੀ ਕੰਮ ਹੋਇਆ ਹੈ, ਇਹ ਕੇਂਦਰ ਸਰਕਾਰ ਦੇ ਪੈਸੇ ਨਾਲ ਹੋਇਆ ਹੈ। ਬਾਦਲ ਸਰਕਾਰ ਕੋਲ ਤਾਂ ਕੌਡੀ ਵੀ ਨਹੀਂ ਹੈ। ਇਨ੍ਹਾਂ ਕੋਲ ਤਨਖ਼ਾਹਾਂ ਦੇਣ ਲਈ ਵੀ ਪੈਸੇ ਨਹੀਂ ਹਨ। ਕੈਪਟਨ ਨੇ ਕਿਹਾ ਕਿ ਬਾਦਲ ਸਰਕਾਰ ਵਿਚ ਨਿਜਪ੍ਰਸਤੀ ਤੇ ਭ੍ਰਿਸ਼ਟਾਚਾਰ ਜ਼ੋਰਾਂ 'ਤੇ ਹੈ ਜਦਕਿ ਦੂਜੇ ਪਾਸੇ ਪੰਜਾਬ ਦੇ 45 ਲੱਖ ਨੌਜਵਾਨ ਬੇਰੁਜ਼ਗਾਰੀ ਦੇ ਆਲਮ ਵਿਚ ਮਾਨਸਿਕ ਤਣਾਅ ਵਾਲੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਹਰਿਆਣਾ ਵਿਧਾਨ ਸਭਾ ਵੱਲੋਂ ਪਾਣੀ ਦਾ ਮਤਾ ਰੱਦ ਕਰਨ 'ਤੇ ਉਨ੍ਹਾਂ ਕਿਹਾ ਕਿ ਇਕ ਵਿਧਾਨ ਸਭਾ ਦਾ ਮਤਾ ਦੂਜੀ ਵਿਧਾਨ ਸਭਾ ਨੂੰ ਰੱਦ ਕਰਨ ਦਾ ਅਧਿਕਾਰ ਨਹੀਂ ਹੈ। ਇਹ ਮਾਮਲਾ ਸੰਸਦ ਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਵੱਲੋਂ 2004 ਵਿਚ ਲਿਆਂਦਾ ਮਤਾ ਰਿਪੇਰੀਅਨ ਐਕਟ ਅਧੀਨ ਹੀ ਵਿਚਾਰਿਆ ਜਾ ਸਕਦਾ ਹੈ। ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਵੱਲੋਂ ਕਿਸਾਨਾਂ ਤੇ ਇਨਕਮ ਟੈਕਸ ਲਾਏ ਜਾਣ ਬਾਰੇ ਉਠਾਏ ਮੁੱਦੇ ਬਾਰੇ ਕੈਪਟਨ ਨੇ ਕਿਹਾ ਕਿ ਅਕਾਲੀ ਦਲ ਦਾ ਕਿਸਾਨ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਸ. ਮਨਪ੍ਰੀਤ ਬਾਦਲ ਵੱਲੋਂ ਕਾਂਗਰਸ ਨੂੰ ਪਹੁੰਚਾਏ ਜਾ ਰਹੇ ਸਿਆਸੀ ਨੁਕਸਾਨ ਬਾਰੇ ਕੈਪਟਨ ਨੇ ਕਿਹਾ ਕਿ ਮਨਪ੍ਰੀਤ ਦਾ ਪਿਤਾ ਗੁਰਦਾਸ ਬਾਦਲ 50 ਸਾਲ ਤੋਂ ਅਕਾਲੀ ਹੈ ਤੇ ਮਨਪ੍ਰੀਤ ਖ਼ੁਦ 24 ਸਾਲ ਤੋਂ ਅਕਾਲੀ ਹੈ। ਉਨ੍ਹਾਂ ਦਾ ਅਕਾਲੀ ਦਲ 'ਚੋਂ ਨਿਕਲਣ ਦਾ ਨੁਕਸਾਨ ਸਿੱਧਾ ਬਾਦਲ ਪਰਿਵਾਰ ਨੂੰ ਹੀ ਹੋਣਾ ਹੈ। ਕਾਂਗਰਸ ਨੂੰ ਸਗੋਂ ਬਹੁਤ ਸਾਰੀਆਂ ਸੀਟਾਂ 'ਤੇ ਲਾਭ ਮਿਲੇਗਾ।

# ਬੱਬਰ ਖ਼ਾਲਸਾ ਦੋਫਾੜ; ਖ਼ਾਲਸਾ ਟਾਈਗਰਜ਼ ਫੋਰਸ ਜਥੇਬੰਦੀ ਦਾ ਗਠਨ

## ਜਥੇਬੰਦੀ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਵਚਨਬਧ ਰਹੇਗੀ : ਭਾਈ ਤਾਰਾ

**ਚੰਡੀਗੜ੍ਹ:** ਖਾੜਕੂ ਜਥੇਬੰਦੀ ਬੱਬਰ ਖ਼ਾਲਸਾ ਫੁੱਟ ਦਾ ਸ਼ਿਕਾਰ ਹੋ ਗਈ ਹੈ। ਇਸ ਦੇ ਇਕ ਧੜੇ ਵੱਲੋਂ ਖ਼ਾਲਸਾ ਟਾਈਗਰ ਫ਼ੋਰਸ ਨਾਂ ਦੀ ਨਵੀਂ ਜਥੇਬੰਦੀ ਦਾ ਗਠਨ ਕਰ ਕੇ ਬੇਅੰਤ ਸਿੰਘ ਕਤਲ ਕੇਸ ਦੇ ਭਗੌੜੇ ਜਗਤਾਰ ਸਿੰਘ ਤਾਰਾ ਨੂੰ ਇਸ ਦਾ ਮੁਖੀ ਥਾਪ ਦਿਤਾ ਗਿਆ ਹੈ। ਇਸ ਅਹਿਮ ਘਟਨਾ ਦਾ ਪ੍ਰਗਟਾਵਾ ਜਗਤਾਰ ਸਿੰਘ ਤਾਰਾ ਨੇ ਕੀਤਾ ਹੈ। ਸ. ਤਾਰਾ ਦੇ ਦਸਤਖ਼ਤਾਂ ਹੇਠ ਜਾਰੀ ਸੰਦੇਸ਼ 'ਚ ਆਖਿਆ ਗਿਆ ਹੈ ਕਿ ਬੱਬਰ ਖ਼ਾਲਸਾ ਨਾਲ ਸਬੰਧਤ ਜੁਝਾਰੂ ਸਿੰਘਾਂ ਨੇ ਕਿਸੇ ਗੁਪਤ ਥਾਂ 'ਤੇ ਕੀਤੀ ਗਈ ਅਹਿਮ ਮੀਟਿੰਗ ਦੌਰਾਨ ਇਸ ਨਵੀਂ ਜਥੇਬੰਦੀ ਦਾ ਗਠਨ ਕੀਤਾ ਹੈ।

ਇਸ ਬਾਰੇ ਭਾਈ ਤਾਰਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਬੱਬਰ ਖ਼ਾਲਸਾ ਤੋਂ ਵੱਖ ਹੋ ਕੇ ਜਥੇਬੰਦੀ ਬਣਾਉਣ ਦਾ ਫ਼ੈਸਲਾ ਮਜਬੂਰੀ ਵੱਸ ਤੇ ਬੜੇ ਦੁਖ ਨਾਲ ਲੈਣਾ ਪਿਆ ਹੈ। ਉਨ੍ਹਾਂ ਕਿਹਾ ਕਿ ਪੰਥਕ ਹਿਤਾਂ ਨੂੰ ਮੁੱਖ ਰੱਖਦਿਆਂ ਅਜਿਹਾ ਜ਼ਰੂਰੀ ਸੀ। ਉਨ੍ਹਾਂ ਕਿਹਾ ਕਿ ਖ਼ਾਲਿਸਤਾਨ ਟਾਈਗਰ ਫ਼ੋਰਸ ਨਾਂ ਦੀ ਨਵੀਂ ਜਥੇਬੰਦੀ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਵਚਨਬਧ ਰਹੇਗੀ। ਉਨ੍ਹਾਂ ਕਿਹਾ ਕਿ ਉਹ ਬੱਬਰ ਖ਼ਾਲਸਾ ਤੇ ਸਮੂਹ ਖ਼ਾਲਿਸਤਾਨੀ ਜਥੇਬੰਦੀਆਂ ਨਾਲ ਸਹਿਯੋਗ ਦੀ ਭਾਵਨਾ ਕਾਇਮ ਰੱਖਦਿਆਂ ਹੀ ਅੱਗੇ ਵਧਣਾ ਚਾਹੁਣਗੇ। ਉਨ੍ਹਾਂ ਖ਼ਾਲਿਸਤਾਨ ਦੇ ਆਜ਼ਾਦੀ ਸੰਘਰਸ਼ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਤੇ ਸਿੰਘਣੀਆਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਉਨ੍ਹਾਂ ਦੀ ਜੱਦੋ-ਜਹਿਦ ਨੂੰ ਆਖ਼ਰੀ ਸਾਹਾਂ ਤੱਕ ਜਾਰੀ ਰੱਖਣ ਦੀ ਅਪਣੀ





ਵਚਨਬਧਤਾ ਦਾ ਇਜ਼ਹਾਰ ਵੀ ਕੀਤਾ। ਮੀਡੀਆ ਦੇ ਨਾਂ ਜਾਰੀ ਪੱਤਰ ਅਨੁਸਾਰ ਮੀਟਿੰਗ ਵਿਚ ਲਏ ਗਏ ਫ਼ੈਸਲੇ ਦੌਰਾਨ ਇਸ ਜਥੇਬੰਦੀ ਦੇ ਬਾਕੀ ਢਾਂਚੇ ਦੀ ਸਿਰਜਣਾ ਦੇ ਅਧਿਕਾਰ ਵੀ ਜਗਤਾਰ ਸਿੰਘ ਤਾਰਾ ਨੂੰ ਦਿਤੇ ਗਏ। ਦੱਸਣਯੋਗ ਹੈ ਕਿ ਜਗਤਾਰ ਸਿੰਘ ਤਾਰਾ, ਬੇਅੰਤ ਸਿੰਘ ਕਤਲ ਕੇਸ ਵਿਚ 8 ਸਾਲ ਦੀ ਕੈਦ ਕੱਟਣ ਮਗਰੋਂ ਬੁੜੈਲ ਮਾਡਲ ਜੇਲ੍ਹ 'ਚੋਂ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਉਰਾ ਸਮੇਤ ਫ਼ਰਾਰ ਹੋ ਗਿਆ ਸੀ। ਉਧਰ ਜਗਤਾਰ ਸਿੰਘ ਤਾਰਾ ਦੇ ਪਾਕਿਸਤਾਨ ਵਿਚ ਹੋਣ ਦੀ ਚਰਚਾ ਹੈ ਜਿਸ ਦੀ ਪੁਸ਼ਟੀ ਡੇਰਾ ਮੁਖੀ 'ਤੇ ਹਮਲਾ ਕਰਨ ਬਾਰੇ ਮੁੱਖ ਸਰਗਨੇ ਵਜੋਂ ਕਾਬੂ ਕੀਤੇ ਗਏ ਬਾਬਾ ਬਖ਼ਸ਼ੀਸ਼ ਸਿੰਘ ਦੀ ਪੁੱਛਗਿੱਛ ਤੋਂ ਵੀ ਹੋਈ ਹੈ। ਬਖ਼ਸ਼ੀਸ਼ ਸਿੰਘ ਡੇਢ ਸਾਲ ਕਥਿਤ ਰੂਪ ਵਿਚ ਪਾਕਿਸਤਾਨ ਰਹਿ ਕੇ ਆਇਆ ਹੈ ਜਿਥੇ ਉਸ ਦੀ ਜਗਤਾਰ ਸਿੰਘ ਤਾਰਾ, ਵਧਾਵਾ ਸਿੰਘ ਬੱਬਰ ਤੇ ਰਣਜੀਤ ਸਿੰਘ ਨਾਲ ਮੁਲਾਕਾਤ ਹੁੰਦੀ ਰਹੀ ਹੈ। ਪੁਲਿਸ ਵਲੋਂ ਬਾਬੇ ਸਮੇਤ ਵੱਖ-ਵੱਖ ਖਾੜਕੂਆਂ ਤੋਂ ਕੀਤੀ ਗਈ ਪੁੱਛਗਿੱਛ ਦੌਰਾਨ ਪਹਿਲਾਂ ਵੀ ਪਾਕਿਸਤਾਨ ਰਹਿੰਦੇ ਬੱਬਰ ਖ਼ਾਲਸਾ ਦੇ ਆਗੂਆਂ ਵਿਚ ਕਥਿਤ ਮਤਭੇਦ ਹੋਣ ਦੀ ਚਰਚਾ ਬਣੀ ਰਹੀ ਹੈ ਪਰ ਤਾਰਾ ਦੀ ਅਗਵਾਈ ਹੇਠਾਂ ਨਵੀਂ ਗਠਤ ਕੀਤੀ ਗਈ ਜਥੇਬੰਦੀ ਨੇ ਬੱਬਰਾਂ ਵਿਚ ਕਥਿਤ ਮਤਭੇਦ ਹੋਣ ਦੇ ਸਪੱਸ਼ਟ ਸੰਕੇਤ ਦਿਤੇ ਹਨ।

# ਹਰਿਆਣਾ ਨੇ ਫਿਰ ਪੰਜਾਬ ਦੇ ਪਾਣੀ 'ਤੇ ਹੱਕ ਜਤਾਇਆ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਇਕ ਵਾਰ ਫਿਰ ਪੰਜਾਬ ਦੇ ਪਾਣੀਆਂ 'ਤੇ ਆਪਣਾ ਹੱਕ ਜਤਾਉਂਦਿਆਂ ਜਿੱਥੇ ਐਸ.ਵਾਈ.ਐਲ. ਬਾਰੇ ਪੰਜਾਬ ਦੇ ਮਤੇ ਨੂੰ ਰੱਦ ਕਰ ਦਿੱਤਾ ਉਥੇ ਹਾਂਸੀ-ਬੁਟਾਨਾ ਨਹਿਰ ਨੂੰ ਸ਼ੁਰੂ ਕਰਨ ਬਾਰੇ ਸਰਵਸੰਮਤੀ ਨਾਲ ਮਤਾ ਪਾਸ ਕਰ ਦਿੱਤਾ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪਿਛਲੀ ਸਰਕਾਰ ਨੇ 2004 'ਚ ਹਰਿਆਣਾ ਨਾਲ ਪਾਣੀਆਂ ਬਾਰੇ ਸਾਰੇ ਸਮਝੌਤੇ ਰੱਦ ਕਰਕੇ ਐਸ.ਵਾਈ.ਐਲ. ਪ੍ਰਾਜੈਕਟ ਦਾ ਭੋਗ ਹੀ ਪਾ ਦਿੱਤਾ ਸੀ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਹਾਂਸੀ-ਬੁਟਾਣਾ ਨਹਿਰ 'ਤੇ ਇਤਰਾਜ਼ ਪ੍ਰਗਟਾ ਕੇ ਇਸ ਨਹਿਰ 'ਚ ਭਾਖੜਾ 'ਚੋਂ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਹਰਿਆਣਾ ਦੇ ਵਿੱਤ ਮੰਤਰੀ ਕੈਪਟਨ ਅਜੇ ਸਿੰਘ ਯਾਦਵ ਨੇ 11 ਮਾਰਚ ਨੂੰ ਹਾਂਸੀ-ਬੁਟਾਨਾ ਲਿੰਕ ਨਹਿਰ ਤੇ ਐਸ.ਵਾਈ.ਐਲ. ਸਬੰਧੀ ਦੋ ਅਹਿਮ ਮਤੇ ਸਦਨ ਵਿਚ ਰੱਖੇ ਜੋ ਸਦਨ ਵਿਚ ਸਰਕਾਰ ਤੇ ਵਿਰੋਧੀ ਧਿਰ ਦੇ ਵਿਧਾਇਕਾਂ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਇਸ ਮਤੇ ਉਪਰ ਵਿਰੋਧੀ ਧਿਰ ਦਾ ਕਹਿਣਾ ਸੀ ਕਿ ਇਸ ਨੂੰ ਵਿਧਾਨ ਸਭਾ ਵੱਲੋਂ ਕੁਝ ਸੋਧਾਂ ਕਰਕੇ ਲਿਆਂਦਾ ਜਾਣਾ ਚਾਹੀਦਾ ਹੈ। ਮਗਰੋਂ ਇਨ੍ਹਾਂ ਮਤਿਆਂ ਵਿਚ ਕੁਝ ਸੋਧ ਕਰਕੇ ਇਸ ਨੂੰ ਸਾਰਿਆਂ ਦੀ ਸਹਿਮਤੀ ਨਾਲ ਪਾਸ ਕਰ ਦਿੱਤਾ ਗਿਆ।

ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਹਰਿਆਣਾ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਸਦਨ ਵਿਚ ਭਾਖੜਾ-ਮੇਨਲਾਈਨ-ਹਾਂਸੀ ਬੁਟਾਨਾ ਬਰਾਂਚ ਬਹੁਉਦੇਸ਼ੀ ਲਿੰਕ ਨਹਿਰ ਦੇ ਨਿਰਮਾਣ ਤੇ ਸਤਲੁਜ-ਯਮੁਨਾ ਲਿੰਕ ਨਹਿਰ ਸਬੰਧੀ ਦੋਵਾਂ ਪ੍ਰਸਤਾਵਾਂ ਨੂੰ ਸਰਬਸੰਮਤੀ ਨਾਲ ਪਾਸ ਕਰਨ ਲਈ ਵਿਰੋਧੀ ਪਾਰਟੀਆਂ ਦਾ ਧੰਨਵਾਦ ਕੀਤਾ। ਪਹਿਲੇ ਮਤੇ ਵਿਚ ਹਾਂਸੀ-ਬੁਟਾਨਾ ਨੂੰ ਸ਼ੁਰੂ ਕਰਨ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਵੱਲੋਂ ਅੰਤਰਰਾਜੀ ਪਾਣੀ ਦੇ ਸਮਝੌਤਿਆਂ ਨੂੰ ਰੱਦ ਕਰਨ ਬਾਰੇ ਪਾਸ ਕੀਤੇ ਗਏ ਮਤੇ ਨੂੰ ਰੱਦ ਕਰਨ ਲਈ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਗਈ ਹੈ।

ਦੂਜੇ ਮਤੇ ਵਿਚ ਕਿਹਾ ਗਿਆ ਕਿ ਹਰਿਆਣਾ ਦੀ ਸਿੰਚਾਈ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹਰਿਆਣਾ ਲਈ ਰਾਵੀ-ਬਿਆਸ ਪਾਣੀ ਦਾ ਹਿੱਸਾ ਲੈਣ ਲਈ ਐਸ.ਵਾਈ.ਐਲ. ਨਹਿਰ ਇਕ ਫ਼ੈਸਲਾਕੁਨ ਕੜੀ ਹੈ। ਪੰਜਾਬ ਵਿਧਾਨ ਸਭਾ ਵੱਲੋਂ ਪਾਸ ਪੰਜਾਬ ਸਮਝੌਤਿਆਂ ਨੂੰ ਰੱਦ ਕਰਨ ਲਈ ਐਕਟ 2004 ਬੇਅਰਥ ਤੇ ਗੈਰ ਸੰਵਿਧਾਨਿਕ ਹੈ। ਉਧਰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬ ਕੋਲ ਫਾਲਤੂ ਪਾਣੀ ਦੀ ਇਕ ਵੀ ਬੂੰਦ ਨਹੀਂ, ਇਸ ਲਈ ਅਸੀਂ ਕਿਸੇ ਦੂਜੇ ਰਾਜ ਨੂੰ ਪਾਣੀ ਨਹੀਂ ਦੇ ਸਕਦੇ ਤੇ ਨਾ ਹੀ ਦਿਆਂਗੇ।

## ਜੀਵ ਦੇ ਕੋਚ ਦੀ ਹਵਾਈ ਅੱਡੇ 'ਤੇ ਪੱਗ ਲੁਹਾਈ

**ਨਵੀਂ ਦਿੱਲੀ:** ਭਾਰਤ ਦੇ ਸਟਾਰ ਗੋਲਫਰ ਜੀਵ ਮਿਲਖਾ ਸਿੰਘ ਦੇ ਕੋਚ ਅਮਰਿਤਿੰਦਰ ਸਿੰਘ ਦਾ ਮਿਲਾਨ ਹਵਾਈ ਅੱਡੇ 'ਤੇ ਸੁਰੱਖਿਆ ਅਧਿਕਾਰੀਆਂ ਨੇ ਪੱਗ ਉਤਾਰਨ ਨੂੰ ਮਜਬੂਰ ਕਰਕੇ ਉਨ੍ਹਾਂ ਦਾ ਅਪਮਾਨ ਕੀਤਾ ਜਿਸ ਕਰਕੇ ਜੀਵ ਨੂੰ ਵੀ ਜਹਾਜ਼ ਵਿਚ ਚੜ੍ਹਨ ਲਈ ਕਾਫੀ ਇੰਤਜ਼ਾਰ ਕਰਨਾ ਪਿਆ। ਅਮਰਿਤਿੰਦਰ, ਜੀਵ ਦੇ ਨਾਲ ਯੂਰਪੀਅਨ ਲੀਗ ਦੇ ਤਿੰਨ ਟੂਰਨਾਮੈਂਟ ਦੇ ਦੌਰੇ 'ਤੇ ਹੈ। ਜੀਵ ਨੇ ਸਿਸਿਲੀਅਨ ਓਪਨ ਵਿਚ ਖੇਡਣਾ ਹੈ। ਅਧਿਕਾਰੀਆਂ ਨੇ ਅਮਰਿਤਿੰਦਰ ਨੂੰ ਕਿਹਾ ਕਿ ਉਹ ਪੱਗ ਦੀ ਜਾਂਚ ਕਰਵਾਏ ਬਿਨਾਂ ਜਹਾਜ਼ ਨਹੀਂ ਚੜ੍ਹ ਸਕਦਾ। ਆਖਰ ਕੋਚ ਨੂੰ ਜਾਂਚ ਲਈ ਪੱਗ ਉਤਾਰਨੀ ਪਈ।

# ਖਾੜਕੂ ਸੋਹਨ ਸਿੰਘ ਦੀ ਪੁਲਿਸ ਹਿਰਾਸਤ 'ਚ ਮੌਤ

**ਅੰਮ੍ਰਿਤਸਰ:** ਖਾਲਿਸਤਾਨ ਕਮਾਂਡੋ ਫੋਰਸ (ਪੰਜਵੜ ਗੁੱਟ) ਨਾਲ ਸਬੰਧਤ ਦੱਸੇ ਗਏ ਖਾੜਕੂ ਸੋਹਨ ਸਿੰਘ ਉਰਫ਼ ਸੋਹਨਜੀਤ ਸਿੰਘ ਦੀ ਪੁਲਿਸ ਹਿਰਾਸਤ ਵਿਚ ਭੇਦ ਭਰੇ ਢੰਗ ਨਾਲ ਮੌਤ ਹੋ ਗਈ। ਉਧਰ ਪਰਿਵਾਰ ਦਾ ਦੋਸ਼ ਹੈ ਕਿ ਇਹ ਮੌਤ ਪੁਲਿਸ ਤਸ਼ੱਦਦ ਕਾਰਨ ਹੋਈ ਹੈ ਜਦੋਂਕਿ ਪੁਲਿਸ ਨੇ ਇਸ ਨੂੰ ਖੁਦਕੁਸ਼ੀ ਦੱਸਿਆ ਹੈ। ਇਸ ਦੌਰਾਨ ਜ਼ਿਲ੍ਹਾ ਸੈਸ਼ਨ ਜੱਜ ਵੱਲੋਂ ਇਸ ਘਟਨਾ ਦੀ ਨਿਆਂਇਕ ਜਾਂਚ ਦੇ ਆਦੇਸ਼ ਦਿੱਤੇ ਗਏ ਹਨ।

ਜ਼ਿਕਰਯੋਗ ਹੈ ਕਿ ਸੋਹਨ ਸਿੰਘ (56) ਵਾਸੀ ਪਿੰਡ ਸੁਰਸਿੰਘ, ਜ਼ਿਲ੍ਹਾ ਤਰਨਤਾਰਨ ਨੂੰ ਸਟੇਟ ਸਪੈਸ਼ਲ ਅਪਰੇਸ਼ਨ ਸੈਲ ਦੀ ਪੁਲਿਸ ਨੇ 7 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਉਸ ਦੇ ਕਬਜ਼ੇ 'ਚੋਂ ਇਕ 32 ਬੋਰ ਦਾ ਪਿਸਤੌਲ, ਇਕ ਮੈਗਜ਼ੀਨ ਤੇ ਪੰਜ ਕਾਰਤੂਸ ਬਰਾਮਦ ਕਰਨ ਦਾ ਦਾਅਵਾ ਕੀਤਾ ਸੀ। ਪੁਲਿਸ ਨੇ ਇਹ ਦਾਅਵਾ ਵੀ ਕੀਤਾ ਸੀ ਕਿ ਸੋਹਨ ਸਿੰਘ ਦੀ ਕਾਰ ਦੀ ਬੰਬ ਮਾਮਲੇ ਵਿਚ ਭਾਲ ਸੀ ਤੇ ਉਸ ਦੇ ਸਿਰ ਇਕ ਲੱਖ ਰੁਪਏ ਦਾ ਇਨਾਮ ਵੀ ਰੱਖਿਆ ਹੋਇਆ ਸੀ। ਅਦਾਲਤ ਨੇ ਉਸ ਨੂੰ 9 ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜਿਆ ਸੀ ਜੋ 15 ਮਾਰਚ ਨੂੰ ਖ਼ਤਮ ਹੋਣਾ ਸੀ।

ਕਾਊਂਟਰ ਇੰਟੈਲੀਜੈਂਸ ਵਿਭਾਗ ਦੇ ਏ.ਆਈ.ਜੀ. ਮਨਮਿੰਦਰ ਸਿੰਘ ਅਨੁਸਾਰ ਸੋਹਨ ਸਿੰਘ ਨੇ 14 ਮਾਰਚ ਨੂੰ ਸਵੇਰ 7.15 ਵਜੇ ਬੈਰਕ ਵਿਚਲੇ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਸਵੇਰੇ 6.45 ਵਜੇ ਜਦੋਂ ਬੈਰਕ ਦੀ ਸਫਾਈ ਕੀਤੀ ਗਈ ਤਾਂ ਉਸ ਨੂੰ ਚਾਹ ਦਿੱਤੀ ਗਈ ਸੀ। ਉਸ ਨੇ ਪਾਠ ਕਰਨ ਲਈ ਸਿਰ ਢੱਕਣ ਵਾਸਤੇ ਪਟਕਾ ਮੰਗਿਆ ਜੋ ਉਸ ਨੂੰ ਦੇ ਦਿੱਤਾ ਗਿਆ। ਬਾਅਦ ਵਿਚ ਉਸ ਨੇ ਇਸੇ ਪਟਕੇ ਦੀ ਮਦਦ ਨਾਲ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਫਾਹਾ ਲੈਣ ਲਈ ਉਸ ਨੇ ਬੈਰਕ ਵਿਚ ਪਈ ਮੇਜ਼ ਕੁਰਸੀ ਦਾ ਸਹਾਰਾ ਲਿਆ।

ਇਸ ਦੀ ਨਿਆਂਇਕ ਜਾਂਚ ਜੁਡੀਸ਼ਲ ਮੈਜਿਸਟਰੇਟ ਫਸਟ ਕਲਾਸ ਪੂਜਾ ਅੰਧੋਤਰਾ ਨੂੰ ਸੌਂਪ ਦਿੱਤੀ ਗਈ ਹੈ। ਉਧਰ ਸੋਹਨ ਸਿੰਘ ਦੇ ਜੀਜੇ ਹਰਬੰਸ ਸਿੰਘ ਨੇ ਦੋਸ਼ ਲਾਇਆ ਕਿ ਸੋਹਨ ਸਿੰਘ ਦੀ ਮੌਤ ਤਸ਼ੱਦਦ ਕਾਰਨ ਹੋਈ ਹੈ। ਇਸ ਲਈ ਦੋਸ਼ੀ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਹੋਣਾ ਚਾਹੀਦਾ ਹੈ। ਉਸ ਨੇ ਸੋਹਨ ਸਿੰਘ ਖ਼ਿਲਾਫ਼ ਦਰਜ ਕੇਸ ਨੂੰ ਗਲਤ ਕਰਾਰ ਦਿੰਦਿਆਂ ਕਿਹਾ ਕਿ ਕਾਰ ਬੰਬ ਵਾਲੀ ਘਟਨਾ ਵਾਪਰਨ ਸਮੇਂ ਸੋਹਨ ਸਿੰਘ ਦੀ ਲੱਤ ਟੁੱਟੀ ਹੋਈ ਸੀ। ਇਸ ਲਈ ਉਹ ਅਜਿਹਾ ਅਪਰਾਧ ਕਰ ਹੀ ਨਹੀਂ ਸੀ ਸਕਦਾ ਪਰ ਪੁਲਿਸ ਵੱਲੋਂ ਦਰਜ ਕੇਸ ਵਿਚ ਉਸ ਦਾ ਨਾਂ ਸ਼ਾਮਲ ਹੋਣ ਕਾਰਨ ਆਪਣੀ ਜਾਨ ਬਚਾਉਣ ਲਈ ਉਸ ਨੂੰ ਲੁਕਣਾ ਪਿਆ ਸੀ। ਉਨ੍ਹਾਂ ਕਿਹਾ ਕਿ ਸੋਹਨ ਸਿੰਘ ਇਕ ਬਹਾਦਰ ਵਿਅਕਤੀ ਸੀ ਤੇ ਉਹ ਇਸ ਤਰ੍ਹਾਂ ਬੁਜ਼ਦਿਲਾਂ ਵਾਲੀ ਮੌਤ ਨਹੀਂ ਮਰ ਸਕਦਾ। ਇਹ ਮੌਤ ਪੁਲਿਸ ਦੇ ਤਸ਼ੱਦਦ ਕਰਕੇ ਹੋਈ ਹੈ ਜਿਸ ਨੂੰ ਆਤਮ ਹੱਤਿਆ ਦਾ ਨਾਂ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਖ਼ਾਲਸਾ ਐਕਸ਼ਨ ਕਮੇਟੀ ਦੇ ਭਾਈ ਮੋਹਕਮ ਸਿੰਘ ਤੇ ਹੋਰ ਜਥੇਬੰਦੀਆਂ ਨੇ ਸੋਹਨ ਸਿੰਘ ਦੀ ਹਿਰਾਸਤ 'ਚ ਹੋਈ ਮੌਤ ਦੀ ਆਲੋਚਨਾ ਕਰਦਿਆਂ ਸਰਕਾਰ ਤੇ ਪੁਲਿਸ ਦੀ ਨਿਖੇਧੀ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਬਲਦੇਵ ਸਿੰਘ ਸਿਰਸਾ, ਭਾਈ ਧਰਮ ਸਿੰਘ ਕਾਸ਼ਤੀਵਾਲ ਟਰੱਸਟ ਦੀ ਆਗੂ ਸੰਦੀਪ ਕੌਰ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਰਾਮ ਸਿੰਘ ਨੇ ਵੀ ਘਟਨਾ ਦੀ ਨਿਖੇਧੀ ਕਰਦਿਆਂ ਇਸ ਘਟਨਾ ਦੀ ਉਚ ਪੱਧਰੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਆਗੂ ਹਰਮਨਦੀਪ ਸਿੰਘ ਸਰਹਾਲੀ ਤੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਡਿਪਟੀ ਚੇਅਰਮੈਨ ਕਿਰਪਾਲ ਸਿੰਘ ਰੰਧਾਵਾ ਨੇ ਇਸ ਘਟਨਾ ਦੀ ਜਾਂਚ ਹਾਈ ਕੋਰਟ ਦੇ ਮੌਜੂਦਾ ਜੱਜ ਕੋਲੋਂ ਕਰਾਉਣ ਤੇ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ।

# ਨਾਨਕਸ਼ਾਹੀ ਕੈਲੰਡਰ ਬਾਰੇ ਮਤਭੇਦ ਬਰਕਰਾਰ

ਅੰਮ੍ਰਿਤਸਰ: ਨਾਨਕਸ਼ਾਹੀ ਕੈਲੰਡਰ ਦੀ ਸੰਮਤ 543 ਅਨੁਸਾਰ ਨਵੇਂ ਵਰ੍ਹੇ ਨੂੰ ਜੀ ਆਇਆਂ ਕਹਿਣ ਲਈ 13 ਮਾਰਚ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਧਾਰਮਿਕ ਸਮਾਗਮ ਕਰਵਾਇਆ ਗਿਆ ਜਦੋਂਕਿ ਦੂਜੇ ਪਾਸੇ ਦਲ ਖਾਲਸਾ ਜਥੇਬੰਦੀ ਨੇ ਇਸ ਮੌਕੇ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਅਪ੍ਰਵਾਨ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅਰਦਾਸ ਕਰਕੇ ਨਵੇਂ ਵਰ੍ਹੇ ਲਈ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ।

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਕੁਝ ਦਿਨ ਪਹਿਲਾਂ ਸੋਧਿਆ ਹੋਇਆ ਨਵੇਂ ਵਰ੍ਹੇ ਦਾ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਗਿਆ ਸੀ ਤੇ ਸਿੱਖ ਸੰਗਤਾਂ ਨੂੰ ਸੋਧੇ ਹੋਏ ਕੈਲੰਡਰ ਮੁਤਾਬਕ ਗੁਰਪੁਰਬ ਤੇ ਹੋਰ ਦਿਨ ਦਿਹਾੜੇ ਮਨਾਉਣ ਲਈ ਅਪੀਲ ਕੀਤੀ ਸੀ ਪਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਸੋਧੇ ਹੋਏ ਕੈਲੰਡਰ ਨੂੰ ਅਪ੍ਰਵਾਨ ਕਰਦਿਆਂ ਨਵੇਂ ਵਰ੍ਹੇ ਲਈ ਮੂਲ ਕੈਲੰਡਰ ਜਾਰੀ ਕੀਤਾ ਸੀ। ਦਿੱਲੀ ਕਮੇਟੀ ਤੋਂ ਬਾਅਦ ਹੁਣ ਸਿੱਖ ਜਥੇਬੰਦੀ ਦਲ ਖਾਲਸਾ ਨੇ ਵੀ ਨਵੇਂ ਵਰ੍ਹੇ ਦੀ ਆਮਦ 'ਤੇ ਮੂਲ ਕੈਲੰਡਰ ਜਾਰੀ ਕੀਤਾ ਹੈ। ਦਲ ਖਾਲਸਾ ਨੇ 14 ਅਪਰੈਲ 2003 ਨੂੰ ਜਾਰੀ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਨੂੰ ਗੁਰਬਾਣੀ ਅਧਾਰਿਤ ਪੰਥ ਪ੍ਰਵਾਨਿਤ ਕੈਲੰਡਰ ਕਰਾਰ ਦਿੱਤਾ।

ਦਲ ਖਾਲਸਾ ਨੇ ਅਸਲ ਨਾਨਕਸ਼ਾਹੀ ਕੈਲੰਡਰ ਦੀ ਇਕ ਕਾਪੀ ਤੇ ਯਾਦ ਪੱਤਰ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸੌਂਪਿਆ। ਇਸ ਤੋਂ ਪਹਿਲਾਂ ਦਲ ਖ਼ਾਲਸਾ ਦੇ ਕਾਰਕੁਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੇੜੇ ਗੁਰਦੁਆਰਾ ਝੰਡੇ-ਬੁੰਗੇ ਵਿਖੇ ਅਰਦਾਸ ਕੀਤੀ ਤੇ ਨਵੇਂ ਵਰ੍ਹੇ ਦੇ ਕੈਲੰਡਰ ਦੀ ਪਹਿਲੀ ਕਾਪੀ ਜੂਨ 1984 ਵਿੱਚ ਵਾਪਰੇ ਸਾਕਾ ਨੀਲਾ ਤਾਰਾ ਮੌਕੇ ਮਾਰੇ ਗਏ ਅਜੀਤ ਸਿੰਘ ਠਰੂ ਦੇ ਪੁੱਤਰ ਸਤਨਾਮ ਸਿੰਘ ਨੂੰ ਭੇਟ ਕੀਤੀ। ਦਲ ਖਾਲਸਾ ਨੇ ਜਥੇਦਾਰ ਤੋਂ 2003 ਵਿਚ ਜਾਰੀ ਕੀਤਾ ਮੂਲ ਕੈਲੰਡਰ ਬਹਾਲ ਕਰਨ ਦੀ ਮੰਗ ਕੀਤੀ।

ਜਥੇਬੰਦੀ ਦੇ ਆਗੂਆਂ ਨੇ ਨਾਨਕਸ਼ਾਹੀ ਕੈਲੰਡਰ ਦੀਆਂ ਸੈਂਕੜੇ ਕਾਪੀਆਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਵੀ ਵੰਡੀਆਂ। ਇਸ ਕੈਲੰਡਰ ਉਪਰ ਘੱਲੂਘਾਰਾ 1984 ਮੌਕੇ ਤਬਾਹ ਹੋਏ ਸ੍ਰੀ ਅਕਾਲ ਤਖਤ ਸਾਹਿਬ ਦੀ ਢਹਿ-ਢੇਰੀ ਹੋਈ ਇਮਾਰਤ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਹੈ। ਕੈਲੰਡਰ ਉਪਰ ਵੱਡੇ-ਵੱਡੇ ਅੱਖਰਾਂ ਵਿਚ 'ਆਜ਼ਾਦੀ: ਇਕੋ ਇਕ ਰਾਹ' ਉੱਕਰਿਆ ਹੋਇਆ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵਲੋਂ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਨਵੇਂ ਵਰ੍ਹੇ ਦੀ ਆਮਦ 'ਤੇ ਗੁਰਮਤਿ ਸਮਾਗਮ ਕਰਵਾਇਆ ਗਿਆ।


ਕੀ ਤੁਹਾਡੇ ਕੋਲ਼ iPhone ਹੈ? ਹੁਣ ਤੁਸੀਂ ਆਪਣੇ iPhone ਤੇ ਹੀ iHues.com ਦਾ ਫ੍ਰੀ App ਐਡ ਕਰਕੇ ਪੰਜਾਬੀ ਵਿੱਚ ਤਾਜ਼ੀਆਂ ਖ਼ਬਰਾਂ ਪੜ੍ਹ ਸਕਦੇ ਹੋ




ਜਿਆਦਾ ਜਾਣਕਾਰੀ ਲਈ www.ihues.com ਤੇ ਜਾਵੋ

iHues.com ਦਾ ਫ੍ਰੀ App ਲੈਣ ਕਰਨ ਲਈ ਆਪਣੇ iPhone ਦੇ App Store ਵਿੱਚ ihues media ਸ਼ਬਦ ਟਾਈਪ ਕਰੋ






**Business Opportunity**

International Company looking for serious people to work from home-part time or full time. Great earning potential, full training and support provided. To attend training in your area and For more info. call:

Surjit Singh or Satwant K. Takk Cell:

**(416) 889-9886**

Sukhpreet Kaur Indiana

Ph:317-884-3557

*www.safeandeasyweightloss.com*

*e-mail:sstakk@hotmail.com*



FARMERS INSURANCE GROUP Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella *Business Work Comp.

Duabba Insurance Agency

2450 Peralta Blvd Suite 120, Fremont CA 94536

Phone: 510-797-7989 Fax: 510-794-7398

visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਪੰਥਕ ਹਸਤੀਆਂ ਵੱਲੋਂ ਸੋਧਿਆ ਨਾਨਕਸ਼ਾਹੀ ਕੈਲੰਡਰ ਰੱਦ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਪੀਲ ਕੀਤੀ ਹੈ ਕਿ ਨਾਨਕਸ਼ਾਹੀ ਕੈਲੰਡਰ ਬਾਰੇ ਪੰਥ ਦੀ ਦੁਬਿਧਾ ਨੂੰ ਦੂਰ ਕਰਨ ਤੇ ਕੈਲੰਡਰ ਨੂੰ ਸਮੁੱਚੇ ਤੇ ਸਹੀ ਰੂਪ ਵਿਚ ਲਾਗੂ ਕਰਕੇ ਕੌਮ 'ਚ ਵੰਡ ਪੈਣ ਤੋਂ ਰੋਕੀ ਜਾਵੇ। ਉਨ੍ਹਾਂ ਐਲਾਨ ਕੀਤਾ ਕਿ ਦਿੱਲੀ ਕਮੇਟੀ ਪੁਰਾਣੇ ਨਾਨਕਸ਼ਾਹੀ ਕੈਲੰਡਰ ਮੁਤਾਬਕ ਹੀ ਪੁਰਬ ਮਨਾਏਗੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਨਾਨਕਸ਼ਾਹੀ ਕੈਲੰਡਰ ਬਾਰੇ ਕਰਵਾਏ ਸਮਾਗਮ ਦੌਰਾਨ 2010 ਅੰਦਰ ਇਸ ਕੈਲੰਡਰ 'ਚ ਕੀਤੀਆਂ ਸੋਧਾਂ ਨੂੰ ਗੈਰ-ਸਿਧਾਂਤਕ, ਗੈਰ-ਵਿਗਿਆਨਕ ਤੇ ਆਦਰਸ਼ ਵਿਹੂਣੀਆਂ ਕਰਾਰ ਦਿੱਤਾ ਗਿਆ। ਇਸ ਮੌਕੇ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ 2010 'ਚ ਕੀਤੀਆਂ ਤਬਦੀਲੀਆਂ ਬਾਰੇ ਸਾਰੀਆਂ ਧਿਰਾਂ ਨਾਲ ਗੱਲਬਾਤ ਨਹੀਂ ਕੀਤੀ ਗਈ। ਦੀਦਾਰ ਸਿੰਘ ਨਲਵੀ, ਜਸਵੰਤ ਸਿੰਘ ਮਾਨ, ਕੁਲਜੀਤ ਸਿੰਘ, ਹਰਿੰਦਰਪਾਲ ਸਿੰਘ, ਰਾਜਿੰਦਰ ਸਿੰਘ (ਇੰਗਲੈਂਡ) ਸਮੇਤ ਹੋਰ ਸਿੱਖ ਆਗੂਆਂ ਵੱਲੋਂ ਨਾਨਕਸ਼ਾਹੀ ਕੈਲੰਡਰ ਬਾਰੇ ਪੱਖ ਪੇਸ਼ ਕੀਤੇ ਗਏ।


ਗੁਰਦੁਆਰਾ ਰਕਾਬ ਗੰਜ ਵਿਖੇ ਹੋਈ ਇਕੱਤਰਤਾ ਦੌਰਾਨ ਨਾਨਕਸ਼ਾਹੀ ਕੈਲੰਡਰ ਬਣਾਉਣ ਵਾਲੇ ਪਾਲ ਸਿੰਘ ਪੁਰੇਵਾਲ ਨੇ ਸੂਰਜੀ



ਵਿਧੀ ਰਾਹੀਂ ਨਾਨਕਸ਼ਾਹੀ ਕੈਲੰਡਰ ਦੇ ਵੇਰਵੇ ਕੰਪਿਊਟਰੀ ਢੰਗ ਨਾਲ ਪੇਸ਼ ਕੀਤੇ ਤੇ ਤਿੰਨ ਮੁੱਖ ਬਿੰਦੂਆਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ 2003 'ਚ ਬਣਨ ਵਾਲੇ ਕੈਲੰਡਰ ਗੁਰਬਾਣੀ ਮੁਤਾਬਕ ਸਿੱਖਾਂ ਦੇ ਵੱਖਰੇ ਕੈਲੰਡਰ ਅਨੁਸਾਰ ਤੇ ਸੂਰਜੀ ਪ੍ਰਬੰਧ ਸਥਿਰ ਪ੍ਰਣਾਲੀ ਨੂੰ ਧਿਆਨ 'ਚ ਰੱਖ ਕੇ ਬਣਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਵਿਕਰਮੀ ਕੈਲੰਡਰ ਤਹਿਤ 500 ਸਾਲਾਂ ਤੱਕ ਵਰਤਮਾਨ ਤਰੀਕਾਂ ਤਿਉਹਾਰਾਂ 'ਚ ਕਾਫੀ ਵੱਡਾ ਫਰਕ ਆ ਜਾਵੇਗਾ। ਉਨ੍ਹਾਂ ਕਈ ਦੇਸ਼ਾਂ ਦੇ ਉਨ੍ਹਾਂ ਕੈਲੰਡਰਾਂ ਦਾ ਹਵਾਲਾ ਦਿੱਤਾ ਕਿ ਜੋ ਸੂਰਜੀ ਪ੍ਰਣਾਲੀ ਨੂੰ ਅਪਣਾਏ ਹੋਏ ਹਨ। ਉਨ੍ਹਾਂ ਮੰਗ ਕੀਤੀ ਕਿ 2010 ਦੇ ਸੋਧੇ ਕੈਲੰਡਰ ਨੂੰ ਸਹੀ ਕਰਨ ਲਈ 11 ਮੈਂਬਰੀ ਕਮੇਟੀ ਬਣਾਈ ਜਾਵੇ ਜਿਸ 'ਚ ਉਨ੍ਹਾਂ ਨੂੰ ਕੈਲੰਡਰ ਬਣਾਉਣ ਦੇ ਅਪਣਾਏ ਤਰੀਕਿਆਂ ਬਾਰੇ ਤੱਥ ਪੇਸ਼ ਕਰਨ ਦੀ ਆਗਿਆ ਦਿੱਤੀ ਜਾਵੇ। ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਚਰਨ, ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਤੇ ਬੰਦੀ ਛੋੜ ਦਿਵਸ ਦੀਆਂ ਤਰੀਕਾਂ ਦੀਆਂ ਤਰੁੱਟੀਆਂ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੌਕੇ ਨਾਨਕਸ਼ਾਹੀ ਕੈਲੰਡਰ ਦੇ ਹੱਕ 'ਚ ਮਤਾ ਪੇਸ਼ ਕਰਕੇ ਉਸ ਨੂੰ ਹਾਜ਼ਰ ਸਿੱਖਾਂ ਵੱਲੋਂ ਹੱਥ ਖੜ੍ਹੇ ਕਰਕੇ ਪਾਸ ਕੀਤਾ ਗਿਆ ਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਇਕੱਠੇ ਹੋ ਕੇ ਲੜਨ ਦਾ ਹੋਕਾ ਦਿੱਤਾ ਗਿਆ।

## ਕੈਲੰਡਰ 'ਚ ਸੋਧਾਂ ਬਾਰੇ ਕਿਸੇ ਸਲਾਹ ਨਹੀਂ ਕੀਤੀ: ਪੁਰੇਵਾਲ

**ਜਲੰਧਰ:** ਨਾਨਕਸ਼ਾਹੀ ਕੈਲੰਡਰ ਦੇ ਰਚੇਤਾ ਸ. ਪਾਲ ਸਿੰਘ ਪੁਰੇਵਾਲ ਨੇ ਕਿਹਾ ਹੈ



ਕਿ ਨਾਨਕਸ਼ਾਹੀ ਕੈਲੰਡਰ 'ਚ ਸੋਧਾਂ ਤੋਂ ਪਹਿਲਾਂ ਜਾਂ ਬਾਅਦ ਵਿਚ ਉਨ੍ਹਾਂ ਨਾਲ ਗੱਲ ਤੱਕ ਕਰਨ ਦੀ ਲੋੜ ਨਹੀਂ ਸਮਝੀ ਗਈ ਤੇ ਨਾ ਹੀ ਉਨ੍ਹਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਲਿਖੇ ਪੱਤਰ ਦਾ ਕੋਈ ਉੱਤਰ ਦਿੱਤਾ ਗਿਆ ਹੈ।

ਸ. ਪੁਰੇਵਾਲ ਨੇ ਕਿਹਾ ਕਿ ਕੈਲੰਡਰ ਦੇ ਮੁੱਦੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੰਘ ਸਾਹਿਬਾਨ ਦੀਆਂ ਹੋਈਆਂ ਮੀਟਿੰਗਾਂ ਵਿਚ ਉਨ੍ਹਾਂ ਨੂੰ ਵੀ ਆਪਣਾ ਪੱਖ ਰੱਖਣ ਲਈ ਬੁਲਾਇਆ ਜਾ ਸਕਦਾ ਸੀ ਪਰ ਇੰਝ ਨਹੀਂ ਕੀਤਾ ਗਿਆ ਤੇ ਉਨ੍ਹਾਂ ਵੱਲੋਂ ਬੀਤੇ ਦਿਨੀਂ ਸੋਧਾਂ ਸਬੰਧੀ ਕੀਤੇ ਗਏ ਸੰਮੇਲਨ ਤੋਂ ਦੋ ਘੰਟੇ ਬਾਅਦ ਹੀ ਕਾਹਲੀ ਵਿਚ ਨਵਾਂ ਨਾਨਕਸ਼ਾਹੀ ਕੈਲੰਡਰ ਜਾਰੀ ਕਰਕੇ ਗੱਲਬਾਤ ਦੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਹਨ।

## ਪੰਜਾਬ 'ਚ ਦਾਲ ਸਸਤੀ ਰੇਤਾ ਮਹਿੰਗਾ

**ਚੰਡੀਗੜ੍ਹ:** ਇਹ ਗੱਲ ਸੁਣ ਕੇ ਹੈਰਾਨੀ ਹੋਵੇਗੀ ਕਿ ਅੰਨਦਾਤਾ ਕਹਾਉਣ ਵਾਲੇ ਪੰਜਾਬ 'ਚ ਦਾਲ ਨਾਲੋਂ ਰੇਤਾ ਮਹਿੰਗਾ ਹੈ। ਪੰਜਾਬ ਸਰਕਾਰ ਵੱਲੋਂ ਆਟਾ-ਦਾਲ ਸਕੀਮ ਤਹਿਤ ਦਾਲ ਤਾਂ ਚਾਰ ਰੁਪਏ ਪ੍ਰਤੀ ਕਿਲੋ ਵਿਕ ਰਹੀ ਹੈ ਪਰ ਰੇਤਾ ਅੱਠ ਰੁਪਏ ਪ੍ਰਤੀ ਕਿਲੋ ਵਿਕ ਰਿਹਾ ਹੈ।

ਇਹ ਮਾਮਲਾ ਪੰਜਾਬ ਵਿਧਾਨ ਸਭਾ 'ਚ ਵੀ ਉੱਠਿਆ। ਕਾਂਗਰਸੀ ਵਿਧਾਇਕ ਨੇ ਦੋਸ਼ ਲਾਇਆ ਕਿ ਸੱਤਾਧਾਰੀ ਗੱਠਜੋੜ ਵਿਚ ਕੁਝ ਕਾਲੀਆਂ ਭੇਡਾਂ ਹਨ ਜੋ ਸਰਕਾਰੀ ਖਜ਼ਾਨਾ ਲੁੱਟ ਰਹੀਆਂ ਹਨ। ਕਾਂਗਰਸੀ ਵਿਧਾਇਕ ਜਸਬੀਰ ਸਿੰਘ ਖੰਗੂੜਾ ਦੇ ਸਵਾਲ ਦਾ ਜਵਾਬ ਦਿੰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿਚ ਰਾਜ ਸਰਕਾਰ ਵੱਲੋਂ ਖੁਦਾਈ ਦੇ ਦਿੱਤੇ ਠੇਕਿਆਂ ਤੋਂ 122 ਕਰੋੜ ਰੁਪਏ ਦੀ ਆਮਦਨ ਹੋਈ ਹੈ।

ਇਸ 'ਤੇ ਸ੍ਰੀ ਖੰਗੂੜਾ ਨੇ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਜਿਹੜੀ ਸਰਕਾਰ ਨੂੰ ਸਾਲਾਨਾ ਆਮਦਨ 200 ਕਰੋੜ ਹੋਣੀ ਚਾਹੀਦੀ ਸੀ ਉਹ 122 ਕਰੋੜ ਰੁਪਏ ਤਿੰਨ ਸਾਲਾਂ ਵਿਚ ਪ੍ਰਾਪਤ ਕਰਕੇ ਸੰਤੁਸ਼ਟ ਹੋਈ ਬੈਠੀ ਹੈ। ਸਰਕਾਰ ਨੂੰ ਤਿੰਨ ਸਾਲਾਂ ਵਿਚ 600 ਕਰੋੜ ਰੁਪਏ ਦੀ ਆਮਦਨ ਹੋਣੀ ਚਾਹੀਦੀ ਸੀ। ਉਨ੍ਹਾਂ ਸਵਾਲ ਕੀਤਾ ਕਿ ਇਸ ਸਾਰੇ ਘਾਟੇ ਦਾ ਲਾਭ ਕੌਣ ਲੈ ਰਿਹਾ ਹੈ ਤੇ ਖੁਦਾਈ ਦੇ ਠੇਕਿਆਂ ਵਿਚ ਪਾਰਦਰਸ਼ਤਾ ਤੇ ਨਿਰਪੱਖਤਾ ਵਰਤੀ ਜਾ ਰਹੀ ਹੈ। ਇਹ ਮਾਮਲਾ ਜਦੋਂ ਭਖ ਗਿਆ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਖੁਦਾਈ ਦੇ ਠੇਕੇ ਮਹਿੰਗੇ ਵੇਚੇ ਜਾ ਸਕਦੇ ਨੇ ਪਰ ਅਸੀਂ ਆਮ ਬੰਦੇ ਦਾ ਵੀ ਧਿਆਨ ਰੱਖਣਾ ਹੈ।

## ਪੰਜਾਬ 'ਚ ਨਹਿਰੀ ਪਾਣੀ ਤੋਂ ਪੈਦਾ ਹੋਵੇਗੀ ਬਿਜਲੀ

**ਚੰਡੀਗੜ੍ਹ:** ਬਿਜਲੀ ਦੀ ਘਾਟ ਦਾ ਲਗਾਤਾਰ ਸਾਹਮਣਾ ਕਰ ਰਹੇ ਪੰਜਾਬ ਨੇ ਹੁਣ ਨਹਿਰੀ ਪਾਣੀ ਦੇ ਵਹਾਅ ਨਾਲ ਚੱਲਣ ਵਾਲੀਆਂ ਟਰਬਾਈਨਾਂ ਜ਼ਰੀਏ 1500 ਮੈਗਾਵਾਟ ਬਿਜਲੀ ਪੈਦਾ ਕਰਨ ਦੀ ਯੋਜਨਾ ਬਣਾਈ ਹੈ ਤੇ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵੱਲੋਂ ਇਨ੍ਹਾਂ ਟਰਬਾਈਨਾਂ ਦਾ ਇਕ ਮਾਡਲ ਪਹਿਲਾਂ ਹੀ ਤਿਆਰ ਕਰ ਲਿਆ ਗਿਆ ਹੈ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਹੈ ਕਿ ਸਰਕਾਰ ਵੱਲੋਂ ਅਗਲੇ ਦੋ ਸਾਲਾਂ ਵਿਚ ਥਰਮਲਾਂ ਰਾਹੀਂ ਬਿਜਲੀ ਉਤਪਾਦਨ ਨੂੰ 11000 ਮੈਗਾਵਾਟ ਤੇ ਨਵਿਆਉਣਯੋਗ ਊਰਜਾ ਸਰੋਤਾਂ ਤੋਂ 700 ਮੈਗਾਵਾਟ ਤੱਕ ਪਹੁੰਚਾਉਣ ਦੀ ਯੋਜਨਾ ਮਗਰੋਂ ਪੰਜਾਬ ਹੁਣ ਰਾਜ ਅੰਦਰ ਲੰਘਦੇ ਸਮੂਹ ਦਰਿਆਵਾਂ ਤੇ ਨਹਿਰਾਂ ਤੋਂ ਨਵੀਂ ਤਕਨੀਕ ਰਾਹੀ ਬਿਜਲੀ ਪੈਦਾ ਕਰੇਗਾ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਤਹਿਤ ਸਮੂਹ ਨਹਿਰਾਂ ਤੇ ਦਰਿਆਵਾਂ ਵਿਚ ਵਿਸ਼ੇਸ਼ ਟਰਬਾਈਨਾਂ ਲਗਾਈਆਂ ਜਾਣਗੀਆਂ ਤੇ ਇਸ ਤਰੀਕੇ ਨਾਲ 1500 ਮੈਗਾਵਾਟ ਤੋ ਜ਼ਿਆਦਾ ਬਿਜਲੀ ਪੈਦਾ ਹੋ ਸਕੇਗੀ।

# ਕੈਗ ਨੇ ਖੋਲ੍ਹੀ ਪੰਜਾਬ ਸਰਕਾਰ ਦੀ ਪੋਲ

### *ਚਾਰ ਸਾਲਾਂ 'ਚ 68,814 ਕਰੋੜ ਕਰਜ਼ਾ ਵਧਿਆ*

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਨੂੰ ਨੰਬਰ ਵੰਨ ਸੂਬਾ ਬਣਾਉਣ ਦੇ ਦਾਅਵੇ ਕਰ ਰਹੀ ਪੰਜਾਬ ਦੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਨੇ ਆਪਣੇ ਸ਼ਾਸ਼ਨ ਦੇ ਚਾਰ ਸਾਲਾਂ ਦੌਰਾਨ 68,814 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਇਹ ਖੁਲਾਸਾ ਕੈਗ ਵੱਲੋਂ 2009-10 ਦੀ ਜਾਰੀ ਰਿਪੋਰਟ ਵਿਚ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਮਾਰਚ 2007 ਤੱਕ ਪੰਜਾਬ ਸਰਕਾਰ ਸਿਰ ਕਰਜ਼ਾ 44,743.51 ਕਰੋੜ ਸੀ ਤੇ ਕਾਰਪੋਰੇਸ਼ਨਾਂ ਤੇ ਬੋਰਡਾਂ ਦੀਆਂ ਦੇਣਦਾਰੀਆਂ 5088.65 ਕਰੋੜ ਰੁਪਏ ਸਨ ਜੋ 31 ਜਨਵਰੀ 2011 ਨੂੰ ਵਧ ਕੇ 1,18,646 ਕਰੋੜ ਰੁਪਏ ਹੋ ਗਈਆਂ।

ਕੈਗ ਨੇ ਸਰਕਾਰ ਦੇ ਉਨ੍ਹਾਂ ਦਾਅਵਿਆਂ ਦੀ ਵੀ ਫੂਕ ਕੱਢ ਦਿਤੀ ਕਿ ਜੇ ਸੂਬੇ ਦੀ ਆਮਦਨ ਵਿਚ ਨਿਰਧਾਰਤ ਮਾਪਦੰਡਾਂ ਅਨੁਸਾਰ ਵਾਧਾ ਹੋ ਰਿਹਾ ਹੋਵੇ ਤਾਂ ਕਰਜ਼ੇ ਲੈਣ ਵਿਚ ਕੋਈ ਹਰਜ਼ ਨਹੀਂ। ਕੈਗ ਮੁਤਾਬਕ ਪੰਜਾਬ ਸਰਕਾਰ ਦੀ ਕਮਾਈ ਤੇ ਖ਼ਰਚਿਆਂ ਵਿਚ ਵੱਡਾ ਫ਼ਰਕ ਪਾਇਆ ਗਿਆ ਹੈ। ਸਰਕਾਰ ਨੇ ਹਮੇਸ਼ਾ ਆਪਣੀ ਕਮਾਈ ਤੋਂ ਕਿਤੇ ਜ਼ਿਆਦਾ ਖ਼ਰਚ ਕੀਤਾ ਜਿਸ ਦੇ ਨਤੀਜੇ ਵਜੋਂ ਵਿਕਾਸ ਕਾਰਜਾਂ ਲਈ ਮਾਮੂਲੀ ਰਕਮ ਹੀ ਬਚੀ। ਸਰਕਾਰ ਨੇ 2009-10 ਵਿਚ ਆਪਣੇ ਸਾਰੇ ਸਾਧਨਾਂ ਤੋਂ 22,157 ਕਰੋੜ ਰੁਪਏ ਦੀ ਕਮਾਈ ਕੀਤੀ ਜਦਕਿ ਖ਼ਰਚਾ 27,408 ਕਰੋੜ ਰੁਪਏ ਦਾ ਹੋਇਆ। ਰਿਪੋਰਟ ਅਨੁਸਾਰ ਸਰਕਾਰ ਨੇ ਕਮਾਈ ਵਿਚ 6.97 ਫ਼ੀਸਦੀ ਦਾ ਵਾਧਾ ਕੀਤਾ ਪਰ ਨਾਲ ਹੀ ਖ਼ਰਚਿਆਂ ਵਿਚ 11.55 ਫ਼ੀਸਦੀ ਵਾਧਾ ਹੋਇਆ। ਬੇਤਹਾਸ਼ਾ ਖ਼ਰਚੇ ਕਾਰਨ ਕਮਾਈ ਵਿਚ ਵਾਧੇ ਦਾ 86 ਤੋਂ 93 ਫ਼ੀਸਦੀ ਹਿੱਸਾ ਇਨ੍ਹਾਂ ਵਿਚ ਹੀ ਚਲਾ ਗਿਆ। ਕੈਗ ਨੇ ਇਹ ਵੀ ਆਖਿਆ ਕਿ ਸਰਕਾਰ ਸਿਰ ਕਰਜ਼ਾ ਲਗਾਤਾਰ ਵਧਦਾ ਜਾ ਰਿਹਾ ਹੈ। 2009-10 ਵਿਚ ਕਰਜ਼ਾ ਵਧ ਕੇ 67,971 ਕਰੋੜ ਰੁਪਏ ਹੋ ਗਿਆ ਜੋ ਨਿਰਧਾਰਤ ਮਾਪਦੰਡਾਂ ਦੀ ਉਲੰਘਣਾ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿਧਾਨ ਸਭਾ ਵਿਚ ਦਾਅਵਾ ਕੀਤਾ ਸੀ ਕਿ ਪੰਜਾਬ ਦੀ ਆਰਥਕ ਹਾਲਤ ਬਹੁਤ ਵਧੀਆ ਹੈ ਤੇ ਆਮਦਨ ਵਿਚ ਚੋਖਾ ਵਾਧਾ ਹੋਇਆ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਸੀ ਕਿ ਜੀ.ਐਸ.ਡੀ.ਪੀ. ਦੇ ਨਿਯਮਾਂ ਮੁਤਾਬਕ ਪੰਜਾਬ ਦੇ ਕਰਜ਼ੇ ਵਿਚ ਕੁਝ ਵੀ ਗ਼ਲਤ ਨਹੀਂ ਪਰ ਕੈਗ ਰੀਪੋਰਟ ਮੁਤਾਬਕ ਇਹ ਨਿਯਮਾਂ ਦੀ ਉਲੰਘਣਾ ਹੈ। ਰਿਪੋਰਟ ਵਿਚ ਆਖਿਆ ਗਿਆ ਕਿ ਪੰਜਾਬ ਸਰਕਾਰ ਦੀਆਂ ਕਾਰਪੋਰੇਸ਼ਨਾਂ ਤੇ ਬੋਰਡਾਂ ਨੇ ਮਾਰਚ 2010 ਤੱਕ 33,295 ਕਰੋੜ ਦਾ ਕਰਜ਼ਾ ਲਿਆ ਜਿਸ ਦੀ ਗਰੰਟੀ ਸਰਕਾਰ ਨੇ ਦਿੱਤੀ। ਇਹ ਕਰਜ਼ਾ ਪੰਜਾਬ ਸਰਕਾਰ ਦੀ 2008-09 ਵਿਚ ਸਾਰੇ ਸਾਧਨਾਂ ਤੋਂ ਕਮਾਈ ਦਾ 161 ਫ਼ੀਸਦੀ ਬਣਦਾ ਹੈ। ਭਾਵ ਸਰਕਾਰ ਦੀ ਕਮਾਈ ਘੱਟ ਤੇ ਗਰੰਟੀਆਂ ਵੱਧ ਦਿੱਤੀਆਂ ਹਨ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਤੈਅ ਨਿਯਮਾਂ ਮੁਤਾਬਕ ਸਰਕਾਰ ਦੀ ਕੁੱਲ ਕਮਾਈ ਦਾ 80 ਫ਼ੀਸਦੀ ਦੇ ਬਰਾਬਰ ਰਕਮ ਦੀ ਗਰੰਟੀ ਦਿਤੀ ਜਾ ਸਕਦੀ ਹੈ। ਸਿਰਫ਼ ਇਥੇ ਹੀ ਬੱਸ ਨਹੀਂ ਸਰਕਾਰ ਨੇ 2005 ਤੋਂ ਲੈ ਕੇ 2010 ਤੱਕ ਆਪਣੀ ਕਮਾਈ ਦੇ ਮੁਕਾਬਲੇ ਵੱਧ ਖ਼ਰਚ ਕੀਤੇ। ਇਹ ਖ਼ਰਚੇ ਹਰ ਸਾਲ 1241 ਕਰੋੜ ਰੁਪਏ ਤੋਂ ਲੈ ਕੇ 5251 ਕਰੋੜ ਰੁਪਏ ਵੱਧ ਹੋਏ।

## ਪਰਵਾਸੀ ਮਜ਼ਦੂਰ ਵੱਲੋਂ ਕਿਸਾਨ ਦਾ ਕਤਲ

**ਕਰਤਾਰਪੁਰਾ:** ਇਥੋਂ ਦੇ ਪਿੰਡ ਨੁੱਸੀ 'ਚ ਇਕ ਕਿਸਾਨ ਕੋਲ ਨੌਕਰ ਰਹੇ ਪਰਵਾਸੀ ਮਜ਼ਦੂਰ ਨੇ ਛੇ ਹਜ਼ਾਰ ਰੁਪਏ ਬਦਲੇ ਉਸ ਦਾ ਕਤਲ ਕਰ ਦਿੱਤਾ। ਮਿਲੀ ਜਾਣਕਾਰੀ ਅਨੁਸਾਰ ਪਿੰਡ ਨੁੱਸੀ ਦੇ ਕਿਸਾਨ ਜੁਗਿੰਦਰ ਸਿੰਘ ਨੇ ਆਪਣੇ ਖੇਤਾਂ 'ਚ ਕੰਮ ਕਰਨ ਲਈ ਉੜੀਸਾ ਦੇ ਰਹਿਣ ਵਾਲੇ ਭਵਨੇਸ਼ਵਰ ਨਾਂ ਦੇ ਨੌਜਵਾਨ ਨੂੰ ਰੱਖਿਆ ਸੀ ਤੇ ਉਹ ਦੋਨੋਂ ਹੀ ਰਾਤ ਵੇਲੇ ਖੇਤਾਂ 'ਚ ਸੌਂਦੇ ਸਨ। 10 ਮਾਰਚ ਦੀ ਸ਼ਾਮ ਮਜ਼ਦੂਰ ਨੇ ਕਿਸਾਨ ਤੋਂ 200 ਰੁਪਏ ਮੰਗੇ ਤਾਂ ਉਸ ਨੇ ਦੇ ਦਿੱਤੇ। ਇਨ੍ਹਾਂ ਦੀ ਉਹ ਸ਼ਰਾਬ ਪੀ ਕੇ ਵਾਪਸ ਆਇਆ ਪਰ ਇਸੇ ਦੌਰਾਨ ਉਸ ਨੇ ਵੇਖ ਲਿਆ ਕਿ ਕਿਸਾਨ ਦੀ ਜੇਬ 'ਚ ਕਾਫੀ ਰੁਪਏ ਹਨ। ਇਸੇ ਲਾਲਚ ਕਾਰਨ ਉਸ ਨੇ ਰਾਤ ਨੂੰ ਸੁੱਤੇ ਪਏ ਕਿਸਾਨ 'ਤੇ ਕੁਹਾੜੇ ਦੇ ਕਈ ਵਾਰ ਕਰਕੇ ਉਸ ਦਾ ਸਿਰ ਪੂਰੀ ਤਰ੍ਹਾਂ ਭੰਨ ਦਿੱਤਾ। ਕਤਲ ਕਰਕੇ ਲਾਸ ਉਸ ਨੇ ਬਿਸਤਰੇ 'ਚ ਹੀ ਢੱਕ ਦਿੱਤੀ। ਇਸ ਉਪਰੰਤ ਉਹ ਕਿਸਾਨ ਦੀ ਜੇਬ ਚੋਂ 6000 ਰੁਪਏ ਕੱਢ ਕੇ ਫਰਾਰ ਹੋ ਗਿਆ।

# ਲੰਬੀ ਹਲਕੇ ਤੋਂ ਦਾਸ ਤੇ ਪਾਸ਼ ਹੋਣਗੇ ਆਹਮੋ-ਸਾਹਮਣੇ

**ਅੰਮ੍ਰਿਤਸਰ**: ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸਪਸ਼ਟ ਕੀਤਾ ਹੈ ਕਿ ਉਹ 27 ਮਾਰਚ ਨੂੰ ਖਟਕੜ ਕਲਾਂ 'ਚ ਨਵੀਂ ਸਿਆਸੀ ਪਾਰਟੀ ਬਣਾਉਣ ਪਿਛੋਂ ਆਪਣੇ ਪਿਤਾ ਗੁਰਦਾਸ ਸਿੰਘ ਬਾਦਲ ਨੂੰ ਲੰਬੀ ਤੇ ਆਪ ਗਿੱਦੜਬਾਹਾ ਤੋਂ ਹਲਕੇ ਤੋਂ ਵਿਧਾਨ ਸਭਾ ਚੋਣਾਂ ਲੜਨਗੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲੰਬੀ ਵਿਧਾਨ ਸਭਾ ਹਲਕੇ ਤੋਂ ਹੀ ਵਿਧਾਇਕ ਹਨ ਤੇ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਜੇਕਰ ਉਹ ਲੰਬੀ ਵਿਧਾਨ ਸਭਾ ਹਲਕੇ ਤੋਂ ਹੀ ਚੋਣ ਲੜਦੇ ਹਨ ਤਾਂ ਦੋਵੇਂ ਭਰਾ ਇਕ-ਦੂਜੇ ਦੇ ਆਹਮੋ-ਸਾਹਮਣੇ ਹੋਣਗੇ।

ਜਾਗੋ ਪੰਜਾਬ ਯਾਤਰਾ ਦੌਰਾਨ ਅੰਮ੍ਰਿਤਸਰ 'ਚ ਰੈਲੀ ਨੂੰ ਸੰਬੋਧਨ ਕਰਦੇ ਹੋਏ ਮਨਪ੍ਰੀਤ ਬਾਦਲ ਨੇ ਕਿਹਾ ਕਿ ਸਿਆਸੀ ਪਾਰਟੀ ਵਿਚ ਨੌਜਵਾਨਾਂ ਤੇ ਔਰਤਾਂ ਨੂੰ 50 ਫੀਸਦੀ ਥਾਂ ਦਿੱਤੀ ਜਾਵੇਗੀ ਤੇ ਇਸ 'ਚ ਨਵੀਂ ਸੋਚ ਵਾਲੇ ਨੌਜਵਾਨ ਚਿਹਰਿਆਂ ਨੂੰ ਤਰਜੀਹ ਦਿੱਤੀ ਜਾਵੇਗੀ।





ਨਵੀਂ ਪਾਰਟੀ ਦਾ ਐਲਾਨ ਕਰਨ ਸਮੇਂ ਸ. ਬਾਦਲ ਤੇ ਉਨ੍ਹਾਂ ਦੇ ਸਾਥੀ ਵਿਧਾਇਕ ਆਪੋ ਆਪਣੇ ਅਸਤੀਫ਼ੇ ਦੇਣ ਦਾ ਵੀ ਐਲਾਨ ਕਰ ਸਕਦੇ ਹਨ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨਾਲ ਸਬੰਧਤ ਕਈ ਆਗੂ ਉਨ੍ਹਾਂ ਦੇ ਕਾਫ਼ਲੇ ਵਿਚ ਸ਼ਾਮਲ ਹੋ ਗਏ ਹਨ। ਕਾਂਗਰਸ ਛੱਡ ਕੇ ਸ੍ਰੀ ਬਾਦਲ ਦੇ ਕਾਫ਼ਲੇ 'ਚ ਸ਼ਾਮਲ ਹੋਏ ਤਰਲੋਕ ਸਿੰਘ ਸੈਣੀ ਦੇ ਘਰ ਸੰਮੇਲਨ ਦੌਰਾਨ ਸਾਬਕਾ ਵਿੱਤ ਮੰਤਰੀ ਨੇ ਦੱਸਿਆ ਕਿ ਉਹ ਆਪਣੀ ਨਵੀਂ ਸਿਆਸੀ ਪਾਰਟੀ ਦਾ ਐਲਾਨ 27 ਮਾਰਚ ਨੂੰ ਖਟਕੜ ਕਲਾਂ ਵਿਖੇ ਰੱਖੀ ਗਈ ਰੈਲੀ ਦੌਰਾਨ ਕਰਨਗੇ। ਇਸ ਰੈਲੀ ਵਿਚ ਪਾਰਟੀ ਦਾ ਨਾਂ, ਸੰਵਿਧਾਨ ਤੇ ਕੋਰ ਏਜੰਡੇ ਦਾ ਵੀ ਐਲਾਨ ਕੀਤਾ ਜਾਵੇਗਾ। ਰੈਲੀ ਦੌਰਾਨ ਇਕੱਤਰ ਹੋਏ ਲੋਕਾਂ ਨੂੰ ਦੱਸਿਆ ਜਾਵੇਗਾ ਕਿ ਨਵੀਂ ਪਾਰਟੀ ਬਣਾਉਣ ਦੀ ਲੋੜ ਕਿਉਂ ਮਹਿਸੂਸ ਹੋਈ ਤੇ ਉਸੇ ਦਿਨ ਹੀ ਪਾਰਟੀ 'ਚ ਨਵੀਂ ਭਰਤੀ ਆਰੰਭ ਕੀਤੀ ਜਾਵੇਗੀ ਜੋ 60 ਦਿਨ ਚੱਲੇਗੀ। ਭਰਤੀ ਦੌਰਾਨ ਨੌਜਵਾਨ ਪੀੜ੍ਹੀ ਨੂੰ ਵਧੇਰੇ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਨਵੀਂ ਗਠਿਤ ਕੀਤੀ ਜਾਣ ਵਾਲੀ ਸਿਆਸੀ ਪਾਰਟੀ ਦਾ ਢਾਂਚਾ ਫਿਲਹਾਲ ਛੋਟਾ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਵਿਚ ਨੌਜਵਾਨਾਂ ਤੇ ਔਰਤਾਂ ਲਈ 50 ਫੀਸਦੀ ਰਾਖਵੀਆਂ ਸੀਟਾਂ ਹੋਣਗੀਆਂ।

ਆਉਂਦੀਆਂ ਵਿਧਾਨ ਸਭਾ ਚੋਣਾਂ 'ਚ ਆਪਣੀ ਪਾਰਟੀ ਦੇ ਉਮੀਦਵਾਰ ਹਰ ਹਲਕੇ 'ਚ ਉਤਾਰਨ ਬਾਰੇ ਉਨ੍ਹਾਂ ਕਿਹਾ ਕਿ ਪਾਰਟੀ ਦੀ ਤਾਕਤ ਤੇ ਸਥਿਤੀ ਨੂੰ ਦੇਖ ਕੇ ਹੀ ਇਸ ਬਾਰੇ ਫੈਸਲਾ ਲਿਆ ਜਾਵੇਗਾ।

ਸਾਬਕਾ ਵਿੱਤ ਮੰਤਰੀ ਨੇ ਕਿਹਾ ਕਿ ਨਵੀਂ ਸਿਆਸੀ ਪਾਰਟੀ ਦੇ ਗਠਨ ਦਾ ਐਲਾਨ ਕਰਨ ਸਮੇਂ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਦੇਣਾ ਭਾਵੇਂ ਜ਼ਰੂਰੀ ਨਹੀਂ ਹੈ ਪਰ ਉਹ ਇਸ ਬਾਰੇ ਵਿਚਾਰ ਕਰ ਰਹੇ ਹਨ। ਸਾਥੀ ਵਿਧਾਇਕਾਂ ਦੇ ਅਸਤੀਫੇ ਦਾ ਫੈਸਲਾ ਉਨ੍ਹਾਂ ਨੇ ਆਪਣੇ ਸਾਥੀ ਵਿਧਾਇਕਾਂ 'ਤੇ ਛੱਡਦਿਆਂ ਕਿਹਾ ਕਿ ਇਸ ਬਾਰੇ ਵਿਧਾਇਕ ਖ਼ੁਦ ਫੈਸਲਾ ਕਰਨਗੇ। ਉਨ੍ਹਾਂ ਕਿਹਾ ਕਿ ਆਉਂਦੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਹਿੱਸਾ ਲੈਣ ਬਾਰੇ ਫੈਸਲਾ ਕਰਨ ਦੀ ਥਾਂ ਉਹ ਇਸ ਵੇਲੇ ਵਧੇਰੇ ਧਿਆਨ ਨਵੀਂ ਪਾਰਟੀ ਦੇ ਗਠਨ ਵੱਲ ਲਾ ਰਹੇ ਹਨ।

## ਫੂਲਨ ਦੇਵੀ ਸਭ ਤੋਂ ਵੱਡੀ ਬਾਗੀ ਔਰਤ

**ਨਵੀਂ ਦਿੱਲੀ:** ਕਦੇ ਚੰਬਲ ਦੀਆਂ ਘਾਟੀਆਂ 'ਤੇ ਰਾਜ ਕਰਨ ਵਾਲੀ ਤੇ ਗ਼ਰੀਬਾਂ ਲਈ ਆਵਾਜ਼ ਉਠਾਉਣ ਵਾਲੀ ਡਾਕੂ ਫੂਲਨ ਦੇਵੀ ਨੂੰ ਪ੍ਰਸਿੱਧ 'ਟਾਈਮ ਮੈਗਜ਼ੀਨ' ਨੇ ਇਤਿਹਾਸ ਦੀਆਂ 16 ਸਭ ਤੋਂ ਵਿਦਰੋਹੀ ਔਰਤਾਂ ਦੀ ਸੂਚੀ 'ਚ ਚੌਥੇ ਨੰਬਰ 'ਤੇ ਰੱਖਿਆ ਹੈ। ਇਸ ਮੈਗਜ਼ੀਨ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਜਾਰੀ ਸੂਚੀ 'ਚ ਲਿਖਿਆ ਹੈ ਕਿ ਫੂਲਨ ਦੇਵੀ ਨੂੰ ਗ਼ਰੀਬਾਂ ਦੇ ਸੰਘਰਸ਼ ਲਈ ਆਵਾਜ਼ ਚੁੱਕਣ ਵਾਲੀ ਤੇ ਇਸ ਆਧੁਨਿਕ ਰਾਸ਼ਟਰ ਦੀ ਸਭ ਤੋਂ ਖ਼ਤਰਨਾਕ ਅਪਰਾਧੀ ਦੇ ਰੂਪ 'ਚ ਯਾਦ ਕੀਤਾ ਜਾਵੇਗਾ। ਇਸ 'ਚ ਕਿਹਾ ਗਿਆ ਹੈ ਕਿ ਆਪਣੇ ਸ਼ੁਰੂਆਤੀ ਦਿਨਾਂ 'ਚ ਬਿਨਾਂ ਮਰਜ਼ੀ ਤੋਂ ਵਿਆਹ ਤੇ ਕਈ ਵਾਰ ਸਰੀਰਕ ਸੋਸ਼ਣ ਦਾ ਸ਼ਿਕਾਰ ਹੋਈ ਫੂਲਨ ਦੇਵੀ ਨੇ ਉੱਤਰੀ ਤੇ ਮੱਧ ਭਾਰਤ 'ਚ ਉੱਚ ਜਾਤੀਆਂ ਨੂੰ ਨਿਸ਼ਾਨਾ ਬਣਾਇਆ।

## ਲਵਿੰਸਕੀ ਨੂੰ ਅਜੇ ਵੀ ਕਲਿੰਟਨ ਨਾਲ ਪਿਆਰ

**ਲੰਦਨ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਨਾਲ ਚਰਚਾ 'ਚ ਆਈ ਮੋਨਿਕਾ ਲਵਿੰਸਕੀ ਅਜੇ ਵੀ ਕਲਿੰਟਨ ਨਾਲ ਓਨਾ ਹੀ ਪਿਆਰ ਕਰਦੀ ਹੈ। ਇਹ ਖ਼ੁਲਾਸਾ ਲੇਵੇਸਕੀ ਨੇ ਆਪਣੇ ਦੋਸਤਾਂ ਅੱਗੇ ਕੀਤਾ ਹੈ। ਉਸ ਨੇ ਦੱਸਿਆ ਕਿ ਉਸ ਨੇ ਅਜੇ ਤੱਕ ਵਿਆਹ ਨਹੀਂ ਕਰਵਾਇਆ ਤੇ ਨਾ ਹੀ ਉਸ ਦਾ ਕੋਈ ਬੱਚਾ ਹੈ। 37 ਸਾਲ ਦੀ ਟੀ. ਵੀ. ਸ਼ੋਅ ਹੋਸਟ ਲੇਵੇਸਕੀ ਅਜੇ ਤੱਕ ਕਲਿੰਟਨ ਦੇ ਪਿਆਰ 'ਚੋਂ ਬਾਹਰ ਨਹੀਂ ਆਈ।

ਮੋਨਿਕਾ ਦੀ ਇਕ ਦੋਸਤ ਦਾ ਕਹਿਣਾ ਹੈ ਕਿ ਉਸ ਦੇ ਜੀਵਨ 'ਚ ਕਦੇਂ ਕੋਈ ਦੂਸਰਾ ਵਿਅਕਤੀ ਨਹੀਂ ਆਵੇਗਾ। ਮੋਨਿਕਾ ਦੇ ਦਿਲ 'ਚ ਅਜੇ ਵੀ ਕਲਿੰਟਨ ਲਈ ਓਨੀ ਹੀ ਜਗ੍ਹਾ ਹੈ, ਜਿੰਨੀ ਪਹਿਲਾਂ ਸੀ। ਏਨਾ ਸਮਾਂ ਬੀਤ ਜਾਣ ਦੇ ਬਾਵਜੂਦ ਉਹ ਕਲਿੰਟਨ ਨੂੰ ਆਪਣੇ ਦਿਲ 'ਚੋਂ ਕੱਢ ਨਹੀਂ ਸਕੀ।

# ਰਾਸ਼ਟਰਮੰਡਲ ਖੇਡਾਂ: ਜਾਅਲੀ ਬਿਲਾਂ ਨਾਲ 40 ਕਰੋੜ ਹੜੱਪੇ



**ਨਵੀਂ ਦਿੱਲੀ:** ਰਾਸ਼ਟਰਮੰਡਲ ਖੇਡਾਂ 'ਚ ਦੇਸ਼ ਜਨਤਾ ਦੇ ਧਨ ਨੂੰ ਖ਼ੂਬ ਲੁੱਟਿਆ ਗਿਆ। ਇਸ ਦਾ ਖੁਲਾਸਾ ਚੱਲ ਰਹੀ ਜਾਂਚ ਦੌਰਾਨ ਹੋ ਰਿਹਾ ਹੈ। ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ.ਵੀ.ਸੀ.) ਨੇ ਆਪਣੀ ਜਾਂਚ 'ਚ ਅਹਿਮ ਖ਼ੁਲਾਸਾ ਕਰਦੇ ਹਏ ਕਿਹਾ ਹੈ ਕਿ ਰਾਸ਼ਟਰਮੰਡਲ ਖੇਡਾਂ ਦੀ ਪ੍ਰਬੰਧਕੀ ਕਮੇਟੀ ਨੇ ਖੇਡ ਪ੍ਰਬੰਧਾਂ ਲਈ 1400 ਗੁਣਾਂ ਤੋਂ ਵੀ ਵੱਧ ਖਰਚੇ 'ਤੇ ਸਾਜ਼ੋ-ਸਾਮਾਨ ਭਾੜੇ 'ਤੇ ਲੈ ਕੇ ਸਬੰਧਤ ਕੰਪਨੀਆਂ ਨੂੰ ਲਾਭ ਪਹੁੰਚਾਇਆ ਸੀ। ਸੀ.ਵੀ.ਸੀ. ਅਨੁਸਾਰ ਪ੍ਰਬੰਧਕੀ ਕਮੇਟੀ ਨੇ 2.80 ਕਰੋੜ ਰੁਪਏ ਦੀ ਬਣਦੀ ਰਾਸ਼ੀ ਦੇ ਉਲਟ 1400 ਗੁਣਾਂ ਤੋਂ ਵੱਧ ਰਕਮ 42.34 ਕਰੋੜ ਰੁਪਏ ਅਦਾ ਕਰਕੇ ਭਾੜੇ 'ਤੇ ਸਾਜ਼ੋ ਸਮੱਗਰੀ ਲਈ ਸੀ। ਜਾਂਚ ਏਜੰਸੀ ਨੇ ਇਹ ਵੀ ਦੇਖਿਆ ਕਿ ਇਸ ਬੋਲੀ 'ਚ ਵਸਤਾਂ ਦੇ ਕਿਰਾਏ ਖਰੀਦ ਨਾਲੋਂ ਕਿਤੇ ਜ਼ਿਆਦੇ ਰਹੇ ਤੇ ਸਪਲਾਈ ਹੋਈਆਂ ਵਸਤਾਂ ਦੇ ਭਾਅ ਬੇਲੋੜੇ ਢੰਗ ਨਾਲ ਜ਼ਿਆਦਾ ਪਤਾ ਲੱਗੇ ਹਨ। ਦੋਹਰੀਆਂ ਅਦਾਇਗੀਆਂ ਤੇ ਘਟੀਆ ਮਿਆਰ ਦਾ ਸਾਜ਼ੋ ਸਾਮਾਨ ਉਪਰਲੇ ਕੰਮਾਂ 'ਚ ਵਰਤੇ ਜਾਣ ਦਾ ਵੀ ਖੁਲਾਸਾ ਜਾਂਚ ਦੌਰਾਨ ਹੋਇਆ ਹੈ।

ਖੇਡਾਂ ਦੀ ਪ੍ਰਬੰਧਕ ਕਮੇਟੀ (ਓ.ਸੀ.) ਨੇ ਉਪਰਲੇ ਕੰਮਾਂ ਦਾ ਠੇਕਾ 687.86 ਕਰੋੜ ਰੁਪਏ 'ਚ ਚਾਰ ਫਰਮਾਂ ਮੈਸਰਜ਼ ਪਿਕੋ ਦਿਪਾਲੀ ਓਵਰਲੇਅਜ਼ ਕੰਸੋਰਸ਼ੀਅਮ, ਦਿੱਲੀ, ਮੈਸਰਜ਼ ਤੁਸਲੀ (ਸਵਿਟਜ਼ਰਲੈਂਡ) ਲਿਮਟਿਡ, ਸਵਿਟਜ਼ਰਲੈਂਡ, ਮੈਸਰਜ਼ ਈ. ਐਸ.ਏ.ਜੇ.ਵੀ.: ਡੀ.ਆਰ. ਇੰਡੋ ਕੰਸੋਰਸ਼ੀਅਮ, ਨਵੀਂ ਦਿੱਲੀ ਤੇ ਮੈਸਰਜ਼ ਜੀ.ਐਲ. ਮੈਰੋਫੋਰਮ, ਫਰਾਂਸ ਨੂੰ ਦਿੱਤਾ ਸੀ। ਇਨ੍ਹਾਂ ਦੇ ਕੰਮਕਾਜ ਵਿਚ ਆਰਜ਼ੀ ਢਾਂਚੇ ਜਿਵੇਂ ਟੈਂਟ, ਵੀਡੀਓ ਬੋਰਡ, ਫਰਨੀਚਰ, ਤੇ ਫਿਕਸਰਜ਼ ਜੈਨਰੇਟਰ ਸੈੱਟ 62 ਥਾਵਾਂ 'ਤੇ ਲਾਉਣੇ ਸ਼ਾਮਲ ਸਨ, ਜੋ ਸੱਤ ਸਮੂਹਾਂ 'ਚ ਵੰਡੇ ਹੋਏ ਸਨ।

ਸੀ.ਵੀ.ਸੀ. ਨੇ ਰਿਪੋਰਟ 'ਚ ਇਹ ਵੀ ਕਿਹਾ ਹੈ ਕਿ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੇ ਘੁਟਾਲੇ ਬਾਰੇ ਜਾਂਚ ਦੇ ਅਮਲ ਦੌਰਾਨ ਦਸਤਾਵੇਜ਼ ਪੇਸ਼ ਕਰਨ, ਸਪਸ਼ਟੀਕਰਨ ਤੇ ਜਾਣਕਾਰੀਆਂ ਦੇਣ 'ਚ ਬਿਲਕੁਲ ਸਹਿਯੋਗ ਨਹੀਂ ਦਿੱਤਾ। ਇਸ ਦੀ ਥਾਂ ਓ.ਸੀ. ਅਧਿਕਾਰੀਆਂ ਨੇ ਬਿਨਾਂ ਵਿਸ਼ੇਸ਼ਤਾ ਬਿਆਨੇ ਦਸਤਾਵੇਜ਼ਾਂ ਦੇ ਵੱਡੇ-ਵੱਡੇ ਪੁਲੰਦੇ ਉਨ੍ਹਾਂ ਨੂੰ ਦੇ ਦਿੱਤੇ। ਕੰਮ ਸੌਂਪਣ ਲਈ ਕੰਪਨੀਆਂ ਦੀ ਚੋਣ ਦੇ ਅਮਲ 'ਚ ਵੀ ਵੱਡੀਆਂ ਤਰੁੱਟੀਆਂ ਪਾਈਆਂ ਗਈਆਂ ਹਨ। ਕਈ ਕੰਪਨੀਆਂ ਤਾਂ ਪਹਿਲਾਂ ਤੋਂ ਤੈਅ ਮਿਆਰਾਂ 'ਤੇ ਵੀ ਖਰੀਆਂ ਨਹੀਂ ਉਤਰਦੀਆਂ ਸਨ। ਬੋਲੀਕਾਰਾਂ ਨੇ ਵੱਖ-ਵੱਖ ਕਲਸਟਰਾਂ 'ਚ ਇਕੋ ਜਿਹੀਆਂ ਚੀਜ਼ਾਂ ਦੇ ਵੱਖ-ਵੱਖ ਭਾਅ ਲਾਏ ਹੋਏ ਸਨ।

ਸੀ.ਵੀ.ਸੀ. ਦਾ ਕਹਿਣਾ ਹੈ ਕਿ ਸਾਮਾਨ ਦੀ ਸਿੱਧੀ ਖਰੀਦ ਦੀ ਥਾਂ ਇਹ ਕਿਰਾਏ 'ਤੇ ਲੈਣ ਦੀ ਕਥਿਤ ਅਪਰਾਧਿਕ ਸਾਜ਼ਿਸ਼ ਵੀ ਰਚੀ ਗਈ ਤੇ ਕੋਈ ਸੰਪਤੀ ਇਸ ਤਰ੍ਹਾਂ ਇੰਨੀ ਰਾਸ਼ੀ ਖਰਚ ਕੇ ਬਣ ਨਾ ਸਕੀ। ਸੀ.ਵੀ.ਸੀ. ਨੇ ਚਾਰੇ ਕੰਪਨੀਆਂ ਵੱਲੋਂ ਕਿਰਾਏ 'ਤੇ ਲਿਆਂਦੀ ਸਾਰੀ ਸਾਜ਼ੋ ਸਮੱਗਰੀ 'ਚ ਕੀਤੀਆਂ ਗਈਆਂ ਕੋਤਾਹੀਆਂ ਵਿਸਥਾਰ ਸਹਿਤ ਆਪਣੀ ਰਿਪੋਰਟ 'ਚ ਦੱਸੀਆਂ ਹਨ। ਰਿਪੋਰਟ ਅਨੁਸਾਰ ਸਥਾਨਕ ਤੇ ਚੀਨ 'ਚ ਬਣੀਆਂ ਚੀਜ਼ਾਂ ਨੂੰ ਕੌਮਾਂਤਰੀ ਮਿਆਰਾਂ ਦੀਆਂ ਕਹਿ ਕੇ ਪਾਸ ਕੀਤਾ ਗਿਆ। ਸੀ.ਵੀ.ਸੀ. ਦੀ ਜਾਂਚ ਦੇ ਆਧਾਰ 'ਤੇ ਸੀ.ਬੀ.ਆਈ. ਨੇ ਤੁਸਲੀ ਇੰਡੀਆ ਕੰਸੋਰਸ਼ੀਅਮ 'ਤੇ ਕੇਸ ਦਰਜ ਕਰਕੇ ਸੰਦੀਪ ਵਧਵਾ ਨਾਮ ਦੇ ਵਿਅਕਤੀ ਨੂੰ ਹਿਰਾਸਤ 'ਚ ਵੀ ਲਿਆ ਹੈ।

# ਬਾਬਰੀ ਮਸਜਿਦ ਢਾਹੁਣ ਕਾਰਨ ਪਾਰਟੀ ਨੂੰ ਖ਼ੋਰਾ ਲੱਗਾ:ਅਡਵਾਨੀ

**ਨਵੀਂ ਦਿੱਲੀ:** ਭਾਜਪਾ ਦੇ ਸੀਨੀਅਰ ਆਗੂ ਐਲ.ਕੇ. ਅਡਵਾਨੀ ਨੇ ਆਖ਼ਰ ਮੰਨ ਹੀ ਲਿਆ ਹੈ ਕਿ 1992 ਵਿਚ ਬਾਬਰੀ ਮਸਜਿਦ ਢਾਹੇ ਜਾਣ ਦੀ ਘਟਨਾ ਨੇ ਪਾਰਟੀ ਦੀ ਸਾਖ਼ ਨੂੰ ਵੱਡਾ ਖੋਰਾ ਲਾਇਆ ਸੀ। ਮਸਜਿਦ ਢਾਹੇ ਜਾਣ ਤੋਂ ਪੰਦਰਾਂ ਦਿਨਾਂ ਬਾਅਦ ਇਕ ਅਖ਼ਬਾਰ 'ਚ ਲਿਖੇ ਆਪਣੇ ਇਕ ਲੇਖ ਨੂੰ ਚੇਤੇ ਕਰਦਿਆਂ ਉਨ੍ਹਾਂ ਕਿਹਾ ਕਿ ਬਾਬਰੀ ਮਸਜਿਦ ਢਾਹੇ ਜਾਣ ਦਾ ਦਿਨ ਉਨ੍ਹਾਂ ਦੇ ਜੀਵਨ ਦਾ ਸਭ ਤੋਂ ਉਦਾਸ ਦਿਨ ਸੀ।

ਆਪਣੇ ਬਲੌਗ 'ਚ ਉਨ੍ਹਾਂ ਕਿਹਾ ਹੈ ਕਿ ਉਸ ਵੇਲੇ ਅਜਿਹਾ ਬਿਆਨ ਦੇਣ ਲਈ ਉਨ੍ਹਾਂ ਦੇ ਕਈ ਸਾਥੀਆਂ ਨੇ ਉਨ੍ਹਾਂ ਦੀ ਸਖ਼ਤ ਅਲੋਚਨਾ ਕੀਤੀ ਸੀ ਤੇ ਕਿਹਾ ਸੀ ਕਿ ਉਹ ਇਸ ਕੰਮ ਲਈ ਅਫਸੋਸ ਕਿਉਂ ਪ੍ਰਗਟ ਕਰ ਰਹੇ ਹਨ। ਇਸ ਦਾ ਜਵਾਬ ਦਿੰਦਿਆਂ ਅਡਵਾਨੀ ਨੇ ਕਿਹਾ ਸੀ ਕਿ ਉਹ ਅਫਸੋਸ ਨਹੀਂ ਪ੍ਰਗਟਾ ਰਹੇ ਬਲਕਿ ਉਹ ਤਾਂ ਅਯੁੱਧਿਆ ਲਹਿਰ 'ਚ ਸ਼ਾਮਲ ਹੋਣ 'ਤੇ ਮਾਣ ਮਹਿਸੂਸ ਕਰਦੇ ਹਨ ਪਰ ਸਭ ਤੋਂ ਉਦਾਸੀ ਵਾਲੀ ਗੱਲ ਇਹ ਹੈ ਕਿ 6 ਦਸੰਬਰ ਦੀਆਂ ਘਟਨਾਵਾਂ ਨੇ ਪਾਰਟੀ ਦੀ ਸਾਖ਼ ਹਿਲਾ ਦਿੱਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਸੀ.ਵੀ.ਸੀ. ਦੀ ਨਿਯੁਕਤੀ ਦੇ ਮੁੱਦੇ 'ਤੇ ਯੂ.ਪੀ.ਏ. ਸਰਕਾਰ ਦੀ ਕਰੜੀ ਆਲੋਚਨਾ ਕਰਦਿਆਂ ਇਸ 'ਤੇ ਹਮਲੇ ਵਧਾ ਦਿੱਤੇ ਹਨ। ਉਨ੍ਹਾਂ ਕਿਹਾ ਕਿ ਮਨਮੋਹਨ ਸਿੰਘ ਸਰਕਾਰ ਦੀ ਸਾਖ ਚਰਮਰਾ ਰਹੀ ਹੈ।

## ਰੇਡੀਓ ਟੈਗਜ਼ ਦੀ ਥਾਂ ਸਮਾਰਟ ਟਰੈਕਿੰਗ ਸਿਸਟਮ ਲੱਗੇਗਾ

**ਵਾਸ਼ਿੰਗਟਨ:** ਅਮਰੀਕਾ 'ਚ ਭਾਰਤੀ ਪਾੜ੍ਹਿਆਂ ਦੇ ਪੈਰਾਂ 'ਤੇ ਰੇਡੀਓ ਟੈਗਜ਼ ਲਾਉਣ ਬਾਰੇ ਉੱਠੇ ਵਿਵਾਦ ਪਿੱਛੋਂ ਹੁਣ ਭਾਰਤੀ ਮੂਲ ਦੇ ਅਮਰੀਕੀ ਵਿਗਿਆਨੀਆਂ ਨੇ ਇਕ ਵੱਖਰਾ



'ਸਮਾਰਟ ਟਰੈਕਿੰਗ ਸਿਸਟਮ' ਵਿਕਸਤ ਕੀਤਾ ਹੈ ਜੋ ਕਿ ਰੇਡੀਓ ਟੈਗਜ਼ ਦਾ ਬਦਲ ਮੁਹੱਈਆ ਕਰਵਾਏਗਾ। ਦੱਸਣਯੋਗ ਹੈ ਕਿ ਇਹ ਰੇਡੀਓ ਟੈਗਜ਼ ਉਨ੍ਹਾਂ ਵਿਦਿਆਰਥੀਆਂ ਦੇ ਗਿੱਟਿਆਂ ਵਿਚ ਪਾਏ ਗਏ ਸਨ ਜੋ ਕੈਲੇਫੋਰਨੀਆ ਦੀ ਯੂਨੀਵਰਸਿਟੀ ਵਿਚ ਪੜ੍ਹਨ ਆਏ ਸਨ ਪਰ ਵੀਜ਼ਾ ਫਰਾਡ ਹੋਣ ਕਾਰਨ ਯੂਨੀਵਰਸਿਟੀ ਬੰਦ ਹੋ ਗਈ ਸੀ।

ਇਸ ਬਾਰੇ ਯੂਨੀਵਰਸਿਟੀ ਆਫ ਬੁਫਾਲੋ ਦੇ ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਦੇ ਪ੍ਰੋਫੈਸਰ ਭਰਤ ਜੈਰਮਨ ਨੇ ਦੱਸਿਆ ਕਿ ਉਹ ਚਾਹੁੰਦੇ ਹਨ ਕਿ ਤਕਨੀਕ ਕੁਦਰਤੀ ਤੇ ਮਨੁੱਖ ਪੱਖੀ ਹੋਣੀ ਚਾਹੀਦੀ ਹੈ ਤੇ ਉਹ ਨਹੀਂ ਚਾਹੁੰਦੇ ਕਿ ਸਾਡੇ ਆਲੇ-ਦੁਆਲੇ ਰੇਡੀਓ ਫ੍ਰੀਕੁਐਂਸੀ ਆਈਡੈਂਟੀਫਿਕੇਸ਼ਨ ਹੋਵੇ। ਇਸ ਨਵੇਂ ਸਮਾਰਟ ਟਰੈਕਿੰਗ ਸਿਸਟਮ ਦੀ ਵਰਤੋਂ ਨਾਲ ਰੇਡੀਓ ਐਕਟਿਵ ਸਿਸਟਮ ਤੇ ਹਮਲਾਵਰ ਤਕਨਾਲੋਜੀ ਤੋਂ ਵੱਖਰੀ ਹੋਵੇਗੀ। ਇਸ ਦੀ ਵਰਤੋਂ ਕਰਨ ਨਾਲ ਟੈਗਜ਼ ਜਾਂ ਸਥਾਈ ਫਿਲਮਿੰਗ ਦੀ ਲੋੜ ਨਹੀਂ ਪਵੇਗੀ। ਇਸ ਨਵੀਂ ਖੋਜ ਦਾ ਅਗਲੇ ਹਫ਼ਤੇ ਭਾਰਤ ਤੇ ਅਮਰੀਕੀ ਵਿਗਿਆਨੀਆਂ ਦੀ ਵਰਕਸ਼ਾਪ ਵਿਚ ਪ੍ਰਦਰਸ਼ਨ ਕੀਤਾ ਜਾਵੇਗਾ।

ਯੂਬਾ ਸਿਟੀ ਵਿਚ ਤੁਹਾਡੀ ਆਪਣੀ ਟਾਇਰ ਅਤੇ ਆਟੋ ਰਿਪੇਅਰ ਸ਼ਾਪ

Lucky Tire & Auto Repair

ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ

909 Garden Hwy

660 Culussa Hwy




ਟਾਇਰ ਸਪੈਸ਼ਲ $99/-

ਆਇਲ ਚੇਂਜ਼ ਸਪੈਸ਼ਲ $24.99+ਲੇਬਰ ਅਤੇ ਡਿਸਪੋਜ਼ਲ ਫੀਸ

ਫਰੰਟ ਐਕਸਲ ਬਰੇਕ ਜਾਬ ਸਪੈਸ਼ਲ $44.95 (ਸਿਰਫ਼ ਲੇਬਰ)

ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)

ਫੋਨ:530-755-4037, 530-673-4001

Law Offices of Gill & Heridis

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



**Bhupinder Gill**
**Attorney at Law**
**(Admitted in CA)**

*Call for free initial consultation*

**(408) 736-5203, (408) 940-6065**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.

ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com




FREE CREDIT CARD TERMINAL!

ਪੰਜਾਬ ਟਾਈਮਜ਼

*ਸਨਿਚਰਵਾਰ, 19 ਮਾਰਚ 2011*

## ਜਪਾਨ ਵਿਚ ਕੁਦਰਤ ਦਾ ਕਹਿਰ

ਜਪਾਨ ਵਿਚ ਪਹਿਲਾਂ ਭੁਚਾਲ ਅਤੇ ਫਿਰ ਨਾਲ ਹੀ ਆਏ ਸੁਨਾਮੀ (ਸਮੁੰਦਰੀ ਤੂਫਾਨ) ਨੇ ਸਾਰੀ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਕੁਦਰਤੀ ਕਹਿਰ ਵਿਚ ਹਜ਼ਾਰਾਂ ਜਾਨਾਂ ਚਲੀਆਂ ਗਈਆਂ ਹਨ ਅਤੇ ਚਾਰ ਲੱਖ ਦੇ ਕਰੀਬ ਲੋਕ ਘਰੋਂ-ਬੇਘਰ ਹੋ ਗਏ ਹਨ। ਸਭ ਤੋਂ ਵੱਧ ਭਿਆਨਕ ਖ਼ਤਰਾ ਪ੍ਰਮਾਣੂ ਰਿਐਕਟਰਾਂ ਦੇ ਫਟਣ ਬਾਰੇ ਸੀ। ਫੁਕੁਸ਼ੀਮਾ ਪ੍ਰਮਾਣੂ ਪਲਾਂਟ ਤੋਂ ਰੇਡੀਏਸ਼ਨ ਦਾ ਖ਼ਤਰਾ ਅਜੇ ਟਲਿਆ ਨਹੀਂ ਹੈ। ਇਸ ਖ਼ਤਰੇ ਨੇ ਸੰਸਾਰ ਭਰ ਦੇ ਲੋਕਾਂ ਦੇ ਸਾਹ ਸੂਤੇ ਹੋਏ ਹਨ। ਸਾਰਿਆਂ ਦੀਆਂ ਅੱਖਾਂ ਅੱਗੇ ਦੂਜੇ ਸੰਸਾਰ ਯੁੱਧ ਵੇਲੇ 1945 ਵਿਚ ਪ੍ਰਮਾਣੂ ਤਬਾਹੀ ਦਾ ਉਹ ਮੰਜ਼ਰ ਘੁੰਮ ਰਿਹਾ ਹੈ ਜੋ ਜਪਾਨ ਨੇ ਹੱਡੀਂ ਹੰਢਾਇਆ ਸੀ। ਉਦੋਂ ਅਮਰੀਕਾ ਵੱਲੋਂ ਕੀਤੇ ਪ੍ਰਮਾਣੂ ਹਮਲੇ ਵਿਚ ਜਪਾਨ ਦੇ ਦੋ ਸ਼ਹਿਰਾਂ-ਹੀਰੋਸ਼ੀਮਾ ਤੇ ਨਾਗਾਸਾਕੀ ਵਿਚ ਢਾਈ ਲੱਖ ਜਾਨਾਂ ਚਲੀਆਂ ਗਈਆਂ ਸਨ ਅਤੇ ਪ੍ਰਮਾਣੂ ਰੇਡੀਏਸ਼ਨ ਹੁਣ ਤੱਕ ਮਨੁੱਖੀ ਜੀਵਨ ਉਤੇ ਅਸਰਅੰਦਾਜ਼ ਹੋ ਰਹੀ ਹੈ। 65 ਸਾਲਾਂ ਬਾਅਦ ਵੀ ਸਰੀਰਕ ਅਪੰਗਤਾ ਨੇ ਉਸ ਇਲਾਕੇ ਦਾ ਖਹਿੜਾ ਨਹੀਂ ਛੱਡਿਆ ਹੈ। ਹੁਣ ਸੁਨਾਮੀ ਨਾਲ ਹੋਈ ਤਬਾਹੀ ਕਾਰਨ ਪ੍ਰਮਾਣੂ ਰੇਡੀਏਸ਼ਨ ਬਾਰੇ ਖ਼ਦਸ਼ਿਆਂ ਕਰਕੇ ਪ੍ਰਧਾਨ ਮੰਤਰੀ ਨਾਓਤੋ ਕਾਨ ਨੇ ਵੀ ਕਿਹਾ ਹੈ ਕਿ ਇਸ ਨੇ ਦੂਜੇ ਸੰਸਾਰ ਯੁੱਧ ਦੌਰਾਨ ਹੋਈ ਤਬਾਹੀ ਦੀ ਯਾਦ ਦਿਵਾ ਦਿੱਤੀ ਹੈ। ਇਹੀ ਨਹੀਂ, ਇਸ ਨੇ ਚੇਰਨੋਬਲ (ਯੂਕਰੇਨ) ਵਿਚ ਹੋਏ ਪ੍ਰਮਾਣੂ ਹਾਦਸੇ ਦਾ ਵੀ ਚੇਤਾ ਕਰਵਾ ਦਿੱਤਾ ਹੈ ਜਿੱਥੇ ਮਾੜੀ ਜਿਹੀ ਮਨੁੱਖੀ ਗਲਤੀ ਨੇ ਇੰਨਾ ਵੱਡਾ ਹਾਦਸਾ ਸਹੇੜ ਲਿਆ ਸੀ।

ਮਨੁੱਖ ਮੁੱਢ-ਕਦੀਮ ਤੋਂ ਕੁਦਰਤੀ ਆਫ਼ਤਾਂ ਨਾਲ ਜੂਝਦਾ ਆਇਆ ਹੈ। ਇਨ੍ਹਾਂ ਆਫ਼ਤਾਂ ਤੋਂ ਬਚਾਅ ਦਾ ਮਨੁੱਖ ਦਾ ਬੜਾ ਸ਼ਾਨਾਂਮੱਤਾ ਇਤਿਹਾਸ ਵੀ ਰਿਹਾ ਹੈ ਪਰ ਪਿਛਲੇ ਕੁਝ ਦਹਾਕਿਆਂ ਤੋਂ ਮਨੁੱਖ ਨੇ ਵਿਕਾਸ ਦੇ ਨਾਂ 'ਤੇ ਜਿਸ ਤਰ੍ਹਾਂ ਕੁਦਰਤ ਨਾਲ ਖਿਲਵਾੜ ਕੀਤਾ ਹੈ, ਉਸ ਨਾਲ ਕੁਦਰਤ ਵਿਚ ਵੱਡੇ ਪੱਧਰ 'ਤੇ ਵਿਗਾੜ ਆਏ ਹਨ। ਇਹ ਵਿਗਾੜ ਹੀ ਕਿਸੇ ਰੋਜ਼ ਅਜਿਹੀਆਂ ਆਫ਼ਤਾਂ ਦਾ ਸਬੱਬ ਬਣਦੇ ਹਨ। ਇਸ ਤੋਂ ਇਲਾਵਾ ਇਕ-ਦੂਜੇ ਉਤੇ ਸਰਦਾਰੀ ਦੀ ਦੌੜ ਨੇ ਮਨੁੱਖ ਨੂੰ ਹਥਿਆਰਾਂ ਦੀ ਜਿਸ ਦੌੜ ਵਿਚ ਪਾ ਦਿੱਤਾ ਹੈ, ਉਸ ਨਾਲ ਹਾਲਾਤ ਹੋਰ ਵੀ ਭਿਅੰਕਰ ਹੋਏ ਹਨ। ਪ੍ਰਮਾਣੂ ਹਥਿਆਰਾਂ ਨੇ ਤਾਂ ਸਮੁੱਚੇ ਮਨੁੱਖਾ ਇਤਿਹਾਸ ਨੂੰ ਹੀ ਤਬਾਹੀ ਦੇ ਕੰਢੇ 'ਤੇ ਲਿਆ ਖਲ੍ਹਾਰਿਆ ਹੈ। ਸੁਨਾਮੀ ਨਾਲ ਪ੍ਰਮਾਣੂ ਪਲਾਂਟਾਂ ਦਾ ਸਾਰਾ ਸਿਸਟਮ ਖੜ੍ਹ ਜਾਣ ਕਾਰਨ ਜਿਸ ਢੰਗ ਤਰ੍ਹਾਂ ਰਿਐਕਟਰ ਨੁਕਸਾਨੇ ਗਏ, ਉਸ ਨਾਲ ਇਹ ਹਾਦਸਾ ਮਨੁੱਖੀ ਜੀਵਨ ਲਈ ਬੇਹੱਦ ਤਬਾਹਕੁਨ ਹੋ ਸਕਦਾ ਸੀ।

ਇਸ ਸੁਨਾਮੀ ਨੇ ਪ੍ਰਮਾਣੂ ਊਰਜਾ ਦੀ ਵਰਤੋਂ ਬਾਰੇ ਵੀ ਮਨੁੱਖ ਨੂੰ ਖ਼ਬਰਦਾਰ ਕੀਤਾ ਹੈ। ਪ੍ਰਮਾਣੂ ਊਰਜਾ ਨੂੰ ਬਿਜਲੀ ਅਤੇ ਹੋਰ ਊਰਜਾ ਸਰੋਤਾਂ ਦੀ ਥਾਂ ਵਰਤਣ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਪ੍ਰਮਾਣੂ ਊਰਜਾ ਵਰਤਣ ਦੇ ਮਾਮਲੇ ਵਿਚ ਜਪਾਨ ਸੰਸਾਰ ਭਰ ਵਿਚ ਸਭ ਤੋਂ ਅੱਗੇ ਹੈ। ਇਸ ਕੋਲ ਕੁੱਲ 17 ਪ੍ਰਮਾਣੂ ਪਲਾਂਟਾਂ ਵਿਚ 56 ਰਿਐਕਟਰਾਂ ਹਨ ਜਿੱਥੇ ਦੇਸ਼ ਦੀ ਕੁੱਲ ਖਪਤ ਦੀ 30 ਫ਼ੀਸਦੀ ਬਿਜਲੀ ਪੈਦਾ ਕੀਤੀ ਜਾਂਦੀ ਹੈ। ਕੁਦਰਤੀ ਸੋਮਿਆਂ ਦੀ ਘਾਟ ਕਾਰਨ, ਜਪਾਨ ਤੋਂ ਇਲਾਵਾ ਸੰਸਾਰ ਦੇ ਹੋਰ ਮੁਲਕਾਂ ਨੇ ਬਿਜਲੀ ਪੈਦਾਵਾਰ ਲਈ ਇਹ ਪ੍ਰਮਾਣੂ ਰਾਹ ਅਪਨਾਇਆ। ਇਸ ਵੇਲੇ ਸੰਸਾਰ ਦੇ 30 ਦੇਸ਼ ਪ੍ਰਮਾਣੂ ਊਰਜਾ ਵਰਤ ਰਹੇ ਹਨ। ਸੰਸਾਰ ਵਿਚ 443 ਰਿਐਕਟਰ ਹਨ ਅਤੇ 482 ਆਉਣ ਵਾਲੇ ਸਮੇਂ ਵਿਚ ਲੱਗ ਜਾਣੇ ਹਨ। ਇਹ ਪ੍ਰਮਾਣੂ ਪਲਾਂਟ ਭਾਵੇਂ ਸਾਂਭ-ਸੰਭਾਲ ਪੱਖੋਂ ਨੇਮਾਂ ਮੁਤਾਬਕ ਤਿਆਰ ਕੀਤੇ ਜਾਂਦੇ ਹਨ ਪਰ ਬਿਜਲੀ ਪੈਦਾਵਾਰ ਦੇ ਇਨ੍ਹਾਂ ਪਲਾਂਟਾਂ ਨੂੰ ਚਲਾਉਣ ਵਾਲੀਆਂ ਕੰਪਨੀਆਂ ਆਪਣਾ ਸਰਮਾਇਆ ਬਚਾਉਣ ਖ਼ਾਤਿਰ ਕਿਤੇ ਨਾ ਕਿਤੇ ਅਣਗਹਿਲੀ ਕਰ ਜਾਂਦੀਆਂ ਹਨ। ਇਸ ਅਣਗਹਿਲੀ ਕਰਕੇ ਹੀ 2007 ਵਿਚ ਆਏ ਭੁਚਾਲ ਦੌਰਾਨ ਜਪਾਨ ਦੇ ਕਾਸ਼ੀਵਜ਼ਾਕੀ ਸ਼ਹਿਰ ਵਿਚ ਸੰਸਾਰ ਦੇ ਸਭ ਤੋਂ ਵੱਡੇ ਪ੍ਰਮਾਣੂ ਪਲਾਂਟ ਵਿਚ ਅੱਗ ਲੱਗ ਗਈ ਸੀ। ਉਦੋਂ ਹਲਕੀ ਜਿਹੀ ਰੇਡੀਏਸ਼ਨ ਵੀ ਹੋਈ ਸੀ ਅਤੇ ਵੱਡੇ ਹਾਦਸੇ ਤੋਂ ਬਚਾਅ ਰਿਹਾ ਸੀ। ਉਸ ਤੋਂ ਬਾਅਦ ਜਪਾਨ ਵਿਚ ਪ੍ਰਮਾਣੂ ਪਲਾਂਟਾਂ ਦੀ ਸਾਂਭ-ਸੰਭਾਲ ਬਾਰੇ ਤਿੱਖੀ ਬਹਿਸ ਵੀ ਚੱਲੀ ਸੀ ਕਿਉਂਕਿ ਜਪਾਨ ਧਰਤੀ ਦੇ ਅਜਿਹੇ ਟੁਕੜੇ ਉਤੇ ਸਥਿਤ ਹੈ ਜਿਥੇ ਭੁਚਾਲ ਬਹੁਤ ਆਉਂਦੇ ਹਨ। ਜਪਾਨ ਨੇ ਇਸੇ ਆਧਾਰ 'ਤੇ ਪੁਖਤਾ ਪ੍ਰਬੰਧ ਵੀ ਕੀਤੇ ਹਨ; ਨਹੀਂ ਤਾਂ ਜਿੰਨਾ ਜ਼ੋਰਦਾਰ ਇਹ ਭੁਚਾਲ ਅਤੇ ਸੁਨਾਮੀ ਸੀ, ਜੇ ਸੰਸਾਰ ਦੇ ਕਿਸੇ ਹੋਰ ਹਿੱਸੇ ਵਿਚ ਆਇਆ ਹੁੰਦਾ ਤਾਂ ਨੁਕਸਾਨ ਡਾਢਾ ਹੋਣਾ ਸੀ। ਇਸ ਮਾਮਲੇ 'ਤੇ ਸਾਰੇ ਸੰਸਾਰ ਨੂੰ ਜਪਾਨ ਦੀ ਰੀਸ ਕਰਨ ਦੀ ਲੋੜ ਹੈ। 2004 ਵਿਚ ਜਦੋਂ ਉਤਰੀ ਸੁਮਾਟਰਾ ਵਿਚ ਸੁਨਾਮੀ ਆਇਆ ਸੀ ਤਾਂ ਭਾਰਤ ਸਮੇਤ ਹੋਰ ਥਾਈਂ ਤਕਰੀਬਨ 2 ਲੱਖ ਜਾਨਾਂ ਚਲੀਆਂ ਗਈਆਂ ਸਨ।

ਭਾਰਤ ਅਤੇ ਪੰਜਾਬ ਵਿਚ ਵੀ ਅੱਜਕੱਲ੍ਹ ਪ੍ਰਮਾਣੂ ਊਰਜਾ ਤੋਂ ਬਿਜਲੀ ਦੀ ਘਾਟ ਪੂਰੀ ਕਰਨ ਦੇ ਚਰਚੇ ਅਕਸਰ ਹੁੰਦੇ ਹਨ ਪਰ ਸਵਾਲਾਂ ਦਾ ਸਵਾਲ ਤਾਂ ਇਹੀ ਹੈ ਕਿ ਪ੍ਰਮਾਣੂ ਪਲਾਂਟਾਂ ਦੀ ਪੂਰੀ ਸੁਰੱਖਿਆ ਦਾ ਜ਼ਿੰਮਾ ਕੌਣ ਲਵੇਗਾ? ਇਸ ਦੇ ਦੂਰ-ਪ੍ਰਭਾਵਾਂ ਤੋਂ ਬਚਾਅ ਲਈ ਕੀ ਨੀਤੀਆਂ ਹੋਣਗੀਆਂ ਅਤੇ ਇਨ੍ਹਾਂ ਨੂੰ ਲਾਗੂ ਕਰਵਾਉਣ ਦੀ ਕੀ ਤੇ ਕਿਸ ਦੀ ਗਾਰੰਟੀ ਹੋਵੇਗੀ? ਅਜਿਹੇ ਪ੍ਰੋਜੈਕਟਾਂ ਦੇ ਮਾਮਲਿਆਂ ਵਿਚ ਹਰ ਪੱਖੋਂ ਚੁਕੰਨੇ ਹੋਣ ਦੀ ਲੋੜ ਹੁੰਦੀ ਹੈ; ਨਹੀਂ ਤਾਂ ਭੋਪਾਲ ਗੈਸ ਕਾਂਡ ਵਰਗੇ ਹਾਦਸੇ ਸਾਹਮਣੇ ਆਉਂਦੇ ਹਨ। 1984 ਵਿਚ ਭੋਪਾਲ ਦੀ ਇਕ ਫੈਕਟਰੀ ਵਿਚੋਂ ਜ਼ਹਿਰੀਲੀ ਗੈਸ ਰਿਸ ਗਈ ਸੀ। ਇਹ ਹਾਦਸਾ ਹਾਲਾਂਕਿ ਰੋਕਿਆ ਜਾ ਸਕਦਾ ਸੀ ਪਰ ਕੰਪਨੀ ਤੇ ਅਧਿਕਾਰੀਆਂ ਦੀ ਲਾਪ੍ਰਵਾਹੀ ਨੇ ਹਜ਼ਾਰਾਂ ਬੰਦਿਆਂ ਦੀ ਜਾਨ ਲੈ ਲਈ ਅਤੇ ਲੱਖਾਂ ਲੋਕਾਂ ਨੂੰ ਸਦਾ ਸਦਾ ਲਈ ਅਪੰਗ ਬਣਾ ਦਿੱਤਾ। ਭਾਰਤੀ ਉਪਮਹਾਂਦੀਪ ਉਂਜ ਵੀ ਭੁਚਾਲ ਵਾਲੇ ਖਿੱਤੇ ਵਿਚ ਪੈਂਦਾ ਹੈ। ਪਿਛਲੇ ਦੋ ਦਹਾਕਿਆਂ ਵਿਚ ਇਸ ਖਿੱਤੇ ਨੂੰ ਪੰਜ ਖ਼ਤਰਨਾਕ ਭੁਚਾਲਾਂ ਦਾ ਸਾਹਮਣਾ ਕਰਨਾ ਪਿਆ ਹੈ। ਭਾਰਤ ਬਾਰੇ ਤਾਜ਼ਾ ਸਰਵੇਖਣ ਦੱਸਦਾ ਹੈ ਕਿ ਦੇਸ਼ ਦਾ 60 ਫ਼ੀਸਦੀ ਹਿੱਸਾ ਭੁਚਾਲਾਂ ਦੀ ਮਾਰ ਹੇਠ ਹੈ। ਦਰਅਸਲ ਜਪਾਨ ਵਿਚ ਆਇਆ ਸੁਨਾਮੀ ਬਾਕੀਆਂ ਲਈ ਇਕ ਸਬਕ ਹੈ। ਇਸ ਨੇ ਮਨੁੱਖ ਦੀ ਕੁਦਰਤ ਵੱਲ ਨਿਰਦਈ ਪਹੁੰਚ ਉਤੇ ਵੀ ਨਜ਼ਰਸਾਨੀ ਦਾ ਮੌਕਾ ਹੈ। ਇਹ ਮੌਕਾ ਹੱਥੋਂ ਗੁਆਉਣਾ ਨਹੀਂ ਚਾਹੀਦਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਫੱਟੇ ਚੱਕੀ ਜਾਹ!*

ਫੰਡ 'ਕੱਠਾ ਕਰਕੇ ਰਸਾਲਾ ਕੱਢ ਨਵਾਂ ਕੋਈ, ਵਿਰਸੇ ਦੀ 'ਸੇਵਾ' ਵਾਲਾ ਫੱਟਾ ਲਿਸ਼ਕਾਈ ਜਾਹ।
ਨਸ਼ਾਖੋਰੀ ਰੋਗ ਨੇ ਪੰਜਾਬ ਪੀਲਾ ਭੂਕ ਕੀਤਾ, ਚਿੰਤਾ ਵਾਲੀ ਰਾਗਣੀ ਗਾ ਲੋਕਾਂ ਨੂੰ ਸੁਣਾਈ ਜਾਹ!
ਰਿਸ਼ਵਤਖੋਰੀ, ਕਾਲੇ ਧਨ ਦੇ ਵਿਰੋਧ ਵਿਚ, ਟਾਵਾਂ-ਟਾਵਾਂ ਬਿਆਨ ਅਖਬਾਰ 'ਚ ਛਪਾਈ ਜਾਹ।
'ਬਾਬਿਆਂ' ਦੀ ਯਾਦ 'ਚ ਮੇਲਾ ਹਰ ਸਾਲ ਲਾ ਕੇ, ਆਪਣਿਆਂ ਹੱਥੋਂ ਲੋਈਆਂ ਗਲ 'ਚ ਪੁਆਈ ਜਾਹ।
ਲੋਕਾਂ ਲਈ ਜੋਕਾਂ ਬਣੇ ਆਗੂਆਂ ਨੂੰ ਸੱਦ ਸੱਦ, ਮੇਲਿਆਂ 'ਤੇ ਮੁੱਖ ਮਹਿਮਾਨ ਤੂੰ ਬਣਾਈ ਜਾਹ!

# ਭੋਜਨ ਸੁਰੱਖਿਆ ਬਨਾਮ ਦੇਸੀ-ਬਦੇਸੀ ਨੀਤੀਆਂ

***ਅਕਾਲੀ, ਜੋ ਕਿਸਾਨਾਂ ਦੀ ਨੁਮਾਇੰਦਗੀ ਦਾ ਦਾਅਵਾ ਕਰਦੇ ਹਨ, ਵੀ ਕਿਸਾਨਾਂ ਪ੍ਰਤੀ ਗੰਭੀਰ ਨਹੀਂ ਹਨ। ਇਹ ਸੱਚ ਹੈ ਕਿ ਕਾਫੀ ਕੁਝ ਕੇਂਦਰ 'ਤੇ ਨਿਰਭਰ ਕਰਦਾ ਹੈ ਪਰ ਰਾਜ ਵੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ।... ਜ਼ਰਾ ਸੋਚੋ! ਜਿਸ ਦੇਸ਼ ਨੂੰ ਆਪਣੇ ਕਿਸਾਨਾਂ ਕਰਕੇ ਆਪਣੇ 'ਤੇ ਫ਼ਖਰ ਹੁੰਦਾ ਹੈ, ਉਹ ਆਏ ਸਾਲ ਉਨ੍ਹਾਂ ਨੂੰ ਖੁਦਕੁਸ਼ੀਆਂ ਲਈ ਮਜਬੂਰ ਕਰਦਾ ਹੈ!!***

**ਗੋਬਿੰਦ ਠੁਕਰਾਲ**

ਸਾਂਝੇ ਪ੍ਰਗਤੀਸ਼ੀਲ ਮੋਰਚੇ ਦੇ ਆਗੂ ਬੜੇ ਖੁਸ਼ ਹਨ ਕਿ ਪਿਛਲੇ ਸਾਲ ਦੀ ਖੇਤੀ ਵਿਕਾਸ ਦਰ 4.3 ਫ਼ੀਸਦੀ ਦਰਜ ਕੀਤੀ ਗਈ ਹੈ ਪਰ ਇਸ ਵਿਕਾਸ ਦਰ ਵਿਚ ਕੀ ਉਨ੍ਹਾਂ ਦਾ ਕੋਈ ਰੋਲ ਹੈ? ਉਸ ਤੋਂ ਪਿਛਲੇ ਸਾਲ ਇਹ ਵਿਕਾਸ ਦਰ ਸਿਫ਼ਰ ਫ਼ੀਸਦੀ ਸੀ। ਇਹ ਭਰਵੀਂ ਤੇ ਸਮੇਂ ਸਿਰ ਹੋਈ ਬਾਰਿਸ਼ ਦੇ ਰੂਪ 'ਚ ਕੁਦਰਤ ਦੀ ਮਿਹਰਬਾਨੀ ਅਤੇ ਭਾਰਤ ਦੇ ਕਰੋੜਾਂ ਕਿਸਾਨਾਂ ਦੀ ਸਖ਼ਤ ਮਿਹਨਤ ਸਦਕਾ ਹੀ ਸੰਭਵ ਹੋਇਆ ਹੈ। ਇਹ ਸਲਾਹਾਂ ਦਿੱਤੀਆਂ ਜਾ ਰਹੀਆਂ ਹਨ ਕਿ ਖੇਤੀ ਖੇਤਰ ਜੋ 58 ਫ਼ੀਸਦੀ ਤੋਂ ਵੱਧ ਆਬਾਦੀ ਨੂੰ ਰੁਜ਼ਗਾਰ ਦਿੰਦਾ ਹੈ, ਦੀ ਬਿਹਤਰ ਤਰੀਕੇ ਨਾਲ ਦੇਖਭਾਲ ਕਰਨੀ ਚਾਹੀਦੀ ਹੈ ਪਰ ਇਨ੍ਹਾਂ ਦੇ ਬਾਵਜੂਦ ਸਰਕਾਰੀ ਨੀਤੀਆਂ ਜਿੱਲ੍ਹਣ ਵਿਚ ਫਸ ਰਹੀਆਂ ਹਨ। ਮੌਜੂਦਾ ਆਮ ਬਜਟ ਨੇ ਕਿਸਾਨਾਂ ਲਈ ਵਿਆਜ ਦਰ ਤਾਂ ਘਟਾ ਦਿੱਤੀ ਪਰ ਰਸਾਇਣਕ ਖਾਦਾਂ ਦੀਆਂ ਕੀਮਤਾਂ ਤੇ ਹੋਰ ਖੇਤੀ ਖਰਚੇ ਵਧਾ ਦਿੱਤੇ ਹਨ। ਇਸ ਨਾਲ ਖੇਤੀ ਵਧੇਰੇ ਮਹਿੰਗੀ ਤੇ ਘੱਟ ਮੁਨਾਫ਼ਾਯੋਗ ਬਣੇਗੀ। ਇਸ ਤਰ੍ਹਾਂ ਹੋਰ ਕਿਸਾਨ ਆਪਣੇ ਰਵਾਇਤੀ ਕਿੱਤੇ ਨੂੰ ਛੱਡਣ ਲਈ ਮਜਬੂਰ ਹੋਣਗੇ ਤੇ ਸ਼ਹਿਰਾਂ ਵਿਚ ਮਜ਼ਦੂਰਾਂ ਵਜੋਂ ਸ਼ਰਨ ਭਾਲਣਗੇ।

ਇਸ ਵਰਤਾਰੇ ਬਾਰੇ ਕੋਈ ਸ਼ੁੱਭ ਸੰਕੇਤ ਨਹੀਂ ਮਿਲਦਾ, ਕਿਉਂਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੋ ਦਿਲਚਸਪੀ ਨਾਲ ਦੂਜੇ ਹਰੇ ਇਨਕਲਾਬ ਬਾਰੇ ਗੱਲਾਂ ਕਰ ਰਹੇ ਹਨ, ਕੋਈ ਅਜਿਹੀ ਤਰਕਸੰਗਤ ਨੀਤੀ ਦਾ ਖਾਕਾ ਪੇਸ਼ ਨਹੀਂ ਕਰਦੇ ਜੋ ਸਾਡੀ ਨੌਜਵਾਨ ਪੀੜ੍ਹੀ ਲਈ ਖੇਤੀ ਦੇ ਧੰਦੇ ਨੂੰ ਖਿੱਚ ਭਰਪੂਰ ਬਣਾਉਂਦਾ ਹੋਵੇ ਕਿਉਂਕਿ ਨੌਜਵਾਨਾਂ ਵਿਚ ਖੇਤੀ ਲਈ ਦਿਲਚਸਪੀ ਘਟ ਰਹੀ ਹੈ। ਕਿਸਾਨ ਤੇ ਉਹ ਲੋਕ ਜੋ ਖੇਤੀ ਖੇਤਰ ਉਪਰ ਕਾਮਿਆਂ ਤੇ ਵਪਾਰੀਆਂ ਵਜੋਂ ਨਿਰਭਰ ਕਰਦੇ ਹਨ, ਸਿਰਫ਼ ਭੋਜਨ ਦੀ ਲਗਾਤਾਰਤਾ (ਟਿਕਾਊਪਣ) ਨੂੰ ਬਰਕਰਾਰ ਹੀ ਨਹੀਂ ਰੱਖ ਰਹੇ ਸਗੋਂ ਉਹ ਖ਼ੁਦ ਵੱਖ-ਵੱਖ ਸਨਅਤੀ ਉਤਪਾਦਾਂ ਦੇ ਖਪਤਕਾਰ ਵੀ ਹਨ। ਉਹ ਕੁੱਲ ਘਰੇਲੂ ਉਤਪਾਦਨ ਨੂੰ ਵਧਾਉਣ ਵਿਚ ਆਪਣਾ ਯੋਗਦਾਨ ਪਾਉਂਦੇ ਹਨ। ਸਨਅਤੀ ਵਿਕਾਸ ਦੇ ਚੱਕਰ ਉਨ੍ਹਾਂ 'ਤੇ ਨਿਰਭਰ ਕਰਦੇ ਹਨ। ਸਿਖਰਲੇ ਸਰਕਾਰੀ ਯੋਜਨਾਕਾਰ ਅਤੇ ਅਰਥਸ਼ਾਸਤਰੀ ਇਸ ਆਸਾਨ ਜਿਹੀ ਸੱਚਾਈ ਨੂੰ ਕਿਵੇਂ ਨਜ਼ਰਅੰਦਾਜ਼ ਕਰ ਦਿੰਦੇ ਹਨ, ਇਸ ਬਾਰੇ ਕੁਝ ਸਮਝ ਨਹੀਂ ਆਉਂਦੀ; ਨਹੀਂ ਤਾਂ ਖੇਤੀ ਖੇਤਰ ਵਿਚ ਕਿਤੇ ਜ਼ਿਆਦਾ ਸਰਕਾਰੀ ਨਿਵੇਸ਼ ਹੋਣਾ ਚਾਹੀਦਾ ਹੈ। ਜ਼ਰਾ ਸੋਚੋ! ਜਿਸ ਦੇਸ਼ ਨੂੰ ਆਪਣੇ ਕਿਸਾਨਾਂ ਕਰਕੇ ਆਪਣੇ 'ਤੇ ਫ਼ਖਰ ਹੁੰਦਾ ਹੈ, ਉਹ ਆਏ ਸਾਲ ਉਨ੍ਹਾਂ ਨੂੰ ਖੁਦਕੁਸ਼ੀਆਂ ਲਈ ਮਜਬੂਰ ਕਰਦਾ ਹੈ!!

ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਦੀ ਦੁਰਦਸ਼ਾ ਦੇਖ ਲਉ, ਜੋ ਭਾਰਤ ਦੀ ਭੋਜਨ ਸੁਰੱਖਿਆ ਨੂੰ ਕਾਇਮ ਰੱਖ ਰਹੇ ਹਨ ਤੇ ਇਹ ਕੰਮ ਹੋਰ ਕੋਈ ਰਾਜ ਨਹੀਂ ਕਰਦਾ। ਵੱਧ ਤੋਂ ਵੱਧ ਕਿਸਾਨ ਖੇਤੀਬਾੜੀ ਛੱਡੀ ਜਾ ਰਹੇ ਹਨ ਅਤੇ ਖੁਦਕੁਸ਼ੀਆਂ ਲਈ ਮਜਬੂਰ ਹਨ ਕਿਉਂਕਿ ਉਹ ਖੇਤੀ 'ਤੇ ਆਉਂਦੇ ਵੱਡੇ ਖਰਚੇ ਝੱਲ ਨਹੀਂ ਸਕਦੇ। ਪੰਜਾਬ ਵਿਚ ਦੋ ਸਾਲ ਪਹਿਲਾਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਵਰਤਾਰੇ ਦੇ ਘੇਰੇ ਅਤੇ ਇਸ ਪਿਛੇ ਕਾਰਨਾਂ ਨੂੰ ਜਾਨਣ ਲਈ ਸਰਵੇਖਣ ਕਰਾਉਣ ਦਾ ਵਾਅਦਾ ਕੀਤਾ ਗਿਆ ਸੀ ਪਰ ਅਜਿਹਾ ਨਹੀਂ ਹੋਇਆ। ਤਰਸਯੋਗ ਗੱਲ ਇਹ ਹੈ ਕਿ ਅਕਾਲੀ, ਜੋ ਕਿਸਾਨਾਂ ਦੀ ਨੁਮਾਇੰਦਗੀ ਦਾ ਦਾਅਵਾ ਕਰਦੇ ਹਨ, ਵੀ ਕਿਸਾਨਾਂ ਪ੍ਰਤੀ ਗੰਭੀਰ ਨਹੀਂ ਹਨ। ਇਹ ਸੱਚ ਹੈ ਕਿ ਕਾਫੀ ਕੁਝ ਕੇਂਦਰ 'ਤੇ ਨਿਰਭਰ ਕਰਦਾ ਹੈ ਪਰ ਰਾਜ ਵੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ।

ਭਾਰਤ ਦੀ ਭੋਜਨ ਸੁਰੱਖਿਆ ਪਿਛਲੇ 35 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਪੰਜਾਬ ਤੇ ਹਰਿਆਣਾ ਦੇ ਵਾਧੂ ਅਨਾਜ ਉਤਪਾਦਨ 'ਤੇ ਵੱਡੀ ਪੱਧਰ 'ਤੇ ਨਿਰਭਰ ਚਲੀ ਆ ਰਹੀ ਹੈ। ਨਾਮਵਰ ਅਰਥਸ਼ਾਸਤਰੀ ਅਤੇ 'ਇੰਸਟੀਚਿਊਟ ਆਫ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨਜ਼, ਚੰਡੀਗੜ੍ਹ' ਦੇ ਅਧਿਆਪਕ ਪ੍ਰੋ. ਐਚ.ਐਸ. ਸ਼ੇਰਗਿੱਲ ਅਨੁਸਾਰ, 'ਇਹ ਸੰਕੇਤ ਸਪੱਸ਼ਟ ਹੀ ਹਨ ਕਿ ਇਹ ਨਿਰਭਰਤਾ ਅਗਲੇ ਕੁਝ ਦਹਾਕਿਆਂ ਵਿਚ ਵੀ ਜਾਰੀ ਰਹੇਗੀ। ਪੰਜਾਬ ਤੇ ਹਰਿਆਣਾ ਨੂੰ ਛੱਡ ਕੇ ਬਾਕੀ ਭਾਰਤ ਚਿਰਾਂ ਤੋਂ ਅਨਾਜ ਉਤਪਾਦਨ ਪੱਖੋਂ ਗਰੀਬੀ ਹੰਢਾਅ ਰਿਹਾ ਹੈ। ਭਾਰਤ ਦੇ ਬਹੁਤੇ ਗੁਆਂਢੀ ਦੇਸ਼ਾਂ ਵਿਚ ਅਨਾਜ ਉਤਪਾਦਨ ਵਿਚ ਘਾਟਾ ਬਣਿਆ ਆ ਰਿਹਾ ਹੈ ਤੇ ਹੁਣ ਵੀ ਹੈ। ਉਹ ਆਪਣੀ ਵਸੋਂ ਨੂੰ ਰਜਾਉਣ ਲਈ ਅਨਾਜ ਦੀ ਦਰਾਮਦ 'ਤੇ ਨਿਰਭਰ ਹਨ। ਭਾਰਤ ਜੇ ਬਚਿਆ




ਹੈ ਤਾਂ ਇਹ ਪੰਜਾਬ ਤੇ ਹਰਿਆਣਾ ਵਿਚਲੇ ਵਿਸ਼ਾਲ ਵਾਧੂ ਅਨਾਜ ਉਤਪਾਦਨ ਕਰਕੇ ਹੈ।'

ਇਸ ਅਰਥਸ਼ਾਸਤਰੀ ਨੇ ਚਿਤਾਵਨੀ ਦਿੱਤੀ ਹੈ ਕਿ ਭਾਰਤ ਜੋ ਸੁਖਾਵੀਂ ਭੋਜਨ ਸਵੈ-ਨਿਰਭਰਤਾ ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਮਾਣ ਰਿਹਾ ਹੈ, ਹੁਣ ਗੰਭੀਰ ਖ਼ਤਰੇ 'ਚ ਪਈ ਜਾਪਦੀ ਹੈ। ਕਣਕ ਤੇ ਝੋਨੇ ਦੇ ਉਤਪਾਦਨ ਵਿਚ ਸਪੱਸ਼ਟ ਤੌਰ 'ਤੇ ਖੜੋਤ ਆਈ ਦਿਸ ਰਹੀ ਹੈ ਪਰ ਆਬਾਦੀ ਦੇ ਵਾਧੇ ਅਤੇ ਪ੍ਰਤੀ ਜੀਅ ਆਮਦਨ ਵਧਣ ਕਰਕੇ ਅਨਾਜ ਦੀ ਮੰਗ ਹੌਲੀ-ਹੌਲੀ ਵਧ ਰਹੀ ਹੈ। ਇਸ ਤੋਂ ਇਲਾਵਾ ਦੁੱਧ ਅਤੇ ਮੀਟ ਉਤਪਾਦਾਂ ਦੀ ਖਪਤ ਵਧਣ ਕਰਕੇ ਪਸ਼ੂਆਂ ਲਈ ਵੀ ਦਾਣੇਦਾਰ ਅਨਾਜ ਵਧੇਰੇ ਲੋੜੀਂਦਾ ਹੋਣ ਕਰਕੇ ਵੀ ਅਨਾਜ ਦੀ ਮੰਗ ਵਧੀ ਹੈ। ਭੋਜਨ ਅਰਥਵਿਵਸਥਾ ਵਿਚ ਮੰਗ-ਸਪਲਾਈ 'ਚ ਵਧ ਰਿਹਾ ਅਸੰਤੁਲਨ ਸਰਕਾਰ ਲਈ ਫ਼ਿਕਰ ਦਾ ਕਾਰਨ ਬਣ ਗਿਆ ਹੈ। ਸੰਸਾਰ ਪੱਧਰ 'ਤੇ ਭੋਜਨ ਵਸਤਾਂ ਦੀਆਂ ਕੀਮਤਾਂ ਵਿਚ ਹਾਲ ਹੀ 'ਚ ਆਏ ਉਛਾਲ ਅਤੇ ਵਧ ਰਹੀ ਭੋਜਨ ਥੁੜ ਨੇ ਦੇਸ਼ ਦੀ ਭੋਜਨ ਸਵੈ-ਨਿਰਭਰਤਾ ਅਤੇ ਭੋਜਨ ਸੁਰੱਖਿਆ ਬਾਰੇ ਫ਼ਿਕਰ ਵਧਾ ਦਿੱਤੇ ਹਨ। ਭੋਜਨ ਸਬੰਧੀ ਚੁਣੌਤੀ ਦਾ ਮੁਕਾਬਲਾ ਕਰਨ ਲਈ ਸਰਕਾਰ ਨੇ ਦੇਸ਼ ਦੇ ਘੱਟ ਉਤਪਾਦਕਤਾ ਵਾਲੇ ਪੂਰਬੀ ਖੇਤਰਾਂ ਵਿਚ ਅਨਾਜ ਉਤਪਾਦਨ ਵਧਾਉਣ ਲਈ ਕੌਮੀ ਭੋਜਨ ਸੁਰੱਖਿਆ ਮਿਸ਼ਨ ਸ਼ੁਰੂ ਕੀਤਾ ਹੈ।

ਭੋਜਨ ਸਵੈ-ਨਿਰਭਰਤਾ ਤੋਂ ਬਿਨਾ ਭੋਜਨ ਸੁਰੱਖਿਆ ਯਕੀਨੀ ਨਹੀਂ ਬਣ ਸਕਦੀ। ਇਹ ਗੱਲ ਕੇਂਦਰ ਤੇ ਰਾਜਾਂ ਦੀਆਂ ਸਰਕਾਰਾਂ ਨੂੰ ਸਪੱਸ਼ਟ ਹੋ ਜਾਣੀ ਚਾਹੀਦੀ ਹੈ। ਅਮਰੀਕਨਾਂ ਵੱਲੋਂ ਸਾਨੂੰ ਲਗਾਤਾਰ ਇਹ ਕਿਹਾ ਜਾ ਰਿਹਾ ਹੈ ਕਿ ਸਾਨੂੰ ਆਪਣੀ ਭੋਜਨ ਸੁਰੱਖਿਆ ਬਾਰੇ ਫ਼ਿਕਰਮੰਦ ਨਹੀਂ ਹੋਣਾ ਚਾਹੀਦਾ। ਸਾਨੂੰ ਹੋਰ ਫਸਲਾਂ ਉਗਾਉਣੀਆਂ ਚਾਹੀਦੀਆਂ ਹਨ ਤੇ ਕਣਕ ਅਤੇ ਝੋਨੇ ਨੂੰ ਭੁੱਲ ਜਾਣਾ ਚਾਹੀਦਾ ਹੈ। ਉਹ ਇਹ ਵੀ ਕਹਿੰਦੇ ਹਨ ਕਿ ਸਾਨੂੰ ਝੋਨੇ ਦੀ ਲੋੜ ਕਿਉਂ ਹੈ? ਅਸਲ ਵਿਚ, ਕੁਝ ਪੱਛਮੀ ਬਹੁਕੌਮੀ ਕੰਪਨੀਆਂ ਵੱਲੋਂ ਝੋਨੇ ਦੇ 'ਜਰਮ ਪਲਾਜ਼ਮਾ' ਨੂੰ ਤਬਾਹ ਕਰਨ ਦੀ ਯੋਜਨਾ ਬਣਾਈ ਗਈ ਸੀ। ਕੁਝ ਖੇਤੀ ਮਾਹਿਰਾਂ ਨੇ ਅਨਾਜ ਫਸਲਾਂ ਹੇਠ ਰਕਬੇ ਨੂੰ ਨਕਦੀ ਪੈਸੇ ਵਟਾਉਣ ਵਾਲੀਆਂ ਫਸਲਾਂ ਹੇਠ ਰਕਬੇ 'ਚ ਵਿਆਪਕ ਤੌਰ 'ਤੇ ਤਬਦੀਲ ਕਰਨ ਦੀ ਸਿਫ਼ਾਰਸ਼ ਬੜੀ ਮਜ਼ਬੂਤੀ ਨਾਲ ਕੀਤੀ ਸੀ। ਨੀਤੀ ਘਾੜੇ ਵੀ ਦਰਾਮਦ ਰਾਹੀਂ ਭੋਜਨ ਸੁਰੱਖਿਆ ਯਕੀਨੀ ਬਣਾਉਣ ਦੇ ਇਸ ਨਵੇਂ ਵਿਚਾਰ ਨੂੰ ਧਿਆਨ ਨਾਲ ਸੁਣਦੇ ਦਿਖਾਈ ਦਿੱਤੇ। ਜਿਨ੍ਹਾਂ ਨੇ ਭੋਜਨ ਸੁਰੱਖਿਆ ਲਈ ਭੋਜਨ ਸਵੈ-ਨਿਰਭਰਤਾ ਨੂੰ ਤਰਜੀਹ ਦੇਣ ਦੀ ਵਕਾਲਤ ਕੀਤੀ, ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਗਿਆ। ਉਨ੍ਹਾਂ ਨੂੰ 'ਨਿਕੰਮੇ ਆਦਮੀ' ਦੇ ਲਕਬ ਵੀ ਦਿੱਤੇ ਗਏ।

ਭੋਜਨ ਸੁਰੱਖਿਆ ਲਈ ਦਰਾਮਦ 'ਤੇ ਆਧਾਰਤ ਨੀਤੀ, ਕੋਈ ਨਵਾਂ ਵਿਚਾਰ ਨਹੀਂ ਹੈ। ਵਿਕਾਸਸ਼ੀਲ ਦੇਸ਼ਾਂ ਨੂੰ ਭੋਜਨ ਸੁਰੱਖਿਆ ਸਬੰਧੀ ਅਮਰੀਕੀ ਹਮੇਸ਼ਾ ਇਹੀ ਸਲਾਹਾਂ ਦਿੰਦੇ ਰਹੇ ਹਨ। ਇਸ ਵਿਚਾਰ ਨੂੰ 1986 ਵਿਚ ਉਰੂਗਵੇ ਰਾਊਂਡ ਦੇ ਉਦਘਾਟਨ ਸਮੇਂ ਅਮਰੀਕਾ ਦੇ ਖੇਤੀ ਮੰਤਰੀ ਜੌਨ ਬਲੌਕ ਨੇ ਜਚਵੇਂ ਢੰਗ ਨਾਲ ਪੇਸ਼ ਕੀਤਾ ਸੀ। ਉਸ ਨੇ ਕਿਹਾ ਸੀ, 'ਵਿਕਾਸਸ਼ੀਲ ਦੇਸ਼ਾਂ ਵੱਲੋਂ ਆਪਣੇ ਖਾਣ ਜੋਗਾ ਖ਼ੁਦ ਅਨਾਜ ਪੈਦਾ ਕਰਨ ਦਾ ਵਿਚਾਰ ਉਨ੍ਹਾਂ ਦੀ ਤਰੀਖੀ ਭੁੱਲ ਹੈ ਜੋ ਬੀਤੇ ਯੁੱਗ ਵਿਚੋਂ ਨਿਕਲੀ ਹੈ। ਉਨ੍ਹਾਂ ਨੂੰ ਅਮਰੀਕਾ ਦੇ ਖੇਤੀ ਉਤਪਾਦਾਂ ਜੋ ਬਹੁਤਾ ਕਰਕੇ ਘੱਟ ਕੀਮਤਾਂ 'ਤੇ ਉਪਲਬਧ ਹਨ, ਉਤੇ ਨਿਰਭਰ ਹੋ ਕੇ ਆਪਣੀ ਭੋਜਨ ਸੁਰੱਖਿਆ ਬਿਹਤਰ ਤਰੀਕੇ ਨਾਲ ਯਕੀਨੀ ਬਣਾਉਣੀ ਚਾਹੀਦੀ ਹੈ। ਇਹ ਦੇਸ਼ ਆਪਣੇ ਜ਼ਮੀਨੀ ਸਰੋਤਾਂ ਨੂੰ ਹੋਰ ਫਸਲਾਂ ਨੂੰ ਉਗਾਉਣ ਲਈ ਵਰਤ ਸਕਦੇ ਹਨ।' ਇਹ ਗੁਲਾਮੀ ਦਾ ਦੂਜਾ ਨਾਂ ਹੈ। ਸਾਡੇ ਕੋਲ ਉਸ ਸਮੇਂ ਦਾ ਦੁਖਦਾਈ ਤਜਰਬਾ ਹੈ ਜਦੋਂ ਭਾਰਤ ਵਿਚ ਅਨਾਜ ਦੀ ਥੁੜ ਸੀ ਅਤੇ ਅਮਰੀਕੀ ਸਰਕਾਰ ਵੱਲੋਂ ਕਣਕ ਦੀ ਸਪਲਾਈ ਲਈ ਪਤਾ ਨਹੀਂ ਕੀ-ਕੀ ਸ਼ਰਤਾਂ ਰੱਖੀਆਂ ਗਈਆਂ ਸਨ। ਕੀ ਸਾਡੀ ਸਰਕਾਰ ਨੇ ਅਜਿਹੀ ਕਿਸੇ ਯੋਜਨਾ ਨੂੰ ਸਵੀਕਾਰ ਕਰ ਲਿਆ ਹੈ?

# ਪੰਜ ਦਮੜਿਆਂ ਵਾਲਾ ਸਾਧ

ਇਹ ਗੱਲ ਕੋਈ 1991-92 ਦੀ ਹੈ, ਮੈਂ ਕਾਲਜ ਤੋਂ ਕੁਝ ਛੁਟੀਆਂ ਹੋਣ ਕਾਰਨ ਘਰ ਦੇ ਕੰਮ ਕਾਜ ਵਿਚ ਹੱਥ ਵਟਾਉਣ ਲੱਗ ਪਿਆ। ਮੰਡ ਵਾਲੇ ਖੇਤਾਂ ਤੋਂ ਗੰਨੇ ਦੀ ਟਰਾਲੀ ਲੱਦਣੀ ਸੀ ਤੇ ਮੈਂ ਟਰੈਕਟਰ ਦੀ ਟੈਂਕੀ ਤੇਲ ਨਾਲ ਭਰ ਰਿਹਾ ਸੀ। ਖੇਤਾਂ ਵਿਚ ਕੰਮ ਕਰਨ ਕਰਕੇ ਕਪੜੇ ਵੀ ਕੁਝ ਠੀਕ ਠਾਕ ਜਿਹੇ ਹੀ ਪਾਏ ਹੋਏ ਸਨ। ਘਰ ਦਾ ਗੇਟ ਖੁਲ੍ਹਾ ਵੇਖ ਇਕ ਸਾਧ ਘਰ ਆਣ ਵੜਿਆ ਤੇ ਸਤਿਨਾਮ ਜੀ ਕਹਿ ਕੇ ਖੜੋ ਗਿਆ। ਮੇਰੀ ਵੱਡੀ ਭਾਬੀ ਨੇ ਦਾਣਿਆਂ ਦੀ ਥਾਲੀ ਲਿਆਣ ਬਾਬੇ (ਸਾਧ) ਮੂਹਰੇ ਕੀਤੀ ਕਿ ਸਾਧ ਜੀ ਬਗਲੀ ਖੋਲਣ ਤੇ ਭਿਖਿਆ ਲੈ ਕੇ ਚਲਦੇ ਬਣਨ। ਪਰ ਸਾਧ ਜੀ ਨੇ ਉਚੀ ਸੁਰ ਵਿਚ ਆਖਿਆ, ਬੀਬੀ ਦਾਣੇ ਨਹੀਂ ਪੰਜ ਦਮੜੇ ਚਾਹੀਦੇ ਹਨ। ਉਦੋਂ ਪੰਜ ਦਮੜਿਆਂ ਦਾ ਕੁਝ ਨਾ ਕੁਝ ਆ ਜਾਂਦਾ ਸੀ। ਮੈਂ ਇਹ ਸਾਰਾ ਸੀਨ ਦੇਖ ਸੁਣ ਰਿਹਾ ਸਾਂ। ਜਦੋਂ ਸਾਧ ਨੇ ਪੰਜ ਦਮੜਿਆਂ ਦੀ ਦੁਬਾਰਾ ਮੰਗ ਕੀਤੀ ਤਾਂ ਮੇਰੇ ਕੋਲੋਂ ਰਿਹਾ ਨਾ ਗਿਆ। ਪਹਿਲਾਂ ਤਾਂ ਮੈਂ ਸੋਚਿਆ ਕਿ ਚਲੋ ਵਿਚਾਰਾ ਮੰਗਤਾ ਹੈ ਦਾਣੇ ਲੈ ਕੇ ਚਲਾ ਜਾਊ ਪਰ ਉਸ ਦੀ ਦੁਬਾਰਾ ਪੰਜਾਂ ਦਮੜਿਆਂ ਵਾਲੀ ਅੜੀ ਨੇ ਮੈਨੂੰ ਸਾਧ ਦੇ ਸਨਮੁਖ ਕਰ ਹੀ ਦਿਤਾ।

ਮੈਂ ਕਿਹਾ, "ਬਾਬਾ ਜੀ, ਪੰਜ ਕੀ ਵੀਹ ਦਊਂ ਜੇ ਚਲ ਕੇ ਟਰਾਲੀ ਗੰਨਿਆਂ ਦੀ ਲਦਾਵੇਂ ਤਾਂ।"

ਸਾਧ ਨੇ ਸੋਚਿਆ, ਕੋਈ ਨੌਕਰ ਹੋਣਾ, ਕਹਿੰਦਾ, "ਚੁਪ ਕਰਕੇ ਆਪਣਾ ਕੰਮ ਕਰੀ ਜਾਹ।"

ਮੈਨੂੰ ਚੜ੍ਹ ਗਿਆ ਗੁੱਸਾ ਤੇ ਆਪਾਂ ਤਾਂ ਚੱਕ ਲਿਆ ਡੰਡਾ ਕਿਉਂਕਿ ਇਕ ਤਾਂ ਸਾਧ ਗਲਤ ਬੋਲਿਆ ਤੇ ਦੂਜਾ ਗੰਨਿਆਂ ਨੇ ਬੜਾ ਥਕਾਇਆ ਹੋਇਆ ਸੀ। ਬਸ ਫੇਰ ਕੀ ਸਾਧ ਮੂਹਰੇ-ਮੂਹਰੇ ਤੇ ਮੈਂ ਮਗਰ-ਮਗਰ। ਡੰਡਾ ਮੇਰੇ ਹੱਥ ਵਿਚ। ਸਾਧ ਨੂੰ ਅੱਡਾ ਪਾਰ ਕਰਾ ਕੇ ਹੀ ਆਇਆ। ਹੁਣ ਜਦੋਂ ਵੀ ਕਿਤੇ ਪਿੰਡ ਜਾਨਾਂ ਉਹ ਸਾਧ ਬਹੁਤ ਚੇਤੇ ਆਉਂਦਾ ਹੈ।

*-ਲਖਵਿੰਦਰ ਸਿੰਘ ਮੱਟੂ*
*ਫੋਨ:513-300-4020*
*ਡੇਅਟਨ, ਓਹਾਇਓ।*

# ਹੁਣ ਕੀ ਰੁਖ਼ ਅਖ਼ਤਿਆਰ ਕਰੇਗਾ ਅਰਬ ਜਗਤ?


**ਕੌਮਾਂਤਰੀ ਮੰਚ**

**ਐਮ.ਕੇ. ਭਦਰਾਕੁਮਾਰ**

ਇਨਕਲਾਬਾਂ ਦੀ ਬਣਤਰ ਧੋਖੇ ਭਰੀ ਹੋ ਸਕਦੀ ਹੈ। ਵਲਾਦੀਮੀਰ ਲੈਨਿਨ ਨੇ ਆਪਣਾ ਪ੍ਰਸਿੱਧ 'ਅਪਰੈਲ ਥੀਸਿਜ਼' 1917 ਦੇ ਫਰਵਰੀ ਇਨਕਲਾਬ ਤੋਂ ਬਾਅਦ ਕੁਝ ਹਫ਼ਤਿਆਂ ਹੀ ਕਿਹਾ ਸੀ, "ਰੂਸ ਦੀ ਵਰਤਮਾਨ ਹਾਲਤ ਦਾ ਵਿਸ਼ੇਸ਼ ਲੱਛਣ ਇਹ ਹੈ ਕਿ ਦੇਸ਼ ਇਨਕਲਾਬ ਦੀ ਪਹਿਲੀ ਮੰਜ਼ਿਲ ਵਿਚੋਂ ਲੰਘ ਰਿਹਾ ਹੈ ਅਤੇ ਦੂਜੀ ਵਿਚ ਦਾਖਲ ਹੋ ਰਿਹਾ ਹੈ।" ਇਹ ਅਜਿਹੀ ਗੱਲ ਹੈ ਜਿਸ ਨਾਲ ਇਤਿਹਾਸ ਤੋਂ ਲਾਭ ਪ੍ਰਾਪਤ ਕਰ ਕੇ ਅਸੀਂ ਆਰਾਮ ਨਾਲ ਇਸ ਨਾਲ ਸਹਿਮਤ ਹੋ ਸਕਦੇ ਹਾਂ। ਇਸ ਦੇ ਬਾਵਜੂਦ, ਜਦੋਂ ਉਸ ਨੇ ਆਪਣਾ ਥੀਸਿਜ਼ ਪੇਸ਼ ਕੀਤਾ ਤਾਂ ਲੈਨਿਨ ਦਾ ਮਾਰਕਸਵਿਦਾਂ ਅਤੇ ਬੋਰਿਸ ਬੋਗਦਾਨੋਵ ਨੇ ਮਖੌਲ ਉਡਾਉਂਦਿਆਂ ਹੋਇਆਂ ਇਸ ਨੂੰ 'ਪਾਗਲ ਆਦਮੀ ਦੀਆਂ ਧੁਤ-ਪਤੀਤੀਆਂ' ਤਕ ਕਹਿ ਦਿੱਤਾ ਸੀ। ਬਾਲਸ਼ਵਿਕਾਂ ਵਿਚੋਂ ਕੇਵਲ ਅਲੈਗਜ਼ਾਂਡਰ ਕੋਲੋਨਤਾਈ ਨੇ ਹੀ ਸ਼ੁਰੂ ਵਿਚ ਇਸ ਥੀਸਿਜ਼ ਦੀ ਹਮਾਇਤ ਕੀਤੀ ਸੀ ਜੋ ਬਾਅਦ ਵਿਚ ਉਨ੍ਹਾਂ ਦਾ ਮੈਨੀਫੈਸਟੋ ਬਣ ਗਿਆ।

ਮਿਸਰ ਵਾਲੀ ਬਗ਼ਾਵਤ ਵੀ ਬਹੁਤ ਹੀ ਛਲਪੂਰਨ ਹੈ। ਬਗਾਵਤ ਦੀ ਹਵਾ, ਇਨਕਲਾਬ ਦਾ ਛਲਾਵਾ ਵੀ ਹੋ ਸਕਦੀ ਹੈ। ਕਿਸੇ ਫ਼ੌਜ ਵੱਲੋਂ ਜਮਹੂਰੀ ਯੋਜਨਾ ਦੀ ਹਮਾਇਤ ਕਰਨ ਦੀ ਕਿਤੇ ਕੋਈ ਵੀ ਮਿਸਾਲ ਨਹੀਂ ਮਿਲਦੀ। ਬਿਨਾਂ ਸ਼ੱਕ 25 ਜਨਵਰੀ ਦੀ ਬਗ਼ਾਵਤ ਨੇ ਕੌਮਾਂਤਰੀ ਭਾਈਚਾਰੇ ਨੂੰ ਹੈਰਾਨ ਕਰ ਕੇ ਰੱਖ ਦਿੱਤਾ ਸੀ। ਈਰਾਨ ਦਾ ਸਰਬਉੱਚ ਨੇਤਾ ਅਲੀ ਖ਼ੁਮੈਣੀ ਨਾਲੋਂ ਬਿਹਤਰ ਢੰਗ ਨਾਲ ਇਸ ਦੀ ਕੋਈ ਹੋਰ ਵਿਆਖਿਆ ਪੇਸ਼ ਕਰ ਹੀ ਨਹੀਂ ਸੀ ਸਕਦਾ, "ਇਹ ਕਰਾਮਾਤੀ ਘਟਨਾ ਹੈ। ਇਸ ਨੇ ਇਸਲਾਮੀ ਅਤੇ ਪੱਛਮੀ ਜਗਤ ਦਾ ਸਾਹ ਸੂਤ ਕੇ ਰੱਖ ਦਿੱਤਾ ਹੈ।" ਇਸ ਲਈ ਇਸ ਦੇ ਸਾਰੇ ਵੱਡੇ ਹਮਾਇਤੀ (ਅੰਦਰੂਨੀ ਅਤੇ ਬਾਹਰੀ) ਸਣੇ ਕਾਹਿਰਾ ਵਿਚਲੀ ਫ਼ੌਜੀ ਕੌਂਸਲ ਦੇ, ਆਪਣੀ ਮਨਮਰਜ਼ੀ ਕਰਨ ਦੀ ਥਾਂ ਪੈਦਾ ਹੋ ਰਹੇ ਹਾਲਾਤ ਨਾਲ ਚੱਲਣ ਦਾ ਜਤਨ ਕਰ ਰਹੇ ਹਨ। ਪਰ ਆਪਾ-ਵਿਰੋਧ ਇਹ ਹੈ ਕਿ ਇਹ ਬਗ਼ਾਵਤ ਅਟੱਲ ਸੀ। ਇਹ ਗੱਲ ਇਤਿਹਾਸਕ ਪ੍ਰਸੰਗ ਵਿਚ ਵੀ ਠੀਕ ਸੀ ਅਤੇ ਮਿਸਰ ਦੇ ਨਿਸਚਿਤ ਹਾਲਾਤ ਵਿਚ ਵੀ, ਜਿਸ ਤੋਂ ਇਸ ਗੱਲ ਦਾ ਸਭ ਤੋਂ ਵਧੀਆ ਯਕੀਨ ਬੱਝਦਾ ਹੈ ਕਿ ਇਹ ਦੇਸ਼ ਮੁੜ ਕ੍ਰਾਂਤੀ ਤੋਂ ਪਹਿਲਾਂ ਵਾਲੇ ਸਮਿਆਂ ਵੱਲ ਨਹੀਂ ਪਰਤ ਸਕਦਾ। 1922 ਦਾ ਅਖੌਤੀ ਮੱਧ-ਪੂਰਬ ਦਾ ਨਿਬੇੜਾ ਜਿਸ ਨੂੰ ਸਾਬਕਾ ਬਸਤੀਵਾਦੀ ਸ਼ਕਤੀਆਂ ਬਰਤਾਨੀਆ ਅਤੇ ਫਰਾਂਸ ਨੇ ਕਾਹਲੀ ਵਿਚ ਓਟੋਮਨ ਸਲਤਨਤ ਦੀ ਤਬਾਹੀ ਅਤੇ ਰੂਸ ਦੇ ਬਾਲਸ਼ਵਿਕ ਇਨਕਲਾਬ ਦੀ ਪਿੱਠ-ਭੂਮੀ ਵਿਚ ਨੇਪਰੇ ਚਾੜ੍ਹਿਆ ਸੀ, ਕਾਫ਼ੀ ਚਿਰ ਤੋਂ ਆਪਣਾ ਜੀਵਨ-ਕਾਲ ਪੂਰਾ ਕਰ ਚੁੱਕਾ ਸੀ। ਜਾਪਦਾ ਇੰਜ ਹੈ ਕਿ ਪੱਛਮ ਨੇ ਧੌਂਸ ਨਾਲ ਜਿਹੜੀ ਖੇਤਰੀ ਵਿਵਸਥਾ ਸਿਆਸੀ, ਆਰਥਿਕ ਅਤੇ ਸਭਿਆਚਾਰਕ ਤੌਰ 'ਤੇ ਇਸ ਖੇਤਰ ਵਿਚ ਕਾਇਮ ਕੀਤੀ ਸੀ, ਉਹ ਫਹਿ-ਵੇਰੀ ਹੋ ਗਈ ਹੈ। ਉਨ੍ਹਾਂ ਪੱਛਮ-ਪੱਖੀ ਕੁਲੀਨਾਂ ਜਿਨ੍ਹਾਂ ਨੂੰ ਪਤਾ ਨਹੀਂ ਕਿੱਥੋਂ ਲੱਭ ਕੇ ਹਾਕਮ ਸ਼੍ਰੇਣੀਆਂ ਵਜੋਂ ਸਾਹਮਣੇ ਲਿਆਂਦਾ ਗਿਆ ਸੀ, ਨੇ ਕਦੇ ਵੀ ਲੋਕਾਂ ਦੀ ਨੁਮਾਇੰਦਗੀ ਨਹੀਂ ਕੀਤੀ ਅਤੇ ਉਹ ਖੇਤਰੀ ਚੌਗਿਰਦੇ ਵਿਚ ਓਪਰੇ ਜਿਹੇ ਹੀ ਬਣਦੇ ਚਲੇ ਗਏ ਜਿਹੜਾ ਦਹਾਕਿਆਂ ਦੌਰਾਨ ਤੇਜ਼ੀ ਨਾਲ ਤਬਦੀਲ ਹੋਇਆ ਹੈ। ਉਸ ਅਜੋੜ, ਜਿਹੜਾ ਏਕਾ-ਅਧਿਕਾਰਵਾਦੀ ਹਕੂਮਤਾਂ ਅਤੇ ਲੋਕਾਂ ਦਰਮਿਆਨ ਬਣਿਆ, ਤਾਕਤ ਨੂੰ ਗੰਢ-ਤੁੱਪ ਕਰ ਕੇ ਪੁਲ ਵਜੋਂ ਵਰਤਣਾ ਅਸੰਭਵ ਹੋ ਗਿਆ ਹੈ। ਇਸ ਲਈ ਹੁਣ ਜਿਹੜੀਆਂ ਮੁਸ਼ਕਲਾਂ ਮਿਸਰ ਵਿਚਲੇ ਬੀਤੇ ਦੋ ਅਸਫ਼ਲ ਇਨਕਲਾਬਾਂ ਕਾਰਨ ਪੈਦਾ ਹੋਈਆਂ ਸਨ, ਹੁਣ ਵਾਲੇ ਇਸ ਇਨਕਲਾਬ ਲਈ ਬਚੇ ਰਹਿਣ ਲਈ ਉਹ ਪੈਦਾ ਨਹੀਂ ਹੋਣਗੀਆਂ। ਹੋਸਨੀ ਮੁਬਾਰਕ ਨੂੰ ਇਕ ਪਾਸੇ ਕਰਨ ਲਈ ਫ਼ੌਜ ਨੇ ਜਿਹੜੀ ਦਖਲਅੰਦਾਜ਼ੀ ਕੀਤੀ ਹੈ, ਉਸ ਦਾ ਜ਼ਹਿਰੀਲੇ ਜ਼ਖ਼ਮ ਦੀ ਚੀਰ-ਫਾੜ ਨਾਲ ਮੁਕਾਬਲਾ ਕੀਤਾ ਜਾ ਸਕਦਾ ਹੈ ਪਰ ਇਲਾਜ ਦਾ ਇਹ ਢੁੱਕਵਾਂ ਬਦਲ ਨਹੀਂ ਹੋ ਸਕਦਾ। ਉਮੀਦ ਹੈ ਕਿ ਫ਼ੌਜੀ ਆਗੂ ਇੰਨੇ ਕੁ ਸਿਆਣੇ ਜ਼ਰੂਰ ਹੋਣਗੇ ਕਿ ਉਹ ਇਸ ਵਰਤਾਰੇ ਨੂੰ ਸਮਝ ਸਕਣ।

ਇਸ ਵਿਚ ਸ਼ੱਕ ਨਹੀਂ ਹੈ ਕਿ ਇਨਕਲਾਬਾਂ ਨਾਲ ਦਗੇ ਕਮਾਏ ਗਏ ਹਨ। ਮਿਸਰ ਇਥੋਂ ਕਿਧਰ ਜਾਏਗਾ, ਇਸ ਦਾ ਦਾਰੋਮਦਾਰ ਵਿਦੇਸ਼ੀ ਤੱਤਾਂ ਉਪਰ ਨਿਰਭਰ ਕਰਦਾ ਹੈ। ਪਹਿਲਾ, ਕੀ ਮਿਸਰ ਦਾ ਇਨਕਲਾਬ ਖੇਤਰੀ ਖਲਾਅ ਵਿਚ ਜੀਵਤ ਰਹਿ ਸਕਦਾ ਹੈ? ਯਕੀਨਨ ਅਰਬ ਦੇ ਇਕ-ਪੁਰਖੇ ਰਾਜ, ਮਿਸਰ ਦੇ ਫ਼ੌਜੀ ਨੇਤਾਵਾਂ ਉਤੇ ਇਹ ਦਬਾਅ ਪਾਉਣਗੇ ਕਿ ਉਹ ਜਮਹੂਰੀਕਰਨ ਦੀ ਪ੍ਰਕਿਰਿਆ ਨੂੰ ਕੁਚਲ ਦੇਣ। ਉਹ ਮਿਸਰ ਦੇ ਲੋਕ-ਉਭਾਰ ਤੋਂ ਭਾਰੀ ਖ਼ਤਰਾ ਮਹਿਸੂਸ ਕਰ ਰਹੇ ਹਨ। ਸਾਊਦੀ ਅਰਬ ਨੇ ਵਿਸ਼ੇਸ਼ ਕਰਕੇ ਬਿਲਕੁਲ ਹੀ ਪਿੱਛੇ-ਖਿੱਚੂ ਪੈਂਤੜਾ ਮੱਲਿਆ ਹੈ। ਮਿਸਰ ਦੇ ਜਰਨੈਲ ਸਾਊਦੀ ਅਰਬ ਅਤੇ ਇਜ਼ਰਾਈਲ ਦੀ ਲੁਕਵੀਂ ਹਮਾਇਤ ਨਾਲ ਇਸ ਨਤੀਜੇ ਉਤੇ ਪਹੁੰਚਣ ਦਾ ਜਤਨ ਕਰ ਸਕਦੇ ਹਨ ਕਿ ਜਦੋਂ ਵਿਵਸਥਾ ਅਤੇ ਆਮ ਵਰਗੀ ਹਾਲਤ ਬਹਾਲ ਹੋ ਜਾਂਦੀ ਹੈ ਤਾਂ ਲੋਕ ਭੁੱਲ-ਭੁਲਾ ਜਾਣਗੇ। ਕਹਿਣ ਦਾ ਮਤਲਬ ਇਹ ਹੈ ਕਿ ਜੇ ਸਮੁੱਚੇ ਤੌਰ 'ਤੇ ਇਸ ਖੇਤਰ ਵਿਚ ਇਨਕਲਾਬੀ ਵਾਤਾਵਰਣ ਭਾਰੂ ਹੋ ਜਾਂਦਾ ਹੈ ਅਤੇ ਅਰਬਾਂ ਦੇ ਇਕ-ਪੁਰਖੇ ਰਾਜ ਇਤਿਹਾਸ ਦੀ ਦੀਵਾਰ ਉਤੇ ਲਿਖਿਆ ਪੜ੍ਹ ਲੈਂਦੇ ਹਨ ਤਾਂ



*ਕਰਨਲ ਗੱਦਾਫੀ*

ਅਸੀਂ ਕਿਸੇ ਹੱਦ ਤਕ ਭਰੋਸੇ ਨਾਲ ਇਹ ਕਹਿ ਸਕਦੇ ਹਾਂ ਕਿ ਇਹ ਇਨਕਲਾਬ ਹੁਣ ਅਮੋੜ ਬਣ ਗਿਆ ਹੈ।

ਦੂਜੇ, ਬਹੁਤ ਕੁਝ ਬਰਾਕ ਓਬਾਮਾ ਪ੍ਰਸ਼ਾਸਨ ਦੇ ਪੈਂਤੜੇ ਉਤੇ ਨਿਰਭਰ ਕਰਦਾ ਹੈ। ਵਿਅੰਗ ਇਹ ਹੈ ਕਿ ਜਾਰਜੀਆ ਅਤੇ ਯੂਕਰੇਨ ਵਿਚ ਦੋ 'ਰੰਗਦਾਰ ਇਨਕਲਾਬਾਂ' ਦੀਆਂ ਸਫ਼ਲ ਕਹਾਣੀਆਂ ਨੂੰ ਜਾਰਜ ਵਾਕਰ ਬੁਸ਼ ਦੇ ਦੌਰ ਨਾਲ ਜੋੜਿਆ ਜਾਂਦਾ ਹੈ। ਓਬਾਮਾ ਦੀ ਹਾਲਤ ਤਾਂ ਤਰਸਯੋਗ ਹੈ, ਭਾਵੇਂ ਗਪੌੜ ਮਾਰਨ ਲਈ ਉਹ ਉੱਚੀਆਂ ਹਵਾਵਾਂ ਵਿਚ ਹੀ ਕਿਉਂ ਨਾ ਵਿਚਰ ਰਿਹਾ ਹੋਵੇ!

ਮਿਸਰ ਵਿਚ ਜੋ ਕੁਝ ਹੋਇਆ-ਵਾਪਰਿਆ ਹੈ, ਉਹ ਬਿਲਕੁਲ ਹੀ ਓਬਾਮਾ ਦੀ ਉਸ ਗੱਲ ਨਾਲ ਮੇਲ ਖਾਂਦਾ ਹੈ ਜਿਹੜੀ ਉਨ੍ਹਾਂ ਨੇ 2009 ਵਿਚ ਆਪਣੇ ਕਾਹਿਰਾ ਵਿਚਲੇ ਭਾਸ਼ਣ ਵਿਚ ਕਹੀ ਸੀ। ਹੁਣ ਮਿਸਰ ਬਾਰੇ ਪਹੁੰਚ ਨਾ ਕੇਵਲ ਓਬਾਮਾ ਦੀ ਪ੍ਰਧਾਨਗੀ ਲਈ ਸਖ਼ਤ ਇਮਤਿਹਾਨ ਹੋਵੇਗਾ ਸਗੋਂ ਨੀਤੀਵਾਨ ਵਜੋਂ ਇਹ ਉਸ ਦੀ ਇਤਿਹਾਸ ਵਿਚ ਥਾਂ ਲਈ ਪ੍ਰੀਖਿਆ ਵੀ ਹੋਵੇਗੀ। ਇਹ ਕਠਿਨ ਪ੍ਰੀਖਿਆ ਹੋਵੇਗੀ ਕਿਉਂਕਿ ਮਾਨਵਵਾਦੀ ਵਜੋਂ ਉਸ ਦੇ ਐਲਾਨੀਆ ਵਿਸ਼ਵਾਸਾਂ ਅਤੇ ਉਸ ਦੀ ਜ਼ਬਰਦਸਤ ਬੁੱਧੀਮਤਾ ਅਤੇ ਕਾਮਯਾਬ ਸਿਆਸਤਦਾਨ ਵਜੋਂ ਉਸ ਦੀਆਂ ਭਾਵਨਾਵਾਂ ਬਾਰੇ ਵੀ ਮੁਸ਼ਕਲ ਇਮਤਿਹਾਨ ਹੋਵੇਗਾ।

ਜਨਾਬ ਓਬਾਮਾ ਦੀ ਮੁੱਖ ਦੁਬਿਧਾ ਇਹ ਹੈ ਕਿ ਭਾਵੇਂ ਮਿਸਰ ਦੀ ਬਗ਼ਾਵਤ ਵਿਚ ਕੋਈ ਸਪਸ਼ਟ ਅਮਰੀਕਾ ਵਿਰੋਧ ਦੀ ਭਾਵਨਾ ਤਾਂ ਦਿਖਾਈ ਨਹੀਂ ਦੀ ਦਿੰਦੀ ਪਰ ਜਨਤਕ ਰਾਇ ਦਾ ਭਾਰੀ ਪੱਖ ਅਮਰੀਕਾ-ਇਜ਼ਰਾਈਲ ਗਠਜੋੜ ਨਾਲ ਦੇਸ਼ ਦੇ ਨਾਪਾਕ ਗੰਢ-ਚਿਤਰਾਵੇ ਦੇ ਵਿਰੁੱਧ ਹੈ। ਮਿਸਰ ਦੇ ਲੋਕ ਆਪਣੀ ਕੌਮੀ ਹੇਠੀ ਵਿਚੋਂ ਬਾਹਰ ਨਿਕਲਣਾ ਚਾਹੁੰਦੇ ਹਨ ਅਤੇ ਅਰਬ ਸੰਸਾਰ ਵਿਚ ਆਪਣੀ ਇਤਿਹਾਸਕ ਥਾਂ ਮੁੜ ਪ੍ਰਾਪਤ ਕਰਨਾ ਚਾਹੁੰਦੇ ਹਨ। ਕਾਹਿਰਾ ਵਿਚ ਜਮਹੂਰੀ ਤੌਰ 'ਤੇ ਚੁਣੀ ਹੋਈ ਸਰਕਾਰ ਵੱਲੋਂ ਉਸ ਸੁਰੱਖਿਆ ਗਠਜੋੜ ਨੂੰ ਜਾਰੀ ਰੱਖਣਾ ਜਿਹੜਾ ਜਨਾਬ ਮੁਬਾਰਕ ਨੇ ਇਜ਼ਰਾਈਲ ਨਾਲ ਬਣਾ ਰੱਖਿਆ ਸੀ, ਸੋਚੋਂ ਬਾਹਰ ਦੀ ਗੱਲ ਹੋਵੇਗੀ। ਇਸ ਦਾ ਮਤਲਬ ਕਈ ਹੋਰ ਪਹਿਲੂ ਵੀ ਹਨ।

ਪਹਿਲਾ, ਹੁਣ ਮਿਸਰ ਅੱਗੋਂ ਲਈ ਫਿਲਾਡੇਲਫ਼ੀਆ ਲਾਂਘੇ ਲਈ ਇਜ਼ਰਾਈਲ ਨਾਲ ਮਿਲਵਰਤਣ ਨਹੀਂ ਕਰ ਸਕਦਾ ਜੋ ਫਲਸਤੀਨੀਆਂ ਲਈ ਗਾਜ਼ਾ ਪੱਟੀ ਵਿਚ ਮਹੱਤਵਪੂਰਨ ਜੀਵਨ ਰੇਖਾ ਹੈ ਅਤੇ ਕਿਸੇ ਅਜਿਹੀ ਸਾਂਝ-ਭਿਆਲੀ ਤੋਂ ਬਿਨਾਂ ਇਜ਼ਰਾਈਲ ਵੱਲੋਂ ਫਲਸਤੀਨੀਆਂ ਦੀ ਨਾਕਾਬੰਦੀ ਸੰਭਵ ਨਹੀਂ ਹੈ। ਦੂਜਾ, ਇਜ਼ਰਾਈਲ ਨਾਲ 'ਸੂਹੀਆ' ਜਾਣਕਾਰੀ ਸਾਂਝੀ ਕਰਨ ਦੀ ਪ੍ਰਕਿਰਿਆ ਵਿਚ ਵੀ ਖੜੋਤ ਆ ਸਕਦੀ ਹੈ। ਤੀਜਾ, ਮਿਸਰ ਨਾ ਕੇਵਲ ਫਲਸਤੀਨੀਆਂ ਦੇ ਉਦੇਸ਼ ਦੀ ਹਮਾਇਤ ਕਰਨ ਲੱਗ ਪਵੇਗਾ ਸਗੋਂ ਹਮਾਸ ਨਾਲ ਮਿਲੀ-ਭੁਗਤ ਕਰਨੀ ਵੀ ਬੰਦ ਕਰ ਦੇਵੇਗਾ। ਵਾਸ਼ਿੰਗਟਨ ਅਤੇ ਤਲ-ਅਵੀਵ ਨਾਲ ਮੁਹੰਮਦ ਅੱਬਾਸ ਵੱਲੋਂ ਕੀਤੀ ਜਾ ਰਹੀ ਮਿਲੀ-ਭੁਗਤ ਦੇ ਵਿਕੀਲੀਕਸ ਰਾਹੀਂ ਜ਼ਾਹਿਰ ਹੋ ਜਾਣ ਨਾਲ ਉਸ ਦੇ ਵੱਕਾਰ ਨੂੰ ਲੱਗ ਚੁੱਕੀ ਢਾਹ ਕਾਰਨ ਹਮਾਸ ਦਾ ਵਿਰੋਧ ਦੀ ਆਵਾਜ਼ ਵਜੋਂ ਵੱਕਾਰ ਪਹਿਲਾਂ ਹੀ ਬੁਲੰਦ ਹੋ ਚੁੱਕਾ ਹੈ।

ਮੁੱਕਦੀ ਗੱਲ ਇਹ ਕਿ ਇਸ ਖੇਤਰ ਵਿਚ ਇਜ਼ਰਾਈਲ ਦਾ ਨਿਖੇੜਾ ਉਦੋਂ ਪੂਰੀ ਤਰ੍ਹਾਂ ਸਿਰੇ ਚੜ੍ਹ ਜਾਵੇਗਾ ਜਦੋਂ ਮਿਸਰ ਵਿਚ ਜਮਹੂਰੀਅਤ ਹਕੀਕੀ ਰੂਪ ਵਿਚ ਕਾਇਮ ਹੋ ਜਾਵੇਗੀ। ਜਿਵੇਂ ਇਜ਼ਰਾਈਲੀ ਇਤਿਹਾਸਕਾਰ ਇਲਾਨ ਪੈਪੀ ਨੇ ਕਿਹਾ ਹੈ, "ਪੱਛਮੀ ਨਾਗਰਿਕ ਸਮਾਜ ਦੇ ਵਿਸ਼ਾਲ ਹਿੱਸਿਆਂ ਦੀਆਂ ਨਜ਼ਰਾਂ ਵਿਚ ਇਜ਼ਰਾਈਲ ਦਾ ਜਮਹੂਰੀ ਬਿੰਬ ਕਾਫ਼ੀ ਪਹਿਲਾਂ ਹੀ ਉਡ-ਪੁਡ ਚੁੱਕਾ ਹੈ... ਅਤੇ ਜੇ (ਅਮਰੀਕਾ-ਇਜ਼ਰਾਈਲ) ਵਿਸ਼ੇਸ਼ ਸਬੰਧ ਕੁਝ ਦੇਰ ਲਈ ਕਾਇਮ ਰਹਿੰਦਾ ਵੀ ਹੈ ਤਾਂ ਇਸ ਦੀਆਂ ਨੀਹਾਂ ਜਰਜਰੀਆਂ ਹੀ ਹੋਣਗੀਆਂ ਪਰ ਇਜ਼ਰਾਈਲੀਆਂ ਉਤੇ ਇਹ ਭਰੋਸਾ ਕਰਨਾ, ਕਿ ਉਹ ਛੁਪ-ਛੁਪਾ ਕੇ ਅਤੇ ਵਿਨਾਸ਼ਕਾਰੀ ਢੰਗ ਨਾਲ ਮਿਸਰ ਵਿਚ ਜਮਹੂਰੀਅਤ ਨੂੰ ਢਾਹ ਲਾਉਣ ਦਾ ਯਤਨ ਨਹੀਂ ਕਰਨਗੇ ਅਤੇ ਇਸਲਾਮੀ ਭੈਅ ਮੁਹਿੰਮ ਨੂੰ ਨਵੀਆਂ ਅਤੇ ਲਾਮਿਸਾਲ ਉਚਾਈਆਂ ਤਕ ਨਹੀਂ ਪਹੁੰਚਾਉਣਗੇ, ਮੂਰਖਤਾ ਹੀ ਹੋਵੇਗੀ।"

ਤਲ-ਅਵੀਵ ਦੀ ਰਵਾਇਤੀ ਖੇਡ ਇਹ ਰਹੀ ਹੈ ਕਿ ਅਰਬ-ਇਜ਼ਰਾਈਲ ਸਮੱਸਿਆ ਅਤੇ ਫਲਸਤੀਨੀ ਮੁੱਦੇ ਤੋਂ ਧਿਆਨ ਲਾਂਭੇ ਹਟਾਉਣ ਲਈ ਈਰਾਨ ਦੇ ਪ੍ਰਮਾਣੂ ਮੁੱਦੇ ਦਾ ਢੋਲ ਖੜਕਾਇਆ ਜਾਵੇ ਪਰ ਸ਼ਾਇਦ ਇਹ ਹੁਣ ਵਧੇਰੇ ਕੰਮ ਨਹੀਂ ਕਰੇਗਾ। ਅਮਰੀਕਾ ਤੇ ਇਜ਼ਰਾਈਲ ਦੀ ਇਕ 'ਪੱਛਮ-ਪੱਖੀ' ਭੂਤ ਖੜ੍ਹਾ ਕਰ ਕੇ ਅਰਬ ਹਕੂਮਤਾਂ ਨੂੰ ਈਰਾਨ ਵਿਰੁੱਧ ਖੜ੍ਹਾ ਕਰਨ ਦੀ ਚਾਲ ਨੰਗੀ ਹੁੰਦੀ ਜਾ ਰਹੀ ਹੈ ਜਿਸ ਕਾਰਨ ਵਾਸ਼ਿੰਗਟਨ ਦੀ ਈਰਾਨ ਨੂੰ 'ਘੇਰਨ' ਦੀ ਯੁੱਧ-ਚਾਲ ਨੂੰ ਭਾਰੀ ਝਟਕਾ ਲੱਗੇਗਾ ਅਤੇ ਈਰਾਨ ਦਾ ਖੇਤਰੀ ਸ਼ਕਤੀ ਵਜੋਂ ਉਭਾਰ ਅੰਤ ਨੂੰ ਅਰੁਕ ਬਣ ਜਾਏਗਾ।

ਇਸ ਲਈ ਅੰਤਿਮ ਗੱਲ ਇਹ ਹੈ ਕਿ ਜਨਾਬ ਓਬਾਮਾ ਉਨ੍ਹਾਂ ਇਤਿਹਾਸਕ ਸ਼ਕਤੀਆਂ ਨੂੰ ਖੁੱਲ੍ਹੀ ਛੁੱਟੀ ਦੇ ਦੇਣਗੇ ਜਿਹੜੀਆਂ ਉਸ ਲਈ ਹੋਰ ਕੋਈ ਚਾਰਾ ਹੀ ਬਾਕੀ ਨਾ ਰਹਿਣ ਦੇਣ ਕਿ ਉਹ ਇਜ਼ਰਾਈਲ ਨੂੰ ਇਸ ਗੱਲ ਲਈ ਤਿਆਰ ਕਰ ਸਕਣ ਕਿ ਉਹ ਫਲਸਤੀਨੀਆਂ ਅਤੇ ਅਰਬ ਗੁਆਂਢੀਆਂ ਨਾਲ ਗੱਲਬਾਤ ਦਾ ਰਾਹ ਅਪਨਾਵੇ। ਇਹ ਹੈ ਆਸ ਵਾਲੀ ਉਹ ਗੱਲ ਜਿਹੜੀ ਜਨਾਬ ਓਬਾਮਾ ਨੇ ਮਿਸਰ ਦੇ ਲੋਕਾਂ ਨੂੰ ਕਹੀ ਸੀ (ਅਤੇ ਨਾਲ ਹੀ ਸਾਰੇ ਮੁਸਲਿਮ ਸੰਸਾਰ ਨੂੰ ਵੀ)। ਇਸ ਦੀ ਹੁਣ ਪ੍ਰੀਖਿਆ ਹੋਵੇਗੀ। ਹਕੀਕਤ ਤਾਂ ਇਹ ਹੈ ਕਿ ਅਮਰੀਕਾ ਵਿਚਲੀ ਇਜ਼ਰਾਈਲੀ ਲਾਬੀ ਅਮਰੀਕੀ ਸਿਆਸਤਦਾਨਾਂ ਲਈ ਪ੍ਰੇਸ਼ਾਨੀ ਪੈਦਾ ਕਰ ਸਕਦੀ ਹੈ। ਜਨਾਬ ਓਬਾਮਾ ਕੋਲੋਂ ਇਹ ਸਮਝਣ ਦੀ ਆਸ ਕੀਤੀ ਜਾ ਸਕਦੀ ਹੈ ਕਿ ਉਹ

(ਬਾਕੀ ਸਫਾ 17 'ਤੇ)

# ਡੇਵਿਸ ਮਾਮਲੇ 'ਤੇ ਬੁਰੀ ਫਸੀ ਹੈ ਪਾਕਿਸਤਾਨ ਸਰਕਾਰ

**ਆਰਿਫ਼ ਨਿਜ਼ਾਮੀ**

ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਇਹ ਦਾਅਵਾ ਕਰਦਿਆਂ ਕਿ ਨਜ਼ਰਬੰਦ ਅਮਰੀਕੀ ਸ਼ਹਿਰੀ ਰੇਅਮੰਡ ਡੇਵਿਸ ਨੂੰ ਵਿਆਨਾ ਕਨਵੈਨਸ਼ਨ ਦੇ ਤਹਿਤ ਕਦੇ ਵੀ ਭਰਵੀਂ ਸਫੀਰੀ ਸੁਰੱਖਿਆ ਨਹੀਂ ਮਿਲੀ, ਸਰਕਾਰ ਦੀਆਂ ਯੋਜਨਾਵਾਂ 'ਤੇ ਸੱਟ ਮਾਰੀ ਹੈ। ਅਮਰੀਕਾ ਵੱਲੋਂ ਸਰਕਾਰ 'ਤੇ ਭਾਰੀ ਦਬਾਅ ਪਾਉਣ ਦੇ ਬਾਵਜੂਦ ਘਰੇਲੂ ਦਬਾਅ ਨੇ ਪਾਕਿਸਤਾਨ ਸਰਕਾਰ ਦੁਆਰਾ ਇਸ ਪੜਾਅ 'ਤੇ ਡੇਵਿਸ ਦੀ ਅਮਰੀਕਾ ਨੂੰ ਹਵਾਲਗੀ ਤਕਰੀਬਨ ਅਸੰਭਵ ਬਣਾ ਦਿੱਤੀ ਹੈ।

ਇਸ ਮਸਲੇ 'ਤੇ ਸਰਕਾਰ ਸ਼ਸ਼ੋਪੰਜ ਵਿਚ ਹੈ ਕਿ ਜੇ ਇਹ ਇਸ ਨਿੱਜੀ ਸੁਰੱਖਿਆ ਮੁਲਾਜ਼ਮ ਨੂੰ ਰਿਹਾਅ ਕਰਦੀ ਹੈ ਤਾਂ ਇਹ ਅਮਰੀਕਾ ਮੂਹਰੇ ਝੁਕਦੀ ਦਿਸਦੀ ਹੈ; ਉਹ ਵੀ ਉਦੋਂ ਜਦੋਂ ਇਸ ਦੀ ਹਾਲਤ ਕਾਫੀ ਮਾੜੀ ਬਣੀ ਹੋਈ ਹੈ। ਦੂਜੇ ਪਾਸੇ, ਜੇ ਇਹ ਨਜ਼ਰਬੰਦੀ ਜਾਰੀ ਰੱਖਦੀ ਹੈ ਤਾਂ ਅਮਰੀਕਾ-ਪਾਕਿਸਤਾਨ ਰਿਸ਼ਤਿਆਂ ਦੇ ਭਵਿੱਖ ਲਈ ਇਸ ਦੇ ਸਿੱਟੇ ਗੰਭੀਰ ਨਿਕਲਣਗੇ।

ਅਮਰੀਕੀ ਸੈਨੇਟਰ ਜੌਨ ਕੈਰੀ ਨੇ ਸਦਰ ਜ਼ਰਦਾਰੀ, ਪ੍ਰਧਾਨ ਮੰਤਰੀ ਗਿਲਾਨੀ, ਜਨਰਲ ਕਿਆਨੀ ਅਤੇ ਮੀਆਂ ਨਵਾਜ਼ ਸ਼ਰੀਫ ਨਾਲ ਗੁਫ਼ਤਗੂ ਤੋਂ ਪਹਿਲਾਂ ਪਾਕਿਸਤਾਨੀ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਇਹ ਸਪੱਸ਼ਟ ਕੀਤਾ ਸੀ ਕਿ ਜੇ ਮਸਲਾ ਸੁਲਝਾਇਆ ਨਹੀਂ ਜਾਂਦਾ ਤਾਂ ਇਸ ਦੇ ਅਣਕਿਆਸੇ ਸਿੱਟੇ ਨਿਕਲ ਸਕਦੇ ਹਨ। ਇਸ ਪ੍ਰਸੰਗ ਵਿਚ ਉਨ੍ਹਾਂ ਕਿਹਾ ਸੀ ਕਿ ਰਿਪਬਲਿਕਨ ਪਾਰਟੀ ਨਾਲ ਸਬੰਧਿਤ ਅਮਰੀਕੀ ਕਾਂਗਰਸ ਦੇ ਮੈਂਬਰ ਪਾਕਿਸਤਾਨ ਨੂੰ ਅਮਰੀਕੀ ਸਹਾਇਤਾ

***ਕਿੰਨੀ ਅਜੀਬ ਗੱਲ ਹੈ ਕਿ ਸਾਡਾ ਭਾਰਤ ਕੇਂਦਰਿਤ ਰਣਨੀਤਕ ਨਜ਼ਰੀਆ ਅਮਰੀਕਾ ਦੀ ਫ਼ੌਜੀ ਸਹਾਇਤਾ ਤੋਂ ਬਿਨਾ ਟਿਕਾਊ ਨਹੀਂ ਹੈ। ਅਸੀਂ ਮਹਿੰਗੀਆਂ ਮਿਜ਼ਾਈਲਾਂ ਖਰੀਦਣ ਦੀ ਦੌੜ ਵਿਚ ਲੱਗੇ ਹੋਏ ਹਾਂ ਜਿਸ ਵਿਚ ਅਸੀਂ ਭਾਰਤ ਨੂੰ ਪਿੱਛੇ ਛੱਡ ਦਿੱਤਾ ਹੈ ਪਰ ਰਵਾਇਤੀ ਹਥਿਆਰਾਂ ਦੀ ਦੌੜ ਵਿਚ ਇਹ ਕੋਈ ਦੌੜ ਨਹੀਂ ਰਹਿ ਜਾਂਦੀ। ਜਨਰਲ ਕਿਆਨੀ ਨੇ ਹਾਲ ਹੀ ਵਿਚ ਮੀਡੀਆ ਕੋਲ ਹਥਿਆਰਾਂ ਦੇ ਰੱਖ-ਰਖਾਅ ਵਿਚ ਫ਼ੌਜ ਨੂੰ ਪੇਸ਼ ਆ ਰਹੀਆਂ ਕਠਿਨਾਈਆਂ ਸਬੰਧੀ ਆਪਣੇ ਫ਼ਿਕਰ ਜ਼ਾਹਿਰ ਕੀਤੇ ਹਨ।***

ਮੁਅੱਤਲ ਕਰਨ ਲਈ ਮਤਾ ਲਿਆਉਣ ਲਈ ਕਾਹਲੇ ਹਨ। ਸੈਨੇਟਰ ਨੇ ਕੌਮਾਂਤਰੀ ਮੁਦਰਾ ਫੰਡ ਦੇ ਮੁਲਤਵੀ ਪ੍ਰੋਗਰਾਮ ਨੂੰ ਲੈ ਕੇ ਪਾਕਿਸਤਾਨ ਤੇ ਕੌਮਾਂਤਰੀ ਮੁਦਰਾ ਫੰਡ ਵਿਚ ਚੱਲ ਰਹੀ ਮੌਜੂਦਾ ਗੱਲਬਾਤ ਦਾ ਸਰਸਰੀ ਹਵਾਲਾ ਵੀ ਦਿੱਤਾ। ਅਮਰੀਕਾ ਜਾਣਦਾ ਹੈ ਕਿ ਸਾਡੀ ਅਰਥਵਿਵਸਥਾ ਕਿੰਨੇ ਸੰਕਟ ਵਿਚ ਹੈ। ਉਸ ਦੇ ਹੱਥਾਂ ਵਿਚ ਪਾਕਿ ਨੂੰ ਘੇਰਨ ਲਈ ਇਹ ਵੱਡਾ ਸੰਦ ਹੈ।

ਰੇਅਮੰਡ ਡੇਵਿਸ ਮਾਮਲੇ ਦੀ ਅਹਿਮੀਅਤ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਰਾਸ਼ਟਰਪਤੀ ਓਬਾਮਾ ਨੇ ਖ਼ੁਦ ਇਸ ਮਾਮਲੇ ਵਿਚ ਦਖ਼ਲ ਦੇ ਕੇ ਡੇਵਿਸ ਦੀ ਰਿਹਾਈ ਦੀ ਮੰਗ ਕੀਤੀ ਹੈ। ਬਿਨਾ ਕੋਈ ਅਜਿਹੀ ਦਲੀਲ ਦਿੰਦਿਆਂ ਕਿ ਇਹ ਅਮਰੀਕੀ ਮੁਲਾਜ਼ਮ ਆਮ ਕੂਟਨੀਤਕ ਸਰਗਰਮੀਆਂ ਵਿਚ ਸ਼ਾਮਿਲ ਨਹੀਂ ਸੀ, ਉਸ ਨੇ ਇਸ ਤਰ੍ਹਾਂ ਮੰਗ ਕੀਤੀ ਜਿਵੇਂ ਅਮਰੀਕਾ ਦਾ ਵਿਦੇਸ਼ ਨੀਤੀ ਦਾ ਕਾਰਜਸ਼ੀਲ ਹੋਣਾ ਅਸੰਭਵ ਹੋ ਜਾਵੇਗਾ ਜੇ ਇਸ ਦੇ 'ਕੂਟਨੀਤੀਵਾਨ' ਇਸੇ ਤਰ੍ਹਾਂ ਨਜ਼ਰਬੰਦ ਹੁੰਦੇ ਜਾਣਗੇ।

ਸਦਰ ਜ਼ਰਦਾਰੀ ਦੀ ਹਾਲਤ ਚੰਗੀ ਨਹੀਂ ਹੈ। ਉਨ੍ਹਾਂ ਦੀ ਆਪਣੀ ਪਾਰਟੀ ਦੇ ਮੈਂਬਰ ਸ਼ਾਹ ਮਹਿਮੂਦ ਕੁਰੈਸ਼ੀ, ਪਾਰਟੀ ਤੋਂ ਵੱਖਰੇ ਤੌਰ 'ਤੇ ਮੈਦਾਨ ਵਿਚ ਕੁੱਦਣ ਦੀ ਕੋਸ਼ਿਸ਼ ਵਿਚ ਇਸ ਮਸਲੇ ਨੂੰ ਉਭਾਰਨ ਲਈ ਉਤਸ਼ਾਹ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਈਦ ਮਿਲਾਦ ਉਲ ਨਬੀ ਦੇ ਦਿਨ 'ਤੇ ਕੀਤੀ ਆਪਣੀ ਭਾਵੁਕ ਅਤੇ ਸਖ਼ਤ ਵਾਰ ਕਰਨ ਵਾਲੀ ਪ੍ਰੈਸ ਕਾਨਫ਼ਰੰਸ ਵਿਚ ਸਰਕਾਰ 'ਤੇ ਦੋਸ਼ ਲਾਇਆ ਕਿ ਉਸ 'ਤੇ ਇਹ ਦਬਾਅ ਪੈਂਦਾ ਰਿਹਾ ਹੈ ਕਿ ਉਹ ਨਜ਼ਰਬੰਦ ਅਮਰੀਕੀ ਨੂੰ ਸੁਰੱਖਿਆ ਦੇਵੇ। ਉਨ੍ਹਾਂ ਦੇ ਇਸ ਕਦਮ ਨੇ ਸਰਕਾਰ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ।

ਅਜਿਹੇ ਸੰਕਟ ਦੇ ਪਹਿਲੇ ਦਿਨ ਤੋਂ ਹੀ ਪੰਜਾਬ ਦੀ ਸਰਕਾਰ ਔਖੇ ਹਾਲਾਤ ਵਿਚੋਂ ਲੰਘ ਰਹੀ ਹੈ। ਸ਼ਾਇਦ ਸ਼ਾਹ ਮਹਿਮੂਦ ਦੇ ਵਿਚਾਰ ਤੋਂ ਉਤਸ਼ਾਹਿਤ ਹੋ ਕੇ ਹੀ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਇਹ ਦਾਅਵਾ ਕੀਤਾ ਹੈ ਕਿ ਕੇਂਦਰ ਸਰਕਾਰ ਲਗਾਤਾਰ ਉਸ 'ਤੇ ਦਬਾਅ ਪਾਉਂਦੀ ਰਹੀ ਹੈ ਕਿ ਉਹ ਡੇਵਿਸ ਲਈ ਸੁਰੱਖਿਆ ਦਾ ਐਲਾਨ ਕਰੇ। ਸ਼ਾਹਬਾਜ਼ ਸ਼ਰੀਫ ਜੋ ਆਮ ਤੌਰ 'ਤੇ ਅਮਰੀਕੀਆਂ ਪ੍ਰਤੀ ਨਰਮ ਮੰਨੇ ਜਾਂਦੇ ਹਨ, ਨੇ ਹੁਣ ਬਿਆਨ ਦਿੱਤਾ ਹੈ ਕਿ ਕੌਮੀ ਹਿਤਾਂ ਨੂੰ ਕਿਸੇ ਵੀ ਤਰ੍ਹਾਂ ਦਾਅ 'ਤੇ ਨਹੀਂ ਲਾਇਆ ਜਾਣਾ ਚਾਹੀਦਾ। ਇਸੇ ਸੁਰ ਵਿਚ ਮੀਆਂ ਨਵਾਜ਼ ਸ਼ਰੀਫ ਨੇ ਵੀ ਸੈਨੇਟਰ ਕੈਰੀ ਨਾਲ ਮੀਟਿੰਗ ਤੋਂ ਬਾਅਦ ਸਰਕਾਰ ਵਿਰੁਧ ਮੋਰਚਾਬੰਦੀ ਖੋਲ੍ਹ ਲਈ ਹੈ।

ਇਸ ਸਾਰੇ ਘਟਨਾਕ੍ਰਮ ਸਮੇਂ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦਾ ਪਾਕਿਸਤਾਨ ਪੀਪਲਜ਼ ਪਾਰਟੀ (ਪੀ. ਪੀ. ਪੀ.) ਨਾਲ ਦਸ ਨੁਕਾਤੀ ਏਜੰਡਾ ਖ਼ਤਰੇ ਵਿਚ ਹੈ। ਸਰਕਾਰ ਡੂੰਘੇ ਦਬਾਅ ਹੇਠ ਇਸ ਹਾਲਤ ਵਿਚ ਨਹੀਂ ਹੈ ਕਿ ਉਹ ਵਿਰੋਧੀ ਧਿਰ ਨੂੰ ਕਰਾਰੇ ਹੱਥ ਦਿਖਾ ਸਕੇ। ਇਕ ਦਿਨ ਸਦਰ ਜ਼ਰਦਾਰੀ ਨੇ ਮੀਆਂ ਨਵਾਜ਼ ਸ਼ਰੀਫ ਨੂੰ ਲਾਹੌਰ ਵਿਚ ਅੱਧੇ ਘੰਟੇ ਲਈ ਬੁਲਾਇਆ। ਆਮ ਹਾਸਾ-ਮਖੌਲ ਕਰਨ ਤੋਂ ਬਿਨਾਂ ਉਹ ਗੋਲਮੇਜ਼ ਕਾਨਫ਼ਰੰਸ ਵਿਚ ਹਾਜ਼ਰੀ ਲਈ ਸ਼ਰੀਫ਼ ਕੋਲੋਂ ਕੋਈ ਪੱਕਾ ਵਾਅਦਾ ਹਾਸਲ ਨਹੀਂ ਕਰ ਸਕੇ। ਇਹ ਕਾਨਫ਼ਰੰਸ ਜ਼ਰਦਾਰੀ ਨੇ ਹੀ ਤਜਵੀਜ਼ ਕੀਤੀ ਸੀ।


ਮੀਆਂ ਨਵਾਜ਼ ਸ਼ਰੀਫ਼ ਨੇ ਮਾਰਚ ਦੇ ਅਖੀਰ ਤੱਕ ਆਪਣਾ ਲੰਦਨ ਦੌਰਾ ਅੱਗੇ ਪਾ ਦਿੱਤਾ ਹੈ, ਉਦੋਂ ਤੱਕ ਉਨ੍ਹਾਂ ਵੱਲੋਂ ਪੀ. ਪੀ. ਪੀ. ਨੂੰ ਦਿੱਤੀ ਡੈਡਲਾਈਨ ਦੀ ਮਿਆਦ ਪੁੱਗ ਜਾਵੇਗੀ। ਉਨ੍ਹਾਂ ਦੀ ਪਾਰਟੀ ਦੇ ਗਰਮਖਿਆਲ ਆਗੂ ਉਨ੍ਹਾਂ ਨੂੰ ਗੱਲਬਾਤ ਤੋੜਨ ਦੀ ਸਲਾਹ ਦੇ ਰਹੇ ਹਨ ਅਤੇ ਪੀ. ਪੀ. ਪੀ. ਨੂੰ ਪੰਜਾਬ ਵਿਚ ਗਠਜੋੜ ਛੱਡਣ ਲਈ ਆਖ ਰਹੇ ਹਨ।

ਫ਼ੌਜ ਦਿਖਾਵੇ ਮਾਤਰ ਪਾਸੇ 'ਤੇ ਖੜ੍ਹੀ ਇਨ੍ਹਾਂ ਘਟਨਾਵਾਂ ਨੂੰ ਦੇਖ ਰਹੀ ਹੈ। ਇਕ ਤੋਂ ਬਾਅਦ ਇਕ ਉਠਦੇ ਸੰਕਟ ਨਾਲ ਸਰਕਾਰ ਦੀ ਭਰੋਸੇਯੋਗਤਾ ਘਟ ਰਹੀ ਹੈ; ਇਸ ਲਈ ਜਨਰਲ ਕਿਆਨੀ ਉਤੇ 'ਕੁਝ ਕਰਨ' ਦਾ ਦਬਾਅ ਵਧ ਰਿਹਾ ਹੈ। ਅਮਰੀਕਾ, ਅਫ਼ਗਾਨਿਸਤਾਨ, ਭਾਰਤ ਨਾਲ ਸਬੰਧਿਤ ਅੰਦਰੂਨੀ ਸੁਰੱਖਿਆ ਦੀ ਪਾਲਿਸੀ ਵਿਚ ਪਹਿਲਾਂ ਹੀ ਆਪਣਾ ਰੋਲ ਨਿਭਾ ਰਹੀ ਹੋਣ ਕਰਕੇ ਫ਼ੌਜ ਕੋਲ ਬਹੁਤੇ ਰਾਹ ਨਹੀਂ ਬਚਦੇ। ਨਾ ਹੀ ਉਹ ਖੁੱਲ੍ਹੇਆਮ ਸੱਤਾ ਸੰਭਾਲ ਸਕਦੀ ਹੈ। ਇਸ ਦੀ ਲੀਡਰਸ਼ਿਪ ਜਾਣਦੀ ਹੈ ਕਿ ਅੱਜ ਦੇ ਸਮੇਂ ਸ਼ਾਸਨ ਨਹੀਂ ਚਲਾਇਆ ਜਾ ਸਕਦਾ ਤੇ ਫ਼ੌਜੀ ਰਾਜ ਕੋਈ ਹੱਲ ਨਹੀਂ ਹੈ ਸਗੋਂ ਸਮੱਸਿਆ ਦਾ ਇਕ ਹਿੱਸਾ ਹੈ।

ਰੇਅਮੰਡ ਡੇਵਿਸ ਦੇ ਮੁੱਦੇ 'ਤੇ ਫਰਜ਼ੀ ਕੌਮਵਾਦ ਦੀਆਂ ਲਹਿਰਾਂ ਵੀ ਉਠ ਰਹੀਆਂ ਹਨ। ਮੰਨਣਯੋਗ ਹੈ ਕਿ ਅਮਰੀਕਾ ਦੀ ਅਫ਼ਗਾਨਿਸਤਾਨ ਵਿਚੋਂ ਬਾਹਰ ਨਿਕਲਣ ਦੀ ਰਣਨੀਤੀ ਵਿਚ ਪਾਕਿਸਤਾਨ ਦੀ ਭੂਮਿਕਾ ਮਹੱਤਵਪੂਰਨ ਹੈ ਪਰ ਪਾਕਿਸਤਾਨ ਦੀ ਗੰਭੀਰ ਆਰਥਿਕ ਹਾਲਤ ਨੇ ਫ਼ੌਜ ਨੂੰ ਅਮਰੀਕਾ 'ਤੇ ਨਿਰਭਰ ਬਣਾਇਆ ਹੈ। ਕਿੰਨੀ ਅਜੀਬ ਗੱਲ ਹੈ ਕਿ ਸਾਡਾ ਭਾਰਤ ਕੇਂਦਰਿਤ ਰਣਨੀਤਕ ਨਜ਼ਰੀਆ ਅਮਰੀਕਾ ਦੀ ਫ਼ੌਜੀ ਸਹਾਇਤਾ ਤੋਂ ਬਿਨਾ ਟਿਕਾਊ ਨਹੀਂ ਹੈ। ਅਸੀਂ ਮਹਿੰਗੀਆਂ ਮਿਜ਼ਾਈਲਾਂ ਖਰੀਦਣ ਦੀ ਦੌੜ ਵਿਚ ਲੱਗੇ ਹੋਏ ਹਾਂ ਜਿਸ ਵਿਚ ਅਸੀਂ ਭਾਰਤ ਨੂੰ ਪਿੱਛੇ ਛੱਡ ਦਿੱਤਾ ਹੈ ਪਰ ਰਵਾਇਤੀ ਹਥਿਆਰਾਂ ਦੀ ਦੌੜ ਵਿਚ ਇਹ ਕੋਈ ਦੌੜ ਨਹੀਂ ਰਹਿ ਜਾਂਦੀ। ਜਨਰਲ ਕਿਆਨੀ ਨੇ ਹਾਲ ਹੀ ਵਿਚ ਮੀਡੀਆ ਕੋਲ ਹਥਿਆਰਾਂ ਦੇ ਰੱਖ-ਰਖਾਅ ਵਿਚ ਫ਼ੌਜ ਨੂੰ ਪੇਸ਼ ਆ ਰਹੀਆਂ ਕਠਿਨਾਈਆਂ ਸਬੰਧੀ ਆਪਣੇ ਫ਼ਿਕਰ ਜ਼ਾਹਿਰ ਕੀਤੇ ਹਨ। ਇਹ ਫ਼ਿਕਰ ਬਜਟ ਸਬੰਧੀ ਹਨ।

# ਬੇਗਮਪੁਰੇ ਦੇ ਬਾਸ਼ਿੰਦੇ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਦੁਨੀਆਂਦਾਰਾਂ ਉਤੇ ਵੱਡੇ ਵੱਡੇ ਪਰਉਪਕਾਰ ਕਰਨ ਤੋਂ ਬਾਅਦ ਪ੍ਰੀਤਮ ਕੇ ਦੇਸ ਬਿਰਾਜ ਰਹੇ ਗੁਰੂ, ਪੀਰ ਤੇ ਰਹਿਬਰ ਆਪਣੇ ਪੈਰੋਕਾਰਾਂ ਦਾ ਹੋਛਾਪਣ ਦੇਖ ਦੇਖ ਕੇ ਹੱਸਦੇ ਜਰੂਰ ਹੋਣਗੇ। ਵੈਸੇ ਸਾਡੇ ਕਾਰਨਾਮੇ ਦੇਖ ਕੇ ਉਨ੍ਹਾਂ ਨੂੰ ਗੁੱਸਾ ਵੀ ਬਹੁਤ ਆਉਂਦਾ ਹੋਣੈਂ! ਪਰ ਉਨ੍ਹਾਂ ਦਰਵੇਸ਼ਾਂ ਨੇ ਕ੍ਰੋਧ 'ਤੇ ਫਤਿਹ ਪਾਈ ਹੋਣ ਕਰਕੇ ਸ਼ਰਧਾਲੂਆਂ ਦੀਆਂ ਮਨਮਰਜੀਆਂ ਬੇ-ਰੋਕ ਟੋਕ ਵਧੀ ਜਾਂਦੀਆਂ ਹਨ। ਹਰੇਕ ਧਰਮ ਦੇ ਰਹਿਬਰ ਨੇ ਆਪਣੇ ਪੈਰੋਕਾਰਾਂ ਨੂੰ ਇਹ ਉਪਦੇਸ਼ ਜਰੂਰ ਦਿੱਤਾ ਹੈ ਕਿ ਭਗਤੋ, ਜੋ ਅਸੂਲ-ਨਿਯਮ ਮੈਂ ਬਣਾ ਚੱਲਿਆ ਹਾਂ, ਇਨ੍ਹਾਂ ਤੇ ਅਮਲ ਕਰਦੇ ਰਹੋਗੇ ਤਾਂ ਸੁਖੀ ਵਸੋਂਗੇ, ਨਹੀਂ ਤਾਂ ਧੱਕੇ-ਧੋੜੇ ਹੀ ਖਾਂਦੇ ਰਹੋਗੇ। ਮਹਾਤਮਾ ਬੁੱਧ ਨੇ ਜਾਂਦੇ ਵਕਤ ਭਿਖਸ਼ੂਆਂ ਨੂੰ ਕਿਹਾ ਸੀ ਕਿ ਜਿਹੜੇ ਅੱਠ ਨਿਯਮ ਮੈਂ ਘੜ ਚੱਲਿਆ ਹਾਂ, ਇਨਾਂ ਨੂੰ ਸੰਸਾਰ-ਭਵਜਲ ਪਾਰ ਕਰਨ ਲਈ ਕਿਸ਼ਤੀ ਰੂਪ ਹੀ ਸਮਝਿਓ। ਇਸ ਕਿਸ਼ਤੀ ਨੂੰ ਮੋਢਿਆਂ 'ਤੇ ਹੀ ਨਾ ਚੁੱਕੀ ਫਿਰਿਓ! ਭਿਖਸ਼ੂਆਂ ਨੇ ਕੀ ਕੀਤਾ? ਮੂਰਤੀ ਪੂਜਾ ਦੇ ਕੱਟੜ ਵਿਰੋਧੀ ਮਹਾਤਮਾ ਬੁੱਧ ਦੀਆਂ ਮੂਰਤੀਆਂ ਬਣਾ ਦਿੱਤੀਆਂ ਅਤੇ ਸ਼ਾਇਦ ਦੁਨੀਆਂ ਵਿਚ ਸਭ ਤੋਂ ਵੱਧ ਮੂਰਤੀਆਂ ਮਹਾਤਮਾ ਬੁੱਧ ਦੀਆਂ ਹੀ ਹਨ।

ਅਮਲੀ ਰੂਪ ਵਿਚ ਧਰਮੀ ਬਣਨ ਦੀ ਥਾਂ ਸ਼ਰਧਾਲੂਆਂ ਨੇ ਆਪਣੇ ਗੁਰੂਆਂ-ਪੀਰਾਂ ਨੂੰ ਰੀਝਾਉਣ ਦੇ ਨਵੇਂ ਨਵੇਂ ਤਰੀਕੇ ਅਪਨਾਉਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੂੰ 'ਖੁਸ਼ ਕਰਨ' ਦਾ ਇੱਕ ਮਾਡਰਨ ਢੰਗ ਦੇਖੋ। ਚਾਹੇ ਹੋਵੇ ਕਿਸੇ ਮਹਾਂ-ਪੁਰਖ ਦਾ ਪ੍ਰਲੋਕ ਗਮਨ ਦਿਵਸ ਜਾਂ ਹੋਵੇ ਆਗਮਨ ਪੁਰਬ, ਸ਼ਰਧਾਲੂਆਂ ਵਲੋਂ ਉਨ੍ਹਾਂ ਦੀਆਂ ਕਲਪਿਤ ਤਸਵੀਰਾਂ ਅਖਬਾਰਾਂ ਦੇ ਇਸ਼ਤਿਹਾਰਾਂ ਵਿਚ ਛਪਵਾਈਆਂ ਜਾਂਦੀਆਂ ਹਨ। ਕਈ ਗੂੜ੍ਹੇ ਪ੍ਰੇਮੀਆਂ ਨੇ ਇਨ੍ਹਾਂ ਇਸ਼ਤਿਹਾਰਾਂ ਵਿਚ ਆਪਣੇ ਟੱਬਰ-ਟੀਹਰ ਦੀਆਂ ਫੋਟੋਆਂ ਵੀ ਫਿੱਟ ਕਰਵਾਈਆਂ ਹੁੰਦੀਆਂ ਨੇ। ਸਮੂਹ ਭਾਈਚਾਰੇ ਨੂੰ ਵਧਾਈਆਂ ਦੇਣ ਦੇ ਨਾਲ ਆਪਣੇ ਕਾਰੋਬਾਰਾਂ ਦੀ ਡੌਂਡੀ ਪਿੱਟੀ ਹੁੰਦੀ ਹੈ। ਅਜਿਹੀ ਨੁਮਾਇਸ਼ ਕਰਕੇ ਸ਼ਾਇਦ ਉਹ ਘਟ ਘਟ ਕੀ ਜਾਨਣ ਵਾਲ਼ੇ ਆਪਣੇ ਰਹਿਬਰ ਨੂੰ ਆਪਣਾ 'ਸਟੇਟਸ' ਦਿਖਾਉਣਾ ਚਾਹੁੰਦੇ ਹੋਣ! ਸਾਡੇ ਮੁਰਸ਼ਦ ਮੁਸ਼ਕੜੀਏਂ ਹੱਸਦੇ ਹੋਣਗੇ ਕਿ ਦੇਖੋ ਇਨ੍ਹਾਂ ਭਗਤਜਨਾਂ ਦੀ ਮੱਤ! ਸਾਨੂੰ ਪ੍ਰਸੰਨ ਕਰਨ ਦੇ ਨਾਂ ਹੇਠ, ਆਪਣੀ ਹਉਮੈ ਨੂੰ ਪੱਠੇ ਪਾ ਰਹੇ ਹਨ!

ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਜਾਂ ਉਨ੍ਹਾਂ ਦੇ ਕਿਸੇ ਪਰਿਵਾਰਕ ਮੈਂਬਰ ਦੀ ਕਿਤੇ ਕੋਈ ਇੱਕ ਵੀ ਫੋਟੋ ਨਾ ਹੋਣ ਦੇ ਬਾਵਜੂਦ ਢਾਈ ਦਰਜਨ ਤੋਂ ਵੱਧ ਮੁਲਕਾਂ ਵਿਚ ਇਸਲਾਮ ਦਾ ਝੰਡਾ ਝੂਲਦਾ ਹੈ। ਮੁਹੰਮਦ ਸਾਹਿਬ ਦੇ ਪ੍ਰਲੋਕ ਗਮਨ ਕਰ ਜਾਣ ਉਪਰੰਤ ਦੂਰ-ਦੁਰਾਡੇ ਇਲਾਕੇ ਦੇ ਕੁੱਝ ਮੁਸਲਮਾਨਾਂ ਨੇ ਨਬੀ-ਪਾਕਿ ਦੀ ਸੁਪਤਨੀ ਨੂੰ ਆ ਕੇ ਪੁਛਿਆ ਕਿ ਸਾਡੇ ਹਜ਼ਰਤ ਸਾਹਿਬ ਦਾ ਚਿਹਰਾ-ਮੋਹਰਾ ਕਿਹੋ ਜਿਹਾ ਸੀ? ਜਵਾਬ ਮਿਲਿਆ, "ਕੁਰਨ ਸ਼ਰੀਫ ਦੀਆਂ ਆਇਤਾਂ ਵਰਗਾ!" ਇੱਕ ਸਾਲ ਵਾਢੀਆਂ ਦੇ ਮੌਕੇ ਅਖ਼ਬਾਰ ਵਿਚ ਦੋ ਖਬਰਾਂ ਛਪੀਆਂ। ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਦੇ ਦੋ ਵਿਦਿਆਰਥੀਆਂ ਬਾਰੇ ਦੱਸਿਆ ਗਿਆ ਸੀ ਕਿ ਉਹ ਆਪੋ-ਆਪਣੀ ਸਟੇਟ ਵਿਚ ਮੈਟ੍ਰਿਕ ਦੇ ਇਮਤਿਹਾਨ 'ਚੋਂ ਫਸਟ ਰਹੇ। ਉਨ੍ਹਾਂ ਦੀ ਇਸ ਮਹਾਨ ਪ੍ਰਾਪਤੀ ਪਿੱਛੇ ਹੱਥ ਪੁੱਛੇ ਜਾਣ 'ਤੇ ਭਾਰਤੀ ਪੰਜਾਬੀ ਮੁੰਡੇ ਨੇ ਪਹਿਲਾਂ ਆਪਣੇ ਡੈਡੀ-ਮੰਮੀ ਦਾ ਨਾਂ ਲਿਆ, ਫਿਰ ਆਪਣੇ ਅਧਿਆਪਕਾਂ ਦਾ। ਤੀਜੇ ਨੰਬਰ 'ਤੇ ਉਸ ਨੇ ਖੁਦ ਦੀ ਸਖਤ ਮਿਹਨਤ ਬਾਰੇ ਦੱਸਿਆ। ਪਾਕਿਸਤਾਨੀ ਪੰਜਾਬੀ ਮੁੰਡੇ ਨੇ ਪੱਤਰਕਾਰਾਂ ਵਲੋਂ ਇਹੀ ਸਵਾਲ ਪੁੱਛੇ ਜਾਣ 'ਤੇ ਇੱਕੋ ਜਵਾਬ ਦਿੱਤਾ ਹੋਇਆ ਸੀ, "ਬੱਸ, ਅੱਲ੍ਹਾ ਮੀਆਂ ਦਾ ਫਜ਼ਲ ਹੈ!"

ਦਰਮਿਆਨੀ ਜਿਹੀ ਆਬਾਦੀ ਵਾਲ਼ਾ ਪੰਜਾਬ ਦਾ ਇੱਕ ਪਿੰਡ, ਜਿੱਥੇ ਵੱਖ ਵੱਖ ਜਾਤਾਂ-ਬਰਾਦਰੀਆਂ ਦੇ ਅਮੀਰ-ਗਰੀਬ ਅਮਨ ਅਮਾਨ ਨਾਲ ਵੱਸਦੇ ਆ ਰਹੇ ਹਨ। ਦੁਆਬੇ ਵਿਚ ਵਾਕਿਆ ਇਸ ਪਿੰਡ ਦੇ ਇਤਿਹਾਸ ਦਾ ਕੋਈ ਚਾਰ ਕੁ ਦਹਾਕੇ ਪੁਰਾਣਾ ਵਰਕਾ ਫੋਲਦੇ ਹਾਂ। ਪਿੰਡ ਦੇ ਹੋਰ ਦਲਿਤ ਪਰਿਵਾਰਾਂ ਵਾਂਗ ਨੱਥੂ ਨਾਮ ਦਾ ਇੱਕ ਸੱਜਣ ਵੀ ਦਿਹਾੜੀ-ਦੱਪਾ ਕਰਕੇ ਆਪਣਾ ਟੱਬਰ ਪਾਲ਼ ਰਿਹਾ ਸੀ। ਮੱਦੀ ਅਤੇ ਕੇਸੂ ਇਹਦੇ ਦੋ ਮੁੰਡੇ ਬੜੇ ਮਿਹਨਤੀ ਸੁਭਾਅ ਦੇ ਸਨ। ਇਨ੍ਹਾਂ ਦੇ ਘਰ ਦੇ ਲਾਗੇ ਹੀ, ਸਿੱਖ ਧਰਮ ਨਾਲ ਸਬੰਧਤ ਇੱਕ ਪੂਜਣਯੋਗ ਖਾਨਦਾਨੀ ਪਰਿਵਾਰ ਰਹਿੰਦਾ ਸੀ ਜਿਨ੍ਹਾਂ ਨਾਲ ਨੱਥੂ ਦੇ ਪਰਿਵਾਰ ਦਾ ਚੰਗਾ ਸਨੇਹ ਸੀ। ਛੂਆ-ਛੂਤ ਹੋਣ ਦੇ ਬਾਵਜੂਦ ਇਨ੍ਹਾਂ ਦਾ ਉਸ ਖਾਨਦਾਨੀ ਪਰਿਵਾਰ ਵਿਚ ਚੰਗਾ ਆਉਣ-ਜਾਣ ਬਣਿਆ ਰਹਿੰਦਾ। ਹੋਰ ਕਈ ਤਰ੍ਹਾਂ ਦੀ ਮਿਹਨਤ ਮੁਸ਼ੱਕਤ ਕਰਨ ਦੇ ਨਾਲ ਨਾਲ ਨੱਥੂ ਆਪਣੇ ਭਾਈ-ਬੰਦਾਂ ਨਾਲ ਮਰੇ ਹੋਏ ਪਸ਼ੂ ਵੀ ਹੱਡਾ-ਰੋੜੀ ਸੁੱਟ ਆਉਂਦਾ। ਜਵਾਨ ਹੋਏ ਮੱਦੀ ਅਤੇ ਕੇਸੂ ਵੀ ਕਦੀ ਕਦੀ ਆਪਣੇ ਬਾਪ ਨਾਲ ਇਸ ਕੰਮ ਵਿਚ ਹੱਥ ਵਟਾਉਣ ਲੱਗ ਪਏ।

ਇਤਿਹਾਸਕ ਵਿਰਸੇ ਵਾਲ਼ੇ ਖਾਨਦਾਨੀ ਪਰਿਵਾਰ ਵਿਚ ਸਵੇਰੇ ਸ਼ਾਮੀ ਆਉਣ ਜਾਣ ਕਾਰਨ ਨੱਥੂ ਦੇ ਪਰਿਵਾਰ ਨੂੰ ਵੀ ਸਿੱਖੀ ਦਾ ਪਾਹ ਲੱਗਣਾ ਸ਼ੁਰੂ ਹੋ ਗਿਆ। ਮੱਦੀ ਨੀਲੀਆਂ ਕਾਲ਼ੀਆਂ ਪੱਗਾਂ ਬੰਨ੍ਹਣ ਲੱਗ ਪਿਆ। ਉਸ ਨੇ ਬਾਬਾ ਜੀ ਤੋਂ ਗੁਰਮੁਖੀ ਦੀ ਪੈਂਤੀ ਵੀ ਸਿੱਖ ਲਈ ਅਤੇ ਹੌਲ਼ੀ ਹੌਲ਼ੀ ਗੁਟਕਾ ਪੜ੍ਹਨ ਲੱਗ ਪਿਆ ਪਰ ਮੱਦੀ ਤੋਂ ਵੱਡਾ ਕੇਸੂ ਹੁੱਕਾ-ਤੰਬਾਕੂ ਪੀਂਦਾ ਰਿਹਾ। ਮੱਦੀ ਤਾਂ ਲਾਗਲੇ ਸ਼ਹਿਰ ਵਿਚ ਕੱਪੜੇ ਸੀਣ ਦਾ ਕੰਮ ਸਿੱਖਣ ਜਾ ਲੱਗਾ ਪਰ ਕੇਸੂ ਪਿੰਡ ਦੇ ਜ਼ਿਮੀਦਾਰਾਂ ਨਾਲ ਦਿਹਾੜੀਆਂ ਹੀ ਕਰਦਾ ਰਿਹਾ। 'ਰੰਗ ਲਾਗਤ, ਲਾਗਤ ਲਾਗਤ ਹੈ' ਮੁਤਾਬਕ ਨੱਥੂ ਦੇ ਪਰਿਵਾਰ ਵਿਚੋਂ ਹੁੱਕਾ-ਤੰਬਾਕੂ ਚੁੱਕਿਆ ਗਿਆ ਤੇ ਸਾਰੇ ਟੱਬਰ ਦੀ ਨੁਹਾਰ ਹੀ ਬਦਲ ਗਈ। ਉਂਜ ਭਾਵੇਂ ਪਿੰਡ ਦੀਆਂ ਸਾਰੀਆਂ ਬਰਾਦਰੀਆਂ ਦੇ ਲੋਕ ਗੁਰਦੁਆਰਾ ਸਾਹਿਬ ਆਉਂਦੇ ਸਨ ਪਰ ਨੱਥੂ ਦਾ ਟੱਬਰ ਗੁਰੂ-ਘਰ ਦਾ ਪੱਕਾ ਸ਼ਰਧਾਲੂ ਬਣ ਗਿਆ। ਮੱਦੀ ਦੇ ਪੱਕਾ ਟੇਲਰ ਮਾਸਟਰ ਬਣ ਜਾਣ ਕਾਰਨ ਉਸ ਦੇ ਬਾਪ ਨੇ ਦਿਹਾੜੀ ਜਾਣਾ ਛੱਡ ਦਿੱਤਾ ਅਤੇ ਘਰ ਦੀਆਂ ਮੱਝਾਂ ਗਾਂਵਾਂ ਦੀ ਸਾਂਭ-ਸੰਭਾਲ਼ ਕਰਨ ਲੱਗ ਪਿਆ। ਹੁਣ ਸਵੇਰੇ ਸ਼ਾਮ ਇਸ ਘਰ ਵਿਚੋਂ ਜਪੁਜੀ ਸਾਹਿਬ ਤੇ ਰਹਿਰਾਸ ਦੇ ਪਾਠ ਦੀਆਂ ਅਵਾਜ਼ਾਂ ਆਉਣ ਲੱਗੀਆਂ।

ਪਿੰਡ ਦੇ ਸਮੁੱਚੇ ਦਲਿਤ ਭਾਈਚਾਰੇ ਲਈ ਅਤੇ ਖ਼ਾਸ ਕਰਕੇ ਨੱਥੂ ਦੇ ਪਰਿਵਾਰ ਲਈ ਉਹ ਦਿਨ ਇੱਕ ਇਨਕਲਾਬ ਲੈ ਕੇ ਆਇਆ ਜਿਸ ਦਿਨ ਮੱਦੀ ਨੇ ਘਰ ਵਿਚ ਰੱਬੀ ਬਾਣੀ ਦਾ ਅਖੰਡ ਪਾਠ ਕਰਵਾਇਆ! ਢਾਡੀਆਂ ਨੇ ਮੱਸੇ ਰੰਘੜ ਦਾ ਜੋਸ਼ੀਲਾ ਪ੍ਰਸੰਗ ਸੁਣਾਇਆ। ਭੋਗ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਗੁਰਦੁਆਰੇ ਲੈ ਜਾਏ ਜਾਣ ਮੌਕੇ ਬੈਂਡ ਵਾਜਾ ਵਜਾਇਆ ਗਿਆ। ਗੁਰੂ ਮਹਾਰਾਜ ਜੀ ਦਾ ਸਰੂਪ ਸਿਰ 'ਤੇ ਚੁੱਕੀ ਨੱਥੂ ਅੱਗੇ ਅੱਗੇ ਜਾ ਰਿਹਾ ਸੀ ਤੇ ਪਿਛੇ ਪਿਛੇ ਸੰਗਤ ਦਾ ਹੜ੍ਹ! ਬੀਬੀਆਂ ਮਿੱਠੀਆਂ ਅਵਾਜ਼ਾਂ 'ਚ ਗਾ ਰਹੀਆਂ ਸਨ, "ਪਟਨੇ ਸਾ'ਬ ਦਾ ਜਨਮ ਗੁਰਾਂ ਦਾ, 'ਨੰਦ ਪੁਰ ਡੇਰੇ ਲਾਏ...!" ਇਹ ਅਲੌਕਿਕ ਨਜ਼ਾਰਾ ਇਸ ਪਿੰਡ ਵਿਚ ਪਹਿਲੀ ਵਾਰ ਦੇਖਣ ਨੂੰ ਮਿਲ਼ਿਆ ਸੀ। ਸਾਰੇ ਪਿੰਡ ਨੇ ਨੱਥੂ ਦੇ ਘਰੇ ਪਹੁੰਚ ਕੇ ਲੰਗਰ ਛਕਿਆ। ਇਸ ਅਖੰਡ ਪਾਠ ਨੇ ਪਿੰਡ ਦੇ ਦਲਿਤ ਭਾਈਚਾਰੇ ਵਿਚ ਸਿੱਖੀ ਦੇ ਬੀਜ ਬੀਜ ਦਿੱਤੇ। ਨੱਥੂ ਦੇ ਘਰ ਵਿਚ ਤਾਂ ਗੁਰਮਤਿ ਦਾ ਚਸ਼ਮਾ ਹੀ ਫੁੱਟ ਪਿਆ!

ਹੁਣ ਇਸ ਤੋਂ ਬਾਅਦ ਅੱਜ ਤੱਕ ਦਾ ਹਾਲ ਸੁਣ ਲਉ। ਨੱਥੂ ਬੁੜ੍ਹਾ ਅਖੀਰੀ ਉਮਰ ਵਿਚ ਅੰਮ੍ਰਿਤਪਾਨ ਕਰਕੇ ਨੱਥਾ ਸਿੰਘ ਬਣ ਗਿਆ। ਸਿਮਰਨ ਕਰਦਿਆਂ ਹੀ ਉਸ ਨੇ ਪ੍ਰਾਣ ਤਿਆਗੇ। ਅੱਜ ਕੱਲ ਮੱਦੀ, ਪਿੰਡ ਦੇ ਗੁਰਦੁਆਰੇ ਵਿਚ ਭਾਈ ਮਦਨ ਸਿੰਘ ਦੇ ਰੂਪ 'ਚ ਹੈਡ-ਗ੍ਰੰਥੀ ਦੀ ਨਿਸ਼ਕਾਮ ਸੇਵਾ ਕਰਦਾ ਹੈ। ਸੰਗਰਾਂਦ ਤੇ ਹੋਰ ਗੁਰਪੁਰਬਾਂ ਮੌਕੇ ਉਹੀ ਕੜਾਹ ਪ੍ਰਸ਼ਾਦ ਅਤੇ ਲੰਗਰ-ਪਾਣੀ ਤਿਆਰ ਕਰਦਾ-ਕਰਾਉਂਦਾ ਹੈ। ਜ਼ਿਮੀਦਾਰਾਂ ਜਾਂ ਹੋਰ ਘਰਾਂ ਵਾਲ਼ਿਆਂ ਨੇ ਜਦੋਂ ਪੰਜ ਸਿੱਖਾਂ ਨੂੰ ਪ੍ਰਸ਼ਾਦਾ ਛਕਾਉਣਾ ਹੋਵੇ ਤਾਂ ਇਹ ਸਾਰੀ ਜ਼ਿੰਮੇਵਾਰੀ ਭਾਈ ਮਦਨ ਸਿੰਘ ਹੀ ਨਿਭਾਉਂਦਾ ਹੈ। ਉਹ ਖੁਦ ਪੰਜਾਂ ਸਿੰਘਾਂ ਵਿਚ ਸ਼ਾਮਲ ਹੁੰਦਾ ਹੈ। ਉਹ ਇੱਕ ਐਸੇ ਜਥੇ ਦਾ ਵੀ ਸਰਗਰਮ ਮੈਂਬਰ ਹੈ ਜੋ ਦੂਰ-ਦਰਾਜ ਦੇ ਇਤਿਹਾਸਕ ਜੋੜ ਮੇਲਿਆਂ ਵਿਚ ਨਿਸ਼ਕਾਮ ਸੇਵਾ ਕਰਨ ਜਾਂਦਾ ਹੈ। ਲਾਗੇ ਚਾਗੇ ਦੇ ਗੁਰੂ-ਘਰਾਂ ਦੇ ਨਿਸ਼ਾਨ ਸਾਹਿਬਾਂ ਦੇ ਚੋਲ਼ੇ ਵੀ ਉਹੀ ਸਿਉਂਦਾ ਹੈ। ਇਸ ਦੇ ਅੰਮ੍ਰਿਤਧਾਰੀ ਪੁੱਤਰ ਵੀ ਚੰਗੀਆਂ ਪੋਸਟਾਂ 'ਤੇ ਲੱਗੇ ਹੋਏ ਹਨ। ਨੂਹਾਂ ਵੀ ਗੁਰਮਤਿ ਦੀਆਂ ਧਾਰਨੀ ਹਨ। ਇਸ ਵੇਲ਼ੇ ਭਾਈ ਮਦਨ ਸਿੰਘ ਦੇ ਘਰ ਲਹਿਰਾਂ-ਬਹਿਰਾਂ ਹਨ ਤੇ ਉਹਦੇ 'ਤੇ ਬਾਬੇ ਦੀ ਫੁੱਲ ਕ੍ਰਿਪਾ ਹੈ।

ਇਹ ਦੇਖ ਕੇ ਬਹੁਤ ਹੈਰਾਨੀ ਹੁੰਦੀ ਕਿ ਬਾਕੀ ਸਾਰੇ ਤਾਂ ਉਸ ਨੂੰ ਜਥੇਦਾਰ ਜੀ, ਜਥੇਦਾਰਾ ਜਾਂ ਮਦਨ ਸਿੰਹਾਂ ਕਹਿ ਕੇ ਬੁਲਾਉਂਦੇ ਪਰ ਦਲਿਤ ਪਰਿਵਾਰਾਂ ਦੇ ਕਈ ਵੀਰ ਉਸ ਨੂੰ ਪ੍ਰਸ਼ਾਦ ਵਰਤਾਉਂਦੇ ਨੂੰ ਕਹਿੰਦੇ, "ਓ ਮੱਦੀ, ਸਾਨੂੰ 'ਕੜਾਹ' ਦੇ ਜਾਹ!" ਸ਼ਾਇਦ ਉਨ੍ਹਾਂ ਭਰਾਵਾਂ ਨੂੰ ਇੱਕ ਮੱਦੀ ਦਾ 'ਮਦਨ ਸਿੰਘ' ਬਣ ਜਾਣਾ ਚੰਗਾ ਨਾ ਲੱਗਦਾ ਹੋਵੇ! ਮਦਨ ਸਿੰਘ ਤੋਂ ਪ੍ਰਭਾਵਤ ਹੋ ਕੇ ਦਲਿਤ ਪਰਿਵਾਰਾਂ ਦੇ ਕੁੱਝ ਹੋਰ ਨੌਜਵਾਨ ਵੀ ਗੁੱਗੇ, ਪੰਜਾਂ ਪੀਰਾਂ, ਮੜ੍ਹੀਆਂ-ਮਸਾਣਾਂ ਜਾਂ ਭੜੇ-ਭਨਿਆਰਿਆਂ ਵਰਗੇ ਦੁੱਕੀ-ਤਿੱਕੀ ਸਾਧਾਂ ਦੇ ਡੇਰਿਆਂ ਨੂੰ ਜਾਣੋ ਹਟ ਗਏ ਹਨ। ਇਨ੍ਹਾਂ ਗਭਰੂਆਂ ਵਿਚ ਭਾਵੇਂ ਸਾਰੇ ਕੇਸਾਧਾਰੀ ਨਹੀਂ ਪਰ ਉਹ ਦਲਿਤਪੁਣਾ ਤਿਆਗ ਕੇ ਗੁਰੂ ਕੇ ਸਿੱਖ ਬਣਨ ਵੱਲ ਵਧ ਰਹੇ ਹਨ। ਅਜਿਹੀ ਉਸਾਰੂ ਸੋਚ ਵਾਲ਼ੇ ਕਈ ਨੌਜਵਾਨਾਂ ਨੇ ਪਿੰਡ ਦੀ ਧਰਮਸ਼ਾਲਾ ਵਿਚ ਵੀ ਗੁਰਦੁਆਰਾ ਸਾਹਿਬ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਕਰ ਦਿੱਤੇ ਹਨ। ਇੱਥੇ ਦੀ ਪ੍ਰਬੰਧਕ ਕਮੇਟੀ ਦਾ ਮੁੱਖੀ, ਮਦਨ ਸਿੰਘ ਹੀ ਗੁਰਸਿੱਖ ਭਤੀਜਾ ਹੈ।

ਅਜ ਕੱਲ ਸਿੱਖ ਜਗਤ ਦੇ ਪੰਜ ਤਖਤਾਂ ਵਿਚੋਂ ਇੱਕ 'ਤੇ ਜਥੇਦਾਰ ਸਾਹਿਬ ਦੀ ਸੇਵਾ ਨਿਭਾਅ ਰਹੇ ਇੱਕ ਸਿੰਘ ਸਹਿਬ ਦਾ ਸਬੰਧ ਵੀ ਦਲਿਤ ਪਰਿਵਾਰ ਨਾਲ ਜੁੜਦਾ ਹੈ। ਪਰ ਇਸ ਵੇਲ਼ੇ ਉਹ ਦਲਿਤ ਨਹੀਂ ਸਗੋਂ ਦਸਮੇਸ਼ ਗੁਰੂ ਦਾ ਸਪੁੱਤਰ ਹੈ ਕਿਉਂਕਿ ਦਸਵੇਂ ਗੁਰੂ ਜੀ ਨੇ ਹੀ ਜਾਤ-ਅਭਿਮਾਨੀ ਪਹਾੜੀ ਰਾਜਿਆਂ ਨੂੰ ਕਿਹਾ ਸੀ, "ਇਨ ਗਰੀਬ ਸਿੱਖਨ ਕਉ ਦੇਊਂ ਪਾਤਿਸ਼ਾਹੀ।" ਸ੍ਰੀ ਅਨੰਦਪੁਰ ਸਾਹਿਬ ਇੱਕ ਗੁਰਮਤਿ ਕਾਲਜ, ਜਿੱਥੇ ਕੀਰਤਨੀਏ, ਕਥਾਵਾਚਕ ਤੇ ਸਿੱਖ ਪ੍ਰਚਾਰਕ ਤਿਆਰ ਕੀਤੇ ਜਾਂਦੇ ਹਨ, ਵੀ ਦਲਿਤ ਪਰਿਵਾਰ ਨਾਲ ਸਬੰਧਤ ਪ੍ਰਿੰਸੀਪਲ ਸਾਹਿਬ ਵਲੋਂ ਚਲਾਇਆ ਜਾ ਰਿਹਾ ਹੈ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਅਸਥਾਨ 'ਤੇ ਚੱਲਦੇ ਸਮੁੱਚੇ ਲੰਗਰਾਂ ਦਾ ਮੱਖ-ਇੰਚਾਰਜ ਵੀ ਉਕਤ ਸਿੰਘਾਂ ਵਾਂਗ ਦਲਿਤ ਪਿਛੋਕੜ ਵਾਲ਼ਾ ਗੁਰੂ ਕਾ ਲਾਲ ਹੈ।

ਭਗਤ-ਸਿਰਮੌਰ ਸ੍ਰੀ ਰਵਿਦਾਸ ਜੀ ਮਹਾਰਾਜ ਨੇ ਮਨੁੱਖ-ਮਾਤਰ ਨੂੰ ਜਾਤ-ਪਾਤ ਦੇ ਵਖਰੇਵਿਆਂ ਤੋਂ ਰਹਿਤ, ਨਿਰਭੈ, ਬੇਖੌਫ ਅਤੇ ਨਿਡਰ ਜੀਵਨ ਜਿਊਣ ਲਈ 'ਬੇਗਮਪੁਰੇ ਦਾ ਤਸੱਵਰ' ਬਖਸ਼ਿਸ਼ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਦੈਵ ਕਾਲ ਲਈ ਸੁਸ਼ੋਭਿਤ ਅਤੇ ਸਥਾਪਤ ਹੋ ਚੁੱਕੇ ਇਸ ਕ੍ਰਾਂਤੀਕਾਰੀ ਤਸੱਵਰ ਨੂੰ ਗੱਲੀਂਬਾਤੀਂ ਜਾਂ ਨਿਰੇ ਜੋਸ਼ੀਲੇ ਨਾਹਰਿਆਂ ਨਾਲ ਰੂਪਮਾਨ ਨਹੀਂ ਕੀਤਾ ਜਾ ਸਕਦਾ। ਕਿਸੇ ਫੂਹੜ ਕਿਸਮ ਦੇ ਕਲਾਕਾਰ ਮੂਹੋਂ ਬੇਗਮਪੁਰੇ ਦੇ 'ਗੀਤ' ਸੁਣ ਕੇ ਕੱਛਾਂ ਵਜਾਉਣ ਨਾਲ ਵੀ ਇਸ ਰੂਹਾਨੀ ਨਗਰ ਦੇ ਸ਼ਹਿਰੀ ਨਹੀਂ ਬਣਿਆਂ ਜਾ ਸਕਦਾ। ਅਖਬਾਰੀ ਇਸ਼ਤਿਹਾਰਾਂ ਵਿਚ ਫੋਟੋਆਂ ਛਪਵਾ ਕੇ ਦੁਨਿਆਵੀ ਚੌਧਰੀਆਂ ਨੂੰ ਤਾਂ ਖੁਸ਼ ਕੀਤਾ ਜਾ ਸਕਦਾ ਹੈ, ਪੈਗੰਬਰਾਂ ਨੂੰ ਨਹੀਂ। ਮਹਿਜ਼ ਇਸੇ ਕਾਰਨ ਹੁੱਬੀ ਜਾਣਾ ਕਿ ਮੈਂ ਫਲਾਣੇ ਪੀਰ-ਫਕੀਰ ਦੀ 'ਜਾਤ' ਨਾਲ ਸਬੰਧ ਰੱਖਦਾ ਹਾਂ, ਇਹ ਵੀ ਇੱਕ ਭਰਮ-ਭੁਲੇਖਾ ਹੀ ਹੈ। ਜੇ ਇਹ ਗੱਲ ਹੁੰਦੀ ਤਾਂ ਗੁਰੂ ਨਾਨਕ ਦੇ ਸਿੱਖ ਕੇਵਲ ਬੇਦੀ ਹੀ ਹੁੰਦੇ ਜਾਂ ਦਸਵੇਂ ਗੁਰੂ ਜੀ ਦੇ ਸਿਰਫ ਸੋਢੀ। ਮੁਰਸ਼ਿਦ-ਪੀਰ ਤਾਂ ਇਸ ਲਿਖਤ ਵਿਚ ਵਰਨਣ ਕੀਤੇ ਗਏ ਬੇਗਮਪੁਰੇ ਦੇ ਉਨ੍ਹਾਂ ਬਾਸ਼ਿੰਦਿਆਂ 'ਤੇ ਪ੍ਰਸੰਨ ਹੁੰਦੇ ਹੋਣਗੇ ਜਿਹੜੇ 'ਕਥਨੀ' ਨਹੀਂ 'ਕਰਨੀ' ਦੇ ਸੂਰਮੇ ਹੁੰਦੇ ਨੇ!




## ਅਬਿਨਾਸੀ ਜੀਅਨ ਕੋ ਦਾਤਾ

ੴ ਸਤਿਗੁਰ ਪ੍ਰਸਾਦਿ
ਸੋਰਠ ਮਹਲਾ 5
ਅਬਿਨਾਸੀ ਜੀਅਨ ਕੋ ਦਾਤਾ
ਸਿਮਰਤ ਸਭ ਮਲੁ ਖੋਈ॥
ਗੁਣ ਨਿਧਾਨ ਭਗਤਨ ਕਉ
ਬਰਤਨਿ ਬਿਰਲਾ ਪਾਵੈ ਕੋਈ॥
ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭ ਸੋਈ॥
ਜਾ ਕੀ ਸਰਣਿ ਪਇਆ ਸੁਖੁ ਪਾਈਐ
ਬਹੁੜ ਦੂਖੁ ਨ ਹੋਈ॥ ਰਹਾਉ॥
ਵਡਭਾਗੀ ਸਾਧ ਸੰਗੁ ਪਰਾਪਤਿ
ਤਿਨ ਭੇਟਤ ਦੁਰਮਤ ਖੋਈ॥
ਤਿਨਕੀ ਧੂਰਿ ਨਾਨਕ ਦਾਸ ਬਾਛੈ
ਜਿਨ ਹਰਿਨਾਮ ਰਿਦੈ ਪਰੋਈ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਪਣੇ ਇਸ ਪਾਵਨ ਸ਼ਬਦ ਵਿਚ ਪ੍ਰਭੂ ਭਗਤੀ ਅਤੇ ਸਿਮਰਨ ਵਾਸਤੇ ਹੀ ਪ੍ਰੇਰਨਾ ਦਿੰਦੇ ਹਨ ਕਿ ਪ੍ਰਭੂ ਨੂੰ ਹਰ ਸਮੇਂ ਯਾਦ ਰੱਖਣਾ ਚਾਹੀਦਾ ਹੈ।

ਅਬਿਨਾਸੀ ਜੀਅਨ ਕੋ ਦਾਤਾ
ਸਿਮਰਤ ਸਭ ਮਲੁ ਖੋਈ॥
ਗੁਣ ਨਿਧਾਨ ਭਗਤਨ ਕਉ
ਬਰਤਨਿ ਬਿਰਲਾ ਪਾਵੈ ਕੋਈ॥

ਹੇ ਭਾਈ! ਮਨ ਉਤੇ ਪਾਪਾਂ ਤੇ ਵਿਕਾਰਾਂ ਦੀ ਜੋ ਮੈਲ ਲੱਗੀ ਹੋਈ ਹੈ, ਉਸ ਅਕਾਲ ਪੁਰਖ ਦਾ ਸਿਮਰਨ ਕਰਨ ਕਰਕੇ ਉਹ ਵੀ ਲੱਥ ਜਾਂਦੀ ਹੈ ਅਤੇ ਉਹ ਗੁਣਾਂ ਦਾ ਖ਼ਜ਼ਾਨਾ ਜੋ ਪ੍ਰਭੂ ਆਪ ਹੈ ਤੇ ਜੋ ਸਾਰੇ ਸੰਸਾਰ ਦੇ ਜੀਵਾਂ ਨੂੰ ਦਾਤਾਂ ਵੀ ਦਿੰਦਾ ਹੈ, ਉਸ ਪ੍ਰਭੂ ਦਾ ਸਿਮਰਨ ਹਰ ਵਕਤ ਕਰਨਾ ਚਾਹੀਦਾ ਹੈ ਕਿਉਂਕਿ ਪ੍ਰਭੂ ਆਪਣੇ ਸੇਵਕਾਂ ਦੀ ਸਦਾ ਸਹਾਇਤਾ ਕਰਦਾ ਹੈ ਪਰ ਕੋਈ ਵਿਰਲਾ ਹੀ ਉਸ ਦੇ ਮਿਲਾਪ ਦਾ ਆਨੰਦ ਮਾਣਦਾ ਹੈ।

ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭ ਸੋਈ॥
ਜਾ ਕੀ ਸਰਣਿ ਪਇਆ ਸੁਖੁ ਪਾਈਐ
ਬਹੁੜ ਦੂਖੁ ਨ ਹੋਈ॥ ਰਹਾਉ॥

ਹੇ ਮੇਰੇ ਮਨ! ਗੁਰੂ ਦਾ ਕਹਿਣਾ ਮੰਨ

### ਗੁਰਬਾਣੀ ਗਿਆਨ

ਅਤੇ ਉਸ ਵਾਹਿਗੁਰੂ ਦਾ ਸਿਮਰਨ ਕਰ ਜੋ ਸਾਰਿਆਂ ਤੋਂ ਵੱਡਾ ਹੈ ਅਤੇ ਸਭ ਜੀਵਾਂ ਦਾ ਪਾਲਣਹਾਰ ਵੀ ਹੈ। ਉਸ ਪ੍ਰਭੂ ਦੀ ਸਰਣਿ ਵਿਚ ਜਾ ਕੇ ਜੀਵ ਨੂੰ ਕਦੇ ਵੀ ਸੰਸਾਰਕ ਦੁੱਖ ਨਹੀਂ ਪੋਂਹਦੇ ਅਤੇ ਸਦਾ ਸੁਖ ਹੀ ਮਿਲਦੇ ਹਨ ਕਿਉਂਕਿ ਪ੍ਰਭੂ ਭਗਤੀ ਕਰ ਕੇ ਜੋ ਜੀਵ ਮਾਲਕ ਦੇ ਨਾਲ ਜੁੜ ਜਾਂਦੇ ਹਨ, ਉਨ੍ਹਾਂ ਨੂੰ ਪ੍ਰਭੂ ਕ੍ਰਿਪਾ ਸਦਕਾ ਸਹਿਜ ਅਤੇ ਟਿਕਾਉ ਵੀ ਮਿਲ ਜਾਂਦਾ ਹੈ।

ਵਡਭਾਗੀ ਸਾਧ ਸੰਗੁ ਪਰਾਪਤਿ
ਤਿਨ ਭੇਟਤ ਦੁਰਮਤ ਖੋਈ॥
ਤਿਨਕੀ ਧੂਰਿ ਨਾਨਕ ਦਾਸ ਬਾਛੈ
ਜਿਨ ਹਰਿਨਾਮ ਰਿਦੈ ਪਰੋਈ॥

ਹੇ ਭਾਈ, ਵੱਡਿਆਂ ਭਾਗਾਂ ਨਾਲ ਹੀ ਜੀਵ ਨੂੰ ਪੂਰੇ ਗੁਰੂ ਦੀ ਕ੍ਰਿਪਾ ਸਦਕਾ ਸਤਿਸੰਗ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਤਿਸੰਗ ਕਰਕੇ ਹੀ ਭੈੜੀ ਤੇ ਮਾੜੀ ਬੁੱਧੀ ਦਾ ਨਾਸ ਹੁੰਦਾ ਹੈ। ਤਾਂ ਤੇ ਹਰੀ ਸਿਮਰਨ ਹੀ ਦੁਰਲੱਭ ਹੈ ਅਤੇ ਹੇ ਮੇਰੇ ਪਤਿਤ ਪਾਵਨ ਪ੍ਰਭ ਜੀਉ, ਜਿਨ੍ਹਾਂ ਨੇ ਤੇਰਾ ਸੋਹਣਾ ਨਾਮ ਆਪਣੇ ਹਿਰਦੇ ਵਿਚ ਵਸਾ ਰੱਖਿਆ ਹੈ, ਇਹ ਦਾਸ ਨਾਨਕ ਭੀ ਉਨ੍ਹਾਂ ਦੇ ਚਰਨਾਂ ਦੀ ਧੂੜ ਮੰਗਦਾ ਹੈ। ਆਓ, ਪ੍ਰਭੂ ਦੀ ਸ਼ਰਣ ਵਿਚ ਚਲੀਏ!

*-ਬੀਬੀ ਸੁਰਜੀਤ ਕੌਰ ਸੈਕਰਾਮੈਂਟ,*
*ਫੋਨ:916-687-3536*

# ਠੱਲ੍ਹ ਨਹੀਂ ਰਿਹਾ ਬਾਦਲ ਸਰਕਾਰ ਦਾ ਸ਼ੁਰੂ ਹੋਇਆ ਨਿਘਾਰ

ਸਿਆਸਤ ਦਾ ਪਿੜ

ਜਤਿੰਦਰ ਪਨੂੰ

***ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਜ਼ਿੰਦਗੀ ਭਰ ਦੇ ਤਜਰਬੇ ਦੀ ਵਰਤੋਂ ਕਰ ਕੇ ਲੋਕਾਂ ਨਾਲ ਨੇੜਤਾ ਬਣਾਉਣ ਲਈ ਕੁਝ ਕਰਨਗੇ ਪਰ ਉਨ੍ਹਾਂ ਨੇ ਆਪ ਕੁਝ ਕਰਨ ਦੀ ਥਾਂ ਰਾਜ ਅਤੇ ਰਾਜਨੀਤੀ ਦੀ ਵਾਗ ਉਨ੍ਹਾਂ ਹੱਥਾਂ ਵਿਚ ਦਿੱਤੀ ਪਈ ਹੈ ਜਿਹੜੇ ਵਿਰੋਧੀਆਂ ਦੇ 'ਸਿਰ ਤਲਵਾਰ ਨਾਲ ਕਲਮ' ਕਰਨ ਦੇ ਭਾਸ਼ਣ ਕਰ ਕੇ ਲੋਕਾਂ ਤੋਂ ਤਾੜੀਆਂ ਮਰਵਾ ਕੇ ਖੁਸ਼ ਹੁੰਦੇ ਹਨ। ਸਾਲ ਹੁਣ ਆਖਰੀ ਜ਼ਰੂਰ ਹੈ ਪਰ ਪੂਰਾ ਸਾਲ ਨਹੀਂ; ਸਿਰਫ ਗਿਆਰਾਂ ਮਹੀਨੇ ਰਹਿੰਦੇ ਹਨ। ਇਨ੍ਹਾਂ ਵਿਚੋਂ ਵੀ ਆਖਰੀ ਛੇ ਮਹੀਨੇ ਸਰਕਾਰ ਹੁੰਦੀ ਹੋਈ ਵੀ ਅਣਹੋਈ ਬਣ ਜਾਂਦੀ ਹੈ। ਇਹੋ ਵਕਤ ਹੈ ਲੋਕਾਂ ਨੂੰ ਕੁਝ ਕਰ ਕੇ ਵਿਖਾਉਣ ਦਾ ਪਰ ਕੁਝ ਹੁੰਦਾ ਨਜ਼ਰ ਨਹੀਂ ਆਉਂਦਾ ਸਗੋਂ 'ਹਰ ਮੱਸਿਆ ਬਦਨਾਮੀ' ਵਾਲੀ ਹਾਲਤ ਬਣੀ ਜਾਂਦੀ ਹੈ। ਬਾਕੀ ਰਹਿੰਦੇ ਸਮੇਂ ਵਿਚ ਵੀ ਕੋਈ ਸੁਧਾਰ ਦਿੱਸ ਪਵੇਗਾ; ਕੱਲ੍ਹ ਬਾਰੇ ਤਾਂ ਕੁਝ ਕਹਿ ਨਹੀਂ ਸਕਦੇ, ਅੱਜ ਦੀ ਘੜੀ ਇਹ ਆਸ ਕਿਸੇ ਨੂੰ ਨਹੀਂ।***

ਪੰਜਾਬ ਦੇ ਕਰਜ਼ੇ ਨੇ ਮੁੱਖ ਮੰਤਰੀ ਤੋਂ ਪੁੱਤਾਂ ਵਰਗਾ ਭਤੀਜਾ ਖੋਹ ਲਿਆ ਅਤੇ ਭਤੀਜੇ ਨੇ ਲਛਮਣ ਵਰਗਾ ਭਰਾ 'ਰਾਮ' ਤੋਂ ਖੋਹ ਲਿਆ ਜਾਂ ਪੁੱਤਰ-ਮੋਹ ਵਿਚ ਫਸ ਕੇ ਮੁੱਖ ਮੰਤਰੀ ਨੇ 'ਰਾਮ' ਦੀ ਬਜਾਏ 'ਧ੍ਰਿਤਰਾਸ਼ਟਰ' ਦੀ ਭੂਮਿਕਾ ਲੈ ਲਈ; ਇਹ ਬਾਦਲ ਪਰਿਵਾਰ ਦਾ ਅੰਦਰੂਨੀ ਮਾਮਲਾ ਹੈ। ਉਹ ਆਪੋ ਵਿਚ ਨਜਿੱਠਦੇ ਰਹਿਣ। ਬੜੇ ਹੋਰ ਪਰਿਵਾਰਾਂ ਵਿਚ ਵੀ ਰਾਜਨੀਤੀ ਇਹੋ ਜਿਹੇ ਪੁਆੜੇ ਪਾ ਚੁੱਕੀ ਹੈ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਫਾਰੂਖ਼ ਅਬਦੁੱਲਾ ਦੀ ਗੱਦੀ ਇਕ ਵਾਰ ਭੈਣ-ਭਣਵੱਈਏ ਨੇ ਖੋਹ ਲਈ ਸੀ। ਆਂਧਰਾ ਪ੍ਰਦੇਸ਼ ਵਿਚ ਵੀ ਮੁੱਖ ਮੰਤਰੀ ਨੰਦਮੂਰੀ ਤਾਰਿਕ (ਐਨ.ਟੀ.) ਰਾਮਾਰਾਓ ਦੀ ਕੁਰਸੀ ਉਸ ਦੇ ਧੀ-ਜਵਾਈ ਨੇ ਉਲਟਾਈ ਅਤੇ ਪੁੱਤਰਾਂ ਨੇ ਪਿਓ ਦੀ ਬਜਾਏ ਭੈਣ-ਭਣਵੱਈਏ ਦਾ ਸਾਥ ਦਿੱਤਾ ਸੀ। ਗਵਾਲੀਅਰ ਦੀ ਸਾਬਕਾ ਮਹਾਰਾਣੀ ਵਿਜੇ ਰਾਜੇ ਸਿੰਧੀਆ ਭਾਜਪਾ ਦੀ ਸਿਖਰਲੀ ਆਗੂ ਸੀ ਅਤੇ ਉਸ ਦਾ ਆਪਣਾ ਪੁੱਤਰ ਮਾਧਵ ਰਾਓ ਸਿੰਧੀਆ ਕਾਂਗਰਸ ਦਾ ਕੇਂਦਰੀ ਮੰਤਰੀ ਹੁੰਦਾ ਸੀ। ਏਦਾਂ ਦੇ ਚਾਲੀ ਕਿੱਸੇ ਸੁਣਾ ਕੇ ਵੀ ਅੰਤ ਵਿਚ ਇਹੋ ਕਹਿਣਾ ਪਵੇਗਾ ਕਿ ਪਰਿਵਾਰਕ ਰੋਣਾ ਰੋਣ ਲਈ ਵਿਧਾਨ ਸਭਾ ਦਾ ਸਮਾਂ ਖਰਾਬ ਕਰਨ ਦੀ ਲੋੜ ਨਹੀਂ। ਉਥੇ ਉਹ ਮੁੱਦੇ ਵਿਚਾਰੇ ਜਾਣੇ ਚਾਹੀਦੇ ਹਨ ਜਿਨ੍ਹਾਂ ਦਾ ਸੰਬੰਧ ਲੋਕਾਂ ਦੀ ਦੋ ਡੰਗ ਦੀ ਰੋਟੀ ਨਾਲ ਵੀ ਹੋਵੇ ਅਤੇ ਅਗਲੀ ਪੀੜ੍ਹੀ ਦੇ ਭਵਿੱਖ ਨਾਲ ਵੀ। ਜਿੰਨਾ ਕੁ ਵਕਤ ਇਸ ਪਾਸੇ ਲਾਇਆ ਗਿਆ ਹੈ, ਉਸ ਨੇ ਪੰਜਾਬ ਦੀ ਉਹ ਤਸਵੀਰ ਹੋਰ ਧੁੰਦਲੀ ਕੀਤੀ ਹੈ ਜਿਹੜੀ ਪਹਿਲਾਂ ਹੀ ਹਰ ਅੱਖ ਵੇਖ ਰਹੀ ਹੈ।

ਮੁੱਖ ਮੰਤਰੀ ਬਾਦਲ ਦਾ ਸੁਭਾਅ ਹੈ ਕਿ ਜਦੋਂ ਵੀ ਉਨ੍ਹਾਂ ਦੇ ਰਾਜ ਦਾ ਆਖਰੀ ਸਾਲ ਆਉਂਦਾ ਹੈ, ਉਹ ਪੰਜਾਬ ਨਾਲ ਜ਼ਿਆਦਤੀਆਂ ਅਤੇ ਚਿਰੋਕਣੀਆਂ ਲਟਕਦੀਆਂ ਮੰਗਾਂ ਦਾ ਖਾਤਾ ਖੋਲ੍ਹ ਕੇ ਬੈਠ ਜਾਂਦੇ ਹਨ। ਮਕਸਦ ਹੈ ਕਿ ਲੋਕਾਂ ਦਾ ਧਿਆਨ ਉਧਰ ਪਾ ਦਿੱਤਾ ਜਾਵੇ ਅਤੇ ਰਾਜ ਵਿਚ ਫੈਲੀ ਅਰਾਜਕਤਾ ਵੱਲ ਕੋਈ ਵੇਖੇ ਹੀ ਨਾ। ਇਸ ਵਾਰ ਫਿਰ ਇਹੋ ਕੁਝ ਹੋ ਰਿਹਾ ਹੈ। ਵਿਧਾਨ ਸਭਾ ਦੀ ਬੀਤੇ ਹਫਤੇ ਦੀ ਰਿਪੋਰਟ ਇਸ ਗੱਲ ਦੀ ਗਵਾਹ ਹੈ ਕਿ ਲੋਕਾਂ ਦੀਆਂ ਮੰਗਾਂ ਬਾਰੇ ਚੁੱਪ ਰਹਿ ਕੇ ਸ. ਬਾਦਲ ਨੇ ਹਰਿਆਣੇ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਆਖੀ ਇਕੋ ਗੱਲ ਚੁੱਕ ਕੇ ਇੰਜ ਬੜ੍ਹਕ ਮਾਰ ਦਿੱਤੀ ਹੈ ਜਿਵੇਂ ਜੰਗ ਦਾ ਐਲਾਨ ਕਰ ਰਹੇ ਹੋਣ ਅਤੇ ਫਿਰ ਉਹ ਇਕ ਗੱਲ ਤੱਕ ਸੀਮਤ ਨਾ ਰਹਿ ਕੇ, ਪੁਰਾਣੇ ਸਾਰੇ ਦੱਬੇ ਮੁੱਦੇ (ਜਾਂ ਮੁਰਦੇ) ਵੀ ਪੁੱਟ ਕੇ ਤੁਰ ਪਏ।

ਪਹਿਲੀ ਗੱਲ ਤਾਂ ਇਹ ਕਿ ਪਾਣੀ ਦਾ ਸਵਾਲ ਪੰਜਾਬ ਅਤੇ ਹਰਿਆਣਾ-ਦੋਵਾਂ ਦੇ ਰਾਜਸੀ ਆਗੂਆਂ ਵਿਚਾਲੇ ਇਮਾਨਦਾਰੀ ਤੋਂ ਸੱਖਣੀ ਬਹਿਸ ਦਾ ਮੁੱਦਾ ਬਣਿਆ ਪਿਆ ਹੈ। ਇਕ ਸਵਰਗੀ ਮੁੱਖ ਮੰਤਰੀ ਪੰਜਾਬ ਦੇ ਪੱਲੇ ਏਦਾਂ ਦਾ ਵੀ ਪੈ ਚੁੱਕਾ ਹੈ ਜੋ ਕਿਸੇ ਸਮੇਂ ਗਵਾਂਢੀ ਰਾਜ ਹਰਿਆਣੇ ਦਾ ਗਵਰਨਰ ਹੁੰਦਾ ਸੀ। ਉਹ ਹਰਿਆਣੇ ਦੀ ਅਸੈਂਬਲੀ ਵਿਚ ਇਹ ਭਾਸ਼ਣ ਕਰਦਾ ਰਿਹਾ ਸੀ ਕਿ ਸਤਲੁਜ ਦਰਿਆ ਦੇ ਪਾਣੀਆਂ ਵਿਚੋਂ ਹਿੱਸਾ ਲੈਣਾ ਇਸ ਰਾਜ ਦਾ ਹੱਕ ਹੈ ਪਰ ਜਦੋਂ ਅਜੇ ਪੰਜਾਬ ਦਾ ਮੁੱਖ ਮੰਤਰੀ ਵੀ ਨਹੀਂ ਸੀ ਬਣਿਆ, ਦੋ ਨੰਬਰ ਦਾ ਵਜ਼ੀਰ ਹੁੰਦਾ ਸੀ; ਓਦੋਂ ਉਹ ਹਰਿਆਣੇ ਨੂੰ ਪਾਣੀ ਦੇਣ ਦੇ ਵਿਰੋਧ ਦਾ ਝੰਡਾ ਚੁੱਕ ਖੜੋਤਾ ਸੀ। ਹਰਿਆਣੇ ਵਿਚ ਦਿੱਤੇ ਭਾਸ਼ਣ ਚੇਤੇ ਕਰਾਏ ਜਾਣ 'ਤੇ ਕਹਿ ਦੇਂਦਾ ਸੀ ਕਿ ਓਦੋਂ ਮੈਂ ਉਥੋਂ ਦਾ ਗਵਰਨਰ ਸਾਂ ਤੇ ਉਹ ਭਾਸ਼ਣ ਮੇਰਾ ਨਹੀਂ, ਹਰਿਆਣੇ ਦੀ ਸਰਕਾਰ ਦਾ ਤਿਆਰ ਕੀਤਾ ਹੋਇਆ ਸੀ। ਜਿਹੜਾ ਭਾਸ਼ਣ ਉਸ ਨੂੰ ਪਤਾ ਸੀ ਕਿ 'ਮੇਰੇ ਪੰਜਾਬ' ਦੇ ਹਿੱਤਾਂ ਦੇ ਖਿਲਾਫ ਹੈ, ਉਸ ਨੂੰ ਪੜ੍ਹਨ ਦੀ ਥਾਂ ਉਹ ਕੇਂਦਰ ਦੀ ਸਰਕਾਰ ਨੂੰ ਕਹਿ ਕੇ ਦੋ ਦਿਨ ਦੀ ਛੁੱਟੀ ਲੈ ਕੇ ਪਾਸੇ ਹੋ ਸਕਦਾ ਸੀ ਅਤੇ ਇਹ ਕੰਮ ਕਾਰਜਕਾਰੀ ਗਵਰਨਰ ਦੇ ਤੌਰ 'ਤੇ ਹਾਈ ਕੋਰਟ ਦਾ ਮੁੱਖ ਜੱਜ ਵੀ ਕਰ ਸਕਦਾ ਸੀ ਪਰ ਦੋ ਦਿਨ ਵੀ ਟੌਹਰ ਦਾ ਲਾਲਚ ਨਾ ਛੱਡਣ ਵਾਲਾ ਉਹ ਬੰਦਾ ਬਾਅਦ ਵਿਚ ਪੰਜਾਬ ਦੇ ਹਿੱਤਾਂ ਦਾ ਲੰਬੜਦਾਰ ਬਣਿਆ ਫਿਰੇ! ਰਾਜਨੀਤੀ ਵਿਚ ਏਦਾਂ ਦਾ ਦੋ-ਮੂੰਹਾਪਣ ਕਿਸੇ ਵੀ ਰਾਜ ਦੇ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੇ ਤੁਲ ਹੈ।

ਇਹੋ ਜਿਹਾ ਇਕ ਮੌਕਾ ਹੁਣ ਵਾਲੇ ਮੁੱਖ ਮੰਤਰੀ ਸ. ਬਾਦਲ ਦੇ ਸਾਹਮਣੇ ਵੀ ਆ ਗਿਆ ਸੀ। ਉਨ੍ਹਾਂ ਦੀ ਮੁੱਖ ਮੰਤਰੀ ਦੇ ਤੌਰ 'ਤੇ ਤੀਜੀ ਵਾਰੀ ਦੌਰਾਨ ਇਕ ਆਮ ਚੋਣ ਮੌਕੇ ਆਖਰੀ ਰੈਲੀ ਉਸ ਵੇਲੇ ਦੇ ਪ੍ਰਧਾਨ ਮੰਤਰੀ ਅਤੇ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਨੇ ਲੁਧਿਆਣੇ ਵਿਚ ਕਰਨੀ ਸੀ। ਬਾਦਲ ਸਾਹਿਬ ਨੇ ਆਪਣੀ ਸੁਭਾਵਕ ਤਕਰੀਰ ਦੌਰਾਨ ਪੰਜਾਬ ਦੇ ਪਾਣੀਆਂ ਦੀ ਰਾਖੀ ਦੀ ਚਰਚਾ ਵੀ ਕਰ ਦਿੱਤੀ। ਪਿੱਛੋਂ ਬੋਲਣ ਲੱਗੇ ਸ੍ਰੀ ਵਾਜਪਾਈ, ਤੇ ਉਨ੍ਹਾਂ ਇਹ ਆਖ ਕੇ ਖੇਡ ਪਲਟ ਦਿੱਤੀ ਕਿ ਉਨ੍ਹਾਂ ਦੀ ਸਰਕਾਰ ਅਤੇ ਭਾਜਪਾ ਦੇ ਐਨ.ਡੀ.ਏ. ਗੱਠਜੋੜ ਨੇ ਦੇਸ਼ ਦੇ ਹਿੱਤਾਂ ਨੂੰ ਸਾਹਮਣੇ ਰੱਖ ਕੇ ਫੈਸਲਾ ਕੀਤਾ ਹੈ ਕਿ ਦੇਸ਼ ਦੇ ਸਾਰੇ ਦਰਿਆਵਾਂ ਦਾ ਪਾਣੀ ਸੁਰੰਗਾਂ ਰਾਹੀਂ ਇਕ ਦੂਜੇ ਨਾਲ ਜੋੜ ਦਿੱਤਾ ਜਾਵੇਗਾ ਅਤੇ ਜਿੱਥੇ ਜਿੰਨੀ ਲੋੜ ਹੋਈ, ਉਥੇ ਦੇ ਦਿੱਤਾ ਜਾਵੇਗਾ।

ਪੰਜਾਬ ਦਾ ਪਾਣੀ ਪਹਾੜ ਨੂੰ ਨਹੀਂ ਚੜ੍ਹ ਸਕਦਾ। ਰਾਜਸਥਾਨ, ਮੱਧ ਪ੍ਰਦੇਸ਼ ਜਾਂ ਗੁਜਰਾਤ ਕਿਉਂਕਿ ਪੰਜਾਬ ਤੋਂ ਨੀਵੇਂ ਹਨ, ਇਸ ਲਈ ਇਨ੍ਹਾਂ ਸੂਬਿਆਂ ਦਾ ਪਾਣੀ ਏਧਰ ਨਹੀਂ ਆ ਸਕਣਾ। ਜਦੋਂ ਸਾਰੇ ਦਰਿਆਵਾਂ ਦਾ ਪਾਣੀ ਆਪੋ ਵਿਚ ਮਿਲਾ ਦਿੱਤਾ ਗਿਆ ਤਾਂ ਪੰਜਾਬ ਦਾ ਪਾਣੀ ਭਾਵੇਂ ਉੜੀਸਾ ਨੂੰ ਕੋਈ ਲੈ ਜਾਵੇ, ਲੋੜ ਪਈ ਤੋਂ ਪੰਜਾਬ ਨੂੰ ਪਾਣੀ ਨਹੀਂ ਮਿਲ ਸਕਣਾ। ਜਿਹੜੇ ਬਾਦਲ ਸਾਹਿਬ ਹਰਿਆਣੇ ਨਾਲ ਜੋੜਦੀ ਸਤਲੁਜ-ਜਮਨਾ ਲਿੰਕ ਨਹਿਰ ਦੀ ਉਸਾਰੀ ਦੇ ਵਿਰੋਧ ਕਰਨ ਦਾ ਕੋਈ ਮੌਕਾ ਨਹੀਂ ਖੁੰਝਦੇ, ਉਹ ਵਾਜਪਾਈ ਦੇ ਇਸ ਭਾਸ਼ਣ ਬਾਰੇ ਟਿੱਪਣੀ ਕਰਨ ਤੋਂ ਵੀ ਪਾਸਾ ਵੱਟ ਗਏ ਸਨ। ਹੁਣ ਉਹ ਗਵਾਂਢੀ ਸੂਬੇ ਦੇ ਮੁੱਖ ਮੰਤਰੀ ਦੇ 'ਇਕ-ਇਕ ਬੂੰਦ ਲਈ' ਲੜਨ ਦੇ ਬਿਆਨ ਨੂੰ ਲੈ ਕੇ ਉਸ ਰਾਜ ਦੇ ਵਿਰੁੱਧ ਬੋਲ ਰਹੇ ਹਨ ਜਿਸ ਤੋਂ ਆਪਣੇ ਪਰਿਵਾਰਕ ਕਾਰੋਬਾਰ ਲਈ ਨਿਯਮਾਂ ਨੂੰ ਉਲੰਘ ਕੇ ਜ਼ਮੀਨ ਲਈ ਹੋਈ ਹੈ।

ਗੱਲ ਇਕੱਲੀ ਪਾਣੀਆਂ ਤੱਕ ਸੀਮਤ ਨਹੀਂ। ਉਸ ਤੋਂ ਅੱਗੇ ਜਾ ਕੇ ਚੰਡੀਗੜ੍ਹ ਲੈਣ ਦੀ ਮੰਗ ਵੀ ਫਿਰ ਚੁੱਕ ਲਈ ਹੈ। ਇਹ ਗੱਲ ਵੀ ਉਨ੍ਹਾਂ ਨੇ ਓਦੋਂ ਨਹੀਂ ਸੀ ਚੁੱਕੀ ਜਦੋਂ ਕੇਂਦਰ ਵਿਚ ਭਾਜਪਾ ਦੀ ਉਹ ਸਰਕਾਰ ਹੁੰਦੀ ਸੀ ਜਿਸ ਨੂੰ ਉਨ੍ਹਾਂ ਦੇ ਅਕਾਲੀ ਦਲ ਦੀ ਹਮਾਇਤ ਹਾਸਲ ਸੀ ਅਤੇ ਉਸ ਵਿਚ ਅਕਾਲੀ ਦਲ ਦੇ ਪੌਣੇ ਦੋ ਵਜ਼ੀਰ ਵੀ ਹੁੰਦੇ ਸਨ। ਪਤਾ ਸੀ ਕਿ ਜੇ ਮੰਗ ਚੁੱਕੀ ਤਾਂ ਵਾਜਪਾਈ-ਅਡਵਾਨੀ ਮੰਨਣ ਨਹੀਂ ਲੱਗੇ। ਇਸ ਲਈ ਵਧੀਆ ਰਾਹ ਇਹੋ ਚੁਣਿਆ ਕਿ ਏਦਾਂ ਦੇ ਮੁੱਦਿਆਂ ਨੂੰ ਆਮ ਤੌਰ 'ਤੇ ਕਬਰਾਂ ਦੇ ਮੁਰਦੇ ਬਣਾਈ ਛੱਡੋ ਅਤੇ ਮੁਨਾਸਬ ਵਕਤ ਵੇਖ ਕੇ ਚਾਰ ਦਿਨ ਉਛਾਲ ਕੇ ਲੋਕਾਂ ਨੂੰ ਜਜ਼ਬਾਤੀ ਕਰ ਕੇ ਵੋਟਾਂ ਲਓ।

ਜਿੱਥੋਂ ਤੱਕ ਪੰਜਾਬ ਦੇ ਰਾਜ-ਕਾਜ ਦਾ ਸਵਾਲ ਹੈ, ਇਸ ਦਾ ਪਹੀਆ ਚੱਲਦਾ ਤਾਂ ਹੈ ਪਰ ਇਹ ਪਤਾ ਨਹੀਂ ਲਗਦਾ ਕਿ ਅੱਗੇ ਵੱਲ ਵਧ ਰਿਹਾ ਹੈ, ਪਿੱਛੇ ਵੱਲ ਖਿਸਕ ਰਿਹਾ ਹੈ ਜਾਂ ਜੈਕ ਉਤੇ ਖੜੋਤੀ ਗੱਡੀ ਦੇ ਪਹੀਏ ਵਾਂਗ ਇਕੋ ਥਾਂ ਘੁੰਮੀ ਜਾਂਦਾ ਹੈ। ਸਰਕਾਰ ਦੇ ਭੇਤ ਤਾਂ ਮਿਆਦ ਮੁੱਕਣ ਮਗਰੋਂ ਸ਼ਰੀਕ ਸਾਹਮਣੇ ਲਿਆਇਆ ਕਰਦੇ ਸਨ, ਹੁਣ ਉਪ ਮੁੱਖ ਮੰਤਰੀ ਦੀ ਬੋਲ-ਬਾਣੀ ਹੀ ਸਾਰਾ ਕੁਝ ਜ਼ਾਹਰ ਕਰ ਜਾਂਦੀ ਹੈ। ਇਕ ਮਿੰਟ ਪਹਿਲਾਂ ਉਹ ਆਖਦਾ ਹੈ ਕਿ ਪੰਜਾਬ ਦੇ ਸਿਰ ਸਿਰਫ ਪੈਂਤੀ ਸੌ ਕਰੋੜ ਰੁਪਏ ਕਰਜ਼ਾ ਹੈ, ਦੂਜੇ ਮਿੰਟ ਆਖਦਾ ਹੈ ਕਿ ਪੰਜਾਬ ਦੀਆਂ ਮਾਇਕ ਮੁਸ਼ਕਲਾਂ ਇਸ ਕਰ ਕੇ ਹਨ ਕਿ ਇਸ ਨੂੰ ਹਰ ਸਾਲ ਅੱਠ ਹਜ਼ਾਰ ਕਰੋੜ ਰੁਪਏ ਤੋਂ ਵੱਧ ਵਿਆਜ ਹੀ ਭਰਨਾ ਪੈਂਦਾ ਹੈ। ਸਾਢੇ ਤਿੰਨ ਹਜ਼ਾਰ ਕਰੋੜ ਰੁਪਏ ਉਤੇ ਅੱਠ ਹਜ਼ਾਰ ਕਰੋੜ ਰੁਪਏ ਵਿਆਜ ਵਾਲੀ ਬੇਦਲੀਲੀ ਗੱਲ ਵੱਲ ਧਿਆਨ ਦਿਵਾਏ ਜਾਣ ਉਤੇ ਉਹ ਕਹਿ ਦੇਂਦਾ ਹੈ ਕਿ ਕੇਂਦਰ ਸਰਕਾਰ ਦਾ ਤਾਂ ਪੈਂਤੀ ਸੌ ਕਰੋੜ ਹੀ ਹੈ, ਬਾਕੀ ਏਧਰ-ਓਧਰ ਦੇ ਅਦਾਰਿਆਂ ਤੋਂ ਲਿਆ ਹੋਇਆ ਹੈ। ਤੀਜੇ ਦਿਨ ਕਹਿ ਦੇਂਦਾ ਹੈ ਕਿ ਕਈ ਰਾਜਾਂ ਦੀਆਂ ਸਰਕਾਰਾਂ ਦਾ ਕਰਜ਼ਾ ਡੇਢ ਲੱਖ ਕਰੋੜ ਜਾਂ ਦੋ ਲੱਖ ਕਰੋੜ ਰੁਪਏ ਹੈ, ਪੰਜਾਬ ਦਾ ਸਿਰਫ ਸੱਤਰ ਹਜ਼ਾਰ ਕਰੋੜ ਹੈ ਪਰ ਮੁਕਾਬਲਾ ਆਪਣਾ ਉਹ ਉਨ੍ਹਾਂ ਸੂਬਿਆਂ ਨਾਲ ਕਰਦਾ ਹੈ ਜਿਹੜੇ ਪਾਰਲੀਮੈਂਟ ਸੀਟਾਂ ਅਤੇ ਆਬਾਦੀ ਪੱਖੋਂ ਪੰਜਾਬ ਤੋਂ ਚਾਰ-ਪੰਜ ਗੁਣੇ ਹਨ। ਜੇ ਉਨ੍ਹਾਂ ਨਾਲ ਤੁਲਨਾ ਕਰਨੀ ਹੈ ਤਾਂ ਪੰਜਾਬ ਦੇ ਸਿਰ ਕਰਜ਼ੇ ਦੀ ਪੰਡ ਪੈਂਤੀ ਹਜ਼ਾਰ ਕਰੋੜ ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਹ ਗੱਲ ਪੰਜਾਬ ਦੇ ਲੋਕਾਂ ਲਈ ਤਾਂ ਫ਼ਿਕਰ ਵਾਲੀ ਹੈ, ਰਾਜ ਕਰਨ ਵਾਲਿਆਂ ਲਈ ਨਹੀਂ।

ਹਕੀਕਤਾਂ ਕਾਫੀ ਕੌੜੀਆਂ ਹੁੰਦੀਆਂ ਹਨ। ਇਹ ਛੇਤੀ ਕੀਤੇ ਕਿਸੇ ਨੂੰ ਵੀ ਹਜ਼ਮ ਨਹੀਂ ਹੁੰਦੀਆਂ। ਕੇਂਦਰ ਦੇ ਨਵੇਂ ਟੈਲੀਕਾਮ ਮੰਤਰੀ ਕਪਿਲ ਸਿੱਬਲ ਨੇ ਪਿਛਲੇ ਮਹੀਨੇ ਇਹ ਕਹਿ ਕੇ ਪੁਆੜਾ ਪਾ ਲਿਆ ਸੀ ਕਿ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਨੇ ਆਪਣੀ ਰਿਪੋਰਟ ਵਿਚ ਟੈਲੀਕਾਮ ਮਹਿਕਮੇ ਦੇ 2-ਜੀ ਸਪੈਕਟਰਮ ਘੁਟਾਲੇ ਬਾਰੇ ਜੋ ਕਿਹਾ ਹੈ, ਉਹ ਤੱਥਾਂ ਉਤੇ ਆਧਾਰਤ ਨਹੀਂ ਹੈ। ਸਾਰੀ ਵਿਰੋਧੀ ਧਿਰ ਉਸ ਦੇ



ਪ੍ਰਕਾਸ਼ ਸਿੰਘ ਬਾਦਲ

ਗਲ਼ ਪੈ ਗਈ ਕਿ ਇਹ ਬੰਦਾ ਕੈਗ ਦੀ ਰਿਪੋਰਟ ਉਤੇ ਕਿੰਤੂ ਕਰ ਰਿਹਾ ਹੈ। ਅਜਿਹਾ ਕਰਨ ਵਾਲੀ ਵਿਰੋਧੀ ਧਿਰ ਵਿਚ ਅਕਾਲੀ ਦਲ ਦੇ ਪਾਰਲੀਮੈਂਟ ਮੈਂਬਰ ਵੀ ਸ਼ਾਮਲ ਸਨ। ਹੁਣ ਉਸੇ ਕੈਗ ਦੀ ਰਿਪੋਰਟ ਪੰਜਾਬ ਬਾਰੇ ਵੀ ਆ ਗਈ ਹੈ। ਇਸ ਦੇ ਜਿਹੜੇ ਮੁੱਢਲੇ ਵੇਰਵੇ ਬਾਹਰ ਆਏ ਹਨ, ਉਨ੍ਹਾਂ ਮੁਤਾਬਕ ਪੰਜਾਬ ਦੀ ਕੁੱਲ ਟੈਕਸ ਉਗਰਾਹੀ ਦਾ 23% ਤਾਂ ਚੁੱਕੇ ਹੋਏ ਕਰਜ਼ਿਆਂ ਦੇ ਵਿਆਜ ਦੇ ਰੂਪ ਵਿਚ ਚਲਾ ਜਾਂਦਾ ਹੈ। ਇਸ ਨੇ ਇਹ ਵੀ ਦੱਸ ਦਿੱਤਾ ਹੈ ਕਿ ਸੂਬੇ ਵਿਚ ਪਿਛਲੇ ਸਾਲ 2919 ਕਰੋੜ ਰੁਪਏ ਸਬਸਿਡੀਆਂ ਉਤੇ ਖਰਚ ਹੋ ਗਏ ਹਨ ਜਿਹੜੇ ਉਸ ਅੰਦਾਜ਼ੇ ਨਾਲੋਂ 66% ਵੱਧ ਹਨ ਜੋ ਸਾਲ ਦੇ ਸ਼ੁਰੂ ਵਿਚ ਪੇਸ਼ ਕੀਤਾ ਗਿਆ ਸੀ। ਕੇਂਦਰ ਦੀਆਂ ਸਕੀਮਾਂ ਦਾ ਪੈਸਾ ਪੰਜਾਬ ਵਿਚ ਖਰਚ ਕਰਨ ਵੇਲੇ, ਨੀਂਹ-ਪੱਥਰ ਰੱਖਣ ਦੇ ਸਮਾਗਮਾਂ ਉਤੇ ਬੇਦਰਦੀ ਨਾਲ ਰੋੜ੍ਹਿਆ ਜਾ ਰਿਹਾ ਹੈ ਅਤੇ ਜਿਨ੍ਹਾਂ ਸਕੀਮਾਂ ਦਾ ਪੈਸਾ ਇੰਜ ਨਹੀਂ ਵਰਤਿਆ ਜਾ ਸਕਦਾ, ਉਹ ਸੂਬਾ ਸਰਕਾਰ ਵੱਲੋਂ ਆਪਣਾ ਹਿੱਸਾ ਨਾ ਪਾਉਣ ਕਾਰਨ ਕੇਂਦਰ ਨੂੰ ਵਰਤੇ ਬਿਨਾ ਮੁੜਦਾ ਜਾਂਦਾ ਹੈ। ਸੂਬੇ ਵਿਚ 1514 ਮੁੱਢਲੇ ਸਿਹਤ ਕੇਂਦਰਾਂ ਵਿਚ ਪਾਖਾਨਿਆਂ ਦੀ ਸਹੂਲਤ ਨਹੀਂ ਅਤੇ 131 ਕੇਂਦਰਾਂ ਵਿਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਵੀ ਨਹੀਂ। ਪੰਜੀ ਬਲੱਡ ਬੈਂਕਾਂ ਦੀਆਂ ਗੱਲਾਂ ਹੁੰਦੀਆਂ ਸੁਣੀਆਂ ਸਨ, ਸਿਰਫ ਤਿੰਨ ਹੀ ਸਰਕਾਰ ਦੇ ਖਾਤੇ ਵਿਚ ਚੱਲਦੇ ਦੱਸੇ ਗਏ ਹਨ। ਦਸਵੀਂ ਜਮਾਤ ਤੋਂ ਅੱਗੇ ਦੀ ਪੜ੍ਹਾਈ ਲਈ ਦਲਿਤ ਪਰਿਵਾਰਾਂ ਦੀਆਂ ਬੱਚੀਆਂ ਨੂੰ 3-3 ਹਜ਼ਾਰ ਰੁਪਏ ਮਦਦ ਦੇਣ ਦਾ ਐਲਾਨ ਕਾਗਜ਼ਾਂ ਵਿਚ ਹੀ ਰਹਿ ਗਿਆ ਹੈ। ਪਿਛਲੇ ਸਾਲ ਦਲਿਤ ਬੱਚੀਆਂ ਨੂੰ ਮੁਫਤ ਮਿਲਣ ਵਾਲੀਆਂ ਕਿਤਾਬਾਂ ਵੀ ਨਹੀਂ ਮਿਲ ਸਕੀਆਂ ਅਤੇ ਹੁਣ ਇਮਤਿਹਾਨਾਂ ਦੇ ਦਿਨ ਆ ਗਏ ਹਨ।

ਸੂਬੇ ਵਿਚ ਅਮਨ-ਕਾਨੂੰਨ ਦੀ ਹਾਲਤ ਏਨੀ ਮਾੜੀ ਹੋਈ ਪਈ ਹੈ ਜਿੰਨੀ ਵੀਹ ਕੁ ਸਾਲ ਪਹਿਲਾਂ ਹੁੰਦੀ ਸੀ। ਜਿੰਨੇ ਕੁ ਕਤਲ ਓਦੋਂ 'ਅਤਿਵਾਦੀ' ਹਿੰਸਾ ਦੇ ਨਾਂ ਲੱਗਦੇ ਸਨ, ਓਨੇ ਹੁਣ ਆਏ ਦਿਨ ਹੋਈ ਜਾਂਦੇ ਹਨ। ਚੌਥੀ ਵਾਰੀ ਸੂਬੇ ਦੀ ਕਮਾਨ ਸਾਂਭਣ ਤੋਂ ਬਾਅਦ ਸ. ਬਾਦਲ ਨੇ 'ਪੰਜਾਹ ਸਾਲ ਦੀ ਰਾਜਸੀ ਜ਼ਿੰਦਗੀ ਦੇ ਤਜਰਬੇ' ਦੇ ਆਧਾਰ ਉਤੇ ਇਹ ਕਦਮ ਪਹਿਲੀ ਵਾਰੀ ਚੁੱਕਿਆ ਹੈ ਕਿ ਡੀ.ਐਸ.ਪੀ. ਦਾ ਅਧਿਕਾਰ ਖੇਤਰ ਹਲਕਾ ਵਿਧਾਇਕ ਦੇ ਨਾਲ ਜੋੜ ਦਿੱਤਾ ਹੈ। ਚਾਲੀ ਸਾਲ ਪਹਿਲਾਂ ਉਹ ਪਹਿਲੀ ਵਾਰੀ ਮੁੱਖ ਮੰਤਰੀ ਬਣੇ ਤਾਂ ਪੰਜਾਬੀ ਲੇਖਕ ਕਰਤਾਰ ਸਿੰਘ ਦੁੱਗਲ ਨੇ ਹਰ ਪਿੰਡ ਲਾਇਬਰੇਰੀ ਖੋਲ੍ਹਣ ਦੀ ਸਕੀਮ ਪੇਸ਼ ਕੀਤੀ ਸੀ। ਜਦੋਂ ਉਹ ਮੰਨ ਗਏ ਤਾਂ ਦੁੱਗਲ ਹੁਰੀਂ ਉਨ੍ਹਾਂ ਲਾਇਬਰੇਰੀਆਂ ਲਈ ਸੁਲੱਖਣੀਆਂ ਕਿਤਾਬਾਂ ਦੀ ਸੂਚੀ ਲੈ ਕੇ ਚਲੇ ਗਏ ਪਰ ਜਵਾਬ ਇਹ ਲੈ ਕੇ ਮੁੜੇ ਕਿ ਲਾਇਬਰੇਰੀ ਤੁਹਾਡੇ ਕਹੇ ਖੋਲ੍ਹ ਦਿੱਤੀ ਹੈ, ਕਿਤਾਬਾਂ ਕਿਹੜੀਆਂ ਰੱਖਣੀਆਂ ਹਨ, ਇਹ ਸਾਡੇ ਵਿਧਾਇਕ ਦੱਸਣਗੇ। ਹੁਣ ਜਿਹੜੇ ਉਪ ਪੁਲਿਸ ਕਪਤਾਨਾਂ ਨੂੰ ਹਲਕਾ ਵਿਧਾਇਕ ਨਾਲ ਜੋੜ ਦਿੱਤਾ ਹੈ, ਉਹ ਵੀ ਕਾਨੂੰਨ ਦੀ ਕਿਤਾਬ ਪੜ੍ਹਨ ਦੀ ਥਾਂ ਹਲਕੇ ਦੇ ਵਿਧਾਇਕ ਜਾਂ ਅਗਲੀ ਵਾਰੀ ਓਥੋਂ ਚੋਣ ਲੜਨ ਵਾਲੇ ਸੰਭਾਵੀ ਅਕਾਲੀ ਉਮੀਦਵਾਰ ਦਾ ਫੋਨ ਸੁਣ ਕੇ ਕਿਸੇ ਉਤੇ ਪਰਚਾ ਕਰਨ ਜਾਂ ਛੱਡਣ ਦਾ ਕੰਮ ਕਰਨਗੇ। ਪੁਲਿਸ ਦਾ ਮੁਖੀ ਇਸ ਵਿਚ ਦਖਲ ਨਹੀਂ ਦੇਂਦਾ ਕਿਉਂਕਿ ਉਸ ਦੇ ਆਪਣੇ ਬਾਰੇ ਅਖਬਾਰਾਂ ਵਿਚ ਮੁੜ-ਮੁੜ ਛਪ ਰਿਹਾ ਹੈ ਕਿ ਹੋਰ ਛੇ ਮਹੀਨੇ ਤੱਕ ਉਸ ਨੇ ਰਿਟਾਇਰ ਹੋ ਕੇ ਮੋਗਾ ਹਲਕੇ ਤੋਂ ਚੋਣ ਲੜਨੀ ਹੈ ਅਤੇ ਏਸੇ ਲਈ ਵਿਚਾਰੇ ਤੋਤਾ ਸਿੰਘ ਦੀ ਉਡਾਰੀ ਧਰਮਕੋਟ ਵੱਲ ਲਵਾ ਦਿੱਤੀ ਗਈ ਹੈ। ਅਪਰਾਧੀ ਤੱਤਾਂ ਲਈ ਹਾਲਤ 'ਗਲ਼ੀਆਂ ਹੋਵਣ ਸੁੰਨੀਆਂ ਤੇ ਵਿਚ ਮਿਰਜ਼ਾ ਯਾਰ ਫਿਰੇ' ਵਾਲੀ ਬਣੀ ਪਈ ਹੈ ਜਿਸ ਦੇ ਸੁਧਾਰ ਦਾ ਕੋਈ ਸੰਕੇਤ ਕਿਸੇ ਪਾਸਿਓਂ ਨਹੀਂ ਮਿਲਦਾ। ਇਸ ਹਾਲਤ ਨੂੰ ਕੀ ਪੰਜਾਬ ਦੇ ਲੋਕ ਨਹੀਂ ਵੇਖਦੇ, ਤੇ ਜੇ ਵੇਖਦੇ ਹਨ ਤਾਂ ਉਨ੍ਹਾਂ ਦੇ ਮਨ ਵਿਚ ਭਰ ਰਹੇ ਰੋਸ ਦਾ ਚੇਤਾ ਕੌਣ ਕਰੇਗਾ?

ਰਾਜਸੀ ਪੱਖੋਂ ਵੀ ਇਸ ਗੱਠਜੋੜ ਦੀ ਹਾਲਤ ਚੰਗੀ ਨਹੀਂ। ਪਿਛਲੇ ਸਾਲ ਅਕਾਲੀ ਵਿਧਾਇਕ ਸੰਤ ਅਜੀਤ ਸਿੰਘ ਪਹਿਲਾਂ ਮਨਪ੍ਰੀਤ ਬਾਦਲ ਨਾਲ ਚਲਾ ਗਿਆ ਅਤੇ ਤੀਜੇ ਦਿਨ ਕੁਝ ਲੋਕਾਂ ਦੇ ਕਹਿਣ ਉਤੇ ਏਨੀ ਗੱਲ ਨਾਲ ਤਸੱਲੀ ਕਰ ਗਿਆ ਕਿ ਹੁਣ ਜ਼ਿਲ੍ਹੇ ਦਾ ਡੀ.ਸੀ. ਅਤੇ ਪੁਲਿਸ ਮੁਖੀ ਉਸ ਦੇ ਫੋਨ ਸੁਣ ਲਿਆ ਕਰਨਗੇ। ਉਸ ਨੂੰ ਸਮਝ ਨਹੀਂ ਸੀ ਆਈ ਕਿ ਇਹ ਤਾਂ ਉਸ ਨੂੰ ਪਿੱਛੇ ਮੋੜਨ ਦੀ ਚਾਲ ਹੈ। ਅੱਜ ਕੱਲ੍ਹ ਉਹ ਆਨੰਦਪੁਰ ਸਾਹਿਬ ਦੀ ਨਗਰ ਕੌਂਸਲ ਦੀ ਚੋਣ ਲਈ ਆਪਣੇ ਪੱਖ ਦੇ ਕੌਂਸਲਰਾਂ ਨਾਲ ਬੈਠਾ ਰਿਟਰਨਿੰਗ ਅਫਸਰ ਨੂੰ ਉਡੀਕਦਾ ਰਹਿੰਦਾ ਹੈ ਅਤੇ ਅਫਸਰ ਵੇਲੇ ਦੇ ਵੇਲੇ 'ਤਬੀਅਤ ਠੀਕ ਨਹੀਂ' ਦਾ ਸੁਨੇਹਾ ਭੇਜ ਦੇਂਦਾ ਹੈ। ਸੰਤ ਅਜੀਤ ਸਿੰਘ ਨੂੰ ਜਿਹੜੀ ਗੱਲ ਦੀ ਓਦੋਂ ਸਮਝ ਨਹੀਂ ਸੀ ਪਈ, ਉਹ ਬਾਕੀ ਲੋਕ ਚੰਗੀ ਤਰ੍ਹਾਂ ਸਮਝਣ ਲੱਗ ਪਏ ਹਨ ਕਿ ਜੇ ਉਸ ਨੂੰ ਦਿੱਤੇ ਦਿਲਾਸੇ ਅਤੇ ਕੀਤੇ ਵਾਅਦੇ ਸਿਰੇ ਨਹੀਂ ਚੜ੍ਹੇ ਤਾਂ ਬਾਕੀਆਂ ਨਾਲ ਕੀਤੇ ਵਾਅਦਿਆਂ ਦਾ ਹਸ਼ਰ ਵੀ ਇਸ ਤੋਂ ਵੱਖਰਾ ਨਹੀਂ ਹੋਣਾ। ਇਸ ਕਰ ਕੇ ਉਹ ਅੰਦਰੇ ਅੰਦਰ ਰਿੱਝ ਰਹੇ ਹਨ। ਵੇਲਾ ਆਏ ਤੋਂ ਪਤਾ ਨਹੀਂ ਕਿਸ ਨੇ 'ਮਿੱਤਰਾਂ ਦੀ ਛਤਰੀ ਤੋਂ ਉਡ ਕੇ ਅੰਬਰਾਂ ਵਿਚ ਉਡਾਰੀਆਂ' ਲਾਉਣ ਵਾਲਾ ਰਾਹ ਚੁਣ ਲੈਣਾ ਹੈ। ਟੇਕ ਸਾਰੀ ਉਨ੍ਹਾਂ ਅਫਸਰਾਂ ਦੀਆਂ ਰਿਪੋਰਟਾਂ ਉਤੇ ਰੱਖੀ ਜਾਂਦੀ ਹੈ ਜਿਨ੍ਹਾਂ ਬਾਰੇ ਕੈਪਟਨ ਅਮਰਿੰਦਰ ਸਿੰਘ ਦੇ ਵਕਤ ਵਿਧਾਨ ਸਭਾ ਵਿਚ ਖੁਦ ਸ. ਬਾਦਲ ਨੇ ਕਿਹਾ ਸੀ, 'ਇਹ ਕਿਸੇ ਦੇ ਮਿੱਤ ਨਹੀਂ ਹੁੰਦੇ।' ਉਦੋਂ ਉਨ੍ਹਾਂ ਇਹ ਵੀ ਚੇਤਾ ਕਰਵਾਇਆ ਸੀ ਕਿ '2002 ਦੀਆਂ ਚੋਣਾਂ ਤੋਂ ਪਹਿਲਾਂ ਜਦੋਂ ਡਿੱਗ ਕੇ ਮੇਰਾ ਚੂਲਾ ਟੁੱਟਾ ਤਾਂ ਮੇਰੀ ਸੁਰੱਖਿਆ ਦੇ ਇੰਚਾਰਜ ਨੇ ਡਾਕਟਰ ਨੂੰ ਫੋਨ ਪਿੱਛੋਂ ਕੀਤਾ ਸੀ; ਤੇ ਅਮਰਿੰਦਰ ਸਿੰਘ ਜੀ, ਤੁਹਾਨੂੰ ਪਹਿਲਾਂ ਕਰ ਦਿੱਤਾ ਸੀ।' ਅਮਰਿੰਦਰ ਸਿੰਘ ਨੂੰ ਇਹ ਚੇਤਾ ਕਰਵਾਉਣ ਵਾਲੇ ਸ. ਬਾਦਲ ਨੂੰ ਇਹ ਨਹੀਂ ਪਤਾ ਕਿ ਹੁਣ ਫਿਰ ਉਹੋ ਅਮਲ ਜਾਰੀ ਹੈ ਤੇ ਕਈ ਅਫਸਰ 'ਭਵਿੱਖ ਦੇ ਹਾਕਮਾਂ ਦੇ ਨਕਸ਼' ਪਛਾਣਦ ਤੁਰੇ ਹੋਏ ਹਨ।

ਅਜਿਹੇ ਹਾਲਾਤ ਵਿਚ ਸ. ਬਾਦਲ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਜ਼ਿੰਦਗੀ ਦੇ ਤਜਰਬੇ ਦੀ ਵਰਤੋਂ ਕਰ ਕੇ ਲੋਕਾਂ ਨਾਲ ਨੇੜਤਾ ਬਣਾਉਣ ਲਈ ਕੁਝ ਕਰਨਗੇ ਪਰ ਉਨ੍ਹਾਂ ਨੇ ਆਪ ਕੁਝ ਕਰਨ ਦੀ ਥਾਂ ਰਾਜ ਅਤੇ ਰਾਜਨੀਤੀ ਦੀ ਵਾਗ ਉਨ੍ਹਾਂ ਹੱਥਾਂ ਵਿਚ ਦਿੱਤੀ ਪਈ ਹੈ ਜੋ ਵਿਰੋਧੀਆਂ ਦੇ 'ਸਿਰ ਤਲਵਾਰ ਨਾਲ ਕਲਮ' ਕਰਨ ਦੇ ਭਾਸ਼ਣ ਦੇ ਕੇ ਲੋਕਾਂ ਤੋਂ ਤਾੜੀਆਂ ਮਰਵਾ ਕੇ ਖੁਸ਼ ਹੁੰਦੇ ਹਨ। ਸਾਲ ਹੁਣ ਆਖਰੀ ਜ਼ਰੂਰ ਹੈ ਪਰ ਪੂਰਾ ਨਹੀਂ; ਸਿਰਫ 11 ਮਹੀਨੇ ਬਾਕੀ ਹਨ। ਇਨ੍ਹਾਂ ਵਿਚੋਂ ਵੀ ਆਖਰੀ ਛੇ ਮਹੀਨੇ ਸਰਕਾਰ ਹੁੰਦੀ ਹੋਈ ਵੀ ਅਣਹੋਈ ਬਣ ਜਾਂਦੀ ਹੈ। ਇਹੋ ਵਕਤ ਹੈ ਲੋਕਾਂ ਨੂੰ ਕੁਝ ਕਰ ਕੇ ਵਿਖਾਉਣ ਦਾ ਪਰ ਕੁਝ ਹੁੰਦਾ ਨਜ਼ਰ ਨਹੀਂ ਆਉਂਦਾ ਸਗੋਂ 'ਹਰ ਮੱਸਿਆ ਬਦਨਾਮੀ' ਵਾਲੀ ਹਾਲਤ ਬਣੀ ਜਾਂਦੀ ਹੈ। ਬਾਕੀ ਰਹਿੰਦੇ ਸਮੇਂ ਵਿਚ ਵੀ ਕੋਈ ਸੁਧਾਰ ਦਿੱਸ ਪਵੇਗਾ; ਕੱਲ੍ਹ ਬਾਰੇ ਤਾਂ ਕੁਝ ਕਹਿ ਨਹੀਂ ਸਕਦੇ, ਅੱਜ ਦੀ ਘੜੀ ਇਹ ਆਸ ਕਿਸੇ ਨੂੰ ਨਹੀਂ।

## *ਹੁਣ ਕੀ ਰੁਖ਼ ਅਖ਼ਤਿਆਰ ਕਰੇਗਾ ਅਰਬ ਜਗਤ?*

ਆਉਣ ਵਾਲੀ ਚੋਣ ਵਿਚ ਉਨ੍ਹਾਂ ਦੇ ਮੁੜ ਚੁਣੇ ਜਾਣ ਵਿਚ ਕਿਹੜੀ ਗੱਲ ਸਹਾਈ ਹੋ ਸਕਦੀ ਹੈ, ਉਸ ਨੂੰ ਸਮਝਣ।

ਇਸ ਦੇ ਨਾਲ ਹੀ ਜੋ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ, ਉਹ ਹੈ ਕਿ ਮੱਧ-ਪੂਰਬ ਦਾ ਤਣਾਓ ਅਮਰੀਕਾ ਦੇ ਫ਼ੌਜੀ ਸਨਅਤੀ ਗਠਜੋੜ ਲਈ ਇਸ ਖੇਤਰ ਵਿਚ ਬਹੁਤ ਹੀ ਫ਼ਾਇਦੇਮੰਦ ਹਥਿਆਰਾਂ ਦੀ ਬਰਾਮਦ ਦੀ ਮੰਡੀ ਵਿਕਸਤ ਕਰਨ ਵਿਚ ਮਦਦ ਕਰ ਸਕਦਾ ਹੈ। ਹੁਣੇ ਜਿਹੇ ਇਕੱਲੇ ਸਾਊਦੀ ਅਰਬ ਨਾਲ ਹੀ ਅਮਰੀਕਾ ਨੇ 60 ਬਿਲੀਅਨ ਡਾਲਰ ਦੇ ਹਥਿਆਰਾਂ ਦੇ ਸੌਦੇ ਉਤੇ ਸਹੀ ਪਾਈ ਹੈ। ਅਮਰੀਕਾ ਇਸ ਗੱਲੋਂ ਭੈਅ-ਭੀਤ ਹੈ ਕਿ ਅਰਬ ਜਗਤ ਵਿਚਲੀ ਬਗ਼ਾਵਤ ਹੋਰ 'ਪੱਛਮ-ਪੱਖੀ' ਦੇਸ਼ਾਂ ਵਿਚ ਵੀ ਫੈਲ ਸਕਦੀ ਹੈ ਜਿਨ੍ਹਾਂ ਵਿਚ ਵਿਸ਼ੇਸ਼ ਕਰਕੇ ਸਾਊਦੀ ਅਰਬ ਅਤੇ ਜਾਰਡਨ ਸ਼ਾਮਲ ਹਨ ਅਤੇ ਉਹ ਤਹਿਰਾਨ ਵਿਚ 'ਰੰਗਦਾਰ ਇਨਕਲਾਬ' ਵੇਖਣਾ ਪਸੰਦ ਕਰੇਗਾ। ਕੁਝ ਅਜਿਹੇ ਸਬੂਤ ਮੌਜੂਦ ਹਨ ਕਿ ਈਰਾਨ ਵਿਚ ਵਿਰੋਧ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਪਰ ਮਿਸਰ ਦੇ ਲੋਕ-ਉਭਾਰ ਨੇ ਅਰਬ ਲੋਕਾਂ ਦੇ ਮਨਾਂ ਨੂੰ ਹਲੂਣ ਦਿੱਤਾ ਹੈ ਅਤੇ ਨਵ-ਜਾਗ੍ਰਿਤੀ ਸਪਸ਼ਟ ਹਕੀਕਤ ਬਣ ਗਈ ਹੈ। ਉਨ੍ਹਾਂ ਪੜ੍ਹੇ-ਲਿਖੇ ਅਰਬਾਂ ਜਿਹੜੇ ਇਸ ਜਾਗ੍ਰਿਤੀ ਦੀਆਂ ਮੋਹਰਲੀਆਂ ਸਫ਼ਾਂ ਵਿਚ ਹਨ, ਨੂੰ 'ਇਸਲਾਮਵਾਦੀ' ਜਾਂ 'ਪੱਛਮ-ਵਿਰੋਧੀ' ਨਹੀਂ ਕਰਾਰ ਦਿੱਤਾ ਜਾ ਸਕਦਾ। ਨਾ ਹੀ ਉਨ੍ਹਾਂ ਦੇ ਅਮਰੀਕਾ ਵੱਲੋਂ ਈਰਾਨ ਵਿਰੁਧ ਲੁਕਵੀਂ ਖੇਡ ਦੇ ਕਾਰਨ ਪਿੱਛੇ ਹਟਣ ਦੀ ਸੰਭਾਵਨਾ ਹੈ। ਉਨ੍ਹਾਂ ਦਾ ਕੇਵਲ ਇਕੋ ਹੀ ਦਾਅਵਾ ਹੈ ਕਿ ਉਹ ਜਮਹੂਰੀਅਤ ਅਤੇ ਮੁਨਾਸਬ, ਜਵਾਬਦੇਹ ਪ੍ਰਸ਼ਾਸਨ ਦੀ ਸਾਫ਼-ਸੁਥਰੀ ਪ੍ਰਣਾਲੀ ਚਾਹੁੰਦੇ ਹਨ। ਇਜ਼ਰਾਈਲ ਦੀ ਇਸ ਗੱਲ ਤੋਂ ਕੋਈ ਵੀ ਪ੍ਰਭਾਵਤ ਨਹੀਂ ਸੀ ਹੋਇਆ ਕਿ ਮਿਸਰ ਦਾ ਲੋਕ-ਉਭਾਰ ਈਰਾਨ ਵਰਗੀ ਕ੍ਰਾਂਤੀ ਹੈ ਅਤੇ ਜੇ ਅਰਬ ਸੰਸਾਰ ਸਮੁੱਚੇ ਤੌਰ 'ਤੇ ਭੰਜੋੜਿਆ ਜਾਂਦਾ ਹੈ ਤਾਂ ਅਜਿਹੀ ਕੋਈ ਗੱਲ ਨਹੀਂ ਵਾਪਰੇਗੀ।

ਮੁੱਕਦੀ ਗੱਲ ਇਹ ਕਿ ਇਥੇ ਬਹੁਤ ਸਾਰੀਆਂ ਅਣਕਿਆਸੀਆਂ ਗੱਲਾਂ ਵਾਪਰ ਰਹੀਆਂ ਹਨ। ਮਿਸਰ ਅਤੇ ਅਰਬ ਦੇ ਹੋਰ ਦੇਸ਼ਾਂ ਵਿਚ 25 ਜਨਵਰੀ ਤੋਂ ਹੁਣ ਤਕ ਜੋ ਹੋਇਆ ਹੈ ਜਾਂ ਹੋ ਰਿਹਾ ਹੈ, ਉਹ ਹੈਰਾਨੀ ਵਾਲੀ ਗੱਲ ਹੈ ਅਤੇ ਇਹ ਭਵਿੱਖਬਾਣੀ ਕਰਨਾ ਮੂਰਖਤਾ ਹੋਵੇਗੀ ਕਿ ਅੱਗੋਂ ਕੀ ਵਾਪਰੇਗਾ? ਪਰ ਬਹੁਤ ਸਾਰੀਆਂ ਆਸਾਂ ਜਾਗੀਆਂ ਹਨ। ਇਜ਼ਰਾਈਲ, ਅਮਰੀਕਾ ਅਤੇ ਅਰਬ ਦੇ ਇਕ-ਪੁਰਖੇ ਰਾਜ ਇਨ੍ਹਾਂ ਆਸਾਂ ਨੂੰ ਰੋਕਣ ਲਈ ਜ਼ੋਰ ਲਗਾ ਰਹੇ ਹਨ। ਕਾਹਿਰਾ ਵਿਚ ਸੱਤਾ ਦੇ ਵਿਸ਼ੇਸ਼ ਅਧਿਕਾਰਾਂ ਦਾ ਦਾਅਵਾ ਕਰਨ ਵਾਲੇ ਬਹੁਤ ਸਾਰੇ ਆਗੂ ਹਨ। ਦੋ ਅਹਿਮ ਪੱਤਰਕਾਰਾਂ ਦਰਮਿਆਨ ਹੋਈ ਗੱਲਬਾਤ 'ਚ ਮੁਹੰਮਦ ਹੈਕਲ ਨੇ 'ਇੰਡੀਪੈਂਡੈਂਟ' ਦੇ ਰਾਬਰਟ ਫਿਸਕ ਨੂੰ ਕਿਹਾ ਸੀ, "ਇਨਕਲਾਬਾਂ ਦਾ ਕੋਈ ਖਾਸ ਰਾਹ ਨਹੀਂ ਹੁੰਦਾ। ਲੋਕ ਵਰਤਮਾਨ ਤੋਂ ਭਵਿੱਖ ਲਈ ਤਬਦੀਲੀ ਚਾਹੁੰਦੇ ਹਨ। ਹਰ ਇਨਕਲਾਬ ਇਸ ਗੱਲੋਂ ਪ੍ਰਭਾਵਤ ਹੁੰਦਾ ਹੈ ਕਿ ਉਹ ਸ਼ੁਰੂ ਕਿੱਥੋਂ ਹੋਇਆ ਹੈ ਅਤੇ ਕਿਧਰ ਨੂੰ ਜਾ ਰਿਹਾ ਹੈ ਪਰ ਘਟਨਾਵਾਂ ਨੇ ਇਹ ਦਿਖਾ ਦਿੱਤਾ ਕਿ ਮਿਸਰ ਅਤੇ ਗੁਆਂਢੀ ਦੇਸ਼ਾਂ ਦੇ ਲੋਕਾਂ ਦੀ ਵੱਡੀ ਗਿਣਤੀ ਲਈ ਇਹ ਸੰਭਵ ਹੈ ਕਿ ਉਹ ਰਾਜ ਦੀ ਦਹਿਸ਼ਤ ਦਾ ਟਾਕਰਾ ਕਰ ਸਕਦੀ ਹੈ। ਮੇਰਾ ਖ਼ਿਆਲ ਹੈ ਕਿ ਇਹ ਅਰਬ ਸੰਸਾਰ ਨੂੰ ਇਨਕਲਾਬੀ ਬਣਾ ਦੇਵੇਗਾ।"

*To Advertise with us*
*Call: 847-359-0746, Fax:847-705-9388*
*e-mial: punjabtimes1@sbcglobal.net*
*Visit us on the web:www.punjabtimesusa.com*



ਲੰਘੇ ਐਤਵਾਰ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਸੰਸਥਾ ਜੈਨਕੋ ਦੇ ਕੁੱਝ ਉਘੇ ਮੈਂਬਰਾਂ ਨੇ ਨਵੇਂ ਗੁਰੂ ਘਰ ਦੇ ਦਰਸ਼ਨ ਕੀਤੇ। ਉਨ੍ਹਾਂ ਰੋਟੀ ਬਣਾਉਣ ਵਾਲੀ ਮਸ਼ੀਨ ਅਤੇ ਖਾਲਸਾ ਸਕੂਲ ਦੇ ਇੱਕ ਕਮਰੇ ਲਈ 51-51 ਹਜ਼ਾਰ ਡਾਲਰ ਗੁਰੂ ਘਰ ਨੂੰ ਦੇਣ ਦਾ ਪ੍ਰਣ ਕੀਤਾ।

**Dhillon Truck Stop**
**Dhillon Road Service**
Interstate 40, exit 356, San Jon, NM
*Gill Manj Gurdaspur Wale*
ਪੰਜਾਬੀ ਢਾਬਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

**Are Worries Keeping You Awake?**
*Watch Your Business AnyTime Any Place.*
ALL-IN-ONE
**Attention Business Owners!!**
Are You Worried About Your Business When You`re Not There?
Watch your business from anywhere on **iPhone** with our new technology
QuikStop, Shell, pm, ELEVEN, 76, Holiday Inn, Denny's, Arby's
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
**DVR UNLIMITED**
*Call:1-(888) 233-4566* *www.dvrunlimited.com*

**G.M. Lawrence Insurance Brokerage ਅਤੇ Valley Truck Services**

ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  - » *New License Plates & Renewals*
- Interstate & Intrastate Permits
  - » *DOT #, MC #, CA #*
  - » *IFTA, UCR, MCP*
  - » *NM, KY, NY, OR Permits*
  - » *Highway Use Tax(2290)*
- Truck Financing
- Corporation Setup
- Document Typing

ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
*Daljit Singh Khehra,*
*License No: 0522491*
*Tel: 209-474-2771*
*Fax: 209-474-0215*
*Daljit@gmlawernceins.com*

ਟਰਕਿੰਗ ਸੇਵਾਵਾਂ ਵਾਸਤੇ
*Rajwinder Khehra and Daljit Kaur*
*Tel: 209-390-8800*
*Fax: 209-594-1380*
*Raj@valleytruckservices.com*
*www.valleytruckservices.com*

ਟਰੱਕ ਇੰਸ਼ੋਰੈਂਸ ਵਿਚ ਸਭ ਤੋਂ 28 ਸਾਲ ਦਾ ਤਜਰਬਾ

ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ
Ph:(209) 474-2771, (888) 474-2771
7746 Lorraine Aenue #214, Stockton, CA 95210

ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ


ਸ਼ਹੀਦੋਂ ਕੀ ਚਿਤਾਓਂ ਪੇ ਲਗੇਂਗੇ ਹਰ ਬਰਸ ਮੇਲੇ, ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ
ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ
ਗਦਰੀ ਬਾਬਿਆਂ ਦੀ ਯਾਦ ਵਿਚ
11ਵਾਂ ਸਲਾਨਾ 'ਮੇਲਾ ਗਦਰੀ ਬਾਬਿਆਂ ਦਾ'
March 19th, 2011, Saturday 12:00 Pm to 07:00 pm
Regency Palac (Praise Event Center) 1600 Willow Avenue, CLOVIS, CA 93612
ਮੁੱਖ ਮਹਿਮਾਨ
ਡਾ. ਸਾਧੂ ਸਿੰਘ ਕਨੇਡਾ
ਪ੍ਰਸਿੱਧ ਬੁਲਾਰਾ ਤੇ ਲੇਖਕ
ਡਾ. ਐਸ ਐਲ ਵਿਰਦੀ
ਬੁਲਾਰਾ
ਵਿਸ਼ੇਸ਼ ਮਹਿਮਾਨ
ਜਸਪਾਲ ਸਿੰਘ ਸ਼ੇਤਰਾ
ਸੀ ਈ ਓ, ਜੀ ਪੰਜਾਬੀ ਟੀ ਵੀ ਚੈਨਲ
ਮੁਫਤ ਦਾਖਲਾ
ਮੇਵਾ ਸਿੰਘ ਲੋਪੋਕੇ
ਤਾਰਕ ਨਾਥ ਦਾਸ
ਰਾਮ ਸਿੰਘ ਧੁਲੇਤਾ
ਪ੍ਰੋਗਰਾਮ
* ਲੋਕ ਗਾਇਕ ਸੁਖਵਿੰਦਰ ਪੰਛੀ, ਰਾਜ ਬਰਾੜ, ਜੀਤਾ ਗਿੱਲ, ਸੁਖਦੇਵ ਸਾਹਿਲ ਅਤੇ ਮਿੱਕੀ ਸਰਾਂ ਸੱਭਿਆਚਾਰਕ ਗੀਤ ਪੇਸ਼ ਕਰਨਗੇ।
* ਕੂਲ ਪੰਜਾਬੀ ਵਿਰਸਾ ਅਕੈਡਮੀ ਸਟਾਕਟਨ ਦੇ ਪਰਮਜੀਤ ਅਤੇ ਰੇਨੂੰ ਸਿੰਘ ਇਕ ਖੂਬਸੂਰਤ ਨਾਟਕ 'ਬੇਗਮੋ ਦੀ ਧੀ' ਪੇਸ਼ ਕਰਨਗੇ।
* ਕਵਿਤਾ, ਭੰਗੜਾ, ਗਿੱਧਾ ਅਤੇ ਹੋਰ ਦਿਲਚਸਪ ਆਈਟਮਾਂ।
* ਹਾਈ ਸਕੂਲ ਦੇ (4.0 ਜੀ. ਪੀ. ਏ.) ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।
ਗੁਰਦੀਪ ਸਿੰਘ ਗਿੱਲ ਘੋਲੀਆ (ਪ੍ਰਧਾਨ) (559-360-4268)
ਜਸਵੰਤ ਸਿੰਘ ਮਾਨ (ਖਜਾਨਚੀ) (559-486-4138)
ਸੁਰਿੰਦਰ ਸਿੰਘ ਮੰਢਾਲੀ (ਸੈਕਟਰੀ) (559-473-9269)
ਮੋਗਾ ਵੀਡੀਓ ਵਲੋਂ
ਮੁਫਤ ਪਰਿਵਾਰਕ ਫੋਟੋ 11:00 ਤੋਂ 01:00
www.mogavideo.com
ਮੇਲਾ ਕਮੇਟੀ
ਸ਼ਰਨਜੀਤ ਧਾਲੀਵਾਲ (email : sharandhaliwal7@yahoo.com), ਸਿਮਰਨ ਹੇਅਰ, ਰੂਬੀ ਸੰਘਾ, ਰਾਜ ਅਲੀ, ਹਰਿੰਦਰ ਮੰਢਾਲੀ, ਕੁਲਵੀਰ ਸੇਖੋਂ, ਬਲਦੇਵ ਧਾਲੀਵਾਲ (240-3868),ਪ੍ਰੀਤਮ ਗਿੱਲ ਪ੍ਰਧਾਨ ਸਵਾਗਤੀ ਕਮੇਟੀ (307-5700), ਮਹਿੰਦਰ ਢਾਅ (430-7902), ਗੁਰਪ੍ਰੀਤ ਖਾਨਖਾਨਾ, ਗੁਰਮੀਤ ਗਾਜੀਆਣਾ (801-8200), ਗੁਰਦੀਪ ਸਿੰਘ ਅਣਖੀ, ਨਵਦੀਪ ਧਾਲੀਵਾਲ ਵਾਈਸ ਪ੍ਰਧਾਨ (287-0822), ਕੁਲਵੀਰ ਹੇਅਰ (907 6544), ਉਦੇਦੀਪ ਸਿੱਧੂ (355-4065), ਜਗਰੂਪ ਧਾਲੀਵਾਲ, ਬੂਟਾ ਸਿੰਘ ਸਹੋਤਾ, ਜੋਗਾ ਸਿੰਘ ਮੰਢਾਲੀ, ਸੁਰਿੰਦਰ ਸਿੰਘ ਬਿੰਦ, ਮਾਸਟਰ ਸੁੱਚਾ ਸਿੰਘ ਦਿਓਲ, ਬਲਵੰਤ ਸਿੰਘ ਡੁਮੇਲੀ, ਹਰਨੇਕ ਸਿੰਘ ਸੰਘੇੜਾ, ਮਿੱਕੀ ਸਰਾਂ, ਪਰਮਜੀਤ ਧਾਲੀਵਾਲ, ਬਲਬੀਰ ਕੌਰ ਧਾਲੀਵਾਲ, ਬਲਵਿੰਦਰ ਕੌਰ ਧਾਲੀਵਾਲ, ਸ਼ੌਕਤ ਅਲੀ, ਮਨਜੀਤ ਕੌਰ ਗੁਰਮ , ਸ਼ਬੀਨਾ ਜੌਹਲ, ਭੁਪਿੰਦਰ ਕੌਰ ਬਦੇਸ਼ਾ, ਸੁਖਜਿੰਦਰ ਕੌਰ ਢਿੱਲੋਂ, ਦੀਵਾਨ ਸਿੰਘ ਸੇਖੋਂ, ਮੇਜਰ ਸਿੰਘ ਢਾਹ, ਮੇਜਰ ਸਿੰਘ ਪੁਆਰੀ, ਇਕਬਾਲ ਸਿੰਘ ਰਣੀਆ, ਹਰਵਿੰਦਰ ਕੌਰ ਜੌਹਲ, ਬਲਰਾਜ ਸਿੰਘ ਢਿੱਲੋਂ, ਰਣਧੀਰ ਸਿੰਘ ਲਤਾਲਾ, ਜਰਨੈਲ ਸਿੰਘ ਵਕੀਲ, ਦਲਜੀਤ ਸਿੰਘ ਰਿਆੜ, ਪਰਮਜੀਤ ਸਿੰਘ ਢਿੱਲੋਂ , ਹਰਜਿੰਦਰ ਢੇਸੀ, ਪਰਮਜੀਤ ਸਿੰਘ ਬਾਸੀ, ਅਮਨਦੀਪ ਖਹਿਰਾ।
4.0 G. P. A ਕਮੇਟੀ: ਸ਼ਰਨਜੀਤ ਧਾਲੀਵਾਲ, ਰੂਬੀ ਸੰਘਾ, ਕਿਰਨ ਸੰਘਾ।
ਈ ਮੇਲ:sharandhaliwal7@yahoo.com,
indoamericanheritageforumfresno@yahoo.com
ਸਾਰਾ ਦਿਨ ਲੰਗਰ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।
ਸਪਾਂਸਰਜ਼
ਡਾ. ਜਗਦੇਵ ਸਿੰਘ, ਸੁਦਰਸ਼ਨ ਸ਼ਰਮਾਂ, ਜੀ ਬੀ ਟੀ ਇੰਕ. ਗਿੱਲ ਬ੍ਰਦਰਜ਼, ਗਿੱਲ ਇੰਸ਼ੋਰੈਂਸ, ਡਾ. ਤਰਲੋਚਨ ਟੈਗੋਰ, ਜਸਵਿੰਦਰ ਸਿੰਘ ਰਾਏ, ਸੁੱਖੀ ਆਟੋ (ਗੈਸ ਐਂਡ ਫੂਡ), ਕੁਇਕ ਫੂਡ ਸਟੋਰ, ਦਵਿੰਦਰ ਸਿੰਘ ਢਿੱਲੋਂ, ਪਾਲ ਸਹੋਤਾ, ਜੋਗਾ ਸਿੰਘ ਹੈਨ ਫੋਰਡ, ਡਾ. ਵਰਿੰਦਰ ਕਾਲਿਕਾ, ਤਰਲੋਕ ਸਿੰਘ, ਸ. ਹਾਕਮ ਸਿੰਘ, ਮੇਜਰ ਟਰਾਂਸਪੋਰਟੇਸ਼ਨ, ਲਖਵੀਰ ਗਿੱਲ, ਟਹਿਲ ਸਿੰਘ ਬਾਂਦੀ, ਯੂਨਾਈਟਿਡ ਟਰੱਕ ਡਰਾਈਵਿੰਗ ਸਕੂਲ, ਏ ਵਨ ਰੀਐਲਿਟੀ, ਕੋਸਟ ਟੂ ਕੋਸਟ ਕਾਰਗੋ ਇੰਕ, ਤਾਰਾ ਸਿੰਘ ਬੱਲ, ਨਰਿੰਦਰ ਸਿੰਘ ਸਹੋਤਾ, ਗੁਰਦੀਪ ਸਿੰਘ ਚੋਹਾਨ, ਡਾ. ਗੁਰਦੀਪ ਐਸ ਰਾਨੂੰ, ਸੰਘੇੜਾ ਕੈਰੀਅਰਸ, ਫਾਈਵ ਰਿਵਰ ਟਰੱਕ ਡਰਾਈਵਿੰਗ, ਪਰਲਾਦ ਸਿੰਘ ਕੈਲੇ, ਸੰਧੂ ਬ੍ਰਦਰਜ਼, ਬਰਾੜ ਕੰਸਟਰਕਸ਼ਨ (ਲਖਵਿੰਦਰ), ਨਿੱਝਰ ਬ੍ਰਦਰਜ਼, ਗੈਟ ਐਨ ਗੋ ਫੂਡ ਐਂਡ ਲਿਕਰ, ਨਵਦੀਪ ਸਿੰਘ ਸਰਾਂ, ਗਿੱਲ ਮੋਟਰਸ ਇੰਕ, ਬਲਬੀਰ ਸਿੰਘ ਦਿਓਲ, ਐਮ ਆਰ ਏ ਟਰਾਂਸਪੋਰਟ, ਕੇ ਐਸ ਟਰਾਂਸਪੋਰਟ, ਕੇ ਐਸ ਟਰਾਂਸ ਸਰਵਿਸ ਕੰਪਨੀ, ਅਟਵਾਲ ਬਰਦਰਜ਼ ਫਾਰਮ, ਸਰਬਜੀਤ ਸਿੰਘ ਅਟਵਾਲ, ਸੁਖਪਾਲ ਸਿੰਘ ਮਾਨ, ਪਰਮਜੀਤ ਸਿੰਘ ਬਾਸੀ, ਵੈਲੀ ਨੈਸ਼ਨਲ, ਡੀ ਟੀ ਐਲ ਦੋਸਾਂਝ ਟਰੱਕ ਲਾਈਨ, ਜਗਦੀਸ਼ ਸਿੰਘ ਖੰਗੂੜਾ, ਜਿਫੀ ਮਾਰਟ (ਚੋਚਿਲਾ), ਬਾਪੂ ਫਾਰਮਿੰਗ ਕੰਪਨੀ, ਇਨਟਰੇਡ ਇੰਡਸਟਰੀ, ਨਿਊ ਇੰਡੀਆ ਸਵੀਟਸ ਐਂਡ ਸਪਾਈਸਸ, ਨਾਜਰ ਸਿੰਘ ਸਹੋਤਾ, ਗੁਰਚਰਨ ਸਿੰਘ ਰੰਧਾਵਾ, ਕੁਲਦੀਪ ਸਿੰਘ ਕਾਲਿਕਾ।
ਮੀਡੀਆ ਸਪਾਂਸਰ: ਪੰਜਾਬੀ ਪ੍ਰੈੱਸ ਕਲੱਬ ਫਰਿਜ਼ਨੋ
ਸੁਖਵਿੰਦਰ ਪੰਛੀ
ਮਿੱਕੀ ਸਰਾਂ
ਰਾਜ ਬਰਾੜ
ਆਸ਼ਾ ਸ਼ਰਮਾਂ
ਪਰਮਜੀਤ ਸਿੰਘ
ਰੇਨੂੰ ਸਿੰਘ
ਸੁਖਦੇਵ ਸਾਹਿਲ
ਆਓ ਸਭ ਪਰਿਵਾਰਾਂ ਸਮੇਤ ਇਕੱਤਰ ਹੋ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰੀਏ ਅਤੇ ਬੱਚਿਆਂ ਨੂੰ ਉਸ ਸ਼ਾਨਾਮੱਤੇ ਇਤਿਹਾਸ ਤੋਂ ਜਾਣੂੰ ਕਰਵਾਈਏ
ਆਪਣਾ ਅਰਜੈਂਟ ਕੇਅਰ ਵਾਲੇ
ਡਾ. ਗੁਰਦਾਵਰ ਸਿੰਘ ਧਾਲੀਵਾਲ ਵਲੋਂ ਮੁਫਤ ਮੈਡੀਕਲ ਕੈਂਪ ਲਗਾਇਆ ਜਾਵੇਗਾ।
Directions :-
From Sacramento/San jose :
Take Freeway 99 South to Fresno, Exit at Shaw Ave and take right (go east), take left on Willow Ave. Hall is on the left side (behind the home depot).
From Bakersfield/LA :
Take Freewy 99 north, take 41 north, Exit on Shaw Ave and take right, take left on Willow Ave. Hall is on the left side.

# ਕਾਮਯਾਬ ਰਿਹਾ ਬੇਕਰਜ਼ਫੀਲਡ ਦਾ ਚੌਥਾ ਫੁੱਟਬਾਲ ਟੂਰਨਾਮੈਂਟ

**ਬੇਕਰਜ਼ਫੀਲਡ (ਮਾਨ ਮਨਦੀਪ):** ਇਥੇ 12 ਅਤੇ 13 ਮਾਰਚ ਨੂੰ ਕਰਵਾਇਆ ਗਿਆ ਫੁੱਟਬਾਲ ਦਾ ਚੌਥਾ ਸਾਲਾਨਾ ਟੂਰਨਾਮੈਂਟ ਪੂਰੀ ਤਰ੍ਹਾਂ ਕਾਮਯਾਬ ਰਿਹਾ ਜਿਸ ਵਿਚ ਕੈਲੀਫੋਰਨੀਆ ਦੀਆਂ ਕੁਲ 10 ਟੀਮਾਂ ਨੇ ਹਿੱਸਾ ਲਿਆ। ਇਨ੍ਹਾਂ ਵਿਚ ਬੇਕਰਜ਼ਫੀਲਡ ਤੋਂ ਇਲਾਵਾ ਫਰਿਜ਼ਨੋ, ਯੂਬਾ ਸਿਟੀ, ਐਲ ਏ ਅਤੇ ਸਟਾਕਟਨ ਦੀਆਂ ਟੀਮਾਂ ਸ਼ਾਮਲ ਸਨ।

ਟੂਰਨਾਮੈਂਟ ਪੁਆਇੰਟ ਬੇਸਿਸ 'ਤੇ ਖੇਡਿਆ ਗਿਆ ਸੀ ਅਤੇ ਹਰ ਟੀਮ ਨੇ ਆਪਣੀ ਲੀਗ ਦੇ ਤਿੰਨ ਤਿੰਨ ਮੈਚ ਖੇਡੇ ਜਿਸ ਵਿਚ ਬੇ-ਏਰੀਏ ਦੀ ਟੀਮ 27 ਨੰਬਰ ਲੈ ਕੇ ਪਹਿਲੇ ਥਾਂ 'ਤੇ ਰਹੀ ਅਤੇ ਦੂਜੇ ਨੰਬਰ 'ਤੇ 26 ਨੰਬਰ ਲੈ ਕੇ ਫਰਿਜ਼ਨੋ ਦੀ ਟੀਮ ਰਹੀ ਜਦੋਂਕਿ 25 ਨੰਬਰ ਲੈ ਕੇ ਯੂਬਾ ਸਿਟੀ ਦੀ ਟੀਮ ਤੀਜੇ ਨੰਬਰ 'ਤੇ ਰਹੀ। ਸੈਮੀਫਾਈਨਲ ਵਿਚ ਮਾਹਿਲਪੁਰ ਕਲੱਬ ਨੇ ਬੇ-ਏਰੀਏ ਦੀ ਟੀਮ ਨੂੰ 3-1 ਦੇ ਫਰਕ ਨਾਲ ਹਰਾ ਕੇ ਫਾਈਨਲ ਵਿਚ ਪ੍ਰਵੇਸ਼ ਪਾਇਆ। ਦੂਜੇ ਲੀਗ ਵਿਚ ਹੋਏ ਸੈਮੀਫਾਈਨਲ ਮੁਕਾਬਲਿਆਂ ਵਿਚ ਯੂਬਾ ਸਿਟੀ ਦੀ ਟੀਮ ਫਰਿਜ਼ਨੋ ਨੂੰ ਇਕ ਗੋਲ ਨਾਲ ਹਰਾ ਕੇ ਫਾਈਨਲ ਵਿਚ ਪਹੁੰਚੀ।







ਫਾਈਨਲ ਮੈਚ ਵਿਚ ਯੂਬਾ ਸਿਟੀ ਅਤੇ ਮਾਹਿਲਪੁਰ ਕਲੱਬ ਦੀਆਂ ਟੀਮਾਂ ਭਿੜੀਆਂ ਅਤੇ ਇਹ ਮੈਚ ਬਹੁਤ ਹੀ ਫਸਵਾਂ ਤੇ ਦਿਲਚਸਪ ਰਿਹਾ। ਨਿਰਧਾਰਤ ਸਮੇਂ ਅੰਦਰ ਕੋਈ ਵੀ ਟੀਮ ਗੋਲ ਨਾ ਕਰ ਸਕੀ ਅਤੇ ਇਸ ਤੋਂ ਬਾਅਦ ਦਿੱਤੇ ਗਏ 10-10 ਮਿੰਟ ਦੇ ਵਾਧੂ ਸਮੇਂ ਵਿਚ ਵੀ ਕੋਈ ਟੀਮ ਗੋਲ ਕਰਨ ਵਿਚ ਕਾਮਯਾਬ ਨਾ ਹੋਈ। ਅਖੀਰ ਪੈਨਲਟੀ ਕਿੱਕਾਂ ਦੇ ਜ਼ਰੀਏ ਮਾਹਿਲਪੁਰ ਦੀ ਟੀਮ ਨੇ ਯੂਬਾ ਸਿਟੀ ਨੂੰ ਸੱਤ ਦੇ ਮੁਕਾਬਲੇ ਅੱਠ ਗੋਲਾਂ ਦੇ ਫਰਕ ਨਾਲ ਹਰਾ ਕੇ ਕੱਪ ਉਪਰ ਆਪਣਾ ਕਬਜ਼ਾ ਕੀਤਾ।

ਟੂਰਨਾਮੈਂਟ ਦਾ ਪਹਿਲਾ 1500 ਡਾਲਰ ਦਾ ਨਕਦ ਇਨਾਮ ਐਨ ਆਰ ਆਈ ਸਭਾ, ਅਮਰੀਕਾ ਵਲੋਂ ਦਿੱਤਾ ਗਿਆ ਜੋ ਕਿ ਮਾਹਿਲਪੁਰ ਕਲੱਬ ਦੀ ਟੀਮ ਦੇ ਹਿੱਸੇ ਆਇਆ। ਦੂਜਾ 1100 ਡਾਲਰ ਦਾ ਨਕਦ ਇਨਾਮ ਮਨਜਿੰਦਰ ਸਿੰਘ ਗਿੱਲ ਨੇ ਦਿੱਤਾ ਜੋ ਫਰਿਜ਼ਨੋ ਦੀ ਟੀਮ ਦੇ ਹਿੱਸੇ ਆਇਆ। ਫਾਈਨਲ ਮੈਚ ਵਿਚ ਐਨ ਆਰ ਆਈ ਸਭਾ ਵਲੋਂ ਹਰ ਗੋਲ 'ਤੇ 100 ਡਾਲਰ ਦਾ ਇਨਾਮ ਹਰ ਖਿਡਾਰੀ ਨੂੰ ਦਿੱਤੇ ਜਾਣ ਮਗਰੋਂ ਬਾਬਾ ਸਾਹਨੇਵਾਲ ਕਹਿੰਦਾ, ਲਗਦੈ ਪੰਜਾਬ ਸਰਕਾਰ ਸਭਾ ਨੂੰ ਚੋਖਾ ਫੰਡ ਭੇਜਦੀ ਐ ਜਿਸ ਕਰਕੇ ਹਰ ਟੂਰਨਾਮੈਂਟ, ਮੇਲਿਆਂ ਤੇ ਧਾਰਮਿਕ ਪ੍ਰੋਗਰਾਮਾਂ ਉਪਰ ਖੁੱਲ੍ਹ ਕੇ ਪੈਸੇ ਖਰਚ ਕਰਦੀ ਹੈ। ਪਰ ਉਸ ਨੂੰ ਦੱਸਿਆ ਗਿਆ ਕਿ ਸਰਕਾਰ ਕੋਈ ਫੰਡ ਨਹੀਂ ਭੇਜਦੀ, ਸਗੋਂ ਇਹ ਤਾਂ ਸਭਾ ਦੇ ਅਹੁਦੇਦਾਰ ਮਿਲ ਕੇ ਇਕੱਠਾ ਕਰਦੇ ਹਨ ਤੇ ਚੰਗੇ ਕੰਮਾਂ ਉਪਰ ਖਰਚ ਕਰਦੇ ਹਨ ਤਾਂ ਜੋ ਨੌਜਵਾਨਾਂ ਨੂੰ ਚੰਗੇ ਰਸਤੇ ਪਾਇਆ ਜਾ ਸਕੇ।

ਟੂਰਨਾਮੈਂਟ ਦੀ ਸਫਲਤਾ ਲਈ ਸਤਨਾਮ ਸਿੰਘ ਮਣਕੂ, ਗੁਰਮੀਤ ਸਿੰਘ ਸਿੱਧੂ, ਤੇਜਿੰਦਰ ਸਿੰਘ ਗਿੱਲ, ਬੌਬੀ ਸਹੋਤਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਜ਼ੋਰਦਾਰ ਮਿਹਨਤ ਕੀਤੀ। ਐਨ ਆਰ ਆਈ ਸਭਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ, ਸਕੱਤਰ ਜਨਰਲ ਤੇਜਪਾਲ ਨਿਕਸਨ, ਵਾਈਸ ਚੇਅਰਮੈਨ ਜਗਦੀਸ਼ ਢਿੱਲੋਂ, ਜਨਰਲ ਸਕੱਤਰ ਮਨਜੀਤ ਸਿੰਘ, ਗੁਰਸੇਵਕ ਬਰਾੜ, ਭਰਪੂਰ ਬਰਾੜ, ਸੁੱਖੀ ਘੁੰਮਣ, ਬਾਬ ਵਿਰਕ, ਪੰਮਾ ਗਰਿਮਵੇਅ, ਮਨਜੋਤ ਰਾਏ, ਗੁਰਮੀਤ ਸਿੰਘ ਪ੍ਰਧਾਨ, ਸੁਰਜੀਤ ਧਾਲੀਵਾਲ, ਰੁਪਿੰਦਰ ਝੱਜ, ਧਰਮਾ, ਗੁਰਦੀਪ ਢੀਂਡਸਾ, ਰੌਣਕ ਸਿੰਘ, ਕਮਲਜੀਤ ਢਿੱਲੋਂ, ਗੁਰਪ੍ਰੀਤ ਰਾਏ, ਡਾ. ਮਨਵੀਰ ਸਿੰਘ ਅਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਖੇਡ ਮੈਦਾਨ ਵਿਚ ਮੈਚ ਦੇਖਣ ਲਈ ਪਹੁੰਚੇ ਹੋਏ ਸਨ।
















Since 1990 Non Profit

# Punjabi Cultural Society Sacramento (U.S.A.)

ਵਲੋਂ ਪੇਸ਼ ਹੈ 21ਵਾਂ

# ਵਿਸਾਖੀ ਮੇਲਾ

# Visakhi Mela

Host by : Jaswant S Shad

**Celebration On Saturday,**

## 16th APRIL 2011

## At 4.00 P. M.

**AT**

## S.E.S. Hall

**10427 E. STOCKTON BLVD.**
**ELK GROVE, CA 95624**



**Featuring : Songs, Gidha & Bhangra, Dances, Skits and Much More**

ਕੈਲੇਫੋਰਨੀਆ ਦੇ ਉੱਘੇ ਕਲਾਕਾਰ ਇਸ ਵਿੱਚ ਭਾਗ ਲੈ ਰਹੇ ਹਨ ।
ਸਮੂਹ ਪੰਜਾਬੀ ਭਾਈਚਾਰੇ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਹੁੰਮ ਹੁਮਾ ਕੇ ਪਹੁੰਚੋ ।

*For More Information Please Contact :*
Rashpal Pharwala (916) 682-7321 Tirath Sahota (916) 271-8382
Amrik Singh (916) 502-0064 Jaswant S. Shad (209) 992-7185

Spcl. Appearance
**Bhangra & Gidda**
TEAMS FROM : UNIVERSITY

**SPONSORS**

Indo American Desh Bhagat Foundation, Indus Valley American Chamber of Commerce, Punjab Arts & Culture Promotions, Indo American Cultural Organisation, Harjit Singh (Mountain Mike's Pizza Elkgrove), Inderjit Singh (Mountain Mike's Pizza Elkgrove Florin), Bagga Palace, India House of Grocery, Desi Bazar, India spices& music in Elkgrove, Rajinder Singh, Gurnek Singh, Jaswinder Sandhu, Avtar Atwal, Charan Badwal, Baljinder Johal, Jasvir Thandi (iSELL Real Estate), Sonny Singh (Rocklin) PiaraSingh Parhar, Malkit Boparai, Jassi (Power Mart), Aklesh Singh, A V Sweets, SukhchainSingh, Joga Ghuman, Hardeep Singh, Manjeet Dhillon (Modesto), Raghvir Gill, S.P.Singh, Amarjit Singh, Manpreet Singh, Inderjit Singh, Parminderjit Singh, Jaswant Singh, Gurchetan Singh, Manjit Singh, Kulwinder Bobby, Varinder Sekhon & Manjit Singh (Punjab Insurance & Immigration Tax Service) & Paramjit Dhaliwal (Fresno), Naranjan Singh (Mountain Mike's Pizza W.Capital), Bakhshish Gill, Amarjit Dulai, Gurmukh Gosal (Sheration) & Alex Singh (Quality Vending).

**ORGANIZING COMMITTEE**

Rajinder Pal Singh, Amrik Singh, Harjinder Basra, Tirath Sahota, Paramjit Dhillon, Surinder Bindra, Ajaib Kahlon, Rashpal Pharwala, Jarnail Sarpanch, Harinder Singh, Debi Gill, Sukhraj Singh, Jaswant Lakha, Sukhchain Singh, Bhupinder Rehal, Kuldeep Bains, Jaswinder Pooni, Jaswant Shad, Arjinder Kukki, M.S.Chahal, Pavittar Nahal, Satwinder Rangi, Varinder Sanghera, Kamal Banga, Paminder Virk, Jascharan Gill, Balwinder Banka, Balbir Johal, Avtar Dodd & Kamal Singh.

**ADMISSION FREE** Please No Alcohol, No Food or Drinks Inside the Hall
No Cameras Will Be Allowed Inside The Hall, Security Will Be Tightly Enforced

Website : www.punjabiculturalsocietysacramento.com Printer : Barapind Printing Press (E-mail: barapindpress@gmail.com)



ਖੇਡ ਸੰਸਾਰ

ਇਕਬਾਲ ਜੱਬੋਵਾਲੀਆ
ਫੋਨ:917-375-6395

# ਦੋਆਬੇ ਦਾ ਮਾਣ ਮੂਸਾਪੁਰੀਆ ਸੰਨ੍ਹੀ ਕੰਦੋਲਾ

"ਕਈ ਖੇਡ ਗਏ ਕਬੱਡੀ,
ਕਈਆਂ ਨੇ ਖੇਡ ਜਾਣੀ,
ਮਾਣ ਦੋਆਬੇ ਦਾ।
ਮਾਰ ਮਾਰ ਧੌਲਾਂ ਗਰਾਊਂਡ ਵਿਚ ਬੁੱਕਦਾ,
ਸੰਨ੍ਹੀ ਸ਼ੇਰ ਮੂਸਾਪੁਰ ਦਾ।"

"ਟੇਕਿਆ ਮੱਥਾ...ਮਾਰੀ ਥਾਪੀ...ਜਾ ਰਿਹੈ ਸੂਕਦਾ ਸੰਨ੍ਹੀ ਕੰਦੋਲਾ...ਲਾਇਆ ਜਾਫ਼ੀ ਨੂੰ ਹੱਥ...ਪੈ ਗਏ ਪੇਚੇ...ਜਾਫ਼ੀ ਕਹਿੰਦਾ ਜਾਣ ਨੀ ਦੇਣਾ...ਸੰਨ੍ਹੀ ਕਹਿੰਦਾ ਨੰਬਰ ਲੈ ਕੇ ਜਾਣਾ...ਮਾਰੀ ਧੌਲ...ਲੈ ਗਿਆ ਨੰਬਰ...ਔਹ ਗਿਆ...ਔਹ ਗਿਆ...ਜਾ ਰਿਹੈ ਉਂਗਲ ਖੜ੍ਹੀ ਕਰਦਾ ਸੰਨ੍ਹੀ ਮੂਸਾਪੁਰੀਏ ਲਾਲੀ ਦਾ ਪੁੱਤ।" ਨੰਬਰ ਲੈ ਕੇ ਜਾਂਦੇ ਸੰਨ੍ਹੀ ਨੂੰ ਕਬੱਡੀ ਕਮੈਂਟੇਟਰ ਪ੍ਰੋ. ਮੱਖਣ ਸਿੰਘ ਅਕਸਰ ਕਹਿੰਦਾ।

ਕੌਮਾਂਤਰੀ ਕਬੱਡੀ ਖਿਡਾਰੀ ਸੰਨ੍ਹੀ ਕੰਦੋਲੇ ਦਾ ਜਨਮ ਮਾਤਾ ਸੁਖਜਿੰਦਰ ਕੌਰ ਕੰਦੋਲਾ ਅਤੇ ਪਿਤਾ ਲਾਲੀ ਕੰਦੋਲਾ ਦੇ ਘਰ 5 ਅਗਸਤ 1984 ਨੂੰ ਹੋਇਆ। ਇੰਗਲੈਂਡ ਜਨਮਿਆ ਸੰਨ੍ਹੀ ਛੋਟਾ ਹੁੰਦਾ ਹੀ 1985 ਵਿਚ ਕੈਲੀਫੋਰਨੀਆ ਆ ਗਿਆ। ਪਿਤਾ ਲਾਲੀ ਨੂੰ ਖੇਡਾਂ, ਖਾਸ ਕਰਕੇ ਕਬੱਡੀ ਦਾ ਸ਼ੌਕ ਹੋਣ ਕਰਕੇ ਸੰਨ੍ਹੀ ਨੂੰ ਖੇਡ ਸ਼ੌਕ ਬਚਪਨ ਤੋਂ ਮਿਲਿਆ। ਪ੍ਰਾਇਮਰੀ ਤੋਂ ਹਾਈ ਸਕੂਲ ਤੱਕ ਸੰਨ੍ਹੀ ਬੇਸਬਾਲ, ਬਾਸਕਟਬਾਲ, ਡਿਸਕਸ ਥਰੋ, ਸ਼ਾਟਪੁੱਟ ਅਤੇ ਫੁੱਟਬਾਲ ਖੇਡਿਆ। ਲੋਡਾਈ ਹਾਈ ਸਕੂਲ 'ਚ ਵਧੀਆ ਫੁੱਟਬਾਲ ਖੇਡਿਆ। ਕਾਲਜ ਜਾ ਕੇ ਦੋ ਸਾਲ ਫੁੱਟਬਾਲ ਦਾ ਨਾਮੀ ਖਿਡਾਰੀ ਬਣਿਆ। ਖੇਡਾਂ ਦੇ ਸ਼ੌਕੀਨ ਪਿਤਾ ਲਾਲੀ ਇਕ ਦਿਨ ਕਬੱਡੀ ਮੈਚ ਵੇਖਣ ਲਈ ਸੰਨ੍ਹੀ ਨੂੰ ਨਾਲ ਲੈ ਗਿਆ। ਕਬੱਡੀ ਖੇਡਦੇ ਵੇਖ ਕੇ ਸੰਨ੍ਹੀ ਦੇ ਮਨ ਵਿਚ ਵੀ ਕਬੱਡੀ ਦਾ ਸ਼ੌਕ ਜਾਗਿਆ। ਕਬੱਡੀ ਖੇਡਣੀ ਸ਼ੁਰੂ ਕਰ ਦਿੱਤੀ। ਸਰਬਜੀਤ ਮਾਹਲ ਨੇ ਕੋਚਿੰਗ ਦੇਣੀ ਸ਼ੁਰੂ ਕੀਤੀ। ਦੂਜੀਆਂ ਗੇਮਾਂ ਛੱਡ ਕੇ ਸੰਨ੍ਹੀ ਕਬੱਡੀ ਨੂੰ ਸਮਰਪਿਤ ਹੋ ਗਿਆ। ਜਿੱਥੇ ਵੀ ਕਬੱਡੀ ਮੈਚ ਹੁੰਦੇ, ਲਾਲੀ ਬੇਟੇ ਨੂੰ ਨਾਲ ਲੈ ਕੇ ਜਾਂਦਾ। ਕੋਚ ਸਰਬਜੀਤ ਮਾਹਲ ਨੇ ਵੀ ਵਧੀਆ ਕੋਚਿੰਗ ਸੇਵਾਵਾਂ ਨਿਛਾਵਰ ਕੀਤੀਆਂ। ਚੰਗੀ ਕੋਚਿੰਗ ਸਦਕਾ ਦਿਨੋਂ-ਦਿਨ ਗੇਮ ਨਿੱਖ਼ਰਦੀ ਗਈ। ਕਬੱਡੀ ਮੈਚਾਂ ਵਿਚ ਸੰਨ੍ਹੀ ਦੇ ਨਾਂ ਦੀ ਪ੍ਰਸਿੱਧੀ ਹੋਣ ਲੱਗੀ। ਮੈਚ ਖੇਡ ਕੇ ਆਉਂਦੇ ਸੰਨ੍ਹੀ ਦੀ ਪਿਤਾ ਚੰਗੀ ਦੇਖ ਭਾਲ ਕਰਦਾ। ਸਰੀਰ 'ਤੇ ਲੱਗੀਆਂ ਸੱਟਾਂ 'ਤੇ ਮੱਲ੍ਹਮ ਪੱਟੀ ਕਰਦਾ। ਮਾਲਸ਼ ਕੀਤੀ ਜਾਂਦੀ। ਖ਼ੁਰਾਕ ਦਾ ਪੂਰਾ ਖਿਆਲ ਰੱਖਿਆ ਜਾਂਦਾ। ਦੁੱਧ, ਘਿਉ, ਬਦਾਮ, ਮੁਰਗਾ, ਮੱਛੀ, ਪ੍ਰੋਟੀਨ, ਵੈਸ਼ਨੋ, ਨਾਨ-ਵੈਸ਼ਨੋ ਖਾਣਾ ਤਿਆਰ ਕਰਕੇ ਦਿੱਤਾ ਜਾਂਦਾ। ਸੰਨ੍ਹੀ ਮਿਹਨਤ ਵੀ ਰੱਜ ਕੇ ਕਰਦਾ। ਦੋ-ਦੋ ਘੰਟੇ ਜਿੰਮ ਵਿਚ ਕਸਰਤ ਕਰਦਾ। ਕਦੇ ਨਾਗਾ ਨਾ ਪਾਉਂਦਾ। ਗੁੰਦਵੇਂ ਸਰੀਰ 'ਤੇ ਨਕਸ਼ੇ ਅਤੇ ਟੈਟੂ ਖੁਦਵਾਏ ਹੋਏ ਹਨ। ਡੌਲਿਆਂ 'ਤੇ ਇਕ ਪਾਸੇ ਖੰਡਾ ਅਤੇ ਦੂਜੇ 'ਤੇ ਸ਼ੇਰ। ਸਰੀਰ ਦੇ ਬਾਕੀ ਹਿੱਸੇ 'ਤੇ ਮਾਤਾ-ਪਿਤਾ, ਭਰਾ ਅਤੇ ਪਿੰਡ ਮੂਸਾਪੁਰ ਦਾ ਨਾਂ ਖੁਣਾਇਆ ਹੋਇਆ ਹੈ।

ਕਹਿਣੇਕਾਰ ਪੁੱਤ ਸੰਨ੍ਹੀ ਹਰ ਕੰਮ ਪਿਤਾ ਨੂੰ ਪੁੱਛ ਕੇ ਕਰਦਾ। ਸਲਾਹ ਲੈਂਦਾ। ਪੁੱਛੇ ਬਗੈਰ ਇਕ ਦਮ ਵੀ ਨਾ ਚੁੱਕਦਾ। ਗਰੈਜੂਏਸ਼ਨ ਤੋਂ ਬਾਅਦ ਸੰਨ੍ਹੀ ਨੇ ਕਬੱਡੀ ਤੋਂ ਆਪਾ ਵਾਰਿਆ। ਪੜ੍ਹਾਈ ਦੇ ਨਾਲ-ਨਾਲ ਚੰਗੀ ਖੇਡ ਦੀ ਸਰਦਾਰੀ ਕਾਇਮ ਕੀਤੀ। ਕੰਮ-ਕਾਜ ਵਿਚ ਮੰਮੀ ਨਾਲ ਵੀ ਮਦਦ ਕਰਾਉਂਦਾ। ਸੰਨ੍ਹੀ ਨਾਂ 'ਤੇ ਖੋਲ੍ਹੇ ਬਿਜ਼ਨਸ ਵਿਚ ਪੂਰਾ ਹੱਥ ਵਟਾਉਂਦਾ ਹੈ। ਮੰਮੀ ਨੂੰ ਵੀ ਬੇਟੇ 'ਤੇ ਪੂਰਾ ਮਾਣ ਹੈ। ਬੜਾ ਚਾਅ ਹੈ ਬੇਟੇ ਦਾ। ਬੇਟੇ ਨੂੰ ਕਬੱਡੀ ਦੀ ਟੀਸੀ 'ਤੇ ਵੇਖਣਾ ਚਾਹੁੰਦੇ ਹਨ, ਜਿਹੜਾ ਅਸਮਾਨੀ ਉਡਾਰੀਆਂ ਮਾਰੇ। ਛੋਟਾ ਬੇਟਾ ਲਵਪ੍ਰੀਤ ਕੰਦੋਲਾ (ਲਵੀ) ਵੀ ਕਬੱਡੀ ਦਾ ਸ਼ੌਕੀਨ ਹੈ। ਛੇ ਫੁੱਟ ਪੰਜ ਇੰਚ ਲਵੀ ਵੀ ਇਕ ਦਿਨ ਕਬੱਡੀ ਦਾ ਵਧੀਆ ਖਿਡਾਰੀ ਬਣੇਗਾ। ਮਾਤਾ-ਪਿਤਾ ਨਸ਼ਿਆਂ ਦੇ ਵਿਰੁਧ ਹਨ। ਨਸ਼ਿਆਂ ਅਤੇ ਪੁੱਠੇ ਫੈਸ਼ਨਾਂ 'ਚ ਗਰਕਦੀ ਜਵਾਨੀ ਬਾਰੇ ਕਾਫ਼ੀ ਫ਼ਿਕਰਮੰਦ ਹਨ:

ਗੱਭਰੂ ਸ਼ੌਕੀਨਾਂ ਕੰਨੀ
ਕੋਕਿਆਂ ਨੂੰ ਰਹਿਣ ਦੇ,
ਕੁੜੀਆਂ ਦਾ ਗਹਿਣਾ
ਕੰਨੀ ਕੁੜੀਆਂ ਨੂੰ ਪਾਉਣ ਦੇ।
ਕੰਮ ਧੰਦਾ ਹੈ ਨੀ ਕੋਈ
ਖੇਡਿਆ ਕਬੱਡੀ ਕਰ,
ਚੰਗੀਆਂ ਖੁਰਾਕਾਂ ਖਾ ਕੇ
ਸਿਹਤ ਬਣਾਇਆ ਕਰ।
ਸੰਨ੍ਹੀ ਕੰਦੋਲੇ ਵਾਂਗ
ਵੱਡਾ ਬਣ ਜਾ ਖਿਡਾਰੀ ਤੂੰ,
ਕੌਡੀ ਕੌਡੀ ਕਰ ਮਾਰ
ਅੰਬਰੀਂ ਉਡਾਰੀ ਤੂੰ।
ਗੁੰਦਵੇਂ ਸਰੀਰ 'ਤੇ
ਟੈਟੂ ਬਣਵਾ ਲੈ ਤੂੰ।
ਵਾਂਗ 'ਜੱਬੋਵਾਲੀਏ' ਦੇ
ਠੁੱਡ ਨਸ਼ਿਆਂ ਨੂੰ ਮਾਰ ਦੇਹ,
ਮਾਰ ਦੇ ਵੇ ਮਾਰ ਦੇ
ਪੁੱਠੇ ਫੈਸ਼ਨਾਂ ਨੂੰ ਠੁੱਡ ਮਾਰ ਦੇਹ।

ਨਸ਼ਿਆਂ ਤੋਂ ਕੋਹਾਂ ਦੂਰ, ਅਥਾਹ ਸ਼ਕਤੀ ਦਾ ਮਾਲਕ ਫ਼ੌਲਾਦੀ ਸੰਨ੍ਹੀ ਕੁਦਰਤੀ ਖੁਰਾਕ ਨੂੰ ਤਰਜੀਹ ਦਿੰਦਾ ਹੈ। ਇੰਗਲੈਂਡ, ਅਮਰੀਕਾ, ਕੈਨੇਡਾ ਅਤੇ ਭਾਰਤ ਦੇ ਕੌਮਾਂਤਰੀ ਕਬੱਡੀ ਮੈਚਾਂ ਵਿਚ ਹਾਜ਼ਰੀ ਜ਼ਰੂਰੀ ਹੁੰਦੀ ਹੈ। ਇਸ ਬਿਨਾ ਮੈਚ ਅਧੂਰੇ ਲਗਦੇ ਹਨ। ਸਾਹ ਪਾਉਣ ਜਾਂਦਾ ਜਾਫ਼ੀਆਂ ਕੋਲੋਂ ਰੋਕਣਾ ਮੁਸ਼ਕਲ ਹੋ ਜਾਂਦੈ। ਸ਼ਾਂਤ ਝੀਲ ਵਾਂਗ ਠੰਢੇ ਸੁਭਾਅ ਦਾ ਮਾਲਕ ਸੰਨ੍ਹੀ ਜਾਫ਼ੀਆਂ ਨੂੰ ਹੱਥ ਲਾਉਂਦਾ ਹੀ ਤੂਫ਼ਾਨ ਵਾਂਗ ਵਾਪਸ ਆਉਂਦਾ ਹੈ। ਦਰਸ਼ਕ ਤਾੜੀਆਂ ਮਾਰਦੇ ਤੇ ਦਾਦ ਦਿੰਦੇ ਹਨ। ਸੰਨ੍ਹੀ ਸ਼ੇਰੇ ਪੰਜਾਬ ਸਪੋਰਟਸ ਕਲੱਬ, ਲਾਸ ਬੈਨੋਸ ਅਤੇ ਸੈਂਟਾ ਕਲਾਰਾ ਸਪੋਰਟਸ ਕਲੱਬ ਲਈ ਖੇਡਦਾ ਹੈ।

ਖੇਡ ਜਗਤ ਵਿਚ ਦੋ ਸੰਨ੍ਹੀ ਪ੍ਰਸਿੱਧ ਹੋਏ ਹਨ। ਇਕ ਕਬੱਡੀ ਦਾ ਤੇ ਦੂਜਾ ਕੁਸ਼ਤੀ ਦਾ। ਕਬੱਡੀ ਵਿਚ ਸੰਨ੍ਹੀ ਕੰਦੋਲਾ ਤੇ ਕੁਸ਼ਤੀ ਵਿਚ ਦੋਆਬਾ ਕੁਸ਼ਤੀ ਦੇ ਬਾਬਾ ਬੋਹੜ ਪਹਿਲਵਾਨ ਹਰਬੰਸ ਸਿੰਘ ਰਾਇਪੁਰ ਡੱਬਾ ਦਾ ਪੋਤਾ ਅਤੇ ਪ੍ਰਿੰ. ਕਸ਼ਮੀਰ ਸਿੰਘ ਪਹਿਵਾਨ ਦਾ ਪਹਿਲਵਾਨ ਬੇਟਾ ਸੰਨ੍ਹੀ ਗਿੱਲ। ਸੰਨ੍ਹੀ ਗਿੱਲ ਦੀ ਮਾਤਾ ਨਿਰਮਲ ਕੌਰ ਆਪਣੇ ਬੇਟੇ 'ਤੇ ਬੜਾ ਮਾਣ ਕਰਦੇ ਹਨ। ਕਹਿੰਦੇ ਹਨ "ਮੈਂ ਭਲਵਾਨ ਦੀ ਮਾਂ ਹਾਂ...ਮੈਨੂੰ ਪੂਰਾ ਮਾਣ ਹੈ ਆਪਣੇ ਬੇਟੇ 'ਤੇ...ਮੈਂ ਉਹਦੀਆਂ ਸਾਰੀਆਂ ਕੁਸ਼ਤੀਆਂ ਵੇਖੀਆਂ ਹਨ।" ਅਗਰ ਇਨ੍ਹਾਂ ਦੋਹਾਂ ਮਾਂਵਾਂ ਵਾਂਗ ਹੀ ਦੂਜੀਆਂ ਮਾਂਵਾਂ ਵੀ ਆਪਣੇ ਬੇਟਿਆਂ ਦਾ ਖਿਆਲ ਰੱਖਣ, ਹੱਲਾਸ਼ੇਰੀ ਦੇਣ, ਖੁਰਾਕ ਦਾ ਖਿਆਲ ਰੱਖਣ ਤਾਂ ਅਸੀਂ ਵਧੀਆ ਖਿਡਾਰੀ ਅਤੇ ਤਕੜੇ ਮੱਲ ਪੈਦਾ ਕਰ ਸਕਦੇ ਹਾਂ।

ਮੂਸਾਪੁਰ ਦੇ ਆਲੇ-ਦੁਆਲੇ ਵਸਦੇ ਹਨ, ਫੁੱਟਬਾਲ ਅਤੇ ਕਬੱਡੀ ਦੇ ਪਿੰਡ-ਕਾਹਮਾ ਅਤੇ ਮੰਗੂਵਾਲ ਫੁੱਟਬਾਲ ਦੇ ਧੱਕੜ ਪਿੰਡ। ਰਸੂਲਪੁਰ, ਕਰੀਹਾ, ਮੱਲਪੁਰ ਅੜਕਾਂ ਅਤੇ ਖਟਕੜ ਕਲਾਂ ਕਬੱਡੀ ਦੇ ਤਕੜੇ ਪਿੰਡ। ਰਸੂਲਪੁਰ ਦੇ ਹਾਈ ਲੈਵਲ ਅਤੇ ਪਿੰਡ ਲੈਵਲ ਦੇ ਮੱਖਣ, ਪਾਲੀ, ਗੁਰਨਾਮ, ਹਰਪ੍ਰੀਤ (ਪਹਿਲਵਾਨ ਅਤੇ ਕਬੱਡੀ ਖਿਡਾਰੀ) ਜਸਪ੍ਰੀਤ ਅਤੇ ਸਾਹਬਾ। ਜਸਪ੍ਰੀਤ ਅਤੇ ਸਾਹਬਾ ਇਸ ਪਿੰਡ ਦੇ ਉਠ ਰਹੇ ਵਧੀਆ ਕਬੱਡੀ ਖਿਡਾਰੀ ਹਨ। ਕਰੀਹੇ ਦੇ ਝੱਲੋ, ਗੁੱਡੂ, ਮੱਖਣ, ਮਨਜੀਤ ਅਤੇ ਦੀਪਾ ਜਦਕਿ ਮੱਲਪੁਰ ਅੜਕਾਂ ਦੇ ਹਰੀ, ਸੁੱਚਾ, ਮੀਤਾ, ਕੁਲਵੰਤ, ਠੋਲੂ ਅਤੇ ਜੀਤਾ ਕਬੱਡੀ ਖਿਡਾਰੀ ਹਨ। ਕਰੀਹੇ ਦਾ ਦੀਪਾ ਅਤੇ ਮੱਲਪੁਰ ਦਾ ਜੀਤਾ-ਦੋਵੇਂ ਕਬੱਡੀ ਦੇ ਵਧੀਆ ਖਿਡਾਰੀ ਹਨ। ਦੋਵੇਂ ਪੱਕੇ ਯਾਰ। ਨਵਾਂ ਸ਼ਹਿਰ ਤੋਂ ਕਾਰ ਵਿਚ ਆਉਂਦੇ ਪਿੰਡ ਮਹਾਲੋਂ ਕੋਲ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ ਸਨ। ਦੋਹਾਂ ਖਿਡਾਰੀਆਂ ਦਾ ਇਲਾਕੇ ਨੂੰ ਕਦੀ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਕਰੀਹਾ-ਅਕਾਲੀ ਵਿਧਾਇਕ ਜਤਿੰਦਰ ਸਿੰਘ ਕਰੀਹਾ ਦਾ ਨਗਰ। ਕਬੱਡੀ ਦਾ ਪ੍ਰਸਿੱਧ ਪਿੰਡ ਖਟਕੜ ਕਲਾਂ-ਸ਼ਹੀਦ ਭਗਤ ਸਿੰਘ ਦਾ ਪਿੰਡ। ਜਿਥੇ ਇਲਾਕਾ ਨਵਾਂ ਸ਼ਹਿਰ ਦੀ ਨਾਮਵਰ ਕਬੱਡੀ ਅਕੈਡਮੀ ਚਲਦੀ ਹੈ। ਇਸ ਅਕੈਡਮੀ ਦਾ ਸੰਚਾਲਕ ਕੇਵਲ ਖਟਕੜ ਹੈ।

ਆਓ, ਪਿੰਡ ਮੂਸਾਪੁਰ ਦੇ ਪੁਰਾਣੇ ਕਬੱਡੀ ਖਿਡਾਰੀਆਂ 'ਤੇ ਵੀ ਝਾਤ ਮਾਰ ਲਈਏ। ਸ਼ਿੰਦਾ ਪੰਡਿਤ, ਕਾਰੀ, ਦਵਿੰਦਰ ਗੋਗੀ, ਲਾਲੀ (ਸੰਨ੍ਹੀ ਦਾ ਪਿਤਾ), ਨਿੰਦਰ ਅਤੇ ਕੈਲੀਫੋਰਨੀਆ ਵਾਲਾ ਨੇਕੀ। ਨੇਕੀ ਫੁੱਟਬਾਲ, ਹਾਕੀ ਅਤੇ ਕਬੱਡੀ ਖੇਡਾਂ ਦਾ ਮਾਹਿਰ ਹੁੰਦਾ ਸੀ। ਗੀਤਕਾਰ ਅਮਰਜੀਤ ਹੈਪੀ ਵੀ ਇੱਥੋਂ ਦਾ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਮੇਰੇ ਵੱਡੇ ਵੀਰ ਗਿਆਨ ਸਿੰਘ ਨੇ ਪਿੰਡ ਮੂਸਾਪੁਰ ਦੇ ਹਾਈ ਸਕੂਲ ਵਿਚ ਅਧਿਆਪਕ ਦੇ ਤੌਰ 'ਤੇ ਕਈ ਸਾਲ ਸੇਵਾ ਨਿਭਾਈ। ਵੱਡਾ ਵੀਰ ਜਿੱਥੇ ਵੀ ਗਿਆ, ਬੱਚਿਆਂ ਨੂੰ ਹਮੇਸ਼ਾ ਗੁਰਬਾਣੀ ਅਤੇ ਖੇਡਾਂ ਨਾਲ ਜੋੜਿਆ। ਇਸ ਵਕਤ ਮੂਸਾਪੁਰ ਹਾਈ ਸਕੂਲ ਵਿਚ ਜੱਬੋਵਾਲ ਦਾ ਜਸਵੰਤ ਸਿੰਘ ਜੱਸੀ ਪੀ.ਟੀ. ਲੱਗਾ ਹੋਇਐ, ਜੋ ਇਲਾਕਾ ਨਵਾਂ ਸ਼ਹਿਰ ਦਾ ਕਬੱਡੀ ਕੋਚ ਵੀ ਹੈ।

ਛੇ ਫੁੱਟ ਇਕ ਇੰਚ, ਸਵਾ ਕੁਇੰਟਲ ਦੇ ਲਗਭਗ ਜੁੱਸੇ ਵਾਲਾ ਸੰਨ੍ਹੀ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦਾ ਲਾਡਲਾ ਸਪੂਤ ਹੈ। ਜੋ ਕਬੱਡੀ ਅੰਬਰ ਵਿਚ ਧਰੂ-ਤਾਰੇ ਵਾਂਗ ਚਮਕ ਰਿਹੈ। ਮਹਾਨ ਰੇਡਰਾਂ ਦੀ ਪਹਿਲੀ ਕਤਾਰ ਵਿਚ ਆ ਗਿਐ। ਹਰ ਪਾਸੇ ਬੱਲੇ ਬੱਲੇ।

"ਵਿਚ ਖੇਡ ਮੈਦਾਨਾਂ ਬਣਕੇ,
ਸੂਰਜ ਚੜ੍ਹਦੇ ਰਹਿਣਾ।
ਸੂਰਜੀ ਕਿਰਨਾਂ ਬਣਕੇ ਸੰਨ੍ਹੀ,
ਹਮੇਸ਼ਾ ਮਘਦੇ ਰਹਿਣਾ।"

ਕਬੱਡੀ ਦਾ ਸੁਪਰਮੈਨ ਸੰਨ੍ਹੀ ਭਾਰਤ, ਅਮਰੀਕਾ, ਇੰਗਲੈਂਡ, ਕੈਨੇਡਾ ਦੀ ਧਰਤੀ 'ਤੇ ਦਸਤਕ ਦੇ ਰਿਹੈ। ਸ਼ਿਕਾਗੋ, ਨਿਊ ਯਾਰਕ, ਸਿਆਟਲ, ਡੈਲਸ ਅਤੇ ਸਿਨਸਿਨੈਟੀ ਖੇਡ ਮੈਦਾਨਾਂ ਵਿਚ ਗਜ਼ਬ ਦੀ ਕਬੱਡੀ ਖੇਡੀ। ਇੰਗਲੈਂਡ ਦੇ ਸਾਊਥਹਾਲ ਅਤੇ ਬਰਮਿੰਘਮ ਸ਼ਹਿਰਾਂ ਵਿਚ ਖੇਡ ਦੀ ਵੱਖਰੀ ਛਾਪ ਛੱਡੀ। ਸੈਂਟਾ ਕਲਾਰਾ, ਕੈਲੀਫੋਰਨੀਆ ਇਕ ਵਾਰ ਅਤੇ ਸ਼ਿਕਾਗੋ ਤਿੰਨ ਵਾਰ ਬੈਸਟ ਰੇਡਰ ਦਾ ਖ਼ਿਤਾਬ ਜਿੱਤਿਆ। ਕਬੱਡੀ ਜਗਤ ਦੇ ਭਵਿੱਖ ਦੀ ਮਹਾਂਸ਼ਕਤੀ ਬਣਨ ਵਾਲੇ ਸੰਨ੍ਹੀ ਨੇ ਕਦੇ ਘੁਮੰਡ ਨਹੀਂ ਕੀਤਾ। ਮਾਤਾ-ਪਿਤਾ ਦਾ ਬੀਬਾ ਆਗਿਆਕਾਰ ਪੁੱਤ। ਮਾਤਾ ਪਿਤਾ ਵੀ ਖੁਸ਼ ਹਨ ਜਿਸ ਨੇ ਮੂਸਾਪੁਰ ਦਾ ਨਾਂ ਹਰ ਪਾਸੇ ਉਚਾ ਕੀਤੈ। ਵਿਰਸੇ 'ਚੋਂ ਮਿਲੀ ਖੇਡ ਦੀ ਪੂਰੀ ਲਾਜ ਰੱਖੀ। ਪਹਿਲਵਾਨ ਬਾਬਾ ਸ. ਮਹਿੰਗਾ ਸਿੰਘ ਕਾਫ਼ੀ ਤਕੜੇ ਇਨਸਾਨ ਸਨ। ਆਪਣੇ ਪੋਤੇ ਨੂੰ ਉਹ ਨਾਮੀ ਖਿਡਾਰੀ/ਪਹਿਲਵਾਨ ਵੇਖਣਾ ਚਾਹੁੰਦੇ ਸਨ। ਪਰਮਾਤਮਾ ਨੂੰ ਇਹ ਮਨਜ਼ੂਰ ਨਹੀਂ ਸੀ। ਸੰਨ੍ਹੀ ਸਾਲ ਕੁ ਦਾ ਹੋਵੇਗਾ ਜਦੋਂ ਬਾਬਾ ਜੀ ਇਸ ਸੰਸਾਰ ਤੋਂ ਤੁਰ ਗਏ।

ਪਿਛਲੇ ਸਾਲ ਹੋਏ ਵਿਸ਼ਵ ਕਬੱਡੀ ਕੱਪ ਵਿਚ ਸੰਨ੍ਹੀ ਨੂੰ ਹੀ ਨਵਾਂ ਸ਼ਹਿਰ ਇਲਾਕੇ 'ਚੋਂ ਖੇਡਣ ਦਾ ਮਾਣ ਪ੍ਰਾਪਤ ਹੋਇਆ। ਕਮਾਲ ਦੀ ਗੇਮ ਵਿਖਾਈ। ਸਾਰੇ ਅਸ਼-ਅਸ਼ ਕਰ ਉਠੇ। ਨਵੇਂ ਨਿਯਮਾਂ ਮੁਤਾਬਕ ਹਰ ਮੈਚ ਵਿਚ ਪੰਦਰਾਂ ਰੇਡਾਂ ਹਰ ਖਿਡਾਰੀ ਨੂੰ ਪਾਉਣੀਆਂ ਪਈਆਂ। ਜ਼ੋਰਾਵਰ ਗੱਭਰੂ ਸੰਨ੍ਹੀ ਨੇ ਦੋਆਬੇ ਦਾ ਮਾਣ ਵਧਾਇਆ। ਆਪਣੇ ਬਜ਼ੁਰਗਾਂ ਦੇ ਪਿੰਡ ਮੂਸਾਪੁਰ ਦੇ ਰੰਗ ਨੂੰ ਹੋਰ ਗੂੜ੍ਹਾ ਕੀਤਾ। ਪਿੰਡ ਗਏ ਦਾ ਪਿੰਡਵਾਸੀਆਂ ਨੇ ਬੜਾ ਮਾਣ-ਤਾਣ ਕੀਤਾ। ਪੈਸਿਆਂ ਨਾਲ ਮਾਲੋਮਾਲ ਕੀਤਾ।

ਹੋਣ ਵਾਲੇ ਦੋ ਕਰੋੜੀ ਵਿਸ਼ਵ ਕਬੱਡੀ ਕੱਪ ਵਿਚ ਵੀ ਮੂਸਾਪੁਰੀਆ ਸੰਨ੍ਹੀ ਹਿੱਸਾ ਲਵੇਗਾ। ਦੋਆਬੇ ਦਾ ਮਾਣ, ਖੇਡ ਮੈਦਾਨਾਂ ਦੀ ਸ਼ਾਨ ਅਤੇ ਮਾਤਾ-ਪਿਤਾ ਦੀ ਜਾਨ ਸੰਨ੍ਹੀ ਦਾ ਨਾਂ ਅੱਜ ਹਰ ਕਬੱਡੀ ਪ੍ਰੇਮੀ ਦੀ ਜ਼ੁਬਾਨ 'ਤੇ ਹੈ:

"ਸੌਖੀ ਨਹੀਂ ਖੇਡਣੀ ਕਬੱਡੀ,
ਖ਼ਤਰਾ ਰਹਿੰਦੈ ਹਰਦਮ ਸੱਟਾਂ ਰਗੜਾਂ ਦਾ।
ਵਿਚ ਮੈਦਾਨਾਂ ਨੰਗੇ ਪੈਰੀਂ ਦੌੜਦੇ,
ਪਰਵਾਹ ਨਾ ਕਰਦੇ ਰੋੜਿਆਂ ਪੱਥਰਾਂ ਦਾ।
ਧੱਕੜ ਧਾਵੀ ਸੰਨ੍ਹੀ ਜਹੇ,
ਮੂੰਹ ਮੋੜਦੇ 'ਨ੍ਹੇਰੀਆਂ ਝੱਖੜਾਂ ਦਾ।
ਖੇਡ ਜਗਤ ਵਿਚ ਲਿਖਣ ਦਾ 'ਜੱਬੋਵਾਲੀਆ'
ਮਾਣ ਖੱਟ ਲੈ, ਕਲਮੀਂ ਖੇਡਾਂ ਪਕੜਾਂ ਦਾ।"

#



ਸੰਨ੍ਹੀ ਕੰਦੋਲਾ ਰੇਡ ਪਾਉਣ ਲਈ ਜਾਂਦਾ ਹੋਇਆ



ਲਾਲੀ ਕੰਦੋਲਾ ਅਤੇ ਸੁਖਜਿੰਦਰ ਕੌਰ ਕੰਦੋਲਾ

# HINDU TEMPLE & COMMUNITY CENTER

(420-450) Persian Dr, Sunnyvale, CA – 94089 • (Non Profit Tax Exempt Organization)



with India Cultural Association, Bay area Prabasi Association, Kannada Koota of Northern California, Hindu Swayam Sevak Sangh, Indo-American Society of Bay area, Vishva Hindu Parishad of America, Bharti Tamil Sangam, Silicon Andhra, Sath Punjabi, Uttar Pradesh Association of North America, Bay Area Telugu Association, Gayatri Pariwar and Sai Center of San Jose



## Join Together To Celebrate Festival of Colors

# HOLI

*Come Join the Fun, Frolic & Festivities*

## FRI. MAR 18 and SAT. MAR 19, 2011

## at Hindu Temple & Community Center

## 450 Persian Drive, Sunnyvale, CA 94089

**Donation: $5 per person (Child under 5 Free)**

(Includes: Color, Food, Dandias & Cultural Program)

**Absolutely NO WET COLORS OR WATER GUNS**

(Strict Security will be enforced)

For Cultural Program Participation, please visit our website

**www.sunnyvaletemple.org**

Free Parking at NetApp (1305 Crossman Ave, Sunnyvale)

Free Shuttle Services (visit website for details)

**PROGRAM:**

**Friday, March 18th**

7:30pm -8pm Holika Dahan

**Saturday, March 19**

11am - 1:30pm Rang & Raas

1:30pm - 2:30pm Lunch

3:00pm - 5:30pm Cultural Program

**All net proceeds will be donated to "Ekal Vidyalay"**

For cultural program:

Sheetal Singhal at www.sheetalsinghal@yahoo.com 408-921-6499

Sangeeta Mehra at www.sangeetamehra@hotmail.com 408-446-2299

For forther information, please contact:

Naranji Patel........408-997-6452
Raj Bhanot........408-687-1955
Anil Sood........408-720-1944
Sanjay Agarwal........408- 802-3007
Surajit Sengupta........408-509-7203
Balwant Birla........510-487-3986
Hitesh Patel........408-274-5229
Thakor Desai........408-997-2964
Bodh Saini........408-258-7926
Khanderao Kand........408-737-7932
Ram Agarwal........408-285-5303
Chandru Bhambhra........510-299-0906
Babli Patel........408-848-1534
Surinder Chopra........408-623-6266
Jaksi Bharwad........650-868-3135
Mohinder Sethi........650-813-1053
Deepak Biala........408-515-0166
Sandeep Panwala........408-782-7872
Pradeep Banerjee........408-209-8934
Subrata Dey........510-656-5935
Indira Chaterjee........408-836-1202
Raghveandra........732-766-8470
Vinod Keremeane........650-888-5587
Ashwin Patel........408-666-7159
Indu Patel........408-258-8084
Yogesh Patel........408-457-9181
Vijaya Aasuri........510-421-3535
Prasad Mangina........408-499-6530
Archana Panda........408-307-6645
Pankaj Ansal........408-515-3178
Anand Bandi........408-835-3756
I.K. Reddy........408-761-7224
Ashwani Bhakhri........650-583-7677
Satnam Satti........408-726-1053
Ramesh Sharma........408-499-1643
Nimit Thaker........408 244 3960



# ਹਰਿਮੰਦਰ ਸਾਹਿਬ ਦਾ ਚੌਗਿਰਦਾ ਪ੍ਰਦੂਸ਼ਣ ਦੇ ਅਸਰ ਹੇਠ

- ਸੋਨੇ ਦਾ ਰੰਗ ਲਾਲ ਤੇ ਪੱਥਰ ਦਾ ਰੰਗ ਪੀਲਾ ਪੈਣਾ ਸ਼ੁਰੂ
- ਹਾਈਕੋਰਟ ਵੱਲੋਂ ਸਰਕਾਰ ਨੂੰ ਨੋਟਿਸ
- ਪ੍ਰਦੂਸ਼ਣ ਕੰਟਰੋਲ ਬੋਰਡ ਨੇ ਉਲੀਕੀ ਯੋਜਨਾ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਹਰਿਮੰਦਰ ਸਾਹਿਬ ਤੇ ਇਸ ਦਾ ਚੌਗਿਰਦਾ ਵਧ ਰਹੇ ਪ੍ਰਦੂਸ਼ਨ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ ਤੇ ਸਿ ਸਬੰਧੀ ਕੋਈ ਪੁਖਤਾ ਯੋਜਨਾ ਬਣਾਉਣ ਲਈ ਚਾਰਾਜੋਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਖੇਤਰ ਵਿਚ ਵੱਡੀ ਗਿਣਤੀ ਵਿਚ ਬਣੇ ਹੋਏ ਹੋਟਲਾਂ 'ਚ ਡੀਜ਼ਲ ਨਾਲ ਚੱਲਣ ਵਾਲੇ ਜਨਰੇਟਰ, ਆਲੇ-ਦੁਆਲੇ ਚੱਲਣ ਵਾਲੇ ਵਾਹਨਾਂ ਦਾ ਧੂੰਆਂ ਤੇ ਖਾਸ ਕਰਕੇ ਥ੍ਰੀ-ਵੀਲਰ ਵਿਚ ਵਰਤਿਆ ਜਾਂਦਾ ਪ੍ਰਦੂਸ਼ਿਤ ਤੇਲ, ਨੇੜੇ ਬਣ ਰਹੇ ਐਲੀਵੇਟਿਡ ਰੋਡ ਦੀ ਉਸਾਰੀ ਦਾ ਕੰਮ, ਸ੍ਰੀ ਹਰਿਮੰਦਰ ਸਾਹਿਬ ਵਿਚ ਵੱਖ-ਵੱਖ ਗੁਰਪੁਰਬਾਂ ਸਮੇਂ ਚਲਾਈ ਜਾਂਦੀ ਆਤਿਸ਼ਬਾਜ਼ੀ ਤੇ ਲੰਗਰ ਘਰ ਵਿਚ ਬਾਲਣ ਵਜੋਂ ਵਰਤੀ ਜਾਂਦੀ ਲੱਕੜ ਦੇ ਧੂੰਏਂ ਕਾਰਨ ਪ੍ਰਦੂਸ਼ਣ ਪੈਦਾ ਹੋ ਰਿਹਾ ਹੈ। ਇਸ ਪ੍ਰਦੂਸ਼ਣ ਕਾਰਨ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲੱਗਾ ਸੋਨਾ ਤੇ ਸੰਗਮਰਮਰ ਦਾ ਪੱਥਰ ਪ੍ਰਭਾਵਿਤ ਹੋ ਰਿਹਾ ਹੈ। ਇਸੇ ਕਾਰਨ ਸੋਨੇ ਦਾ ਸੁਨਿਹਰੀ ਰੰਗ ਲਾਲ ਹੋ ਰਿਹਾ ਤੇ ਪੱਥਰ ਦਾ ਰੰਗ ਪੀਲਾ ਹੋ ਰਿਹਾ ਹੈ। ਇਸ ਤੋਂ ਪਹਿਲਾਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਕੀਤੇ ਅਧਿਐਨ ਦੌਰਾਨ ਪਤਾ ਲੱਗਾ ਸੀ ਕਿ ਇਥੇ ਆਲੇ-ਦੁਆਲੇ ਨਾਈਟ੍ਰੋਟ ਆਕਸਾਈਡ ਤੇ ਸਲਫਰ ਅਕਸਾਈਡ ਖ਼ਤਰਨਾਕ ਗੈਸਾਂ ਚੌਗਿਰਦੇ ਵਿਚ ਹਨ।

ਉਧਰ ਕੁਝ ਦਿਨ ਪਹਿਲਾਂ ਹੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਕੋਲ ਅਰਜ਼ੀ ਪੁੱਜੀ ਹੈ ਜਿਸ ਵਿਚ ਇਥੇ ਹਵਾ ਪ੍ਰਦੂਸ਼ਣ ਨਾਲ ਸ੍ਰੀ ਹਰਿਮੰਦਰ ਸਾਹਿਬ ਨੂੰ ਨੁਕਸਾਨ ਪੁੱਜਣ ਦਾ ਦੋਸ਼ ਲਾਇਆ ਗਿਆ ਹੈ। ਗੁਰਨਾਮ ਸਿੰਘ ਨਾਂ ਦੇ ਵਿਅਕਤੀ ਵੱਲੋਂ ਦਾਇਰ ਅਰਜ਼ੀ ਦੇ ਆਧਾਰ 'ਤੇ ਉੱਚ ਅਦਾਲਤ ਨੇ ਪੰਜਾਬ ਸਰਕਾਰ ਨੂੰ ਨੋਟਿਸ ਭੇਜਿਆ ਹੈ। ਇਸ ਅਪੀਲ ਤੋਂ ਬਾਅਦ ਇਸ ਰੂਹਾਨੀ ਸਥਾਨ ਨੂੰ ਪ੍ਰਦੂਸ਼ਣ ਦੀ ਮਾਰ ਤੋਂ ਬਚਾਉਣ ਲਈ ਮੁੜ ਚਰਚਾ ਸ਼ੁਰੂ ਹੋ ਗਈ ਹੈ। ਇਸ ਦੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਨੂੰ ਪ੍ਰਦੂਸ਼ਣ-ਮੁਕਤ ਖੇਤਰ ਬਣਾਉਣ ਲਈ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸਹਿਯੋਗ ਨਾ ਵਿਸ਼ੇਸ਼ ਕਾਰਜ ਯੋਜਨਾ ਉਲੀਕੀ ਜਾਵੇਗੀ ਜਿਸ ਬਾਰੇ ਫਿਲਹਾਲ ਵੱਖ-ਵੱਖ ਦ੍ਰਿਸ਼ਟੀਕੋਣ ਤੋਂ ਅਧਿਐਨ ਕਾਰਜ ਜਾਰੀ ਹੈ।



ਇਸ ਬਾਰੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਕੁਲਦੀਪ ਸਿੰਘ ਦਾ ਕਹਿਣਾ ਹੈ ਕਿ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਇਸ ਖਿੱਤੇ ਨੂੰ ਪ੍ਰਦੂਸ਼ਣ-ਮੁਕਤ ਬਣਾਉਣ ਲਈ ਯਤਨ ਆਰੰਭੇ ਗਏ ਹਨ। ਇਸ ਬਾਰੇ ਸੂਬਾਈ ਬੋਰਡ ਵੱਲੋਂ ਅਧਿਐਨ ਕੀਤਾ ਜਾ ਰਿਹਾ ਹੈ। ਦਸੰਬਰ ਮਹੀਨੇ 'ਚ ਆਰੰਭ ਹੋਏ ਇਸ ਅਧਿਐਨ ਦਾ ਕਾਰਜ ਦੋ ਜਾਂ ਤਿੰਨ ਮਹੀਨੇ ਹੋਰ ਚਲੇਗਾ। ਇਸ ਤੋਂ ਬਾਅਦ ਇਕ ਵਿਸਥਾਰਤ ਕਾਰਜ ਯੋਜਨਾ ਉਲੀਕੀ ਜਾਵੇਗੀ। ਇਸ ਅਧਿਐਨ ਦੌਰਾਨ ਇਹ ਪਤਾ ਲਾਇਆ ਜਾ ਰਿਹਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਵੱਡੀ ਗਿਣਤੀ 'ਚ ਸਥਾਪਤ ਸੁਨਿਆਰਿਆਂ ਵੱਲੋਂ ਸੋਨੇ ਨੂੰ ਢਾਲਣ ਸਮੇਂ ਪੈਦਾ ਹੁੰਦੀਆਂ ਗੈਸਾਂ ਦਾ ਕੀ ਪ੍ਰਭਾਵ ਹੈ ਤੇ ਇਥੇ ਨੇੜੇ ਬਣੇ ਹੋਟਲਾਂ ਦੀਆਂ ਰਸੋਈਆਂ, ਜਨਰੇਟਰਾਂ, ਪਾਰਕਿੰਗ ਨਾਲ ਕਿੰਨਾ ਪ੍ਰਦੂਸ਼ਣ ਹੋ ਰਿਹਾ ਹੈ। ਇਥੇ ਆਲੇ-ਦੁਆਲੇ ਰੋਜ਼ ਕਿੰਨੇ ਵਾਹਨ ਚੱਲਦੇ ਹਨ ਤੇ ਵਾਹਨਾਂ ਤੋਂ ਪੈਦਾ ਹੋਣ ਵਾਲੇ ਧੂੰਏਂ ਦੀ ਕਿੰਨੀ ਮਾਤਰਾ ਹੈ ਤੇ ਇਸ ਦਾ ਕੀ ਪ੍ਰਭਾਵ ਪੈ ਰਿਹਾ ਹੈ ਇਸੇ ਤਰ੍ਹਾਂ ਆਲੇ-ਦੁਆਲੇ ਦੇ ਲੋਕਾਂ ਵੱਲੋਂ ਕਿਸ ਤਰ੍ਹਾਂ ਦਾ ਪ੍ਰਦੂਸ਼ਣ ਫੈਲਾਇਆ ਜਾ ਰਿਹਾ ਹੈ, ਇਥੇ ਰੋਜ਼ਾਨਾ ਕਿੰਨੇ ਸ਼ਰਧਾਲੂ ਆ ਰਹੇ ਹਨ ਤੇ ਉਨ੍ਹਾਂ ਦੀ ਆਮਦ ਨਾਲ ਕਿਸ ਤਰ੍ਹਾਂ ਦਾ ਪ੍ਰਦੂਸ਼ਣ ਹੁੰਦਾ ਹੈ। ਇਸ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੀਆਂ ਇਮਾਰਤਾਂ ਦੀ ਛੱਤ 'ਤੇ ਇਕ 'ਹਾਈ ਵੋਲਿਊਮ ਸੈਂਪਲਰ' ਮਸ਼ੀਨ ਸਥਾਪਿਤ ਕੀਤੀ ਗਈ ਹੈ ਜੋ ਇਹ ਪਤਾ ਲਾ ਰਹੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ ਇਕ ਕਿਲੋਮੀਟਰ ਦੇ ਘੇਰੇ ਵਿਚ ਕਿੰਨੀਆਂ ਤੇ ਕਿਹੜੀਆਂ ਗੈਸਾਂ ਚੌਗਿਰਦੇ ਵਿਚ ਹਨ। ਇਨ੍ਹਾਂ ਗੈਸਾਂ ਦੀ ਮਾਤਰਾ ਕਿੰਨੀ ਹੈ ਤੇ ਇਹ ਇਥੇ ਕੀ ਪ੍ਰਭਾਵ ਪਾ ਰਹੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਹ ਕਾਰਜ ਯੋਜਨਾ ਅਜਿਹੀ ਹੋਵੇਗੀ ਜੋ ਇਥੇ ਨੇੜੇ ਰਹਿੰਦੇ ਲੋਕਾਂ ਤੇ ਵਪਾਰੀਆਂ ਨੂੰ ਵੀ ਪ੍ਰਵਾਨ ਹੋਵੇਗੀ। ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਖੇਤਰ ਨੂੰ ਵਾਹਨਾਂ ਦੀ ਆਵਾਜਾਈ ਕਾਰਨ ਪੈਦਾ ਹੋਣ ਵਾਲੇ ਪ੍ਰਦੂਸ਼ਣ ਤੋਂ ਬਚਾਉਣ ਲਈ ਇਸ ਰਸਤੇ ਨੂੰ ਪੈਦਲ ਜ਼ੋਨ ਬਣਾਇਆ ਗਿਆ ਸੀ ਪਰ ਲੋਕਾਂ ਦੇ ਕਰੜੇ ਵਿਰੋਧ ਕਾਰਨ ਇਹ ਯੋਜਨਾ ਵਿਚਾਲੇ ਰਹਿ ਗਈ।

ਡਿਪਟੀ ਕਮਿਸ਼ਨਰ ਸ੍ਰੀ ਕੇ.ਐਸ. ਪੰਨੂ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪਹਿਲਾਂ ਕੀਤੇ ਗਏ ਅਧਿਐਨ ਤੋਂ ਬਾਅਦ ਪ੍ਰਦੂਸ਼ਣ ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਗਏ ਸਨ ਜਿਸ ਤਹਿਤ ਆਲੇ-ਦੁਆਲੇ ਕੰਮ ਕਰਦੇ ਸੁਨਿਆਰਿਆਂ ਵੱਲੋਂ ਵਰਤੀ ਜਾਂਦੀ ਕੋਲੇ ਦੀ ਭੱਠੀ ਨੂੰ ਬੰਦ ਕਰਵਾਇਆ ਗਿਆ ਹੈ। ਇਸ ਦੀ ਥਾਂ ਹੁਣ ਸੁਨਿਆਰਿਆਂ ਵੱਲੋਂ ਗੈਸ ਦੀ ਭੱਠੀ ਦੀ ਵਰਤੋਂ ਕੀਤੀ ਜਾ ਰਹੀ ਹੈ, ਵਾਹਨਾਂ ਦੇ ਧੂੰਏਂ ਤੋਂ ਪੈਦਾ ਹੁੰਦੇ ਪ੍ਰਦੂਸ਼ਣ ਨੂੰ ਰੋਕਣ ਲਈ ਇਸ ਖੇਤਰ ਨੂੰ ਪੈਦਲ ਜ਼ੋਨ ਬਣਾਇਆ ਗਿਆ ਸੀ। ਇਸੇ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਗਲਿਆਰੇ ਵਿਚ ਵੱਡੀ ਗਿਣਤੀ ਵਿਚ ਦਰਖ਼ਤ ਲਾਏ ਗਏ ਹਨ ਤਾਂ ਜੋ ਪ੍ਰਦੂਸ਼ਣ ਨੂੰ ਰੋਕਿਆ ਜਾ ਸਕੇ। ਉਨ੍ਹਾਂ ਦਾਅਵਾ ਕੀਤਾ ਕਿ ਇਸ ਕਾਰਵਾਈ ਨਾਲ ਪ੍ਰਦੂਸ਼ਣ ਦੀ ਮਾਤਰਾ ਵਿਚ ਕਾਫੀ ਕਮੀ ਆਈ ਸੀ।

# ਹੋਂਦ ਕਾਂਡ ਜੱਗ ਜ਼ਾਹਿਰ ਕਰਨ ਵਾਲੇ ਦੀ ਨੌਕਰੀ ਨੂੰ ਖ਼ਤਰਾ

**ਚੰਡੀਗੜ੍ਹ:** ਹਰਿਆਣਾ ਦੇ ਪਿੰਡ ਹੋਂਦ ਚਿੱਲੜ ਵਿਚ 26 ਸਾਲ ਪਹਿਲਾਂ ਸਿੱਖ ਕਤਲੇਆਮ ਦੀ ਘਟਨਾ ਨੂੰ ਜੱਗ ਜ਼ਾਹਿਰ ਕਰਨ ਵਾਲੇ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰ ਨਾਲ ਸ਼ਰੇਆਮ ਧੱਕਾ ਕੀਤਾ ਜਾ ਰਿਹਾ ਹੈ। ਗੁੜਗਾਉਂ ਦੀ ਨਿੱਜੀ ਕੰਪਨੀ ਵਿਚ ਤਕਨੀਕੀ ਮੈਨੇਜਰ ਦੇ ਤੌਰ 'ਤੇ ਕੰਮ ਕਰ ਰਹੇ ਮਨਵਿੰਦਰ ਸਿੰਘ ਦਾ ਕਹਿਣਾ ਹੈ ਕਿ ਕੰਪਨੀ ਦੇ ਪ੍ਰਬੰਧਕਾਂ ਨੇ ਉਸ ਨੂੰ ਬੁਲਾ ਕੇ ਕਹਿ ਦਿੱਤਾ ਹੈ ਕਿ ਤੁਸੀਂ ਕਿਤੇ ਹੋਰ ਨੌਕਰੀ ਦਾ ਪ੍ਰਬੰਧ ਕਰ ਲਓ ਤੇ ਗੁੜਗਾਉਂ ਛੱਡ ਜਾਓ। ਕੰਪਨੀ ਵਾਲਿਆਂ ਦਾ ਕਹਿਣਾ ਹੈ ਕਿ ਉਹ ਉਸ ਨੂੰ ਇਕ ਸ਼ੁਭਚਿੰਤਕ ਦੇ ਤੌਰ 'ਤੇ ਇਹ ਸਲਾਹ ਦੇ ਰਹੇ ਹਨ।



ਸ. ਮਨਵਿੰਦਰ ਸਿੰਘ ਨੇ ਕਿਹਾ ਕਿ ਉਹ ਪਿਛਲੇ ਪੰਜ ਸਾਲਾਂ ਤੋਂ ਇਸ ਕੰਪਨੀ 'ਚ ਕੰਮ ਕਰ ਰਿਹਾ ਹੈ ਤੇ 10 ਦਿਨਾਂ ਦੀ ਛੁੱਟੀ ਲੈ ਕੇ ਹੋਂਦ ਚਿੱਲੜ ਘਟਨਾ ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇਸ ਪਿੰਡ ਵਿਚ ਕਰਵਾਏ ਸਮਾਗਮ ਦੀ ਤਿਆਰੀ ਵਿਚ ਮਸਰੂਫ਼ ਰਿਹਾ ਸੀ ਤੇ ਜਦੋਂ ਉਹ ਛੁੱਟੀ ਖ਼ਤਮ ਹੋਣ 'ਤੇ ਵਾਪਸ ਡਿਊਟੀ 'ਤੇ ਆਇਆ ਤਾਂ ਪ੍ਰਬੰਧਕਾਂ ਵੱਲੋਂ ਜ਼ਬਾਨੀ ਤੌਰ 'ਤੇ ਇਹ ਕਹਿ ਦਿੱਤਾ ਗਿਆ ਕਿ ਕਿਤੇ ਹੋਰ ਆਪਣੀ ਨੌਕਰੀ ਦਾ ਪ੍ਰਬੰਧ ਕਰ ਲਓ ਕਿਉਂਕਿ ਤੁਸੀਂ ਜਿਨ੍ਹਾਂ ਸਰਗਰਮੀਆਂ ਵਿਚ ਮਸਰੂਫ਼ ਹੋ ਉਹ ਠੀਕ ਨਹੀਂ। ਉਸ ਨੇ ਦੱਸਿਆ ਕਿ ਉਸ ਨੂੰ ਨੌਕਰੀ ਤੋਂ ਅਸਤੀਫ਼ਾ ਦੇਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਦੱਸਣਯੋਗ ਹੈ ਕਿ ਇੰਜ: ਮਨਵਿੰਦਰ ਸਿੰਘ ਇਕ ਖ਼ੋਜੀ ਬੁੱਧੀਜੀਵੀ ਦੇ ਤੌਰ 'ਤੇ ਪ੍ਰਸਿੱਧ ਹਨ ਤੇ ਉਨ੍ਹਾਂ ਦੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਵਿਚ ਮਕਾਨ 'ਤੇ ਕੁਝ ਦਿਨ ਪਹਿਲਾਂ ਹੀ ਸ਼ਰਾਰਤੀ ਲੋਕਾਂ ਨੇ ਹਮਲਾ ਕਰ ਦਿੱਤਾ ਸੀ ਪਰ ਇਸ ਸਬੰਧੀ ਪੰਜਾਬ ਪੁਲਿਸ ਨੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ। ਇਸ ਦੌਰਾਨ ਪਤਾ ਲੱਗਾ ਹੈ ਕਿ ਗੁੜਗਾਉਂ ਦੀਆਂ ਸਿੱਖ ਜਥੇਬੰਦੀਆਂ, ਸਿੰਘ ਸਭਾਵਾਂ ਤੇ ਪੰਜਾਬੀ ਪ੍ਰੇਮੀਆਂ 'ਤੇ ਇਨਸਾਨੀਅਤ ਨਾਲ ਪਿਆਰ ਕਰਨ ਵਾਲੇ ਸੰਗਠਨਾਂ ਨੇ ਸ. ਮਨਵਿੰਦਰ ਸਿੰਘ ਨਾਲ ਕੀਤੇ ਜਾ ਰਹੇ ਇਸ ਦੁਰਵਿਵਹਾਰ ਦਾ ਗੰਭੀਰ ਨੋਟਿਸ ਲਿਆ ਹੈ।

## ਸਰਨਾ ਵੱਲੋਂ ਸਿੱਖਾਂ ਦੀ ਕਾਲੀ ਸੂਚੀ ਖ਼ਤਮ ਕਰਵਾਉਣ ਦਾ ਭਰੋਸਾ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਾਲੀ ਸੂਚੀ ਦੇ ਮਾਮਲੇ 'ਤੇ ਪੰਜਾਬ ਸਰਕਾਰ ਦੀ ਆਲੋਚਨਾ ਕਰਦੇ ਹੋਏ ਕਿਹਾ ਹੈ ਕਿ ਸਰਕਾਰ ਇਸ ਮਸਲੇ 'ਚ ਢਿਲਮੱਠ ਵਰਤ ਰਹੀ ਹੈ ਜਿਸ ਕਾਰਨ ਇਹ ਮਸਲਾ ਚਿਰਾਂ ਤੋਂ ਲਟਕਦਾ ਆ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਸਿੱਖਾਂ ਨਾਲ ਸਬੰਧਤ ਕਾਲੀ ਸੂਚੀ ਜਲਦੀ ਹੀ ਖ਼ਤਮ ਹੋਣ ਦੇ ਆਸਾਰ ਹਨ।

ਸ੍ਰੀ ਸਰਨਾ ਨੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਪਰਵਾਸੀ ਸਿੱਖਾਂ ਦੀ ਕਾਲੀ ਸੂਚੀ ਖ਼ਤਮ ਕਰਨ ਲਈ ਸਹਿਮਤ ਹਨ ਪਰ ਸਾਰੀ ਹੀ ਸੂਚੀ ਖ਼ਤਮ ਕਰਨ ਤੋਂ ਅਸਮਰਥ ਹਨ। ਉਨ੍ਹਾਂ ਕਿਹਾ ਕਿ ਜੇਕਰ ਪਰਵਾਸੀ ਸਿੱਖ ਆਪਣੇ ਕਾਰੋਬਾਰ, ਆਮਦਨ ਕਰ ਟੈਕਸ ਦੇ ਵੇਰਵੇ ਤੇ ਜਾਇਦਾਦ ਦੇ ਸਬੂਤ ਦੇਣ ਤਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਉਨ੍ਹਾਂ ਦੀ ਗਾਰੰਟੀ ਦੇਵੇਗੀ। ਇਸ ਮੌਕੇ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਾਲੀ ਸੂਚੀ ਖ਼ਤਮ ਕਰਨ ਪ੍ਰਤੀ ਗੰਭੀਰਤਾ ਨਹੀਂ ਦਿਖਾਈ ਜਾ ਰਹੀ। ਭਜਨ ਸਿੰਘ ਵਾਲੀਆ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲਾ ਆਪਣੇ ਪੱਧਰ 'ਤੇ ਹੀ ਕਾਲੀ ਸੂਚੀ ਖ਼ਤਮ ਕਰਨ ਦੇ ਯੋਗ ਹੈ।

# 'ਖੇਤੀ ਦਾ ਹਰੀ ਕ੍ਰਾਂਤੀ ਮਾਡਲ ਸਿਆਸਤ ਤੋਂ ਪ੍ਰੇਰਿਤ'

**ਲੁਧਿਆਣਾ:** ਆਕਸਫੋਰਡ ਬਰੁਕਸ ਯੂਨੀਵਰਸਿਟੀ ਦੇ ਪੰਜਾਬੀ ਅਰਥ ਸ਼ਾਸਤਰੀ ਡਾ. ਪ੍ਰੀਤਮ ਸਿੰਘ ਨੇ ਪੰਜਾਬ ਵਿਚ ਪੇਸ਼ ਕੀਤੇ ਗਏ ਖੇਤੀ ਦੇ ਹਰੀ ਕ੍ਰਾਂਤੀ ਮਾਡਲ ਨੂੰ ਪੂਰੀ ਤਰ੍ਹਾਂ ਕੇਂਦਰ ਸਰਕਾਰ ਦੀ ਰਾਜਨੀਤਕ ਸੋਚ ਦਾ ਸਿੱਟਾ ਕਰਾਰ ਦਿੰਦਿਆਂ ਕਿਹਾ ਹੈ ਕਿ ਰਾਜਨੀਤਕ ਸੋਚ ਦੇ ਇਸ ਮਾਡਲ ਦੀ ਬਦੌਲਤ ਹੀ ਪੰਜਾਬ ਦੀ ਖੇਤੀ ਆਰਥਿਕਤਾ ਇਸ ਹਲਾਤਾ 'ਚ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਆਗੂਆਂ ਨੇ ਸੂਬੇ 'ਚ ਸਿਆਸੀ ਸਥਿਰਤਾ ਕਾਇਮ ਕਰਨ ਲਈ ਪੰਜਾਬ ਨੂੰ ਖੇਤੀ ਦਾ ਇਹ ਮਾਡਲ ਦਿੱਤਾ। ਉਨ੍ਹਾਂ ਕਿਹਾ ਕਿ ਜੇ ਇਹ ਮਾਡਲ ਸੂਬੇ ਦੇ ਕਿਸਾਨਾਂ ਦੇ ਅਰਥਚਾਰੇ ਨੂੰ ਸੁਧਾਰਨ ਦੇ ਇਰਾਦੇ ਨਾਲ ਦਿੱਤਾ ਹੁੰਦਾ ਤਾਂ ਫਿਰ ਹੁਣ ਤੱਕ ਸੂਬੇ ਵਿਚ ਖੇਤੀ ਆਧਾਰਤ ਸਨਅਤ ਕਿਉਂ ਨਹੀਂ ਸਥਾਪਿਤ ਹੋਈ।

ਡਾ.ਪ੍ਰੀਤਮ ਸਿੰਘ ਨੇ 10 ਮਾਰਚ ਨੂੰ ਪੀ.ਏ.ਯੂ. ਲੁਧਿਆਣਾ ਦੇ ਬੇਸਿਕ ਸਾਇੰਸ ਕਾਲਜ 'ਚ ਖੇਤੀ ਅਰਥ ਸ਼ਾਸਤਰੀਆਂ ਦੇ ਸਨਮੁੱਖ ਹੁੰਦੇ ਹੋਏ ਕਿਹਾ ਕਿ ਪੰਜਾਬ ਦਾ ਕਿਸਾਨ ਦੁਨੀਆ ਦੇ ਸਰਵੋਤਮ ਕਿਸਾਨਾਂ ਨਾਲ ਮੁਕਾਬਲਾ ਕਰਦਾ ਹੈ ਪਰ ਜਾਗਰੂਕਤਾ ਪੱਖੋਂ ਅਸੀਂ ਮਾਰ ਖਾ ਜਾਂਦੇ ਹਾਂ ਤੇ ਹੁਣ ਮੁਢਲੀ ਲੋੜ ਉਨ੍ਹਾਂ ਨੂੰ ਵਾਤਾਵਰਣ ਤੇ ਤਬਦੀਲੀਆਂ ਪ੍ਰਤੀ ਸਿਖਿਅਤ ਕਰਨ ਦੀ ਹੈ। ਉਨ੍ਹਾਂ ਕਿਹਾ ਕਿ ਆਗੂਆਂ ਨੂੰ ਹੁਣ ਸੋਚ ਦੀ ਤਬਦੀਲੀ ਦੀ ਲੋੜ ਹੈ ਤੇ ਸਰਕਾਰਾਂ ਨੂੰ ਜਾਗਰੂਕਤਾ ਵਧਾਉਣ ਤੇ ਸੂਬੇ ਦੀ ਆਰਥਿਕਤਾ ਤੇ ਸੋਚ ਕੇਂਦਰਿਤ ਕਰਨ ਦੀ ਲੋੜ ਹੈ।

ਭਾਰਤੀ ਦੀ ਖੇਤੀ ਸਥਿਰਤਾ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਆਖਿਆ ਕਿ ਪੰਜਾਬ ਦੇ ਕਿਸਾਨ ਹਮੇਸ਼ਾਂ ਕੁੱਲ ਘਰੇਲੂ ਉਤਪਾਦਨ ਵਿਚ ਯੋਗਦਾਨ ਪਾਉਂਦੇ ਹਨ ਪਰ ਤਾਂ ਵੀ ਖੇਤੀਬਾੜੀ ਦਾ ਵਿਕਾਸ ਸਨਅਤੀ ਵਿਕਾਸ ਦੇ ਮੁਕਾਬਲੇ ਨਾ ਮਾਤਰ ਹੀ ਹੈ। ਖੇਤੀਬਾੜੀ ਤੇ ਵਾਤਾਵਰਣ ਪ੍ਰਤੀ ਆਮ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਦੇ ਮੁੱਦੇ ਤੇ ਉਨ੍ਹਾਂ ਦਾ ਕਹਿਣਾ ਸੀ ਕਿ ਜੇ ਹਵਾ ਪ੍ਰਦੂਸ਼ਿਤ ਹੁੰਦੀ ਹੈ ਤਾਂ ਇਸ ਦਾ ਸਿੱਧਾ ਅਸਰ ਖੇਤੀ ਪੈਦਾਵਾਰ 'ਤੇ ਪਵੇਗਾ। ਇਸ ਲਈ ਕਿਸਾਨਾਂ ਨੂੰ ਵੀ ਸੁਚੇਤ ਹੋਣ ਦੀ ਲੋੜ ਹੈ।

ਦੱਸਣਯੋਗ ਹੈ ਕਿ ਡਾ.ਪ੍ਰੀਤਮ ਸਿੰਘ ਦਿੱਲੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ ਤੇ ਸਟੈਨਫੋਰਡ ਯੂਨੀਵਰਸਿਟੀ ਵਿਚ ਵੀ ਪੜ੍ਹਾਉਂਦੇ ਰਹੇ ਹਨ ਤੇ ਪਿਛਲੇ 22 ਸਾਲ ਤੋਂ ਉਹ ਆਕਸਫੋਰਡ ਯੂਨੀਵਰਸਿਟੀ ਵਿਚ ਪੜ੍ਹਾ ਰਹੇ ਹਨ। ਉਹ ਸਾਲ 2001 'ਚ ਆਕਸਫੋਰਡ ਪੂਰਬੀ ਪਰਾਲੀਮਾਨੀ ਹਲਕੇ ਤੋਂ ਗ੍ਰੀਨ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਵੀ ਲੜ ਚੁੱਕੇ ਹਨ।

## ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਵੱਲੋਂ ਗੁਰੂ ਦੀ ਗੋਲਕ ਦੀ ਮਾਇਆ ਚੋਰੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਗੋਲਕ ਦੀ ਮਾਇਆ ਗਿਣਦਿਆਂ ਹੇਰਾਫੇਰੀ ਕਰਨ ਦੇ ਦੋਸ਼ ਹੇਠ ਸ਼੍ਰੋਮਣੀ ਕਮੇਟੀ ਦੇ ਦੋ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਇਸ ਦੀ ਪੁਸ਼ਟੀ ਕਰਦਿਆਂ ਪ੍ਰਧਾਨ ਦੇ ਨਿੱਜੀ ਸਹਾਇਕ ਮਨਜੀਤ ਸਿੰਘ ਨੇ ਦੱਸਿਆ ਕਿ ਜਥੇਦਾਰ ਅਵਤਾਰ ਸਿੰਘ ਦੇ ਆਦੇਸ਼ਾਂ ਅਨੁਸਾਰ ਇਸ ਦੋਸ਼ ਹੇਠ ਗੁਰਦੇਵ ਸਿੰਘ ਤੇ ਕਸ਼ਮੀਰ ਸਿੰਘ ਨੂੰ ਮੁਅੱਤਲ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਦੀ 12 ਮਾਰਚ ਨੂੰ ਗੋਲਕ ਦੀ ਗਿਣਤੀ ਦੀ ਡਿਊਟੀ ਸੀ। ਸ਼ੱਕ ਪੈਣ 'ਤੇ ਜਦੋਂ ਇਨ੍ਹਾਂ ਦੀ ਤਲਾਸ਼ੀ ਲਈ ਗਈ ਤਾਂ ਇਕ ਕੋਲੋਂ ਦੋ ਹਜ਼ਾਰ ਰੁਪਏ ਤੇ ਦੂਜੇ ਕੋਲੋਂ 600 ਰੁਪਏ ਗੋਲਕ ਦੇ ਬਰਾਮਦ ਹੋਏ। ਦੋਵਾਂ ਨੂੰ ਹੇਰਾਫੇਰੀ ਕਰਨ ਦੇ ਦੋਸ਼ ਹੇਠ ਮੁਅੱਤਲ ਕੀਤਾ ਗਿਆ ਹੈ।

# ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦਗਾਰ ਠੰਢੇ ਬਸਤੇ 'ਚ

**ਅੰਮ੍ਰਿਤਸਰ:** ਹਰਿਆਣਾ ਦੇ ਪਿੰਡ ਹੋਂਦ ਚਿੱਲੜ 'ਚ ਸਿੱਖ ਨਸਲਕੁਸ਼ੀ ਯਾਦਗਾਰ ਬਣਾਉਣ ਦੇ ਰੱਖੇ ਨੀਂਹ ਪੱਥਰ ਤੋਂ ਬਾਅਦ ਸਾਕਾ ਨੀਲਾ ਤਾਰਾ ਸਮੇਂ ਮਾਰੇ ਗਏ ਸਿੱਖਾਂ ਦੀ ਯਾਦਗਾਰ ਬਣਾਉਣ ਦਾ ਮਾਮਲਾ ਮੁੜ ਤੂਲ ਫੜਨ ਲੱਗਾ ਹੈ ਤੇ ਇਸ ਬਾਰੇ ਸਾਰੀਆਂ ਸਿੱਖ ਜਥੇਬੰਦੀਆਂ ਨੇ ਲਾਮਬੰਦ ਹੋਣ ਦਾ ਫ਼ੈਸਲਾ ਕੀਤਾ ਹੈ ਤੇ ਕਿਹਾ ਕਿ ਜੇ ਸ਼੍ਰੋਮਣੀ ਕਮੇਟੀ ਨੇ ਕੋਈ ਹੁੰਗਾਰਾ ਨਾ ਦਿੱਤਾ ਤਾਂ ਛੇ ਅਪਰੈਲ ਤੇ ਛੇ ਮਈ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਪ੍ਰਦਰਸ਼ਨ ਕੀਤਾ ਜਾਵੇਗਾ।

ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ 20 ਫਰਵਰੀ 2002 ਨੂੰ ਜੂਨ 1984 ਦੇ ਘੱਲੂਘਾਰੇ ਦੀ ਯਾਦ ਵਿਚ ਸ਼ਹੀਦੀ ਯਾਦਗਾਰ ਬਣਾਉਣ ਦਾ ਮਤਾ ਪਾਸ ਕੀਤਾ ਹੋਇਆ ਹੈ ਪਰ ਇਸ ਮਤੇ ਨੂੰ ਹੁਣ ਤੱਕ ਅਮਲ ਵਿਚ ਨਹੀਂ ਲਿਆਂਦਾ ਗਿਆ। ਦਲ ਖਾਲਸਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੇ ਨਾਂ ਲਿਖੇ ਖੁੱਲ੍ਹੇ ਖਤ 'ਚ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਨੇ ਪਿੰਡ ਹੋਂਦ ਵਿਚ ਸ਼ਹੀਦੀ ਯਾਦਗਾਰੀ ਬਣਾਉਣ ਬਾਰੇ ਕਿਹਾ ਹੈ ਪਰ ਕਮੇਟੀ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਦਾ ਮਾਮਲਾ 9 ਸਾਲਾਂ ਤੋਂ ਲਟਕਾ ਰਹੀ ਹੈ।

ਇਸ ਦੌਰਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ ਵਿਚ ਤੁਰੰਤ ਸਿੱਖ ਜਥੇਬੰਦੀਆਂ ਦੀ ਇਕੱਤਰਤਾ ਸੱਦਣੀ ਚਾਹੀਦੀ ਹੈ। ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਵੀ ਇਸ ਮੰਗ ਦਾ ਸਮਰਥਨ ਕੀਤਾ ਹੈ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਕਮੇਟੀ ਵੱਲੋਂ ਇਸ ਬਾਰੇ ਗੁਰਮਤਿ ਜੁਗਤ ਤੇ ਸਿੱਖ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਹੀ ਫੈਸਲਾ ਲਿਆ ਜਾਵੇਗਾ।



# ਫ਼ੋਰਬਜ਼ ਸੂਚੀ: ਚੀਨੀ ਆਗੂ ਹੂ ਜਿਨਤਾਓ ਸਭ ਤੋਂ ਸ਼ਕਤੀਸ਼ਾਲੀ

## ਓਬਾਮਾ ਦੂਜੇ ਤੇ ਸੋਨੀਆ 9ਵੇਂ ਸਥਾਨ 'ਤੇ

**ਨਿਊਯਾਰਕ:** ਅਮਰੀਕੀ ਮੈਗਜ਼ੀਨ 'ਫੋਰਬਸ' ਦੀ ਸ਼ਕਤੀਸ਼ਾਲੀ ਲੋਕਾਂ ਸਬੰਧੀ ਸੂਚੀ ਵਿਚ ਚੀਨ ਦੇ ਰਾਸ਼ਟਰਪਤੀ ਹੂ ਜਿਨਤਾਓ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਪਛਾੜ ਕੇ ਪਹਿਲੇ ਸਥਾਨ 'ਤੇ ਆ ਗਏ ਹਨ ਜਦਕਿ ਇਸ ਸੂਚੀ ਵਿਚ ਸਾਂਝਾ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਦੀ ਚੇਅਰਪਰਸਨ ਸੋਨੀਆ ਗਾਂਧੀ ਨੂੰ ਵੀ 9ਵੇਂ ਸਥਾਨ 'ਤੇ ਰੱਖਿਆ ਗਿਆ ਹੈ।


ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਲੋਕਾਂ ਦੀ ਸੂਚੀ ਵਿਚ ਓਬਾਮਾ ਦੂਸਰੇ ਸਥਾਨ ਤੇ ਸਾਊਦੀ ਅਰਬ ਦੇ ਬਾਦਸ਼ਾਹ ਅਬਦੁੱਲਾ ਤੀਸਰੇ ਸਥਾਨ 'ਤੇ ਹੈ। ਰੂਸ ਦੇ ਪ੍ਰਧਾਨ ਮੰਤਰੀ ਵਲਾਦੀਮੀਰ ਪੂਤਿਨ ਪੰਜਵੇਂ, ਪੋਪ ਬੇਨਡਿਕਟ-16 ਪੰਜਵੇਂ ਤੇ ਜਰਮਨ ਚਾਂਸਲਰ 6ਵੇਂ ਸਥਾਨ 'ਤੇ ਹੈ। ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ 7ਵੇਂ ਸਥਾਨ ਤੇ ਅਮਰੀਕੀ ਫੈਡਰਲ ਰਿਜ਼ਰਵ ਦੇ ਚੇਅਰਮੈਨ ਬੇਨ ਬਰਨਾਕੇ 8ਵੇਂ ਸਥਾਨ 'ਤੇ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਵੀ ਸੂਚੀ ਵਿਚ ਸ਼ਾਮਲ ਕਰਦਿਆਂ 9ਵੇਂ ਸਥਾਨ 'ਤੇ ਰੱਖਿਆ ਗਿਆ ਹੈ ਜਿਨ੍ਹਾਂ ਭਾਰਤੀ ਲੋਕਾਂ 'ਤੇ ਆਪਣੀ



ਸ਼ਖ਼ਸੀਅਤ ਦਾ ਪ੍ਰਭਾਵ ਪਾਇਆ ਜੋ ਲਗਾਤਾਰ ਚੌਥੀ ਵਾਰ ਕਾਂਗਰਸ ਪ੍ਰਧਾਨ ਬਣੇ।

ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੇ ਵੀ ਇਸ ਸੂਚੀ ਵਿਚ ਥਾਂ ਬਣਾਈ ਹੈ ਤੇ ਉਹ ਸੂਚੀ ਵਿਚ 18ਵੇਂ ਨੰਬਰ 'ਤੇ ਆਉਂਦੇ ਹਨ। 'ਫੋਰਬਸ' ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਰਮ-ਭਾਸ਼ੀ ਵਿਅਕਤੀ ਕਰਾਰ ਦਿੱਤਾ ਹੈ ਜੋ ਆਕਸਫੋਰਡ ਦੇ ਪੜ੍ਹੇ-ਲਿਖੇ ਅਰਥ-ਸ਼ਾਸਤਰੀ ਹਨ ਜਿਨ੍ਹਾਂ ਭਾਰਤੀ ਅਰਥ-ਵਿਵਸਥਾ ਨੂੰ ਵਿਸ਼ਵ ਦੀ ਦੂਜੀ ਸਭ ਤੋਂ ਅੱਗੇ ਵੱਧ ਰਹੀ ਅਰਥ-ਵਿਵਸਥਾ ਵਿਚ ਤਬਦੀਲ ਕੀਤਾ। ਸੂਚੀ ਵਿਚ ਸ਼ਾਮਲ ਹੋਰ ਭਾਰਤੀਆਂ ਵਿਚ ਰਿਲਾਇੰਸ ਇੰਡਸਟਰੀ ਦੇ ਮੁਕੇਸ਼ ਅੰਬਾਨੀ 34ਵੇਂ ਨੰਬਰ ਤੇ ਪ੍ਰਵਾਸੀ ਭਾਰਤੀ ਲਕਸ਼ਮੀ ਮਿੱਤਲ 44ਵੇਂ ਸਥਾਨ 'ਤੇ ਹਨ। ਅਲਕਾਇਦਾ ਦਾ ਸਰਗਣਾ ਓਸਾਮਾ ਬਿਨ ਲਾਦੇਨ 57ਵੇਂ ਨੰਬਰ 'ਤੇ ਤੇ ਪਾਕਿ ਫ਼ੌਜ ਦੇ ਮੁਖੀ ਅਸ਼ਫਾਕ ਪਰਵੇਜ਼ 29ਵੇਂ ਸਥਾਨ 'ਤੇ ਹਨ। ਭਾਰਤ ਦਾ 'ਮੋਸਟ ਵਾਂਟਿਡ' ਦਾਊਦ ਇਬਰਾਹੀਮ 63ਵੇਂ ਸਥਾਨ 'ਤੇ ਹੈ।

## ਕਾਰਲੋਸ ਬਣਿਆ ਵਿਸ਼ਵ ਦਾ ਸਭ ਤੋਂ ਅਮੀਰ



**ਨਿਊਯਾਰਕ:** ਮੈਕਸੀਕੋ ਦੇ ਅਰਬਪਤੀ ਕਾਰਲੋਸ ਸਲਿਮ ਲਗਾਤਾਰ ਦੂਜੇ ਸਾਲ ਅਮਰੀਕੀ ਮੈਗਜ਼ੀਨ ਫ਼ੋਰਬਜ਼ ਦੀ ਸੂਚੀ 'ਚ 74 ਅਰਬ ਡਾਲਰ ਦੀ ਸੰਪਤੀ ਨਾਲ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀਆਂ 'ਚੋਂ ਪਹਿਲੇ ਨੰਬਰ 'ਤੇ ਰਹੇ ਜਦੋਂਕਿ ਪਰਵਾਸੀ ਭਾਰਤੀ ਸਟੀਲ ਵਪਾਰੀ ਲਕਸ਼ਮੀ ਮਿੱਤਲ 6ਵੇਂ ਤੇ ਭਾਰਤੀ ਉਦਯੋਗਪਤੀ ਮੁਕੇਸ਼ ਅੰਬਾਨੀ 9ਵੇਂ ਸਥਾਨ 'ਤੇ ਹਨ।

ਸੂਚੀ 'ਚ ਬਿਲ ਗੇਟਸ ਦੂਜੇ ਸਥਾਨ 'ਤੇ ਹਨ। ਦੱਸਣਯੋਗ ਹੈ ਕਿ ਕਾਰਲੋਸ ਸਲਿਮ ਪਿਛਲੇ ਸਾਲ 20.4 ਅਰਬ ਡਾਲਰ ਦੇ ਵਾਧੇ ਨਾਲ ਗੇਟਸ ਤੋਂ ਅੱਗੇ ਨਿਕਲ ਕੇ ਪਹਿਲੇ ਸਥਾਨ 'ਤੇ ਪੁੱਜੇ ਸਨ। ਨਿਵੇਸ਼ ਗੁਰੂ ਵਾਰਨ ਬਫ਼ਟ 50 ਅਰਬ ਡਾਲਰ ਦੀ ਸੰਪਤੀ ਨਾਲ ਤੀਸਰੇ ਸਥਾਨ 'ਤੇ ਹਨ। ਇਸ ਸਾਲ ਅਰਬਪਤੀਆਂ ਦੀ ਗਿਣਤੀ ਨੇ ਪਿਛਲੇ ਸਾਲ ਦਾ ਰਿਕਾਰਡ ਤੋੜਿਆ ਹੈ। ਅਰਬਪਤੀਆਂ ਵਿਚ ਅਮਰੀਕਾ ਦਾ 33 ਫੀਸਦੀ ਹਿੱਸਾ ਹੈ। ਏਸ਼ੀਆ-ਪ੍ਰਸ਼ਾਂਤ ਖੇਤਰ ਨੇ ਪਹਿਲੀ ਵਾਰ ਯੂਰਪ ਨੂੰ ਪਛਾੜਦਿਆਂ ਮੂਹਰਲੀ ਕਤਾਰ ਵਿਚ ਜਗ੍ਹਾ ਬਣਾ ਲਈ ਹੈ।ਫਰਾਂਸ ਦੀ ਉੱਘੀ ਕੰਪਨੀ ਐਲ.ਵੀ.ਐਮ.ਐਚ. ਦੇ ਚੇਅਰਮੈਨ ਬੀ. ਅਰਨਾਲਟ 41 ਅਰਬ ਡਾਲਰ ਦੀ ਸੰਪਤੀ ਨਾਲ ਚੌਥੇ ਸਥਾਨ 'ਤੇ ਹਨ। ਇਸ ਵਾਰ ਉਨ੍ਹਾਂ ਨੇ ਅੰਬਾਨੀ ਨੂੰ ਪਛਾੜ ਕੇ ਇਹ ਪੁਜ਼ੀਸ਼ਨ ਹਾਸਲ ਕੀਤੀ ਹੈ। ਓਰੈਕਲ ਦੇ ਲੈਰੀ ਐਲੀਸਨ ਪੰਜਵੇਂ ਸਥਾਨ 'ਤੇ ਹਨ। ਉਨ੍ਹਾਂ ਦੀ ਸਾਫਟਵੇਅਰ ਕੰਪਨੀ ਦੇ ਸ਼ੇਅਰਾਂ 'ਚ 30 ਫੀਸਦੀ ਉਛਾਲ ਕਾਰਨ ਉਹ ਇਹ ਜਗ੍ਹਾ ਹਾਸਲ ਕਰ ਸਕਦੇ ਹਨ। ਸ੍ਰੀ ਮਿੱਤਲ 31.1 ਅਰਬ ਡਾਲਰ ਦੀ ਸੰਪਤੀ ਨਾਲ ਛੇਵੇਂ ਸਥਾਨ 'ਤੇ ਹਨ। ਉਨ੍ਹਾਂ ਦੀ ਸੰਪਤੀ ਵਿਚ ਪਿਛਲੇ ਸਾਲ ਨਾਲੋਂ 28.7 ਅਰਬ ਡਾਲਰ ਦਾ ਵਾਧਾ ਹੋਇਆ ਹੈ। ਮੁਕੇਸ਼ ਅੰਬਾਨੀ ਇਸ ਸਾਲ ਸੂਚੀ ਵਿਚ ਪੰਜ ਪੁਜ਼ੀਸ਼ਨਾਂ ਦੇ ਘਾਟੇ ਨਾਲ 9ਵੇਂ ਸਥਾਨ 'ਤੇ ਪੁੱਜ ਗਏ ਹਨ। ਉਨ੍ਹਾਂ ਦੀ ਕੁੱਲ ਸੰਪਤੀ 27 ਅਰਬ ਡਾਲਰ ਦਰਜ ਕੀਤੀ ਗਈ ਹੈ।ਅੰਬਾਨੀ ਪਿਛਲੇ ਚੌਥੇ ਸਥਾਨ 'ਤੇ ਸਨ। ਫੋਰਬੈਸ਼ ਅਨੁਸਾਰ ਭਾਰਤ ਵਿਚ ਅਰਬਪਤੀਆਂ ਦੀ ਗਿਣਤੀ 49 ਤੋਂ 55, ਚੀਨ 'ਚ 69 ਤੋਂ 115, ਹਾਂਗਕਾਂਗ 'ਚ 25 ਤੋਂ 36 ਤੇ ਏਸ਼ੀਆ ਪ੍ਰਸ਼ਾਂਤ ਵਿਚ ਕੁੱਲ 243 ਤੋਂ 332 ਹੋਈ ਹੈ। ਹੋਰ ਭਾਰਤੀ ਅਮੀਰਾਂ 'ਚ ਵਿਪਰੋ ਮੁਖੀ ਅਜ਼ੀਮ ਪ੍ਰੇਮਜੀ 36ਵੇਂ, ਗੌਤਮ ਅਦਾਨੀ 87ਵੇਂ ਤੇ ਕੁਮਾਰ ਬਿਰਲਾ 97ਵੇਂ ਸਥਾਨ 'ਤੇ ਹਨ।ਇਸੇ ਤਰ੍ਹਾਂ ਮਸ਼ਹੂਰ ਨੈੱਟਵਰਕਿੰਗ ਸਾਈਟ ਫੇਸਬੁੱਕ ਦੇ ਬਾਨੀਆਂ ਤੇ ਨਿਵੇਸ਼ਕਾਂ ਚੋਂ 6 ਜਣਿਆਂ ਨੂੰ ਸੰਸਾਰ ਦੇ ਅਮੀਰਾਂ ਦੀ ਇਸ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ।

# ਭਾਰਤ ਤੇ ਪਾਕਿ ਵੱਲੋਂ ਮਿਸਾਈਲਾਂ ਦਾਗ ਕੇ ਸ਼ਕਤੀ ਪ੍ਰਦਰਸ਼ਨ

**ਨਵੀਂ ਦਿੱਲੀ/ਪਿਸ਼ਾਵਰ :** ਕੌਮਾਤਰੀ ਪੱਧਰ 'ਤੇ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨ ਲਈ ਭਾਰਤ ਤੇ ਪਾਕਿਸਤਾਨ ਨੇ ਪਰਮਾਣੂ ਸਮੱਗਰੀ ਲਿਜਾਣ ਦੀ ਸਮਰੱਥਾ ਰੱਖਣ ਵਾਲੀਆਂ ਮਿਸਾਈਲਾਂ ਦੀ ਸਫ਼ਲ ਅਜ਼ਮਾਇਸ਼ ਕੀਤੀ। ਭਾਰਤ ਨੇ 11 ਮਾਰਚ ਨੂੰ ਦੇਸ਼ 'ਚ ਹੀ ਤਿਆਰ ਕੀਤੀਆਂ ਦੋ ਪਰਮਾਣੂ ਸਮਰੱਥ ਬਾਲਿਸਟਿਕ ਮਿਸਾਈਲਾਂ'ਤੇ ਸਫਲਤਾਪੂਰਵਕ ਤਜਰਬੇ ਕੀਤੇ। ਦੂਜੇ ਪਾਸੇ ਉਸੇ ਦਿਨ ਪਾਕਿਸਤਾਨ ਨੇ ਵੀ ਧਰਤੀ ਤੋਂ ਧਰਤੀ ਤੱਕ ਮਾਰ ਕਰ ਸਕਣ ਵਾਲੀ ਥੋੜੀ ਰੇਂਜ ਦੀ ਪ੍ਰਮਾਣੂ ਸਮਗਰੀ ਮਿਸਾਈਲ ਹਤਫ-99 ਜਾਂ ਅਬਦਾਲੀ ਮਿਸਾਈਲ 'ਤੇ ਸਫਲ ਤਜਰਬਾ ਕੀਤਾ ਹੈ। ਦੋਵੇਂ ਤਜਰਬੇ ਵੱਖ-ਵੱਖ ਥਾਵਾਂ ਤੋਂ ਕੀਤੇ ਗਏ।

ਭਾਰਤ ਦੀ 'ਧਨੁਸ਼' ਮਿਸਾਈਲ 'ਤੇ ਤਜਰਬਾ ਪਰਾਦੀਪ ਤੇ ਪੁਰੀ ਦੇ ਵਿਚਾਲੇ ਤੋਂ ਕੀਤਾ ਗਿਆ। 'ਪ੍ਰਿਥਵੀ-ਦੋ' ਜੋ ਧਰਤੀ ਤੋਂ ਧਰਤੀ ਤੱਕ ਮਾਰ ਕਰਦੀ ਹੈ, ਇਸ ਬਾਲਿਸਟਿਕ ਮਿਸਾਈਲ ਨੂੰ ਚਾਂਦੀਪੁਰ ਦੀ ਇੰਟੈਗਰੇਟਿਡ ਟੈਸਟ ਰੇਂਜ (ਆਈ.ਟੀ.ਆਰ.) ਲਾਂਚ ਕੰਪਲੈਕਸ-3 ਤੋਂ ਮੋਬਾਈਲ ਲਾਂਚਰ ਰਾਹੀਂ ਦਾਗਿਆ ਗਿਆ। ਪਾਕਿਸਤਾਨ ਨੇ ਧਰਤੀ ਤੋਂ ਧਰਤੀ ਤੱਕ ਮਾਰ ਕਰ ਸਕਣ ਵਾਲੀ ਥੋੜੀ ਰੇਂਜ ਦੀ ਪ੍ਰਮਾਣੂ ਸਮਗਰੀ ਮਿਸਾਈਲ ਹਤਫ-99 ਜਾਂ ਅਬਦਾਲੀ ਮਿਸਾਈਲ ਤੇ ਸਫਲ ਤਜਰਬਾ ਕੀਤਾ ਹੈ। ਦੋਵੇਂ ਮਿਸ਼ਨ, ਜੋ ਉੜੀਸਾ ਤੱਟ ਤੋਂ ਵੱਖ-ਵੱਖ ਟਿਕਾਣਿਆਂ ਤੋਂ ਅੰਜ਼ਾਮ ਦਿੱਤੇ ਗਏ ਸਨ, ਪੂਰੀ ਤਰ੍ਹਾਂ ਸਫਲ ਰਹੇ। ਵਿਕਾਸ ਦੇ ਵੱਖ-ਵੱਖ ਤਜਰਬੇ ਮੁਕੰਮਲ ਹੋਣ ਮਗਰੋਂ ਦੋਵੇਂ ਮਿਸਾਈਲਾਂ ਬਣਾਈਆਂ ਜਾ ਰਹੀਆਂ ਹਨ ਤੇ ਫੌਜ ਨੂੰ ਦਿੱਤੀਆਂ ਜਾ ਚੁੱਕੀਆਂ ਹਨ। ਡੀ.ਆਰ.ਡੀ. ਓ. ਦੇ ਵਿਗਿਆਨੀ ਅਨੁਸਾਰ ਦੋਵੇਂ ਤਜਰਬੇ 'ਨਿਯਮਿਤ ਸਿਖਲਾਈ ਦਾ ਹਿੱਸਾ' ਸਨ।



ਬੰਗਾਲ ਦੀ ਖਾੜੀ 'ਚ ਜਲ ਸੈਨਾ ਦੇ ਜਹਾਜ਼

## ਸੁਜਾਤਾ ਦੇ ਸਲਾਹਕਾਰ ਵਜੋਂ ਕੰਮ ਕਰਨ 'ਤੇ ਰੋਕ

**ਹਿਊਸਟਨ:** ਤਿੰਨ ਕਰੋੜ 40 ਲੱਖ ਡਾਲਰ ਦੇ ਘੁਟਾਲੇ ਕਾਰਨ ਜੇਲ੍ਹ 'ਚ ਬੰਦ ਭਾਰਤੀ ਮੂਲ ਦੀ ਅਮਰੀਕੀ ਮਹਿਲਾ ਸੁਜਾਤਾ 'ਸਿਓ' ਸਚਦੇਵਾ ਦੇ ਸਲਾਹਕਾਰ ਵਜੋਂ ਕੰਮ ਕਰਨ 'ਤੇ ਰੋਕ ਲਾ ਦਿੱਤੀ ਗਈ ਹੈ। ਉਸ ਨੇ ਇਹ ਘੁਟਾਲਾ ਹੈਡਫੋਨ ਬਣਾਉਣ ਵਾਲੀ ਕੌਸ ਕਾਰਪੋਰੇਸ਼ਨ 'ਚ ਕੀਤਾ ਸੀ ਜਿੱਥੇ ਉਹ ਮੁੱਖ ਕਾਰਜਕਾਰੀ ਵਜੋਂ ਕੰਮ ਕਰਦੀ ਸੀ। ਇਹ ਯੂ.ਐਸ. ਸਕਿਓਰਟੀਜ਼ ਐਂਡ ਐਕਸਚੇਂਜ ਕਮਿਸ਼ਨ (ਐਸ.ਈ.ਸੀ) ਅੱਗੇ ਸਲਾਹਕਾਰ ਵਜੋਂ ਪੇਸ਼ ਹੁੰਦੀ ਸੀ ਹੁਣ ਐਸ.ਈ.ਸੀ. ਨੇ ਹੀ ਹੁਕਮ ਜਾਰੀ ਕਰਕੇ 47 ਸਾਲਾ ਸੁਜਾਤਾ 'ਸਿਓ' ਸਚਦੇਵਾ ਨੂੰ ਸਲਾਹਕਾਰ ਵਜੋਂ ਪੇਸ਼ ਹੋਣ ਜਾਂ ਇਸ ਦੀ ਪ੍ਰੈਕਟਿਸ ਕਰਨੋਂ ਰੋਕ ਦਿੱਤਾ ਹੈ। ਉਹ ਕੌਸ ਕਾਰਪੋਰੇਸ਼ਨ ਦੀ ਸਾਬਕਾ ਵਾਈਸ ਪ੍ਰੈਜ਼ੀਡੈਂਟ (ਫਾਇਨਾਂਸ) ਸੀ।

ਸਚਦੇਵਾ 'ਤੇ ਤਿੰਨ ਕਰੋੜ 30 ਲੱਖ ਡਾਲਰ ਦਾ ਘਪਲਾ ਕਰਨ ਦੇ ਦੋਸ਼ ਹਨ ਜੋ ਉਸ ਨੇ ਨਾ ਸਵੀਕਾਰੇ ਹਨ ਤੇ ਨਾ ਹੀ ਇਸ ਤੋਂ ਇਨਕਾਰ ਕੀਤਾ ਹੈ। ਇਸ 'ਤੇ ਫਰਜ਼ੀ ਖਾਤਾ ਪੁਸਤਕਾਂ ਤੇ ਰਿਕਾਰਡ ਤਿਆਰ ਕਰਨ ਦੇ ਦੋਸ਼ ਹਨ ਜਿਸ ਕਰਕੇ ਉਸ ਨੂੰ ਝੂਠੀਆਂ ਵਿੱਤੀ ਸਟੇਟਮੈਂਟਾਂ' ਏਜੰਸੀ ਅੱਗੇ ਦੇਣੀਆਂ ਪਈਆਂ ਸਨ।

## ਇਲੀਨਾਏ ਸਟੇਟ ਵਿਚ ਮੌਤ ਦੀ ਸਜ਼ਾ ਖ਼ਤਮ

**ਸ਼ਿਕਾਗੋ:** ਇਲੀਨਾਏ ਸਟੇਟ ਵਿਚੋਂ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੇਣ ਦਾ ਕਾਨੂੰਨ ਖ਼ਤਮ ਕਰ ਦਿੱਤਾ ਗਿਆ ਹੈ। ਅਜਿਹਾ ਫੈਸਲਾ ਕਰਨ ਵਾਲਾ ਇਲੀਨਾਏ ਦੇਸ਼ ਦਾ 16ਵਾਂ ਸੂਬਾ ਹੈ।

ਫਾਂਸੀ ਦੀ ਸਜ਼ਾ ਵਾਲਾ ਕਾਨੂੰਨ ਖ਼ਤਮ ਕਰਨ ਬਾਰੇ ਫੈਸਲੇ ਉਪਰ ਦਸਤਖ਼ਤ ਕਰਨ ਮਗਰੋਂ ਸਟੇਟ ਦੇ ਗਵਰਨਰ ਪੈਟ ਕੁਇਨ ਨੇ ਕਿਹਾ ਕਿ ਉਨ੍ਹਾਂ ਲਈ ਇਹ ਬਹੁਤ ਔਖਾ ਫੈਸਲਾ ਸੀ ਕਿਉਂਕਿ ਜ਼ਿੰਦਗੀ ਤੇ ਮੌਤ ਵਿਚੋਂ ਇਕ ਦੀ ਚੋਣ ਕਰਨੀ ਸੀ, ਇਸ ਲਈ ਉਨ੍ਹਾਂ ਨੂੰ ਜ਼ਿੰਦਗੀ ਦੀ ਚੋਣ ਵਧੀਆ ਲੱਗੀ।

ਸਟੇਟ ਅਸੈਂਬਲੀ ਨੇ ਮੌਤ ਦੀ ਸਜ਼ਾ ਖ਼ਤਮ ਕਰਨ ਵਾਲੇ ਬਿੱਲ ਨੂੰ ਪਾਸ ਕਰ ਦਿੱਤਾ ਸੀ ਤੇ ਜੇ ਗਵਰਨਰ 18 ਮਾਰਚ ਤੱਕ ਇਸ ਉਪਰ ਦਸਤਖ਼ਤ ਨਾ ਕਰਦੇ ਤਾਂ ਬਿੱਲ ਨੇ ਆਪਣੇ ਆਪ ਖ਼ਤਮ ਹੋ ਜਾਣਾ ਸੀ। ਅਮਰੀਕਾ ਵਿਚ ਕਿਸੇ ਕਾਤਲ ਨੂੰ ਮੌਤ ਦੀ ਸਜ਼ਾ ਦੇਣ ਦੇ ਹੱਕ ਵਿਚ 64 ਫੀਸਦੀ ਲੋਕ ਹਨ ਜਦਕਿ 29 ਫੀਸਦੀ ਇਸ ਦੇ ਵਿਰੋਧੀ ਹਨ।

# ਅਮਰੀਕਾ 'ਚ ਗੁਰੂ ਸਵਾਮੀ ਨੂੰ 14 ਸਾਲ ਦੀ ਕੈਦ

**ਹਿਊਸਟਨ:** ਅਮਰੀਕੀ ਅਦਾਲਤ ਨੇ ਭਾਰਤੀ ਮੂਲ ਦੇ ਬਜ਼ੁਰਗ ਹਿੰਦੂ ਧਾਰਮਿਕ ਗੁਰੂ ਨੂੰ ਆਪਣੇ ਆਸ਼ਰਮ ਦੀਆਂ ਕੁੜੀਆਂ ਨਾਲ ਸਰੀਰਕ ਸ਼ੋਸ਼ਣ ਕਰਨ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੰਦਿਆਂ 14 ਸਾਲ ਦੀ ਜੇਲ੍ਹ ਤੇ 10 ਹਜ਼ਾਰ ਡਾਲਰ ਦਾ ਜ਼ੁਰਮਾਨਾ ਕਰਨ ਦੀ ਸਜ਼ਾ ਸੁਣਾਈ ਹੈ।

ਪ੍ਰਕਾਸ਼ਾਨੰਦ ਸਰਸਵਤੀ ਨਾਮੀ ਇਹ ਧਾਰਮਿਕ 'ਗੁਰੂ ਸਵਾਮੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਤੇ ਟੈਕਸਾਸ ਵਿਚ ਦੋ ਦਹਾਕਿਆਂ ਦੌਰਾਨ ਇਸ ਨੇ 200 ਏਕੜ ਦਾ ਆਪਣਾ ਆਸ਼ਰਮ ਖੜ੍ਹਾ ਕੀਤਾ ਹੈ। ਇਹ ਸਜ਼ਾ ਜ਼ਿਲ੍ਹਾ ਜੱਜ ਚਾਰਲਸ ਰਾਮਸੇ ਨੇ ਸੁਣਾਈ। ਹੇਅਜ਼ ਕਾਊਂਟੀ ਦੀ ਜਿਊਰੀ ਨੇ 82 ਸਾਲਾ ਭਾਰਤੀ ਧਾਰਮਿਕ ਬਾਬੇ ਨੂੰ ਡ੍ਰਿਫਟਵੁਡ ਵਾਲੇ ਆਪਣੇ ਬਰਸਾਨਾ ਧਾਮ ਆਸ਼ਰਮ 'ਚ 1990 'ਚ ਵਿਚ ਦੋ ਲੜਕੀਆਂ ਨਾਲ ਛੇੜਛਾੜ ਦੇ 20 ਦੋਸ਼ਾਂ ਤਹਿਤ 14-14 ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਹੈ।ਬਰਸਾਨਾ ਧਾਮ ਨੂੰ ਚਲਾਉਣ ਵਾਲੀ ਮੂਲ ਸੰਸਥਾ ਭਾਰਤ ਸਮੇਤ ਕੁਝ ਹੋਰ ਦੇਸ਼ਾਂ 'ਚ ਕਈ ਮੰਦਰਾਂ ਤੇ ਹਸਪਤਾਲਾਂ ਦੀ ਦੇਖਰੇਖ ਕਰਦੀ ਹੈ। ਇਨ੍ਹਾਂ ਔਰਤਾਂ ਨੇ ਦੋਸ਼ ਲਾਏ ਸਨ ਕਿ ਉਹ 1990 'ਚ ਜਦੋਂ ਅਜੇ ਲੜਕੀਆਂ ਹੀ ਸਨ ਤਾਂ ਪ੍ਰਕਾਸ਼ਾਨੰਦ ਨੇ ਉਨ੍ਹਾਂ ਨਾਲ ਗ਼ਲਤ ਵਿਵਹਾਰ ਕੀਤਾ ਸੀ।ਇਨ੍ਹਾਂ ਦੀ ਉਮਰ ਹੁਣ 27 ਤੇ 30 ਸਾਲ ਹੈ। ਦੱਸਣਯੋਗ ਹੈ ਕਿ ਪਿਛਲੇ ਹਫ਼ਤੇ ਜਿਊਰੀ ਨੇ ਪ੍ਰਕਾਸ਼ਾਨੰਦ ਨੂੰ ਲੜਕੀਆਂ ਨਾਲ ਅਸ਼ਲੀਲ ਵਿਹਾਰ ਕਰਨ ਦਾ ਦੋਸ਼ੀ ਪਾਇਆ ਸੀ। ਲੜਕੀਆਂ ਦੇ ਮਾਪੇ ਉਸੇ ਆਸ਼ਰਮ 'ਚ ਰਹਿੰਦੇ ਸਨ।

ਬਾਬੇ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਬਿਰਧ ਪ੍ਰਕਾਸ਼ਾਨੰਦ ਦਿਲ, ਪਿੱਠ ਦਰਦ ਤੇ ਬਲੱਡ ਪ੍ਰੈਸ਼ਰ ਜਿਹੇ ਕਈ ਰੋਗਾਂ ਤੋਂ ਪੀੜਤ ਹੈ ਤੇ ਉਹ ਜੇਲ੍ਹ ਭੇਜਣ ਦੇ ਯੋਗ ਨਹੀਂ ਹੈ। ਉਧਰ ਆਸ਼ਰਮ ਦੇ ਬੁਲਾਰੇ ਨੇ ਕਿਹਾ ਕਿ ਉਸ ਨੂੰ ਸਵਾਮੀ ਦਾ ਕੋਈ ਥਹੁ-ਪਤਾ ਨਹੀਂ ਹੈ।

# ਜ਼ਾਹਿਦਾ ਵੱਲੋਂ ਟੈਕਸੀ ਚਲਾ ਕੇ ਪਿਛਾਂਹ ਖਿੱਚੂ ਰਵਾਇਤਾਂ ਖ਼ਿਲਾਫ਼ ਜਹਾਦ

**ਇਸਲਾਮਾਬਾਦ:** ਪਾਕਿਸਤਾਨ ਜਿਹੇ ਕੱਟੜਪੰਥੀ ਦੇਸ਼ ਵਿਚ ਜਿਥੇ ਔਰਤ ਨੂੰ ਘਰ 'ਚੋਂ ਬਾਹਰ ਨਿਕਲਣ ਲਈ ਵੀ ਇਜਾਜ਼ਤ ਲੈਣੀ ਪੈਂਦੀ ਹੈ ਉਥੇ ਜ਼ਾਹਿਦਾ ਕਾਜ਼ਮੀ ਨਾਂ ਦੀ ਔਰਤ ਨੇ ਪਿਛਾਂਹ ਖਿੱਚੂ ਰਵਾਇਤਾਂ ਨੂੰ ਚੁਣੌਤੀ ਦਿੰਦਿਆਂ ਆਪਣੀ ਰੋਜ਼ੀ-ਰੋਟੀ ਖ਼ਾਤਰ ਟੈਕਸੀ ਚਲਾਉਣ ਦੇ ਧੰਦੇ ਨੂੰ ਅਪਣਾ ਲਿਆ।

ਇਹ ਪੇਸ਼ਾ ਅਪਣਾਉਣਾ ਜ਼ਾਹਿਦਾ ਦਾ ਸ਼ੌਕ ਨਹੀਂ ਸਗੋਂ ਮਜਬੂਰੀ ਸੀ। 1992 'ਚ ਆਪਣੇ ਪਤੀ ਦੀ ਮੌਤ ਮਗਰੋਂ ਪਰਿਵਾਰ ਵਿਚਲੇ ਛੇ ਬੱਚਿਆਂ ਦੀ ਜ਼ਿੰਮੇਵਾਰੀ ਉਸ ਦੇ ਮੋਢਿਆਂ 'ਤੇ ਆ ਗਈ। ਉਸ ਨੇ ਹਿੰਮਤ ਨਾ ਹਾਰਦਿਆਂ ਕੁਦਰਤ ਦੀ ਇਸ ਚਨੌਤੀ ਨੂੰ ਸਵੀਕਾਰਦਿਆਂ ਟੈਕਸੀ ਚਲਾ ਕੇ ਜ਼ਿੰਦਗੀ ਦੇ ਰਾਹਾਂ ਨੂੰ ਸਾਵਾਂ ਬਣਾਇਆ। ਪਤੀ ਦੀ ਮੌਤ ਵੇਲੇ ਉਹ 33 ਸਾਲਾਂ ਦੀ ਸੀ ਤੇ ਉਸ ਵੇਲੇ ਕਿਸੇ ਸੋਹਣੀ ਔਰਤ ਲਈ ਟੈਕਸੀ ਚਲਾਉਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ, ਪਰ ਉਸ ਨੇ ਕੋਸ਼ਿਸ਼ ਕੀਤੀ ਤੇ ਰੱਬ ਨੇ ਉਸ ਦੀ ਮਦਦ ਕੀਤੀ। ਉਹ ਦੇਸ਼ ਦੀ ਰਾਜਧਾਨੀ




ਦੀਆਂ ਸੜਕਾਂ ਤੋਂ ਇਲਾਵਾ ਪਾਕਿਸਤਾਨ ਦੇ ਪਹਾੜੀ ਇਲਾਕਿਆਂ ਵਿਚ ਟੈਕਸੀ ਚਲਾ ਕੇ ਆਪਣੀ ਵੱਖਰੀ ਪਛਾਣ ਬਣਾ ਚੁੱਕੀ ਹੈ। ਜ਼ਾਹਿਦਾ ਦੇ ਸਾਹਮਣੇ ਇਕ ਪਾਸੇ ਬੱਚਿਆਂ ਦੀ ਜ਼ਿੰਦਗੀ ਸੀ ਤੇ ਦੂਜੇ ਪਾਸੇ ਪਰਿਵਾਰ ਤੇ ਸਮਾਜ ਦੀ ਰੂੜ੍ਹੀਵਾਦੀ ਸੋਚ। ਉਸ ਨੇ ਇੱਜ਼ਤ ਨਾਲ ਰੋਟੀ ਕਮਾਉਣ ਲਈ ਸਾਰੇ ਵਿਰੋਧਾਂ ਨੂੰ ਇਕ ਪਾਸੇ ਕਰਕੇ ਇਕ ਸਰਕਾਰੀ ਯੋਜਨਾ ਦਾ ਲਾਭ ਲਿਆ, ਜਿਸ ਤਹਿਤ ਕੋਈ ਵੀ ਆਸਾਨ ਕਿਸ਼ਤਾਂ ਉਪਰ ਨਵੀਂ ਟੈਕਸੀ ਖਰੀਦ ਸਕਦਾ ਸੀ।

ਜ਼ਾਹਿਦਾ ਦਾ ਕਹਿਣਾ ਹੈ ਕਿ ਉਸ ਨੇ ਕਦੇ ਕੋਈ ਹਥਿਆਰ ਆਪਣੇ ਨਾਲ ਨਹੀਂ ਰੱਖਿਆ ਤੇ ਨਾ ਹੀ ਮੂੰਹ ਢੱਕ ਕੇ ਕਾਰ ਚਲਾਈ। ਉਸ ਨੇ ਕਿਹਾ ਕਿ ਜੇ ਉਹ ਮੂੰਹ ਢੱਕ ਕੇ ਕਾਰ ਚਲਾਉਂਦੀ ਤਾਂ ਇਸ ਨਾਲ ਯਾਤਰੀਆਂ ਨੇ ਟੈਕਸੀ 'ਚ ਨਹੀਂ ਸੀ ਬੈਠਣਾ ਤੇ ਉਹ ਸਿਰਫ਼ ਸਿਰ ਢਕ ਕੇ ਰੱਖਦੀ ਸੀ।ਲੰਬੀ ਯਾਤਰਾ ਲਈ ਹਮੇਸ਼ਾ ਜ਼ਾਹਿਦਾ ਦੀ ਕਾਰ ਵਿਚ ਜਾਣ ਵਾਲੇ ਅਦਨਾਨ ਵਸੀਮ ਨੇ ਕਿਹਾ ਕਿ ਜਦੋਂ ਮੈਂ ਉਨ੍ਹਾਂ ਨੂੰ ਪਹਿਲੀ ਵਾਰ ਦੇਖਿਆ ਤਾਂ ਮੇਰੇ ਮਨ ਵਿਚ ਵਿਚਾਰ ਆਇਆ ਕਿ ਉਹ ਮੇਰੀ ਮਾਂ ਵਰਗੀ ਹੈ ਤੇ ਮੈਂ ਉਨ੍ਹਾਂ ਨਾਲ ਸੁਰੱਖਿਅਤ ਮਹਿਸੂਸ ਕਰਾਂਗਾ ਇਸ ਟੈਕਸੀ ਚਾਲਕ ਦੀਆਂ ਧੀਆਂ ਨੇ ਆਪਣੀ ਮਾਂ ਦਾ ਪੇਸ਼ਾ ਨਹੀਂ ਅਪਣਾਇਆ। ਉਸ ਨੂੰ ਇਸ ਗੱਲ ਦਾ ਫ਼ਖ਼ਰ ਹੈ ਕਿ ਉਸ ਨੇ ਇੱਜ਼ਤ ਨਾਲ ਪਰਿਵਾਰ ਚਲਾਇਆ ਤੇ ਇਸ ਲਈ ਉਹ ਰੱਬ ਦੀ ਸ਼ੁਕਰਗੁਜ਼ਾਰ ਹੈ।

## ਸਰੀਰਕ ਸ਼ੋਸ਼ਣ ਦੇ ਦੋਸ਼ 'ਚ 21 ਪਾਦਰੀ ਮੁਅੱਤਲ

**ਨਿਊਯਾਰਕ:** ਅਮਰੀਕਾ ਦੇ ਫ਼ਿਲਾਡੈਲਫ਼ੀਆ 'ਚ ਬੱਚਿਆਂ ਦੇ ਸਰੀਰਕ ਸ਼ੋਸ਼ਣ ਦੇ ਮਾਮਲੇ ਦੀ ਜਾਂਚ ਪਿੱਛੋਂ 21 ਰੋਮਨ ਕੈਥੋਲਿਕ ਪਾਦਰੀ ਮੁਅੱਤਲ ਕਰ ਦਿਤੇ ਗਏ ਹਨ। ਗਿਰਜਾ ਘਰ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਮੁਅੱਤਲੀ ਗ੍ਰੈਂਡ ਜਿਊਰੀ ਦੀ ਜਾਂਚ ਰਿਪੋਰਟ ਤੋਂ ਬਾਅਦ ਕੀਤੀ ਗਈ ਹੈ ਜਿਸ ਨੇ ਇਸ ਮਾਮਲੇ ਵਿਚ 37 ਮੌਜੂਦਾ ਜਾਂ ਸਾਬਕਾ ਪਾਦਰੀਆਂ ਦੀ ਪਛਾਣ ਕੀਤੀ ਹੈ।

ਫ਼ਿਲਾਡੈਲਫ਼ੀਆ ਦੇ ਆਰਕ ਵਿਸ਼ਪ ਕਾਰਡੀਨਲ ਜਸਟਿਨ ਰਿਗਾਲੀ ਨੇ ਕਿਹਾ ਕਿ ਗਿਰਜਾ ਘਰ ਵਿਚ ਕਿਸੇ ਵੀ ਮੈਂਬਰ ਖ਼ਾਸ ਕਰ ਕੇ ਪਾਦਰੀਆਂ ਵੱਲੋਂ ਬੱਚਿਆਂ ਦੇ ਕੀਤੇ ਜਿਸਮਾਨੀ ਸ਼ੋਸ਼ਣ 'ਤੇ ਮੈਂ ਦੁਖ ਪ੍ਰਗਟ ਕਰਦਾ ਹਾਂ। ਉਨ੍ਹਾਂ ਕਿਹਾ ਕਿ 21 ਪਾਦਰੀਆਂ ਨੂੰ ਪ੍ਰਸ਼ਾਸਨਕ ਛੁੱਟੀ 'ਤੇ ਭੇਜਣ ਦੇ ਨਾਲ ਹੀ ਤਿੰਨ ਹੋਰਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਗਈ ਹੈ। ਇਸ ਤੋਂ ਇਲਾਵਾ ਪੰਜ ਹੋਰ ਵਿਅਕਤੀਆਂ ਨੂੰ ਵੀ ਮੁਅੱਤਲ ਕੀਤਾ ਗਿਆ ਹੈ।

# ਪੰਜਾਬ, ਅਕਾਲੀ ਦਲ ਅਤੇ ਮਨਪ੍ਰੀਤ ਬਾਦਲ

ਪੰਜਾਬ ਸਿਆਸਤ

ਹਰਮੀਤ ਸਮਾਘ

ਪੰਜਾਬ ਦੀ ਸਿਆਸਤ, ਸਮਾਜ ਅਤੇ ਮੀਡੀਏ ਵਿਚ ਅੱਜ ਕੱਲ ਮਨਪ੍ਰੀਤ ਸਿੰਘ ਬਾਦਲ ਦੀ ਚਰਚਾ ਜ਼ੋਰਾਂ-ਸ਼ੋਰਾਂ ਨਾਲ ਛਿੜੀ ਹੋਈ ਹੈ। ਮੁੱਖ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਆਪਣੇ ਜੋੜ-ਤੋੜਾਂ ਅਤੇ ਫਾਇਦੇ-ਨੁਕਸਾਨ ਦਾ ਹਿਸਾਬ-ਕਿਤਾਬ ਲਾ ਕੇ ਇਸ ਬਾਰੇ ਨਪੀਆਂ ਤੁਲੀਆਂ ਡਿਪਲੋਮੈਟਿਕ ਟਿੱਪਣੀਆਂ ਕਰਨ ਤੱਕ ਹੀ ਸੀਮਤ ਹਨ। ਇਸ ਲਈ ਉਨ੍ਹਾਂ ਕੋਲੋਂ ਇਸ ਨਵੀਂ ਸਿਆਸੀ ਸਫ਼ਬੰਦੀ ਬਾਰੇ ਕਿਸੇ ਨਵੀਂ ਜਾਂ ਕੰਮ ਦੀ ਗੱਲ ਦੀ ਆਸ ਫਜ਼ੂਲ ਹੈ। ਕਾਰਪੋਰੇਟ ਮਾਲਕਾਂ ਦੀ ਅਧੀਨਗੀ ਹੇਠ ਆਇਆ ਮੁੱਖਧਾਰਾ ਮੀਡੀਆ ਵੀ ਇਸ ਬਹਿਸ ਨੂੰ ਆਪਣੀਆਂ ਸੌੜੀਆਂ ਹੱਦਾਂ ਤੋਂ ਪਾਰ ਲਿਜਾਣ ਵਿਚ ਅਸਮਰੱਥ ਹੈ। ਬਾਕੀ ਬਚਦੀ ਹੈ ਆਮ ਜਨਤਾ ਜਿਸ ਦੀ ਪਹੁੰਚ ਅਤੇ ਸਮਝ ਦੇ ਅਧਾਰ 'ਤੇ ਹੀ ਹਰ ਸਮਾਜਿਕ ਤੇ ਸਿਆਸੀ ਵਰਤਾਰੇ ਦਾ ਭਵਿੱਖ ਟਿਕਿਆ ਹੋਇਆ ਹੈ। ਲੋਕ ਹੀ ਸਮਾਜਿਕ ਤਬਦੀਲੀ ਦਾ ਧੁਰਾ ਹੁੰਦੇ ਹਨ। ਸਦੀਆਂ ਦੀ ਖੜੋਤ ਨੂੰ ਤੋੜ ਕੇ ਦਿਨਾਂ ਵਿਚ ਇਨਕਲਾਬ ਦੀ ਹਨ੍ਹੇਰੀ ਝੁਲਾਉਣ ਦਾ ਮਾਦਾ ਵੀ ਆਮ ਜਨਤਾ ਹੀ ਰੱਖਦੀ ਹੈ।

ਮੈਂ ਖੁਦ ਗਿੱਦੜਬਾਹਾ ਦਾ ਹੀ ਵਸਨੀਕ ਹਾਂ। ਗੱਲ 1995 ਦੀ ਹੈ ਜਦ ਮੇਰੀ ਉਮਰ ਸਿਰਫ 10 ਸਾਲ ਦੀ ਸੀ। ਗਿੱਦੜਬਾਹਾ ਵਿਧਾਨ ਸਭਾ ਸੀਟ ਦੀ ਉਪ ਚੋਣ ਨੇ ਸਾਰੇ ਪੰਜਾਬ ਦਾ ਧਿਆਨ ਖਿੱਚਿਆ ਹੋਇਆ ਸੀ। ਗਿੱਦੜਬਾਹਾ, ਕੁਰੂਕਸ਼ੇਤਰ ਦਾ ਮੈਦਾਨ ਬਣਿਆ ਹੋਇਆ ਸੀ। ਅਕਾਲੀ ਦਲ ਵੱਲੋਂ ਉਮੀਦਵਾਰ ਅਤੇ ਇੰਗਲੈਂਡ ਤੋਂ ਪੜ੍ਹ ਕੇ ਆਏ ਇਸ ਮੁੰਡੇ ਮਨਪ੍ਰੀਤ ਸਿੰਘ ਬਾਦਲ ਦੀ ਯੋਗਤਾ ਐਨੀ ਹੀ ਸੀ (ਸ਼ਾਇਦ ਸਭ ਤੋਂ ਮਹੱਤਵਪੂਰਨ ਵੀ) ਕਿ ਉਹ ਪ੍ਰਕਾਸ਼ ਸਿੰਘ ਬਾਦਲ ਦਾ ਭਤੀਜਾ ਸੀ। ਬੱਸ ਹੋਰ ਨਾ ਕੋਈ ਸਵਾਲ, ਨਾ ਕੋਈ ਜਵਾਬ। ਅਕਾਲੀ ਦਲ ਦੀ ਡੈਮੋਕਰੇਸੀ ਜ਼ਿੰਦਾਬਾਦ! ਅੱਜ ਵੀ ਗੱਲਾਂ ਹੁੰਦੀਆਂ ਹਨ ਕਿ ਕਿਵੇਂ ਤਦ ਪੂਰੇ ਹਲਕੇ ਵਿਚ ਅਕਾਲੀ ਦਲ ਤੇ ਕਾਂਗਰਸ ਵੱਲੋਂ ਪੈਸਾ ਮੀਂਹ ਵਾਂਗ ਵਰ੍ਹਾਇਆ ਗਿਆ। ਮਨਪ੍ਰੀਤ ਬਾਦਲ ਉਹ ਚੋਣ ਜਿੱਤ ਗਿਆ ਅਤੇ ਫਿਰ ਸਭ ਕੁਝ ਨਾਰਮਲ ਹੋ ਗਿਆ। ਨਾ ਕੋਈ ਵਰਨਣਯੋਗ ਤਬਦੀਲੀ ਗਿੱਦੜਬਾਹਾ ਵਿਚ ਹੋਈ ਅਤੇ ਨਾ ਹੀ ਪੰਜਾਬ ਵਿਚ। ਤੇ ਉਧਰੋਂ ਪੂਰੇ ਦੇਸ਼ ਵਿਚ ਡਾ. ਮਨਮੋਹਨ ਸਿੰਘ ਦੀਆਂ ਨਵੀਆਂ ਆਰਥਿਕ ਨੀਤੀਆਂ ਫੁਲ ਸਪੀਡ 'ਤੇ ਲਾਗੂ ਹੋ ਰਹੀਆਂ ਸਨ। ਬਹੁਗਿਣਤੀ ਲਈ ਸਿੱਖਿਆ, ਸਥਾਈ ਰੁਜ਼ਗਾਰ, ਸਿਹਤ ਸਹੂਲਤਾਂ ਅਤੇ ਸਮਾਜਿਕ ਸੁਰੱਖਿਆ ਸੁਪਨਾ ਬਣਦੇ ਜਾ ਰਹੇ ਸਨ। ਕਰੋੜਾਂ ਦੇਸ਼ ਵਾਸੀਆਂ ਦੀ ਕੰਗਾਲੀ ਦੀ ਕੀਮਤ ਉਤੇ ਕੁਝ ਕੁ ਸੋਨੇ ਦੇ ਮਹਿਲ ਉਸਰਨੇ ਸ਼ੁਰੂ ਹੋ ਗਏ ਸਨ। ਈਸਟ ਇੰਡੀਆ ਕੰਪਨੀ ਵਰਗੀਆਂ ਹਜ਼ਾਰਾਂ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਪਧਾਰਨ ਦੇ ਸੱਦੇ ਭੇਜ ਦਿੱਤੇ ਗਏ ਸਨ। ਜਲਦੀ ਹੀ ਕਾਰਪੋਰੇਟ ਮੀਡੀਏ ਨੇ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨਾ ਸ਼ੁਰੂ ਕਰ ਦੇਣਾ ਸੀ...ਤੇ ਇਸ ਨਵੇਂ ਤਰ੍ਹਾਂ ਦੇ 'ਵਿਕਾਸ' ਨੂੰ ਕਾਂਗਰਸ, ਭਾਜਪਾ, ਅਕਾਲੀ ਦਲ ਅਤੇ ਹੋਰ ਤਰ੍ਹਾਂ-ਤਰ੍ਹਾਂ ਦੀਆਂ ਪਾਰਟੀਆਂ ਦੀ ਪੂਰਨ ਹਮਾਇਤ ਹਾਸਲ ਸੀ/ਹੈ। ਸਿਆਸੀ ਆਰਥਿਕਤਾ ਦੀ ਸਮਝ ਰੱਖਣ ਵਾਲਿਆਂ ਨੂੰ ਪਤਾ ਸੀ ਕਿ ਇਸ 'ਵਿਕਾਸ' ਦੇ ਆਮ ਜਨਤਾ ਲਈ ਗੰਭੀਰ ਸਿੱਟੇ ਨਿਕਲਣਗੇ। ਕੁਝ ਚੁੱਪ ਹੋ ਗਏ। ਕੁਝ ਵਿਕ ਗਏ, ਤੇ ਜਿਹੜੇ ਕੁਝ ਕੁ ਬੋਲੇ, ਉਨ੍ਹਾਂ ਨੂੰ 'ਕਮਿਊਨਿਸਟ' ਅਤੇ 'ਵਿਕਾਸ ਵਿਰੋਧੀ' ਕਰਾਰ ਦੇ ਕੇ ਗੱਲ ਦੱਬ ਦਿੱਤੀ ਗਈ।

ਖੈਰ! ਇਸ ਪੂਰੇ ਅਤੇ ਲੰਬੇ ਦੌਰ ਵਿਚ ਮਨਪ੍ਰੀਤ ਬਾਦਲ ਵੀ ਚੁੱਪ ਹੀ ਰਹੇ। ਮਾਰਕਸਵਾਦ ਦਾ ਪ੍ਰਭਾਵ ਕਬੂਲਣ ਦਾ ਦਾਅਵਾ ਕਰਨ ਵਾਲੇ ਮਨਪ੍ਰੀਤ ਨੂੰ ਇਨ੍ਹਾਂ ਨੀਤੀਆਂ ਵਿਚ ਕੁਝ ਵੀ ਗਲਤ ਮਹਿਸੂਸ ਨਾ ਹੋਇਆ। ਜਦੋਂ 1999 ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਮੁੱਖ ਮੰਤਰੀ ਬਾਦਲ ਦਾ ਵਧਿਆ ਹੋਇਆ 'ਵਰਕ ਲੋਡ' ਵੰਡਾਉਣ ਲਈ ਅਕਾਲੀ ਦਲ ਵਿਚ ਵਰਕਿੰਗ ਪ੍ਰੈਜ਼ੀਡੈਂਟ ਬਣਾਉਣ ਦੀ ਗੱਲ ਕੀਤੀ ਤਾਂ ਐਨੀ ਜਾਇਜ਼ ਤੇ ਸਧਾਰਨ ਗੱਲ ਬਦਲੇ ਅਕਾਲੀ ਦਲ ਦੇ ਉਸ ਸਭ ਤੋਂ ਸੀਨੀਅਰ ਅਤੇ ਟਕਸਾਲੀ ਲੀਡਰ ਨੂੰ ਬੇਪੱਤ ਕਰਕੇ ਪਾਰਟੀ ਵਿਚੋਂ ਕੱਢ ਦਿੱਤਾ ਗਿਆ। ਉਦੋਂ ਮਨਪ੍ਰੀਤ ਬਾਦਲ ਬਿਲਕੁਲ ਨਾ ਬੋਲੇ ਕਿ ਇਹ ਪਾਰਟੀ ਅੰਦਰ ਡੈਮੋਕਰੇਸੀ ਦਾ ਕਤਲ ਹੈ। ਹਿੰਦੂ ਫਾਸ਼ੀਵਾਦ ਦੀ ਵਿਚਾਰਧਾਰਾ ਨਾਲ ਲੈਸ ਬੀਜੇਪੀ ਨੂੰ ਅਕਾਲੀ ਦਲ ਨੇ ਆਪਣਾ ਸਥਾਈ ਭਾਈਵਾਲ ਬਣਾ ਲਿਆ, ਤਾਂ ਵੀ ਮਨਪ੍ਰੀਤ ਨੂੰ ਕੁਝ ਗਲਤ ਨਾ ਲੱਗਾ।

ਨਵੀਆਂ ਆਰਥਿਕ ਨੀਤੀਆਂ ਵਿਚ ਨਾਲ ਪੰਜਾਬ ਦਾ ਸਮਾਜਿਕ-ਆਰਥਿਕ ਤਾਣਾਬਾਣਾ ਤਿੜਕਣ

> **2006 ਦੀਆਂ ਵੋਟਾਂ ਤੋਂ ਬਾਅਦ ਜਦ ਮਨਪ੍ਰੀਤ ਬਾਦਲ ਚੌਥੀ ਵਾਰ ਐਮ.ਐਲ.ਏ. ਬਣੇ ਤਾਂ ਉਸ ਦੇ 'ਤਾਇਆ ਜੀ' ਨੇ ਅਕਾਲੀ-ਬੀ. ਜੇ. ਪੀ. ਸਰਕਾਰ ਵਿਚ ਉਨ੍ਹਾਂ ਨੂੰ ਵਿੱਤ ਮੰਤਰੀ ਦੀ ਕੁਰਸੀ ਦਿੱਤੀ। "ਸਈਆਂ ਭਏ ਕੋਤਵਾਲ, ਅਬ ਡਰ ਕਾਹੇ ਕਾ"। ਗਿੱਦੜਬਾਹਾ ਵਿਚ ਨਾਜਾਇਜ਼ ਕਬਜ਼ਿਆਂ ਦੀਆਂ ਗੱਲਾਂ ਆਮ ਹੋ ਗਈਆਂ। ਮਨਪ੍ਰੀਤ ਬਾਦਲ ਨੇ ਆਪਣੇ ਸਾਲੇ ਨੂੰ ਸ਼ਹਿਰ ਦਾ ਇੰਚਾਰਜ ਲਾ ਦਿੱਤਾ। ਧੱਕੇਸ਼ਾਹੀਆਂ, ਉਗਰਾਹੀਆਂ ਅਤੇ ਮਨਮਾਨੀਆਂ ਦਾ ਨਵਾਂ ਦੌਰ ਚੱਲ ਪਿਆ।**

ਲੱਗਾ। ਪੰਜਾਬ ਸਿਰ ਕਰਜ਼ਾ ਛੜੱਪੇ ਮਾਰ ਕੇ ਵਧਣ ਲੱਗਾ। ਜੋ ਕਰਜ਼ਾ 1991 ਵਿਚ ਮਹਿਜ਼ 9-10 ਹਜ਼ਾਰ ਕਰੋੜ ਰੁਪਏ ਸੀ, ਨਵੀਆਂ ਆਰਥਿਕ ਨੀਤੀਆਂ ਆਉਣ ਤੋਂ ਬਾਅਦ ਉਸ ਦੀ ਦਰ ਵਿਚ ਹੈਰਾਨੀਜਨਕ ਵਾਧਾ ਹੋਣ ਲੱਗਾ (ਅੱਜ ਇਹ ਕਰਜ਼ਾ ਕੋਈ 72 ਹਜ਼ਾਰ ਕਰੋੜ ਰੁਪਏ ਹੈ)। ਵੱਡੀ ਗੱਲ ਇਹ ਵੀ ਹੈ ਕਿ ਇਸ ਦੇ ਨਾਲ-ਨਾਲ ਲੋਕਾਂ ਨੂੰ ਦਿੱਤੀ ਜਾਣ ਵਾਲੀ ਸਮਾਜਿਕ ਸੁਰੱਖਿਆ ਵਿਚ ਵੀ ਲਗਾਤਾਰ ਕਟੌਤੀ ਹੁੰਦੀ ਗਈ। ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਦੇ ਵਿਕਾਸ ਦੀ ਥਾਂ ਇਨ੍ਹਾਂ ਦਾ ਵਿਨਾਸ਼ ਹੋਣ ਲੱਗਾ। ਸਰਕਾਰੀ ਅਦਾਰੇ ਅਤੇ ਜਾਇਦਾਦਾਂ ਧੜਾਧੜ ਵੇਚ ਕੇ ਦਲਾਲੀ ਖਾਧੀ ਜਾਣ ਲੱਗੀ। ਕਿਸਾਨ ਖੁਦਕੁਸ਼ੀਆਂ ਆਮ ਵਰਤਾਰਾ ਹੋ ਗਿਆ। ਮਜ਼ਦੂਰਾਂ ਦੀ ਹਾਲਤ ਦਿਨੋਂ ਦਿਨ ਨਿਘਰਦੀ ਗਈ। ਨੌਜੁਆਨ ਪੀੜ੍ਹੀ ਭਵਿੱਖ ਵਿਚ ਹਨ੍ਹੇਰੇ ਤੋਂ ਸਿਵਾ ਕੁਝ ਹੋਰ ਨਾ ਵਿਖਾਈ ਦੇਣ ਤੇ ਨਸ਼ਿਆਂ ਦੀ ਲਪੇਟ ਵਿਚ ਆਉਣ ਲੱਗੀ। ਲੱਖਾਂ ਰੁਪਏ ਫੀਸਾਂ ਅਤੇ ਹੋਰ ਖਰਚੇ ਅਦਾ ਕਰਕੇ ਵੀ ਡਿਗਰੀਆਂ ਦਾ ਕੋਈ ਮੁੱਲ ਨਾ ਰਿਹਾ। ਪੰਜਾਬ ਦੀ ਜਵਾਨੀ ਦਾ ਇਕ ਹਿੱਸਾ ਹਰ ਹੀਲੇ ਦੇਸੋਂ ਬਾਹਰ ਭੱਜਣ ਦੀਆਂ ਸਕੀਮਾਂ ਬਣਾਉਣ ਲੱਗਾ। ਠੱਗ ਏਜੰਟਾਂ ਅਤੇ ਦਲਾਲਾਂ ਦੇ ਵਹੇ ਚੜ੍ਹ ਕੇ ਹਜ਼ਾਰਾਂ ਪੰਜਾਬੀ ਨੌਜਵਾਨ ਗੈਰ-ਕਾਨੂੰਨੀ ਢੰਗ-ਤਰੀਕਿਆਂ ਨਾਲ ਯੂਰਪ ਦੇ ਬਾਰਡਰ ਪਾਰ ਕਰਨ ਦੇ ਯਤਨਾਂ ਵਿਚ ਮਰ-ਖਪ ਗਏ ਜਾਂ ਵਿਦੇਸ਼ੀ ਦੀਆਂ ਜੇਲ੍ਹਾਂ ਵਿਚ ਪਹੁੰਚ ਗਏ। ਇਧਰ ਪੰਜਾਬ ਵਿਚ ਰਹਿੰਦੀ ਜਵਾਨੀ ਲਈ ਅਕਾਲੀ ਦਲ ਤੇ ਕਾਂਗਰਸੀ ਲੀਡਰਾਂ ਅਤੇ ਪੁਲਿਸ ਦੀ ਮਿਲੀਭੁਗਤ ਨਾਲ ਨਸ਼ਿਆਂ ਦੀ ਸਪਲਾਈ ਖੁੱਲ੍ਹੀ ਹੋ ਗਈ। ਮੇਰੇ ਅੱਖੀਂ ਵੇਖਦੇ-ਵੇਖਦੇ ਗਿੱਦੜਬਾਹਾ ਵਿਚ ਮੈਡੀਕਲ ਨਸ਼ੇ (ਸ਼ੀਸ਼ੀਆਂ, ਟੀਕੇ ਆਦਿ) ਕੁਝ ਦੁਕਾਨਾਂ 'ਤੇ ਆਮ ਹੀ ਵਿਕਣੇ ਸ਼ੁਰੂ ਹੋ ਗਏ। ਜੋ ਇਕ ਦੁਕਾਨ ਵਾਲੇ ਦੀ ਨੇੜਤਾ ਕਾਂਗਰਸ ਦੇ ਲੀਡਰ ਨਾਲ ਸੀ, ਤਾਂ ਦੂਜਾ ਅਕਾਲੀਆਂ ਦਾ ਖਾਸਮ-ਖਾਸ ਸੀ। ਸਾਡੇ ਆਪਣੇ ਵਾਰਡ ਦੇ ਕਿੰਨੇ ਹੀ ਨੌਜੁਆਨ ਨਸ਼ਿਆਂ ਦੇ ਚੁੰਗਲ ਵਿਚ ਪਹੁੰਚ ਚੁੱਕੇ ਹਨ।

ਇਹ 21ਵੀਂ ਸਦੀ ਦੇ ਨਵੇਂ ਪੰਜਾਬ ਦੀ ਕਾਲੀ ਤਸਵੀਰ ਦਾ ਸਿਰਫ਼ ਇਕ ਪੱਖ ਹੀ ਹੈ! ਨਵਾਂ ਪੰਜਾਬ-ਮਾਫ਼ੀਆ ਪੰਜਾਬ। ਬਿਲਡਰ-ਦਲਾਲ-ਠੇਕੇਦਾਰ-ਕਾਰਪੋਰੇਟ-ਨਸ਼ਿਆਂ ਦੇ ਸੌਦਾਗਰਾਂ-ਗੁੰਡਾ-ਸਿਆਸੀ ਗੱਠਜੋੜ ਦੇ ਰੂਪ ਵਿਚ ਉਭਰੇ ਤਾਕਤਵਰ ਮਾਫੀਆ ਗਰੋਹਾਂ ਦੇ ਪੰਜਿਆਂ ਵਿਚ ਤੜਫ ਰਿਹਾ ਪੰਜਾਬ। ਬੱਸ ਹਰ ਪੰਜ ਸਾਲ ਬਾਅਦ ਵੋਟਾਂ ਆਉਂਦੀਆਂ। ਪੂਰੇ ਪੰਜਾਬ ਵਾਂਗ ਗਿੱਦੜਬਾਹਾ ਹਲਕਾ ਵੀ ਚੋਣ ਭੇੜ ਦਾ ਅਖਾੜਾ ਬਣਦਾ। ਅਕਾਲੀ ਕਹਿੰਦੇ ਅਸੀਂ ਪੰਥਕ ਪਾਰਟੀ ਹਾਂ। ਤੁਸੀਂ ਗਿੱਦੜਬਾਹਾ ਵਾਲੇ ਤਾਂ ਸਾਡਾ ਪਰਿਵਾਰ ਓਂ! ਕਾਂਗਰਸ ਕਹਿੰਦੀ ਇਨ੍ਹਾਂ ਬਾਦਲਾਂ ਨੇ ਪੰਜਾਬ ਲੁੱਟ ਲਿਆ। ਵੋਟਾਂ ਸਾਨੂੰ ਪਾਓ। ਅੰਤ ਵੋਟਾਂ ਪੈ ਜਾਂਦੀਆਂ ਅਤੇ ਨਤੀਜੇ ਨਿਕਲ ਆਉਂਦੇ। 1995 ਤੋਂ ਬਾਅਦ, ਹਰ ਵਾਰ ਮਨਪ੍ਰੀਤ ਬਾਦਲ ਹੀ ਗਿੱਦੜਬਾਹੇ ਤੋਂ ਜਿੱਤਦੇ ਰਹੇ। ਕਾਂਗਰਸ ਵੱਲੋਂ ਹਰ ਵਾਰ ਇਕੋ ਹੀ ਉਮੀਦਵਾਰ ਮਨਪ੍ਰੀਤ ਖਿਲਾਫ਼ ਖੜ੍ਹਾ ਕੀਤਾ ਜਾਂਦਾ ਰਿਹਾ ਹੈ ਤਾਂ ਉਸ ਬੰਦੇ ਬਾਰੇ ਜਿੰਨਾ ਘੱਟ ਲਿਖੀਏ, ਓਨਾ ਹੀ ਚੰਗਾ ਹੈ। ਹਰ ਵਾਰ ਵੋਟਾਂ ਵਿਚ ਗੁੰਡਾਗਰਦੀ ਵਿਚ ਸਭ ਤੋਂ ਵੱਧ ਨੰਬਰ ਲੈਣ ਵਾਲੇ ਨੂੰ ਉਸ ਦਾ ਹੱਕੀ 'ਸਨਮਾਨ' ਵੀ ਮਿਲਦਾ ਹੈ। ਇਕ ਵਾਰ ਚੋਣਾਂ ਦੌਰਾਨ ਅਕਾਲੀ ਉਮੀਦਵਾਰ ਮਨਪ੍ਰੀਤ ਦੇ ਹੱਕ ਵਿਚ, ਗੁੰਡਾਗਰਦੀ ਵਿਚ ਫਸਟ ਆਉਣ ਵਾਲੇ ਨੂੰ ਸ਼੍ਰੋਮਣੀ ਕਮੇਟੀ ਦੀ ਮੀਤ ਪ੍ਰਧਾਨਗੀ ਮਿਲੀ। ਕਿਸੇ ਅਗਲੀ ਚੋਣ ਵਿਚ ਮਨਪ੍ਰੀਤ ਦੇ ਹੱਕ ਵਿਚ ਐਸਾ ਕਰਨ ਵਾਲੇ ਨੂੰ ਟਰੱਕ ਯੂਨੀਅਨ ਦੀ ਪ੍ਰਧਾਨਗੀ ਨਾਲ ਨਵਾਜ਼ਿਆ ਗਿਆ। ਮਨਪ੍ਰੀਤ ਸਿੰਘ ਬਾਦਲ ਨੂੰ ਇਸ ਸਭ 'ਤੇ ਕਦੇ ਕੋਈ ਇਤਰਾਜ਼ ਨਾ ਹੋਇਆ। ਉਸ ਲਈ ਸ਼ਾਇਦ ਜੰਗ ਅਤੇ ਪਿਆਰ ਵਿਚ ਇਹ ਸਭ ਜਾਇਜ਼ ਸੀ।

2006 ਦੀਆਂ ਵੋਟਾਂ ਤੋਂ ਬਾਅਦ ਜਦ ਮਨਪ੍ਰੀਤ ਬਾਦਲ ਚੌਥੀ ਵਾਰ ਐਮ.ਐਲ.ਏ. ਬਣੇ ਤਾਂ ਉਸ ਦੇ 'ਤਾਇਆ ਜੀ' ਨੇ ਅਕਾਲੀ-ਬੀ. ਜੇ. ਪੀ. ਸਰਕਾਰ ਵਿਚ ਉਨ੍ਹਾਂ ਨੂੰ ਵਿੱਤ ਮੰਤਰੀ ਦੀ ਕੁਰਸੀ ਦਿੱਤੀ। "ਸਈਆਂ ਭਏ ਕੋਤਵਾਲ, ਅਬ ਡਰ ਕਾਹੇ ਕਾ"। ਗਿੱਦੜਬਾਹਾ ਵਿਚ ਨਾਜਾਇਜ਼ ਕਬਜ਼ਿਆਂ ਦੀਆਂ ਗੱਲਾਂ ਆਮ ਹੋ ਗਈਆਂ। ਮਨਪ੍ਰੀਤ ਬਾਦਲ ਨੇ ਆਪਣੇ ਸਾਲੇ ਨੂੰ ਸ਼ਹਿਰ ਦਾ ਇੰਚਾਰਜ ਲਾ ਦਿੱਤਾ। ਧੱਕੇਸ਼ਾਹੀਆਂ, ਉਗਰਾਹੀਆਂ ਅਤੇ ਮਨਮਾਨੀਆਂ ਦਾ ਨਵਾਂ ਦੌਰ ਚੱਲ ਪਿਆ। ਮਨਪ੍ਰੀਤ ਬਾਦਲ ਦੇ ਪੀ.ਏ. ਨੇ ਥੋੜ੍ਹੇ ਜਿਹੇ ਸਮੇਂ ਵਿਚ ਬਠਿੰਡੇ ਕੋਲ 'ਸ਼ਾਨਦਾਰ' ਕਾਲਜ ਖੜ੍ਹਾ ਕਰ ਲਿਆ। ਹਿਮਾਚਲ ਵਿਚ ਫੈਕਟਰੀ ਲਗਾ ਲਈ। ਜ਼ਮੀਨ ਖਰੀਦ ਲਈ ਅਤੇ ਚੰਡੀਗੜ੍ਹ ਵਿਚ ਫਲੈਟ ਲੈ ਲਿਆ। ਨਵ-ਉਦਾਰੀਕਰਨ ਦੇ ਨਵ-ਭ੍ਰਿਸ਼ਟਾਚਾਰ ਦੇ ਦਰਸ਼ਨ ਗਿੱਦੜਬਾਹਾ ਵਰਗੇ ਛੋਟੇ ਸ਼ਹਿਰ ਵਿਚ ਵੀ ਖੁੱਲ੍ਹੇਆਮ ਹੋਣ ਲੱਗੇ। ਜਨਤਕ ਧਨ ਦੀ ਸਥਾਨਕ ਪੱਧਰ ਦੀ ਲੁੱਟ ਵਿਚੋਂ ਹੱਥ ਰੰਗਣ ਦਾ ਮੌਕਾ ਦੇਣ ਲਈ ਉਨ੍ਹਾਂ ਦੇ ਸਥਾਨਕ ਚਹੇਤਿਆਂ ਨੂੰ ਉਨ੍ਹਾਂ ਦੇ ਇਸ਼ਾਰੇ ਮੁਤਾਬਿਕ ਬਿਨਾ ਕਿੰਤੂ-ਪ੍ਰੰਤੂ ਕੀਤਿਆਂ ਸੜਕਾਂ, ਗਲੀਆਂ, ਸੀਵਰੇਜ ਆਦਿ ਦੇ ਠੇਕੇ ਅਲਾਟ ਹੋ ਗਏ। ਜਦੋਂ ਵਿੱਤ ਮੰਤਰੀ ਦਾ ਹੱਥ ਸਿਰ 'ਤੇ ਹੋਵੇ ਤਾਂ ਲੋਕਾਂ ਜਾਂ ਅਫਸਰਾਂ ਦਾ ਕਿਹੜਾ ਡਰ? ਜਿੰਨਾ ਮਰਜ਼ੀ ਲਾਓ, ਜਿੰਨਾ ਮਰਜ਼ੀ ਖਾਓ!

ਪਾਠਕਾਂ ਨੂੰ ਮਨਪ੍ਰੀਤ ਬਾਦਲ ਦੀ ਸਿਆਸੀ ਕਰਮਭੂਮੀ ਗਿੱਦੜਬਾਹਾ ਉਤੇ ਇਹ ਪਿਛਲਝਾਤ ਇਸ ਲਈ ਪੁਆਈ ਹੈ ਤਾਂ ਜੋ ਉਨ੍ਹਾਂ ਨੂੰ ਭਵਿੱਖ ਦੇ ਸਵਾਲ ਅਤੇ ਖਦਸ਼ੇ ਸਪਸ਼ਟ ਹੋ ਸਕਣ। ਸ਼ੁਰੂ ਵਿਚ ਤਾਂ ਮਨਪ੍ਰੀਤ ਬਾਦਲ ਨੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਦਿੱਤੀ ਜਾਂਦੀ ਬਿਜਲੀ, ਪਾਣੀ ਅਤੇ ਖਾਦ ਆਦਿ ਉਤੇ ਸਬਸਿਡੀ ਦਾ ਵਿਰੋਧ ਕੀਤਾ ਸੀ ਪਰ ਬਾਅਦ ਵਿਚ ਉਨ੍ਹਾਂ ਨੇ ਆਪਣੀ ਭਾਸ਼ਾ ਕੁਝ ਨਰਮ ਕਰ ਲਈ।

ਮਨਪ੍ਰੀਤ ਬਾਦਲ ਦਾ ਇਹ ਕਹਿਣਾ ਹੈ ਕਿ ਉਨ੍ਹਾਂ ਨੂੰ ਇਹ ਦੇਖ ਕੇ ਬੜਾ ਦੁੱਖ ਹੋਇਆ ਕਿ ਐਡੀ ਇਤਿਹਾਸਿਕ ਪਾਰਟੀ ਅੱਜ ਕਿਸ ਹਾਲ ਵਿਚ ਪਹੁੰਚ ਗਈ ਹੈ ਕਿ ਕੋਈ ਬੰਦਾ ਸੱਚ ਬੋਲਣ ਦੀ ਹਿੰਮਤ ਕਰਦਾ ਹੈ ਤਾਂ ਪਾਰਟੀ ਅੰਦਰਲਾ ਲੰਪਨ ਹਿੱਸਾ ਉਸ ਦੀ ਆਵਾਜ਼ ਨੂੰ ਦਬਾ ਦਿੰਦਾ ਹੈ। ਉਨ੍ਹਾਂ ਨੂੰ ਦੁੱਖ ਹੈ ਕਿ ਪਾਰਟੀ ਦੇ ਪੁਰਾਣੇ ਜਰਨੈਲ ਅੱਜ ਬਹੁਤ ਹੀ ਤਰਸਯੋਗ ਹਾਲਤ ਵਿਚ ਪਹੁੰਚ ਚੁੱਕੇ ਹਨ। ਪਾਰਟੀ ਅੰਦਰ ਕਿਸੇ ਤਰ੍ਹਾਂ ਦੀ ਵੀ ਡੈਮੋਕਰੇਸੀ ਨਹੀਂ ਹੈ। ਇਸ ਸੂਰਤ ਵਿਚ ਸਵਾਲਾਂ ਦਾ ਸਵਾਲ ਬਣਦਾ ਹੈ ਕਿ ਅਕਾਲੀ ਦਲ ਵਿਚ ਡੈਮੋਕਰੇਸੀ ਸੀ ਕਦ? ਅਤੇ ਜੋ ਹਾਲਤ ਅੱਜ ਅਕਾਲੀ ਦਲ ਦੀ ਹੈ ਅਤੇ ਜਿਸ 'ਤੇ ਮਨਪ੍ਰੀਤ ਨੂੰ ਰੋਣਾ ਆ ਰਿਹਾ ਹੈ, ਉਸ ਬਾਰੇ ਉਸ ਨੂੰ ਸੁਆਲ ਹੈ ਕਿ ਕੀ ਪਾਰਟੀ ਨੂੰ ਇਸ ਹਾਲਤ ਵਿਚ ਪਹੁੰਚਾਉਣ ਵਿਚ ਸਭ ਤੋਂ ਵੱਡਾ ਯੋਗਦਾਨ ਉਸ ਦੇ 'ਸਤਿਕਾਰਯੋਗ' ਤਾਇਆ ਜੀ ਪ੍ਰਕਾਸ਼ ਸਿੰਘ ਬਦਲ ਦਾ ਨਹੀਂ ਹੈ? ਸਵਾਲ ਤਾਂ ਇਹ ਵੀ ਬਣਦਾ ਹੈ ਕਿ ਕੀ ਬਿਲਕੁਲ ਨਵੇਂ ਮੁੰਡੇ ਜਿਸ ਨੇ ਪਾਰਟੀ ਲਈ ਹਾਲੇ ਡੱਕਾ ਭੰਨ ਕੇ ਦੂਹਰਾ ਨਾ ਕੀਤਾ ਹੋਵੇ, ਨੂੰ ਪਹਿਲਾਂ ਐਮ.ਐਲ.ਏ. ਲਈ ਪਾਰਟੀ ਟਿਕਟ ਦੇਣਾ ਅਤੇ ਫਿਰ ਕੁਝ ਸਾਲਾਂ ਬਾਅਦ ਤਮਾਮ ਜਰਨੈਲਾਂ ਨੂੰ ਲਾਂਭੇ ਰੱਖ ਕੇ ਵਿੱਤ ਮੰਤਰੀ ਬਣਾ ਦੇਣਾ, ਕੀ ਹੱਦ ਦਰਜੇ ਦੀ ਕੁਨਬਾਪ੍ਰਸਤੀ ਅਤੇ ਭਾਈ-ਭਤੀਜਾਵਾਦ ਨਹੀਂ ਸੀ? ਤੇ ਮਨਪ੍ਰੀਤ ਬਾਦਲ ਤਦ ਇਸ ਵਰਤਾਰੇ ਖਿਲਾਫ਼ ਕਿਉਂ ਨਹੀਂ ਬੋਲੇ? ਆਪਣੇ ਸਾਲੇ ਨੂੰ ਆਪਣੇ ਹਲਕੇ ਦਾ ਪਾਰਟੀ ਇੰਚਾਰਜ ਥਾਪ ਦੇਣਾ, ਕੀ ਡੈਮਕਰੇਸੀ ਸੀ ਜਾਂ ਰਾਜਾਸ਼ਾਹੀ? ਕੀ ਮਨਪ੍ਰੀਤ ਨੂੰ ਆਪਣੇ ਨੇੜਲਿਆਂ ਦੀਆਂ ਖੁੱਲ੍ਹੀਆਂ ਮਨਮਾਨੀਆਂ ਅਤੇ ਕੁਰੱਪਸ਼ਨ ਬਿਲਕੁਲ ਨਜ਼ਰ ਨਹੀਂ ਆਈ ਜਿਨ੍ਹਾਂ ਨੂੰ ਉਹ ਅੱਜ ਵੀ ਗਲ ਲਾਈ ਫਿਰਦੇ ਨੇ? ਪੂਰੇ ਪੰਜਾਬ ਦੀ ਗੱਲ ਨਾ ਵੀ ਕਰੀਏ, ਕੀ ਉਹ ਦੱਸਣਗੇ ਕਿ ਅੱਜ ਤੱਕ ਗਿੱਦੜਬਾਹਾ ਵਿਚ ਹੀ ਨਸ਼ਿਆਂ ਦੀ ਵਿਕਰੀ ਰੋਕਣ ਵਿਚ ਉਹ ਕਿਉਂ ਅਸਮਰੱਥ ਰਹੇ? ਆਪਣੀਆਂ ਤਮਾਮ ਚੋਣਾਂ ਵਿਚ ਉਹ ਅੱਜ ਤੱਕ ਕਿਉਂ 'ਮਨੀ' (ਪੈਸਾ) ਅਤੇ ਅਤੇ 'ਮੋਸਲ ਪਾਵਰ' (ਬਾਹੂ ਬਲ) ਖੁੱਲ੍ਹ ਕੇ ਵਰਤਦੇ ਰਹੇ? ਕੀ ਇਹ ਚੀਜ਼ਾਂ ਉਚੀਆਂ ਕਦਰਾਂ ਕੀਮਤਾਂ ਵਾਲੀ ਰਾਜਨੀਤੀ ਲਈ ਜਾਇਜ਼ ਸਨ? ਇਸ ਤਰ੍ਹਾਂ ਦੇ ਹੋਰ ਬਹੁਤ ਸਵਾਲ ਮਨਪ੍ਰੀਤ ਬਾਦਲ ਨੂੰ ਪੁੱਛੇ ਜਾ ਸਕਦੇ ਹਨ, ਪਰ ਉਨ੍ਹਾਂ ਨੇ ਇਹੋ ਜਿਹੇ ਤਮਾਮ ਸਵਾਲਾਂ ਦਾ ਇਕੋ ਉਤਰ ਘੜਿਆ ਹੋਇਆ ਹੈ, "ਸਾਹਰ ਪੁਰਾਣੀਆਂ ਗੱਲਾਂ ਛੱਡੋ, ਆਉ ਭਵਿੱਖ ਦੀ ਗੱਲ ਕਰੀਏ।"

ਠੀਕ ਹੈ, ਕਿਸੇ ਨੂੰ ਜਵਾਬ ਲਈ ਮਜਬੂਰ ਤਾਂ ਨਹੀਂ ਕੀਤਾ ਜਾ ਸਕਦਾ ਪਰ ਇਹ ਤਾਂ ਦੇਖ ਹੀ ਸਕਦੇ ਹਾਂ ਕਿ ਮਨਪ੍ਰੀਤ ਬਾਦਲ ਦਾ ਭਵਿੱਖ ਦਾ ਏਜੰਡਾ ਕੀ ਹੈ? ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਉਹ ਚਾਹੁੰਦੇ ਨੇ ਕਿ ਪੰਜਾਬ ਵਿਚੋਂ ਭ੍ਰਿਸ਼ਟਾਚਾਰ, ਨਸ਼ੇ, ਫ਼ਿਰਕਾਪ੍ਰਸਤੀ, ਕਰਜ਼ੇ ਅਤੇ ਗਰੀਬੀ ਨੂੰ ਖਤਮ ਕੀਤਾ ਜਾਵੇ ਤਾਂ ਕਿ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਿਆ ਜਾ ਸਕੇ। ਵਾਹ! ਕਿੰਨੇ ਨੇਕ ਵਿਚਾਰ ਨੇ। ਮਨੁੱਖਤਾ ਨਾਲ ਥੋੜ੍ਹੀ ਜਿਹੀ ਵੀ ਮੁਹੱਬਤ ਕਰਨ ਵਾਲਾ ਹਰ ਇਨਸਾਨ ਚਾਹੁੰਦਾ ਹੈ ਕਿ ਇਹੋ ਜਿਹਾ ਸਮਾਜ ਜ਼ਰੂਰ ਸਿਰਜਿਆ ਜਾਵੇ। ਭਗਤ ਸਿੰਘ ਖੁਦ ਸਾਨੂੰ ਇਸ ਸੁਪਨੇ ਨੂੰ ਪੂਰਾ ਕਰਨ ਦਾ ਰਾਹ ਦੱਸ ਕੇ ਗਿਆ ਹੈ। ਉਸ ਦੇ ਮੁਤਾਬਕ ਇਸ ਸਮਾਜ ਦੀਆਂ ਸਭ ਤੋਂ ਦੱਬੀਆਂ-ਕੁਚਲੀਆਂ ਜਮਾਤਾਂ, ਮਜ਼ਦੂਰਾਂ ਅਤੇ ਕਿਸਾਨਾਂ ਨੂੰ ਨਾਲ ਲੈ ਕੇ ਇਨਕਲਾਬੀ ਲੋਕ ਲਹਿਰ ਖੜ੍ਹੀ ਕਰ ਕੇ ਹੀ ਸਮਾਜਿਕ ਤਬਦੀਲੀ ਦੇ ਇਸ ਮਹਾਨ ਪ੍ਰਾਜੈਕਟ ਨੂੰ ਸਿਰੇ ਚਾੜ੍ਹਿਆ ਜਾ ਸਕਦਾ ਹੈ। ਸ਼ਹੀਦ ਭਗਤ ਸਿੰਘ ਦਾ ਸੁਪਨਾ ਸੀ ਆਰਥਿਕ ਅਤੇ ਸਮਾਜਿਕ ਬਰਾਬਰੀ ਵਾਲਾ ਸਮਾਜ ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ।



ਪ੍ਰਕਾਸ਼ ਸਿੰਘ ਬਾਦਲ ਅਤੇ ਮਨਪ੍ਰੀਤ ਸਿੰਘ ਬਾਦਲ

ਜੇ ਮਨਪ੍ਰੀਤ ਬਾਦਲ ਸੱਚਮੁੱਚ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣਾ ਚਾਹੁੰਦੇ ਹਨ ਤਾਂ ਅਸੀਂ ਕੁਝ ਸਵਾਲ ਜ਼ਰੂਰ ਉਨ੍ਹਾਂ ਅਤੇ ਜਨਤਾ ਅੱਗੇ ਰੱਖਾਂਗੇ। ਸਿਰਫ ਇਕ ਹੀ ਮਨਸ਼ਾ ਹੈ ਕਿ ਚੀਜ਼ਾਂ ਜਾਂ ਭਵਿੱਖ ਦਾ ਅਕਸ ਧੁੰਦਲਾ ਹੋਣ ਦੀ ਬਜਾਏ ਸਪੱਸ਼ਟ ਹੋਵੇ। ਜਨਤਾ ਨੂੰ ਮਹਿਜ਼ ਲੁਭਾਊ ਨਾਹਰੇ ਦੇ ਕੇ ਵਰਗਲਾਉਣ ਦੀ ਬਜਾਏ, ਜਨਤਾ ਅੱਗੇ ਸੱਚੀ ਤਸਵੀਰ ਰੱਖੀ ਜਾਵੇ ਤਾਂ ਕਿ ਲੋਕਾਂ ਨੂੰ ਸਾਫ ਹੋ ਸਕੇ ਕਿ ਸਮਾਜ ਦੀਆਂ ਤਮਾਮ ਬੁਰਾਈਆਂ ਤੋਂ ਨਿਜਾਤ ਪਾਉਣ ਦਾ ਦਰੁਸਤ ਰਸਤਾ ਕਿਹੜਾ ਹੈ। ਸਵਾਲ ਇਹ ਹਨ:

1. ਸ਼ਹੀਦ ਭਗਤ ਸਿੰਘ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਰੱਖਣ ਵਾਲਾ ਵੀ ਜਾਣਦਾ ਹੈ ਕਿ ਭਗਤ ਸਿੰਘ ਦਾ ਸੁਪਨਾ ਮੁਲਕ ਵਿਚ ਸਮਾਜਵਾਦੀ ਨਿਜ਼ਾਮ ਦੀ ਸਥਾਪਨਾ ਕਰਨਾ ਸੀ। ਐਸਾ ਨਿਜ਼ਾਮ ਜਿਸ ਵਿਚ ਅਸਲੀ ਅਰਥਾਂ ਵਿਚ ਸਮਾਜਿਕ ਅਤੇ ਆਰਥਿਕ ਬਰਾਬਰੀ ਹੋਵੇ। ਭਗਤ ਸਿੰਘ ਦਾ ਸਪਸ਼ਟ ਐਲਾਨ ਸੀ ਕਿ ਐਸਾ ਨਿਜ਼ਾਮ ਇਨਕਲਾਬ ਦੇ ਜ਼ਰੀਏ ਹੀ ਸੰਭਵ ਹੈ। ਫਿਰ ਮਨਪ੍ਰੀਤ ਬਾਦਲ ਕਿਉਂ ਨਹੀਂ ਸਾਫ਼ ਤੇ ਸਪੱਸ਼ਟ ਰੂਪ ਵਿਚ ਇਨਕਲਾਬ ਦਾ, ਸਮਾਜਵਾਦ ਦੀ ਸਥਾਪਨਾ ਦਾ ਨਾਹਰਾ ਦਿੰਦੇ?

2. ਇਨਕਲਾਬੀ ਸਮਾਜਿਕ ਤਬਦੀਲੀ ਅਤੇ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ, ਜਮਾਤੀ ਸੰਘਰਸ਼ ਬਿਨਾਂ ਸੰਭਵ ਨਹੀਂ ਹੈ ਕਿਉਂਕਿ ਪੂਰਾ ਸਮਾਜ ਜਮਾਤਾਂ ਵਿਚ ਵੰਡਿਆ ਹੋਇਆ ਹੈ। ਜਿੱਥੇ ਕੁਝ ਜਮਾਤਾਂ ਲੁੱਟ ਕਰਦੀਆਂ ਹਨ ਤੇ ਕੁਝ ਜਮਾਤਾਂ ਦੀ ਲੁੱਟ ਹੁੰਦੀ ਹੈ। ਮਨਪ੍ਰੀਤ ਬਾਦਲ ਸਾਫ਼ ਸਾਫ਼ ਦੱਸਣ ਕਿ ਉਹ ਕਿਹੜੀਆਂ ਜਮਾਤਾਂ ਦੇ ਨਾਲ ਖੜ੍ਹਨਗੇ ਅਤੇ ਕਿਹੜੀਆਂ ਜਮਾਤਾਂ ਦੇ ਵਿਰੁਧ ਜੰਗ ਛੇੜਨਗੇ?

3. ਸਾਡੇ ਦੇਸ਼ ਦੇ ਹਾਕਮ ਪੂੰਜੀਵਾਦੀ ਆਰਥਿਕ ਨੀਤੀਆਂ ਦੇ ਲੜ ਲੱਗੇ ਹੋਏ ਹਨ। ਦੇਸ਼ ਦੀਆਂ ਦੋਵੇਂ ਵੱਡੀਆਂ ਪਾਰਟੀਆਂ ਕਾਂਗਰਸ ਤੇ ਬੀਜੇਪੀ ਸਮੇਤ ਸਾਰੀਆਂ ਸਰਮਾਏਦਾਰ ਪਾਰਟੀਆਂ ਦੀ ਇਨ੍ਹਾਂ ਨੀਤੀਆਂ ਉਤੇ ਆਮ ਸਹਿਮਤੀ ਹੈ। ਤਾਂ ਮਨਪ੍ਰੀਤ ਗੋਲਮੋਲ ਗੱਲਾਂ ਦੀ ਬਜਾਏ ਸਪੱਸ਼ਟ ਦੱਸਣ ਕਿ ਕੀ ਉਨ੍ਹਾਂ ਮੁਤਾਬਕ ਇਨ੍ਹਾਂ ਪੂੰਜੀਵਾਦੀ ਨੀਤੀਆਂ ਅੰਦਰ ਹੀ ਸੁਧਾਰ ਕਰ ਕੇ ਸਮਾਜ ਦੀਆਂ ਮੁਸ਼ਕਿਲਾਂ ਦਾ ਹੱਲ ਕੱਢਿਆ ਜਾ ਸਕਦਾ ਹੈ ਜਾਂ ਇਹ ਨੀਤੀਆਂ ਰੱਦ ਕਰਕੇ ਬਿਲਕੁਲ ਨਵੀਆਂ ਆਰਥਿਕ ਨੀਤੀਆਂ ਦੀ ਲੋੜ ਹੈ?

4. ਮਨਪ੍ਰੀਤ ਦਾ ਕਹਿਣਾ ਹੈ ਕਿ ਉਹ ਤਾਂ ਜੰਮੇ ਹੀ 'ਅਕਾਲੀ' ਸਨ। ਕੀ ਉਹ ਦੱਸਣਗੇ ਕਿ 'ਅਕਾਲੀ' ਹੋਣ ਦੀ ਕੀ ਪਰਿਭਾਸ਼ਾ ਹੈ?

5. ਦੇਸ਼ ਜਾਂ ਪੰਜਾਬ ਦਾ ਸਭ ਤੋਂ ਦੱਬਿਆ ਕੁਚਲਿਆ ਹਿੱਸਾ ਹੈ ਛੋਟੇ ਕਿਸਾਨ, ਖੇਤ ਮਜ਼ਦੂਰ ਅਤੇ ਸਨਅਤੀ ਮਜ਼ਦੂਰੀ। ਮਨਪ੍ਰੀਤ ਦਾ ਇਨ੍ਹਾਂ ਦੀ ਭਲਾਈ ਵਾਸਤੇ ਕੀ ਏਜੰਡਾ ਹੈ? ਕੀ ਉਨ੍ਹਾਂ ਅੰਦਰ ਮਜ਼ਦੂਰਾਂ ਕਿਸਾਨਾਂ ਨੂੰ ਗਰਦਨ-ਤੋੜ ਕਰਜ਼ੇ ਤੋਂ ਮੁਕਤ ਕਰਾਉਣ ਲਈ ਖੂਨ-ਚੂਸ ਸ਼ਾਹੂਕਾਰਾਂ-ਆੜ੍ਹਤੀਆਂ ਦੇ ਗੈਰ-ਕਾਨੂੰਨੀ ਕਰਜ਼ਿਆਂ ਨੂੰ ਰੱਦ ਕਰਨ ਦਾ ਨਾਹਰਾ ਦੇਣ ਦੀ ਹਿੰਮਤ ਹੈ? ਕੀ ਉਹ ਬੰਧੂਆ ਮਜ਼ਦੂਰੀ ਅਤੇ ਵਗਾਰ ਦੇ ਖਾਤਮੇ ਜਾਂ ਮਜ਼ਦੂਰਾਂ ਨੂੰ ਸਰਕਾਰ ਵਲੋਂ ਐਲਾਨੀ ਘੱਟੋ-ਘੱਟ ਉਜਰਤ, ਅੱਠ ਘੰਟੇ ਦੀ ਕੰਮ ਦਿਹਾੜੀ ਅਤੇ ਉਜਰਤ ਸਮੇਤ ਹਫਤਾਵਾਰੀ ਛੁੱਟੀ ਵਰਗੀਆਂ ਕਾਨੂੰਨੀ ਤੌਰ 'ਤੇ ਮਾਨਤਾ ਪ੍ਰਾਪਤ ਮੰਗਾਂ ਨੂੰ ਰਸਮੀ ਤੌਰ 'ਤੇ ਵੀ ਆਪਣੇ ਪ੍ਰਚਾਰ ਦਾ ਹਿੱਸਾ ਬਣਾਉਣ ਦੀ ਜੁਅਰਤ ਕਰਨਗੇ?

6. ਕੀ ਉਹ ਪੰਜਾਬ ਦੇ ਲੱਖਾਂ ਨੌਜਵਾਨਾਂ ਤੋਂ ਨਿਗੂਣੀਆਂ ਤਨਖਾਹਾਂ ਬਦਲੇ ਮਨਮਾਨੇ ਸਮੇਂ ਤੱਕ ਕੰਮ ਕਰਵਾ ਕੇ ਲੁੱਟ ਕਰਨ ਵਾਲੇ ਪ੍ਰਾਈਵੇਟ ਅਤੇ ਸਰਕਾਰੀ ਠੇਕਾ ਤੰਤਰ ਦਾ ਪੂਰਨ ਖ਼ਾਤਮਾ ਕਰਕੇ, ਸੰਘਰਸ਼ਸ਼ੀਲ ਬੇਰੁਜ਼ਗਾਰ ਨੌਜਵਾਨਾਂ ਨੂੰ ਪੂਰੀਆਂ ਤਨਖ਼ਾਹਾਂ ਤੇ ਸਥਾਈ ਰੁਜ਼ਗਾਰ ਦੇਣ ਦੀ ਜਾਇਜ਼ ਮੰਗ ਨੂੰ ਉਭਾਰਨ ਤੇ ਪ੍ਰਚਾਰਨ ਲਈ ਤਿਆਰ ਹਨ?

7. ਕੀ ਉਹ ਲੁੱਟ ਦੇ ਅੱਡੇ ਬਣ ਚੁੱਕੀਆਂ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਦੀ ਬਜਾਏ ਸਭ ਲਈ ਮੁਫ਼ਤ, ਇਕਸਾਰ ਅਤੇ ਬਿਹਤਰ ਵਿਦਿਅਕ ਪ੍ਰਬੰਧ ਵਾਲੀ ਨੀਤੀ ਦੇ ਪੱਖ ਵਿਚ ਆਵਾਜ਼ ਉਠਾਉਣਗੇ?

8. ਸ਼ਹੀਦ ਭਗਤ ਸਿੰਘ ਦਾ ਨੌਜਵਾਨਾਂ ਨੂੰ ਸੁਨੇਹਾ ਸੀ ਕਿ ਉਹ ਪਿੰਡਾਂ ਅਤੇ ਸ਼ਹਿਰਾਂ ਦੇ ਦੱਬੇ ਕੁੱਚਲੇ ਲੋਕਾਂ ਵਿਚ ਜਾ ਕੇ ਕੰਮ ਕਰਨ ਅਤੇ ਉਨ੍ਹਾਂ ਨੂੰ ਚੇਤਨ ਕਰਕੇ ਇਸ ਸਮਾਜ ਨੂੰ ਬਦਲ ਦੇਣ ਦੀ ਲਹਿਰ ਪੈਦਾ ਕਰਨ। ਕੀ ਮਨਪ੍ਰੀਤ ਆਪਣੇ ਦੁਆਲੇ ਇਕੱਤਰ ਹੋ ਰਹੇ ਨਵ-ਧਨਾਢ ਕਾਕਿਆਂ ਅਤੇ ਸੱਤਾ ਦੀ ਦੌੜ ਵਿਚ ਪਛੜੇ ਹੋਏ ਪਰ ਸੁਆਰਥੀ ਤੇ ਮੌਕਾਪ੍ਰਸਤ ਆਗੂਆਂ ਦੀ ਭੀੜ ਨੂੰ ਅਜਿਹਾ ਸੱਦਾ ਦੇਣ ਦਾ ਜੇਰਾ ਕਰਨਗੇ?

ਸ੍ਰੀ ਮਨਪ੍ਰੀਤ ਬਾਦਲ ਦਾ ਆਪਣੇ ਭਾਸ਼ਣਾਂ ਦਾ ਅੰਦਾਜ਼ ਹੈ ਕਿ ਉਹ ਆਪਣੀ ਗੱਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਹਿਣ ਲਈ ਅਕਸਰ ਢੁਕਵੇਂ ਸ਼ੇਅਰਾਂ ਦੀ ਵਰਤੋਂ ਕਰਦੇ ਹਨ। ਸੋ ਅਸੀਂ ਵੀ ਉਨ੍ਹਾਂ ਬਾਰੇ ਆਪਣੀ ਲਿਖਤ ਦਾ ਨਿਚੋੜ ਮਹਾਨ ਸ਼ਾਇਰ ਅਲਾਮਾ ਇਕਬਾਲ ਦੇ ਸ਼ਿਅਰ ਦੇ ਰੂਪ ਵਿਚ ਹੀ ਪੇਸ਼ ਕਰਨਾ ਚਾਹਾਂਗੇ:

"ਇਕਬਾਲ ਬੜਾ ਮਨਮੌਜੀ ਹੈ,
ਮਨ ਬਾਤੋਂ ਸੇ ਮੋਹ ਲੇਤਾ ਹੈ,
ਗੁਫ਼ਤਾਰ ਕਾ ਗਾਜ਼ੀ ਤੋ ਬਨ ਗਯਾ,
ਕਿਰਦਾਰ ਕਾ ਗਾਜ਼ੀ ਬਨ ਨਾ ਸਕਾ।"

# ਮੋਟੀ ਤਕੜੀ 'ਸਾਮੀ

## ਸ਼ਬਦ-ਝਰੋਖਾ

ਬਲਜੀਤ ਬਾਸੀ
ਫੋਨ:734-454-4958

ਕਿਸੇ ਮਾਇਆਧਾਰੀ ਅਮੀਰ ਆਦਮੀ ਨੂੰ ਮੋਟੀ 'ਸਾਮੀ, ਤਕੜੀ 'ਸਾਮੀ ਜਾਂ ਮੋਟੀ ਤਕੜੀ 'ਸਾਮੀ ਕਹਿ ਦਿੱਤਾ ਜਾਂਦਾ ਹੈ। ਜਿਹੜਾ ਕੋਈ ਵੀ ਅਜਿਹਾ ਕਹਿ ਰਿਹਾ ਹੁੰਦਾ ਹੈ, ਉਸਦੇ ਮੂੰਹ ਵਿਚ ਪਾਣੀ ਭਰਿਆ ਹੁੰਦਾ ਹੈ ਪਰ ਉਹ ਅੰਦਰੇ ਅੰਦਰ ਘੁੱਟ ਭਰਕੇ ਰਹਿ ਜਾਂਦਾ ਹੈ। ਰਿਸ਼ਤਾ ਕਰਨ ਲਈ ਮੋਟੀ 'ਸਾਮੀ ਦੀ ਭਾਲ ਕੀਤੀ ਜਾਂਦੀ ਹੈ। ਇਹ ਤਾਂ ਬਾਅਦ 'ਚ ਪਤਾ ਲਗਦਾ ਹੈ ਜਦ ਮੋਟੀ 'ਸਾਮੀ ਤਕੜੀਆਂ ਛਾਲਾਂ ਚੁਕਾਉਣ ਲਗਦੀ ਹੈ। ਇਹ 'ਸਾਮੀ ਕੀ ਸ਼ੈਅ ਹੈ? ਹੋਰ ਵੀ ਕਈ ਅਰਥਾਂ ਵਿਚ ਇਹ ਸ਼ਬਦ ਸੁਣਿਆ ਹੈ, ਕਿਤੇ ਆਪਣੀਆਂ ਹੀ ਛਾਲਾਂ ਨਾ ਚੁਕਾ ਦੇਵੇ, ਇਸਦਾ ਨਾਂ ਤਾਂ ਪੂਰਾ ਲਈਏ, ਬੋਲੋ, ਅਸਾਮੀ!

ਇਸ ਸ਼ਬਦ ਬਾਰੇ ਹਿੰਦੀ ਨਿਰੁਕਤਕਾਰ ਅਜਿਤ ਵਡਨੇਰਕਰ ਨੇ ਲੇਖ ਲਿਖਿਆ ਹੈ ਤੇ ਮੈਂ ਸਭ ਤੋਂ ਪਹਿਲਾਂ ਉਸ ਲੇਖ ਦਾ ਸਾਰ ਪੇਸ਼ ਕਰਾਂਗਾ। ਤੁਸੀਂ ਕਹੋਗੇ ਕਿ ਮੈਂ ਆਪਣੀ ਗੱਲ ਕਰਾਂ, ਦੂਜੇ ਨੂੰ ਵਿਚ ਕਿਉਂ ਘੜੀਸ ਰਿਹਾ ਹਾਂ, ਇਸ ਨੂੰ ਅਜੇ ਰਾਜ਼ ਹੀ ਰਹਿਣ ਦਿਉ। ਬਹਰਹਾਲ, ਏਨਾ ਦੱਸ ਦੇਵਾਂ ਕਿ ਅਜਿਤ ਵਡਨੇਰਕਰ ਮੇਰਾ ਕਲਮੀ ਮਿੱਤਰ ਹੈ ਤੇ ਇਸ ਦਾ ਪਰਿਚੈ ਮੈਂ ਉਸਦੀ ਕਿਤਾਬ 'ਸ਼ਬਦੋਂ ਕਾ ਸਫ਼ਰ' ਛਪਣ ਉਪਰੰਤ ਇਨ੍ਹਾਂ ਕਾਲਮਾਂ ਵਿਚ ਕਰਾ ਚੁੱਕਾ ਹਾਂ। ਅਜਿਤ ਭਾਈ ਨੇ ਮੇਰਾ ਇਹ ਲੇਖ ਆਪਣੇ ਬਲਾਗ ਵਿਚ ਦੋ ਕਿਸ਼ਤਾਂ ਵਿਚ ਪ੍ਰਕਾਸ਼ਤ ਕੀਤਾ ਹੈ। 'ਸ਼ਬਦੋਂ ਕਾ ਸਫ਼ਰ' ਦਾ ਅਗਲਾ ਖੰਡ ਵੀ ਛਪਣ ਲਈ ਤਿਆਰ ਹੈ ਤੇ ਉਸਦੀ 'ਪਾਂਡੂਲਿਪੀ' 'ਤੇ ਹੀ ਇਸ ਨੂੰ ਇੱਕ ਲੱਖ ਰੁਪਏ ਦਾ ਇਨਾਮ ਮਿਲ ਚੁੱਕਾ ਹੈ। ਵਡਨੇਰਕਰ ਸਾਹਿਬ ਮੋਟੀ ਅਸਾਮੀ ਹੋ ਗਏ ਹਨ!

ਖੈਰ ਹੁਣ ਪੜ੍ਹੋ, ਉਹ ਅਸਾਮੀ ਬਾਰੇ ਕੀ ਕਹਿੰਦੇ ਹਨ:

...ਮਾਰਵਾੜੀ ਦੇਸ਼ ਦੇ ਹਰ ਕੋਨੇ ਵਿਚ ਧੰਨ ਕਮਾਉਣ ਲਈ ਜਾਂਦੇ ਰਹੇ ਹਨ। ਅੰਗਰੇਜ਼ਾਂ ਨੇ ਅਸਾਮ ਵਿਚ ਚਾਹ ਉਗਾਉਣੀ ਸ਼ੁਰੂ ਕੀਤੀ ਤਾਂ ਇਸ ਧੰਦੇ ਵਿਚ ਹੱਥ ਅਜ਼ਮਾਉਣ ਲਈ ਉਥੇ ਵੀ ਪਹੁੰਚ ਗਏ। ਉਥੇ ਉਨ੍ਹਾਂ ਦੀ ਕਿਸਮਤ ਚਮਕੀ, ਮੋਟਾ ਮਾਲ ਬਣਾਇਆ ਤੇ ਉਹ ਮੋਟੇ ਅਸਾਮੀ ਕਹਾਉਣ ਲੱਗ ਪਏ। ਦਿਲਚਸਪ ਤੇ ਭਰੋਸੇਯੋਗ ਤਰਕ ਹੋਣ ਦੇ ਬਾਵਜੂਦ ਅਸਾਮੀ ਸ਼ਬਦ ਦੀ ਇਹ ਵਿਉਤਪਤੀ ਸਹੀ ਨਹੀਂ ਹੈ। ਅਸਾਮੀ ਅਰਬੀ ਜ਼ਬਾਨ ਤੋਂ ਆਇਆ ਲਫ਼ਜ਼ ਹੈ ਜਿਸਦੇ ਕਈ ਮਾਅਨੇ ਹਨ। ਸ਼ਬਦਕੋਸ਼ਾਂ ਵਿਚ ਇਸ ਦਾ ਅਰਥ ਪਾਪੀ, ਗੁਨਾਹਗਾਰ, ਅਪਰਾਧੀ ਤੋਂ ਲੈ ਕੇ ਕਾਸ਼ਤਕਾਰ, ਗਾਹਕ ਜਾਂ ਸੌਦਾ ਕਰਨ ਵਾਲੇ ਦੇ ਰੂਪ ਵਿਚ ਦਿੱਤਾ ਹੋਇਆ ਹੈ। ਇਕ ਕੋਸ਼ ਵਿਚ ਇਸ ਦੇ ਪਾਪੀ ਵਾਲੇ ਤੇ ਕਾਸ਼ਤਕਾਰ ਵਾਲੇ ਅਰਥ ਇਕੋ ਇੰਦਰਾਜ ਵਿਚ ਦਿੱਤੇ ਹਨ ਜਦ ਕਿ ਇਕ ਹੋਰ ਵਿਚ ਅਲੱਗ ਅਲੱਗ। ਇਹ ਸ਼ਬਦ ਮਨੁਖ ਦੀ ਪਸ਼ੂ ਪਾਲਣ ਦੀ ਸੰਸਕ੍ਰਿਤੀ ਵਿਚੋਂ ਉਭਰਿਆ ਹੈ। ਇਸ ਦੀ ਰਿਸ਼ਤੇਦਾਰੀ ਦੋ ਸੈਮਿਟਿਕ ਧਾਤੂਆਂ A-S-M ਅਤੇ I-S-M ਨਾਲ ਜੋੜੀ ਜਾਂਦੀ ਹੈ। ਇਸ ਦੇ ਕਾਸ਼ਤਕਾਰ ਜਿਹੇ ਅਰਥਾਂ ਦਾ ਸਬੰਧ A-S-M ਨਾਲ ਜੁੜਦਾ ਹੈ ਕਿਉਂਕਿ ਇਸ ਵਿਚ ਰੋਕ ਰਖਣਾ, ਹਿਫ਼ਾਜ਼ਤ ਕਰਨਾ ਦਾ ਭਾਵ ਹੈ। ਪਸ਼ੂਪਾਲਕ ਸਮਾਜ ਬਾਅਦ ਵਿਚ ਟਿਕ ਕੇ ਖੇਤੀ ਕਰਨ ਵਾਲੇ ਸਮਾਜ ਵਿਚ ਤਬਦੀਲ ਹੋਇਆ। ਖੇਤੀ ਲਈ ਇਕ ਜਗ੍ਹਾ ਰੁਕੇ ਹੋਏ ਹੋਣ ਕਰਕੇ ਇਸ ਸ਼ਬਦ ਦਾ ਅਰਥ ਕਿਸਾਨ, ਕਾਸ਼ਤਕਾਰ ਵੀ ਬਣ ਗਿਆ। ਆਦਮ ਸਮਾਜ ਦੀ ਘੁਮਕੜੀ ਤੋਂ ਬਾਅਦ ਦਾ ਪੜਾਅ ਜੇ ਖੇਤੀ ਸੀ ਤਾਂ ਉਸ ਤੋਂ ਬਾਅਦ ਦਾ ਵਪਾਰ ਦਾ ਸੀ। ਖੇਤੀ ਦੀ ਉਪਜ ਬਦਲੇ ਜ਼ਰੂਰੀ ਚੀਜ਼ਾਂ ਦਾ ਲੈਣ-ਦੇਣ ਕਿਸਾਨ ਅਤੇ ਸੌਦਾਗਰਾਂ ਦਰਮਿਆਨ ਹੀ ਹੁੰਦਾ ਸੀ। ਅਰਥਾਤ ਕਿਸਾਨ ਹੀ ਗਾਹਕ ਸੀ। ਏਥੋਂ ਅਸਾਮੀ ਸ਼ਬਦ ਦੇ ਗਾਹਕ ਵਾਲੇ ਅਰਥ ਦਾ ਭੇਤ ਖੁਲ੍ਹਦਾ ਹੈ। ਮੁਗਲ ਅਤੇ ਬਰਤਾਨਵੀ ਰਾਜ ਦੇ ਮਾਲੀਏ ਸਬੰਧੀ ਦਸਤਾਵੇਜ਼ਾਂ ਤੋਂ ਅਸਾਮੀ ਸ਼ਬਦ ਕਾਸ਼ਤਕਾਰ ਨਾਲ ਹੀ ਜੁੜਦਾ ਹੈ। ਹਰ ਖੁਦਕਾਸ਼ਤ ਤੇ ਛੱਪਰ ਵਾਲਾ ਕਿਸਾਨ ਅਸਾਮੀ ਹੈ। ਹਰ ਜੱਦੀ ਜਾਇਦਾਦ ਵਾਲਾ ਵਿਅਕਤੀ ਤੇ ਫਿਰ ਹਿੱਸੇ ਬਟਾਈ 'ਤੇ ਖੇਤੀ ਕਰਨ ਵਾਲਾ ਵੀ ਅਸਾਮੀ ਹੋ ਗਿਆ। ਅਸਾਮੀ ਦਾ ਪ੍ਰਯੋਗ ਰੋਜ਼ਗਾਰ ਨੌਕਰੀ ਲਈ ਵੀ ਹੁੰਦਾ ਹੈ ਜਿਵੇਂ ਅਸਾਮੀ ਮਿਲ ਗਈ ਜਾਂ ਕੱਚੀ ਅਸਾਮੀ।

ਬਾਣੀਏ ਲਈ ਮਾਲਦਾਰ ਗਾਹਕ ਮੋਟੀ ਅਸਾਮੀ ਹੈ, ਵਪਾਰੀ ਨੂੰ ਮੋਟੀ ਅਸਾਮੀ ਨਹੀਂ ਕਿਹਾ ਜਾਂਦਾ। ਮੋਟੀ ਅਸਾਮੀ ਦੇ ਮੁਕਾਬਲੇ ਡੁੱਬੀ ਅਸਾਮੀ ਦੀਵਾਲੀਆ ਗਾਹਕ ਹੈ। ਅਰਬੀ ਦੇ ਇਸਮ ISM ਧਾਤੂ ਦਾ ਅਰਥ ਨਾਮ ਹੁੰਦਾ ਹੈ। ਹਿੰਦੋਸਤਾਨੀ ਵਿਚ ਕਿਸੇ ਦਾ ਪਰਿਚੈ ਲੈਣ ਲਈ ਪੁਛਿਆ ਜਾਂਦਾ ਸੀ, "ਆਪਕਾ ਇਸਮੇ-ਸ਼ਰੀਫ਼ ਕਿਆ ਹੈ?" ਮਤਲਬ ਸ਼ੁਭ ਨਾਮ ਤੋਂ ਹੁੰਦਾ ਸੀ। ਇਸਮਤ (ਅਸਮਤ) ਦਾ ਮਤਲਬ ਹੈ, ਪਤੀਬ੍ਰਤਾ। ਸੰਭਵ ਹੈ ਨਾਂ ਦੇ ਨਾਲ ਜੁੜੀ ਪਛਾਣ ਕਾਰਨ ਇਸਮ ਤੋਂ ਇਸਮਤ ਇਸ ਅਰਥ ਵਿਚ ਪ੍ਰਚਲਤ ਹੋਇਆ। ਇਸਮ ਦਾ ਬਹੁਵਚਨ ਅਸਮਾ ਜਾਂ ਅਸਾਮੀ ਹੈ ਜਿਸ ਵਿਚ ਲੋਕ, ਵਿਅਕਤੀ ਆਦਿ ਦੇ ਅਰਥ ਸਮਾ ਗਏ। ਗੌਰ ਕਰੋ ਕਿ ਗਾਹਕ ਜਾਂ ਕਾਸ਼ਤਕਾਰ ਦੇ ਤੌਰ 'ਤੇ ਅਸਾਮੀ ਦੀ ਵਿਅੰਜਨਾ ਆਮ ਆਦਮੀ ਦੇ ਤੌਰ 'ਤੇ ਹੀ ਹੈ, ਅਰਥਾਤ ਦੁਕਾਨ ਦੇ ਅੰਦਰ ਕਈ ਅਸਾਮੀਆਂ ਹਨ, ਉਨ੍ਹਾਂ ਸਾਰਿਆਂ ਨੂੰ ਗਾਹਕ ਹੀ ਮੰਨਿਆ ਜਾਵੇਗਾ। ਅਰਬੀ ਦਾ ਇਕ ਹੋਰ ਸ਼ਬਦ ਹੈ ਇਸਮ ਜਿਸ ਦੇ ਮਾਅਨੇ ਗੁਨਾਹ ਹੈ। ਅਰਬੀ ਲਿੱਪੀ ਦੀ ਉਪਰ ਹੇਠਾਂ ਦੀ ਬਿੰਦੀ ਨੂੰ ਬਦਲ ਕੇ ਭਾਰਤੀ ਮੁਣਸ਼ੀਆਂ ਨੇ ਕੁਝ ਇਸ ਤਰ੍ਹਾਂ ਲਿਖਿਆ ਕਿ ਇਸ ਦਾ ਸਬੰਧ ਪਾਪ, ਗੁਨਾਹ ਦੇ ਅਰਥਾਂ ਵਾਲੀ ਇਸਮ ਧਾਤੂ ਨਾਲ ਜੁੜ ਗਿਆ। ਸਰ ਹੈਨਰੀ ਮਾਯਰਸ ਈਲੀਅਟ ਦੀ ਪੁਸਤਕ 'ਮੈਮਾਇਰਜ਼ ਆਫ਼ ਹਿਸਟਰੀ' ਦਾ ਹਵਾਲਾ ਲਿਆ ਜਾ ਸਕਦਾ ਹੈ। (ਵੇਖੋ ਉਸ ਦੀ ਪੁਸਤਕ ਦੇ ਸਬੰਧਤ ਸ਼ਬਦਾਂ ਦੀ ਤਸਵੀਰ)

**Asámí,** اسامي **ਅਸਾਮੀ**
Literally names. A cultivator, a dependant, a culprit—all of which meanings we may suppose to be derived from such persons being entered in registers and tabular forms under the head of Asámí. It has been supposed, as Asámí frequently means a criminal, that it is derived from اثم *ism*, a crime; and the practice commonly adopted by Káyaths of writing the word اثامي with a *se* ث instead of *sin* س, gives some colour to this opinion. Asámí is the plural of the plural of Ism اسم a name (De Sacy, "Grammaire Arabe," II. 275).

ਸਾਫ ਹੈ ਕਿ ਪਾਪ, ਗੁਨਾਹ ਬਦੀ ਨਾਲ ਇਸ ਦਾ ਕੋਈ ਲੈਣਾ ਦੇਣਾ ਨਹੀਂ ਪਰ ਬਾਅਦ ਵਿਚ ਹੋ ਗਿਆ। ਵਪਾਰੀ ਲਈ ਗਾਹਕ, ਜ਼ਰੂਰਤਮੰਦ ਲਈ ਸ਼ਾਹੂਕਾਰ, ਪੁਲਿਸ ਲਈ ਸੀਖਾਂ ਅੰਦਰ ਦਿੱਤਾ ਮੁਜਰਿਮ ਜਿਸ ਤੋਂ ਪੈਸੇ ਬਟੋਰੇ ਜਾ ਸਕਦੇ ਹਨ। ਉਂਜ ਇਹ ਸ਼ੁਧ ਪਸ਼ੂਪਾਲਣ ਸੰਸਕ੍ਰਿਤੀ ਤੋਂ ਉਪਜਿਆ ਸ਼ਬਦ ਹੈ ਜਿਸ ਨੇ ਏਧਰ ਵਿਭਿੰਨ ਅਰਥ ਗ੍ਰਹਿਣ ਕਰ ਲਏ।...

ਹੁਣ ਕਰੀਏ ਰਾਜ਼ ਵਾਲੀ ਗੱਲ। ਤੁਸੀਂ ਦੇਖਿਆ ਹੈ ਵਡਨੇਰਕਰ ਨੇ ਅਸਾਮੀ ਦੇ ਸਾਰੇ ਸ਼ਬਦਾਂ ਨੂੰ ਰੋਕ ਕੇ ਰੱਖਣਾ, ਹਿਫ਼ਾਜ਼ਤ ਕਰਨਾ ਵਾਲੇ ਅਰਥਾਂ ਵਾਲੀ ਅਰਬੀ ਧਾਤੂ 'ਅਸਮ' ਤੋਂ ਬਣਿਆ ਦੱਸਿਆ ਹੈ। ਉਸ ਮੁਤਾਬਿਕ ਇਹ ਸਾਰੇ ਸ਼ਬਦ ਅਰਬ ਦੀ ਸ਼ੁਧ ਪਸ਼ੂਪਾਲਣ ਸੰਸਕ੍ਰਿਤੀ ਤੋਂ ਉਪਜੇ ਹਨ। ਲੇਖ ਦੇ ਅਖੀਰ ਜਿਹੇ ਵਿਚ ਉਸ ਨੇ ਜਿਸ ਕਿਤਾਬ ਤੋਂ ਇਕ ਹਵਾਲਾ ਕਢ ਕੇ ਉਸ ਦੀ ਫੋਟੋ ਕਾਪੀ ਲੇਖ ਦੇ ਨਾਲ ਛਾਪੀ ਹੈ ਉਹ ਉਨ੍ਹੀਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਛਪੀ ਸੀ। ਇਸ ਹਵਾਲੇ ਦੀ ਫੋਟੋ ਹਥਲੇ ਲੇਖ ਦੇ ਨਾਲ ਵੀ ਛਾਪੀ ਜਾ ਰਹੀ ਹੈ। ਲਗਦੇ ਹੱਥ ਇਹ ਵੀ ਦੱਸ ਦੇਵਾਂ ਕਿ ਇਸ ਪੁਸਤਕ ਦਾ ਲੇਖਕ ਅੰਗਰੇਜ਼ਾਂ ਦੇ ਰਾਜ ਵੇਲੇ ਇਕ ਵੱਡਾ ਅਫ਼ਸਰ ਹੋਣ ਦੇ ਨਾਲ ਨਾਲ ਇਤਿਹਾਸਕਾਰ ਵੀ ਸੀ। ਮੈਂ ਜਦ ਉਪਰੋਕਤ ਹਵਾਲੇ ਵੱਲ ਝਾਤ ਮਾਰ ਕੇ ਗਹੁ ਨਾਲ ਪੜ੍ਹਿਆ ਤਾਂ ਸਾਰੀ ਕਹਾਣੀ ਹੀ ਹੋਰ ਨਿਕਲੀ ਜਿਸ ਵੱਲ ਵਡਨੇਰਕਰ ਦਾ ਧਿਆਨ ਹੀ ਨਹੀਂ ਸੀ ਗਿਆ ਤੇ ਜੋ ਅਸਲ ਵਿਚ ਇਸ ਸ਼ਬਦ ਦੀ ਪਸ਼ੂਪਾਲਣ ਵਾਲੀ ਸੰਸਕ੍ਰਿਤੀ ਨਾਲ ਸਬੰਧਤ ਸਾਰੀ ਅਟਕਲ 'ਤੇ ਪਾਣੀ ਫੇਰਦੀ ਸੀ। ਮੈਂ ਪੱਕੇ ਪੈਰੀਂ ਖੜੇ ਹੋਣ ਲਈ ਮੌਲਿਕ ਕਿਤਾਬ, ਖਾਸ ਤੌਰ 'ਤੇ ਇਸ ਦੇ ਸ਼ਬਦ ਨਾਲ ਸਬੰਧਤ ਪੰਨੇ ਵੀ ਪੜ੍ਹੇ। ਇਸ ਹਵਾਲੇ ਦੀਆਂ ਸ਼ੁਰੂ ਦੀਆਂ ਸਤਰਾਂ ਨੂੰ ਪੰਜਾਬੀ ਵਿਚ ਅਨੁਵਾਦ ਕਰੀਏ ਤਾਂ ਲਿਖਿਆ ਮਿਲਦਾ ਹੈ, "ਅਸਾਮੀ:ਇਸ ਦਾ ਸ਼ਾਬਦਿਕ ਅਰਥ ਹੈ, ਨਾਮ। ਕਾਸ਼ਤਕਾਰ, ਜ਼ਰੂਰਤਮੰਦ, ਗੁਨਾਹਗਾਰ। ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਇਹ ਸਾਰੇ ਅਰਥ ਇਸ ਲਈ ਵਿਉਤਪਤ ਹੋਏ ਕਿਉਂਕਿ ਅਜਿਹੇ ਸਾਰੇ ਲੋਕਾਂ ਦੀ ਸੂਚੀ ਰਜਿਸਟਰਾਂ ਜਾਂ ਸਾਰਣੀਆਂ ਵਿਚ ਦਰਜ ਕੀਤੀ ਜਾਂਦੀ ਸੀ ਜਿਨ੍ਹਾਂ ਦਾ ਸਿਰਲੇਖ 'ਅਸਾਮੀ' (ਪੰਜਾਬੀ ਵਿਚ ਨਾਮਾਵਲੀ ਕਹਿ ਸਕਦੇ ਹਾਂ-ਬਾਸੀ) ਹੁੰਦਾ ਸੀ।" ਇਸ ਤੋਂ ਅੱਗੇ ਅਸਾਮੀ ਸ਼ਬਦ ਦੇ ਗੁਨਾਹਗਾਰ ਹੋਣ ਵਾਲੇ ਅਰਥ ਕਿਵੇਂ ਗਲਤ ਢੰਗ ਨਾਲ ਭਾਰਤੀ ਮੁਣਸ਼ੀਆਂ ਵਲੋਂ ਅਰਬੀ ਲਿੱਪੀ ਲਿਖਦੇ ਹੋਏ ਬਣਾ ਦਿੱਤੇ ਗਏ, ਬਾਰੇ ਲਿਖਿਆ ਗਿਆ ਹੈ, ਜਿਸ ਦੀ ਚਰਚਾ ਪਹਿਲਾਂ ਹੋ ਚੁੱਕੀ ਹੈ।

ਈਲੀਅਟ ਦੇ ਕਹਿਣ ਦਾ ਭਾਵ ਕੁਝ ਇਸ ਤਰ੍ਹਾਂ ਹੈ ਕਿ ਮੰਨ ਲਉ ਇਕ ਪਿੰਡ ਦੇ ਮਾਲੀਏ ਸਬੰਧੀ ਇਕ ਰਜਿਸਟਰ ਹੈ ਜਿਸ ਵਿਚ ਪਿੰਡ ਦੇ ਮਾਲੀਏ ਨਾਲ ਸਬੰਧਿਤ ਬਹੁਤ ਸਾਰੇ ਤੱਥ ਦਰਜ ਹਨ। ਫਿਰ ਇਕ ਫਹਰਿਸ਼ਤ (ਸੂਚੀ) ਆਉਂਦੀ ਹੈ ਜਿਸ ਵਿਚ ਉਸ ਪਿੰਡ ਦੇ ਕਾਸ਼ਤਕਾਰਾਂ ਦੇ ਨਾਂ ਹਨ। ਇਸ ਫਹਰਿਸ਼ਤ ਦਾ ਕੁਦਰਤੀ ਤੌਰ 'ਤੇ ਸਿਰਲੇਖ 'ਅਸਾਮੀ' ਹੈ ਕਿਉਂਕਿ ਅਸਾਮੀ ਦਾ ਅਰਥ ਨਾਮ ਜਾਂ ਨਾਮਾਵਲੀ ਹੈ। ਸਮੇਂ ਦੇ ਗੇੜ ਨਾਲ ਇਸ ਅਸਾਮੀ ਸਿਰਲੇਖ ਅਧੀਨ ਆਉਂਦੇ ਕਾਸ਼ਤਕਾਰਾਂ ਨੂੰ ਅਸਾਮੀ ਹੀ ਕਿਹਾ ਜਾਣ ਲੱਗ ਪਿਆ ਤੇ ਅਖੀਰ ਅਸਾਮੀ ਦਾ ਇਕ ਅਰਥ ਹੀ ਕਾਸ਼ਤਕਾਰ ਹੋ ਗਿਆ। ਇਸੇ ਤਰ੍ਹਾਂ ਹੋਰ ਮਹਿਕਮਿਆਂ ਨਾਲ ਸਬੰਧਿਤ ਨਾਂਵਾਂ ਦੀਆਂ ਵੀ ਫਹਰਿਸ਼ਤਾਂ ਹੋਣਗੀਆਂ, ਜਿਵੇਂ ਅਦਾਲਤਾਂ ਦੇ ਮੁਜਰਮਾਂ ਦੀਆਂ, ਸੋ ਉਹ ਵੀ ਇਸੇ ਤਰਕ ਅਧੀਨ ਅਸਾਮੀ ਕਹਾਉਣ ਲੱਗ ਪਏ। ਸ਼ਾਹੂਕਾਰਾਂ ਦੀ ਵਹੀ ਵਿਚ ਉਸ ਦੇ ਕਰਜ਼ਦਾਰਾਂ ਦੇ ਨਾਂਵਾਂ ਦੀ ਫਹਰਿਸ਼ਤ ਸੀ ਇਸ ਲਈ ਉਹ ਵੀ ਅਸਾਮੀ ਹੋ ਗਏ। ਕਿਸੇ ਫਹਰਿਸ਼ਤ ਵਿਚ ਖਾਲੀ ਨੌਕਰੀਆਂ ਦੇ ਨਾਂਵਾਂ ਦੀ ਸੂਚੀ ਸੀ, ਉਹ ਨੌਕਰੀਆਂ ਅਸਾਮੀ ਕਹਾਉਂਦੀਆਂ ਕਹਾਉਂਦੀਆਂ ਖਾਲੀ ਅਸਾਮੀਆਂ ਕਹਾਉਣ ਲੱਗ ਪਈਆਂ। ਮਾਲਦਾਰ ਆਦਮੀ ਦੇ ਅਰਥਾਂ ਵਾਲੇ 'ਮੋਟੇ ਅਸਾਮੀ' ਮੁਹਾਵਰੇ ਦਾ ਪ੍ਰਚਲਨ ਵੀ ਸ਼ਾਹੂਕਾਰ ਦੇ ਵੱਡੇ ਕਰਜ਼ਦਾਰ ਤੋਂ ਹੀ ਵਿਕਸਿਤ ਹੋਇਆ ਹੋਵੇਗਾ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਅਸਾਮੀ ਸ਼ਬਦ ਵਡਨੇਰਕਰ ਦੀ ਲੰਮੀ ਚੌੜੀ ਤਾਰਕਿਤਾ ਅਨੁਸਾਰ ਅਰਬੀ ਦੇ ਰੋਕੀ ਰੱਖਣ ਦੇ ਅਰਥਾਂ ਵਾਲੇ ਧਾਤੂ 'ਅਸਮ' ਤੋਂ ਨਹੀਂ ਬਲਕਿ 'ਨਾਂ' ਦੇ ਅਰਥਾਂ ਵਾਲੇ ਧਾਤੂ 'ਇਸਮ' ਤੋਂ ਪੈਦਾ ਹੋਇਆ। ਅਗਲੀ ਗੱਲ ਇਹ ਕਿ ਸ਼ਬਦਾਂ ਦੇ ਅਰਥਾਂ ਦਾ ਇਹ ਵਾਧਾ ਭਾਰਤ ਵਿਚ ਮੁਗਲ-ਬਰਤਾਨਵੀ ਕਾਲ ਦੌਰਾਨ ਹੋਇਆ ਤੇ ਇਸ ਤਰ੍ਹਾਂ ਇਹ ਇਕ ਤਰ੍ਹਾਂ ਦੇਸਜ ਸ਼ਬਦ ਹੈ, ਅਰਬੀ ਭਾਸ਼ਾ ਵਿਚ ਇਹ ਸ਼ਬਦ ਇਨ੍ਹਾਂ ਅਰਥਾਂ ਵਿਚ ਨਹੀਂ ਮਿਲਦਾ। 'ਇਸਮ' ਲਫ਼ਜ਼ ਦੇ ਹੋਰ ਵਿਗਾੜ ਇਹ ਪਏ ਕਿ ਇਸ ਦੇ ਬਹੁਵਚਨ 'ਇਸਮਾ' ਦਾ ਅੱਗੋਂ ਹੋਰ ਬਹੁਵਚਨ ਬਣਾ ਦਿੱਤਾ ਗਿਆ 'ਅਸਾਮੀ' ਜਦ ਕਿ ਅਸੀਂ ਪੰਜਾਬੀ ਭਾਸ਼ਾ ਵਿਚ, ਘੱਟੋ ਘੱਟ ਨੌਕਰੀਆਂ ਦੇ ਸਬੰਧ ਵਿਚ, ਇਸ ਦੀ ਅੱਗੋਂ ਹੋਰ ਬਹੁਵਚਨੀ ਵਰਤੋਂ ਕਰਨ ਲਗ ਪਏ 'ਅਸਾਮੀਆਂ'! ਆਮ ਲੋਕ ਸ਼ਬਦਾਂ ਦੇ ਅਰਥਾਂ ਦੇ ਮੁਢ ਦੱਸਣ ਲਈ ਆਪਣੀ ਸਿਧੀ ਜਿਹੀ ਕਲਪਨਾ ਦੇ ਘੋੜੇ ਦੁੜਾਉਂਦੇ ਰਹਿੰਦੇ ਹਨ ਜਿਵੇਂ ਪਹਿਲਾਂ ਦੱਸੇ ਅਨੁਸਾਰ ਅਸਾਮੀ ਸ਼ਬਦ ਨੂੰ ਅਸਾਮ ਸੂਬੇ ਨਾਲ ਜੋੜਨਾ।

ਇਸ ਦੇ ਉਲਟ ਕਈ ਵਾਰੀ ਕੋਸ਼ਕਾਰ ਜਾਂ ਨਿਰੁਕਤਕਾਰ ਲੋੜ ਤੋਂ ਵੱਧ ਤਰਕ ਵਿਤਰਕ ਕਰਨ ਵਿਚ ਪੈ ਜਾਂਦੇ ਹਨ ਜਿਵੇਂ ਇਸ ਸ਼ਬਦ ਸਬੰਧੀ ਵਡਨੇਰਕਰ ਸਾਹਿਬ ਨੇ ਕੀਤਾ ਹੈ, ਜਦ ਕਿ ਅਸਲ ਕਹਾਣੀ ਕੁਝ ਹੋਰ ਹੀ ਨਿਕਲਦੀ ਹੈ। ਇਸ ਰੌਸ਼ਨੀ ਵਿਚ ਮੈਂ ਵਡਨੇਰਕਰ ਨੂੰ ਸਹਿੰਦੇ ਸਹਿੰਦੇ ਆਪਣੇ ਸ਼ੰਕੇ ਪੁਜਦਾ ਕੀਤੇ। ਪਰ ਉਸ ਨੇ ਪੈਰਾਂ 'ਤੇ ਪਾਣੀ ਨਹੀਂ ਪੈਣ ਦਿਤਾ ਤੇ ਮੇਰਾ ਹੀ ਮਖੌਲ ਉਡਾਇਆ। ਮੈਂ ਸੋਚਿਆ ਸ਼ਾਇਦ ਮੇਰੀ ਟੁੱਟੀ ਫੁੱਟੀ ਹਿੰਦੀ ਉਸ ਦੇ ਸਮਝ ਨਹੀਂ ਆਈ। ਮੈਂ ਹੋਰ ਸੁਆਰ ਸੁਆਰ ਕੇ ਹਿੰਦੀ ਲਿਖੀ। ਇਸ ਵਾਰੀ ਤੀਰ ਟਿਕਾਣੇ 'ਤੇ ਲੱਗ ਗਿਆ। ਉਨ੍ਹਾਂ ਜ਼ਰੂਰ ਕੰਧ 'ਚ ਸਿਰ ਮਾਰਿਆ ਹੋਵੇਗਾ ਤਾਂ ਹੀ ਇਕ ਸਤਰਾ ਜਵਾਬ ਦਿੱਤਾ, "ਸਮਝ ਗਿਆ ਬਲਜੀਤ ਭਾਈ। ਅਬ ਲੇਖ ਕੋ ਸੰਸ਼ੋਧਤ ਕਰ ਦੂੰਗਾ।"


ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh
Insurance Lic No. 0G73739

Financing Available For Buying Trucks

Cell:(510) 557-6988, Ph:209-982-9996

# ਗੁਰਮਤਿ ਅਤੇ ਯੋਗ ਦਰਸ਼ਨ-4

**ਡਾ. ਗੁਰਨਾਮ ਕੌਰ**

ਹੀਗਲ ਨੇ ਪੂਰਬੀ ਧਰਮਾਂ ਬਾਰੇ ਆਪਣੇ ਵਿਚਾਰ ਪਰਗਟ ਕਰਦੇ ਸਮੇਂ ਭਾਰਤ ਦੀ ਆਤਮਾ ਨੂੰ ਸੁਪਨਾ ਦੇਖ ਰਹੇ ਬੱਚੇ ਨਾਲ ਤੁਲਨਾ ਦਿੱਤੀ ਹੈ। ਉਸ ਅਨੁਸਾਰ ਭਾਰਤ ਦਾ ਧਰਮ ਅੰਧਕਾਰਮਈ, ਸਰਬ-ਈਸ਼ਵਰਵਾਦੀ ਅਤੇ

## ਗੁਰਮਤਿ ਚਿੰਤਨ

ਅਸਪਸ਼ਟ ਸੀ। ਇਸ ਦਾ ਪਰਮਾਤਮਾ ਨਿਰਵਾਣ ਦਾ ਉਘਲਾਉਂਦਾ ਭੂਤ ਸੀ ਜੋ ਸੂਨਯ (ਵੋਆਇਡ) ਸੀ। ਹਿੰਦੂ ਗਤੀਹੀਨ ਤੇ ਬੇਕਾਰ ਜ਼ਿੰਦਗੀ ਜਿਉਂਦਾ ਸੀ। ਉਹ ਸਰੀਰਕ, ਰਾਜਨੀਤਕ ਅਤੇ ਸਮਾਜਿਕ ਤੌਰ 'ਤੇ ਪਿਛਾਂਹਖਿਚੂ ਸੀ। ਗੁਰਮਤਿ ਚਿੰਤਨ, ਜਿਸ ਦੇ ਬਾਨੀ ਗੁਰੂ ਨਾਨਕ ਦੇਵ ਜੀ ਹੋਏ ਹਨ, ਨੇ ਭਾਰਤੀ ਚਿੰਤਨ ਦੀ ਕਾਇਆਕਲਪ ਕਰ ਦਿੱਤੀ। ਗੁਰਮਤਿ ਚਿੰਤਨ ਨੇ ਭਾਰਤੀ ਚਿੰਤਨ ਨੂੰ ਅੰਧਕਾਰ, ਅਸਪਸ਼ਟਤਾ, ਵਹਿਮਾਂ-ਭਰਮਾਂ ਅਤੇ ਕਰਮ ਕਾਂਡ ਵਿਚੋਂ ਕੱਢਿਆ। ਇਸ ਨੇ ਭਾਰਤੀ ਜ਼ਿੰਦਗੀ ਵਿਚ ਆ ਚੁੱਕੀ ਗਤੀਹੀਣਤਾ ਨੂੰ ਝੰਜੋੜਿਆ, ਉਘਲਾਹਟ ਵਿਚੋਂ ਬਾਹਰ ਕੱਢਿਆ ਅਤੇ ਇਸ ਨੂੰ ਸਕ੍ਰਿਅਤਾ ਅਤੇ ਗਤੀਸ਼ੀਲਤਾ ਪ੍ਰਦਾਨ ਕੀਤੀ।

ਭਾਈ ਗੁਰਦਾਸ ਨੇ ਗੁਰੂ ਨਾਨਕ ਦੇ ਇਸ ਸੰਸਾਰ 'ਤੇ ਆਉਣ ਨੂੰ ਅਕਾਲ ਪੁਰਖ ਵੱਲੋਂ ਦੁਖੀ ਲੋਕਾਈ ਦੀ ਪੁਕਾਰ ਸੁਣਨਾ ਕਿਹਾ ਹੈ। ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਨੇ ਅਕਾਲ ਪੁਰਖ ਦੀ ਉਸਤਤ ਕੀਤੀ ਅਤੇ ਸਿੱਖਾਂ ਨੂੰ ਗੁਰ-ਮਰਿਆਦਾ ਵਿਚ ਲਿਆਂਦਾ। ਗੁਰੂ ਨਾਨਕ ਨੇ ਕਲਿਯੁਗ ਦੇ ਇਸ ਅਧੋਗਤੀ ਅਤੇ ਭਰਮਾਂ ਵਾਲੇ ਸਮੇਂ ਵਿਚ ਬ੍ਰਹਮ ਦੀ ਏਕਤਾ (ਭਾਵ ਉਸ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੀ ਏਕਤਾ) ਦਾ ਪਾਠ ਲੋਕਾਂ ਨੂੰ ਪੜ੍ਹਾਇਆ ਅਤੇ ਜਾਤ-ਪਾਤ ਦੇ ਫਰਕ ਨੂੰ ਮਿਟਾ ਕੇ ਚਾਰ ਵਰਣਾਂ ਦਾ ਇੱਕ ਵਰਣ ਕਰ ਦਿੱਤਾ। ਗੁਰੂ ਨਾਨਕ ਨੇ ਉਚ-ਨੀਚ ਦਾ ਭੇਦ ਮਿਟਾ ਕੇ ਰਾਜੇ ਅਤੇ ਰੰਕ ਨੂੰ ਇੱਕ ਬਰਾਬਰ ਹੋਣ ਦਾ ਅਹਿਸਾਸ ਕਰਾ ਕੇ ਹਲੀਮੀ ਸਿਖਾਈ। ਇਸ ਕਲਿਯੁਗ ਦੇ ਸਮੇਂ ਵਿਚ ਗੁਰੂ ਨਾਨਕ ਨੇ ਸਾਰਿਆਂ ਨੂੰ ਇੱਕੋ 'ਸਤਿਨਾਮ' ਦਾ ਮੰਤ੍ਰ ਸੁਣਾਇਆ। ਬਾਬੇ ਨਾਨਕ ਦੇ ਸੰਸਾਰ 'ਤੇ ਆਉਣ ਦੀ ਤੁਲਨਾ ਭਾਈ ਗੁਰਦਾਸ ਨੇ ਸੂਰਜ ਦੇ ਉਦੇ ਹੋਣ ਨਾਲ ਕੀਤੀ ਹੈ, ਜਿਸ ਦੇ ਚੜ੍ਹਨ ਨਾਲ ਤਾਰੇ ਅਲੋਪ ਹੋ ਜਾਂਦੇ ਹਨ ਅਤੇ ਰਾਤ ਦੀ ਕਾਲਖ ਅਤੇ ਹਨੇਰਾ ਮਿਟ ਜਾਂਦਾ ਹੈ। ਗੁਰੂ ਨਾਨਕ ਦੇ ਸੰਸਾਰ 'ਤੇ ਆਉਣ ਨਾਲ ਭਰਮ ਅਤੇ ਅਸਪਸ਼ਟਤਾ ਦੂਰ ਹੋ ਗਈ ਅਤੇ ਗਿਆਨ ਦਾ ਚਾਨਣ ਪਸਰ ਗਿਆ, ਜਿਵੇਂ ਜੰਗਲ ਵਿਚ ਸ਼ੇਰ ਦੀ ਇੱਕ ਗਰਜ ਨਾਲ ਹਿਰਨ ਭਜ ਲੈਂਦੇ ਹਨ ਅਤੇ ਉਨ੍ਹਾਂ ਦਾ ਧੀਰਜ ਗੁਆਚ ਜਾਂਦਾ ਹੈ। ਜਿੱਥੇ ਜਿੱਥੇ ਗੁਰੂ ਨਾਨਕ ਨੇ ਆਪਣੇ ਚਰਨ ਪਾਏ ਉਹੀ ਥਾਂ ਤੀਰਥ ਸਥਾਨ ਬਣ ਗਿਆ। ਜਿਹੜੇ ਸਿੱਧਾਂ ਦੇ ਆਸਣ ਸੀ ਉਹ ਹੁਣ ਗੁਰੂ ਨਾਨਕ ਦੇ ਸਥਾਨ ਕਰਕੇ ਜਾਣੇ ਜਾਣ ਲੱਗੇ। ਗੁਰੂ ਨਾਨਕ ਨੇ ਚਾਰੇ ਦਿਸ਼ਾਵਾਂ ਅਤੇ ਨੌਂ ਖੰਡਾਂ ਵਿਚ ਸੰਸਾਰ ਨੂੰ ਤਾਰ ਦਿੱਤਾ।

ਭਾਈ ਗੁਰਦਾਸ ਦੇ ਇਸ ਕਥਨ ਦੀ ਰੌਸ਼ਨੀ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂਆਂ ਦਾ ਆਸ਼ਾ ਤਾਂ ਭਾਰਤ ਦੀ ਸੌਂ ਚੁੱਕੀ ਆਤਮਾ ਨੂੰ ਉਸ ਦੀ ਸੁਪਨਮਈ ਅਵਸਥਾ ਵਿਚੋਂ ਨਾ ਕੇਵਲ ਜਗਾਉਣਾ ਸੀ, ਸਗੋਂ ਸਦਾ ਵਾਸਤੇ ਸੁਤੇਸਕ੍ਰਿਅਤਾ (ਸਪੋਂਟੇਨੀਅਸ ਡਾਇਨਾਮਿਜ਼ਮ) ਵਿਚ ਤਬਦੀਲ ਕਰਨਾ ਸੀ। ਗੁਰਮਤਿ ਚਿੰਤਨ ਇੱਕ ਇਲਹਾਮੀ ਦਰਸ਼ਨ ਹੈ। ਇਸ ਲਈ ਗੁਰਮਤਿ ਚਿੰਤਨ ਇੱਕ ਬਿਲਕੁਲ ਵੱਖਰਾ ਅਤੇ ਸੁਤੰਤਰ ਚਿੰਤਨ ਹੈ, ਕੋਈ ਮੰਗਿਆ ਹੋਇਆ ਸਿਧਾਂਤ ਜਾਂ ਮਿਲਗੋਭਾ ਨਹੀਂ ਹੈ। ਗੁਰਬਾਣੀ ਗੁਰੂਆਂ ਦੇ ਰਹੱਸਾਤਮਕ ਅਨੁਭਵ ਦੀ ਅਭਿਵਿਅਕਤੀ ਹੈ। ਉਨ੍ਹਾਂ ਨੂੰ ਪਰਮ ਸਤਿ ਦਾ ਜੋ ਅਨੁਭਵ ਹੋਇਆ ਉਸ ਨੂੰ ਉਨ੍ਹਾਂ ਨੇ ਇਥੋਂ ਦੀ ਬੋਲੀ ਜਾਣ ਵਾਲੀ ਆਮ ਭਾਸ਼ਾ ਵਿਚ ਵਿਅਕਤ ਕੀਤਾ ਕਿਉਂਕਿ ਬਾਬੇ ਨਾਨਕ ਨੇ ਜਿਸ 'ਨਿਰਮਲ ਪੰਥ' ਦੀ ਨੀਂਹ ਰੱਖੀ ਉਹ ਆਮ ਮਨੁੱਖ ਵਾਸਤੇ ਸੀ, ਕਿਸੇ ਖਾਸ ਜਮਾਤ ਲਈ ਨਹੀਂ ਜਿਸ ਦਾ ਮੁੱਖ ਆਸ਼ਾ 'ਸਰਬੱਤ ਦਾ ਭਲਾ' ਅਤੇ 'ਸਤਿਨਾਮ' ਦੇ ਜਾਪ ਰਾਹੀਂ ਪਰਮਾਤਮ-ਰੰਗ ਵਿਚ ਰੰਗੀਜ ਕੇ ਸਦਾ ਚੜ੍ਹਦੀ ਕਲਾ ਵਿਚ ਰਹਿਣਾ ਹੈ।

ਪਿਛਲੇ ਲੇਖ ਵਿਚ ਭਾਈ ਗੁਰਦਾਸ ਵੱਲੋਂ ਛੇ ਸਨਾਤਨੀ ਦਰਸ਼ਨਾਂ ਦੇ ਵੇਦਾਂ ਨਾਲ ਸਬੰਧ ਅਤੇ ਹਰ ਯੁਗ ਦੇ ਵੱਖਰੇ ਵੱਖਰੇ ਅਵਤਾਰਾਂ ਅਤੇ ਧਰਮ ਦੀ ਦਸ਼ਾ ਸਬੰਧੀ ਪ੍ਰਚਲਿਤ ਵਿਚਾਰਾਂ ਪ੍ਰਤੀ ਉਠਾਏ ਨੁਕਤਿਆਂ ਦੀ ਗੱਲ ਕੀਤੀ ਸੀ। ਹੁਣ ਅਸੀਂ ਇਸ ਲੇਖ ਵਿਚ ਵਿਦਵਾਨ ਲੇਖਕ ਵੱਲੋਂ 'ਰਿਗ ਵੇਦ ਤੋਂ ਦਸਮ ਗ੍ਰੰਥ ਤੱਕ-2' ਲੇਖ ਵਿਚ ਪੇਸ਼ ਕੀਤੇ ਗਏ ਨੁਕਤਿਆਂ ਦਾ ਵਿਸ਼ਲੇਸ਼ਣ ਕਰਾਂਗੇ। ਲੇਖਕ ਦਾ ਪਹਿਲਾ ਨੁਕਤਾ ਹੈ, 'ਗੁਰੂ ਸਾਹਿਬਾਨ ਨੇ ਸਿਧਾਂਤਕ ਰੂਪ ਵਿਚ ਯੋਗ ਦੀ ਸ਼ਬਦਾਵਲੀ ਨੂੰ ਆਪਣੀਆਂ ਬਾਣੀਆਂ ਵਿਚ ਵਰਤਿਆ ਹੈ, ਆਤਮ-ਸਾਖਿਆਤਕਾਰ ਦੀ ਉਪਾਦੇਯਤਾ ਨੂੰ ਖੁਲ੍ਹੇ ਦਿਲ ਨਾਲ ਸਵੀਕਾਰ ਕੀਤਾ ਹੈ ਪ੍ਰੰਤੂ ਇਹ ਧਿਆਨ ਰੱਖਣਯੋਗ ਤੱਥ ਹੈ ਕਿ ਯੋਗ ਦੀ ਪਰਿਭਾਸ਼ਿਕ ਸ਼ਬਦਾਵਲੀ ਦੀ ਵਿਆਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮਾਜਿਕ ਸਮਾਨਤਾ, ਭਾਈਚਾਰੇ ਅਤੇ ਆਪਸੀ ਸਹਿਯੋਗ ਦੇ ਦ੍ਰਿਸ਼ਟੀਕੋਣ ਤੋਂ ਹੀ ਕੀਤੀ ਗਈ ਹੈ।'

ਅਸੀਂ ਹਰ ਰੋਜ ਜਪੁਜੀ ਸਾਹਿਬ ਦਾ ਪਾਠ ਕਰਦੇ ਹਾਂ ਅਤੇ ਜਾਣਦੇ ਹਾਂ ਕਿ ਗੁਰੂ ਨਾਨਕ ਜਪੁਜੀ ਸਾਹਿਬ ਦੇ ਮੁੱਢ ਵਿਚ ਹੀ ਪਹਿਲਾਂ ਪ੍ਰਾਪਤ ਸਾਰੀਆਂ ਪਰੰਪਰਕ ਪਰਿਪਾਟੀਆਂ ਜਿਵੇਂ ਸ਼ੋਚ, ਇਕ-ਤਾਰ ਸਮਾਧੀ, ਮੌਨ-ਵਰਤ ਆਦਿ ਨੂੰ ਨਕਾਰ ਕੇ ਅੱਗੇ ਚੱਲਦੇ ਹਨ ਕਿਉਂਕਿ ਇਨ੍ਹਾਂ ਵਿਚੋਂ ਕੋਈ ਵੀ ਮਨ ਦੀ ਸ਼ਾਂਤੀ ਅਤੇ ਸ਼ੁਧੀ ਦੀ ਜ਼ਰੂਰੀ ਜਾਮਨ ਨਹੀਂ ਹੈ। ਇਸ ਤੋਂ ਅੱਗੇ ਸਵਾਲ ਰੱਖਦੇ ਹਨ ਕਿ ਤਾਂ ਫਿਰ ਕਿਸ ਤਰ੍ਹਾਂ ਅਕਾਲ ਪੁਰਖ ਦਾ ਪ੍ਰਕਾਸ਼ ਹੋਣ ਲਈ ਯੋਗ ਬਣ ਸਕੀਦਾ ਹੈ, 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥' ਕਿਵੇਂ ਕੂੜ ਦਾ ਪਰਦਾ ਟੁੱਟ ਸਕਦਾ ਹੈ? ਇਸ ਦਾ ਉਤਰ ਗੁਰੂ ਬਾਬਾ ਆਪ ਹੀ ਅਗਲੀ ਤੁਕ ਵਿਚ ਦੇ ਦਿੰਦੇ ਹਨ, 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥' ਅਕਾਲ ਪੁਰਖ ਨਾਲੋਂ ਜੀਵ ਦੀ ਵਿੱਥ ਮਿਟਾਉਣ ਦਾ ਤਰੀਕਾ ਹੈ ਉਸ ਦੇ ਹੁਕਮ ਨੂੰ, ਜੋ ਮਨੁੱਖ ਦੇ ਅੰਦਰ ਹੀ ਨਿਹਿਤ ਹੈ, ਅਨੁਭਵ ਕਰਨਾ ਅਤੇ ਉਸ ਦਾ ਅਨੁਸਾਰੀ ਹੋ ਕੇ ਚੱਲਣਾ। ਇਸ ਦੇ ਲਈ ਪਹਾੜਾਂ ਦੀਆਂ ਚੋਟੀਆਂ ਜਾਂ ਕੁੰਦਰਾਂ, ਜੰਗਲਾਂ ਵਿਚ ਜਾ ਕੇ ਕਠਿਨ ਤਪੱਸਿਆ ਕਰਨ, ਹਠ-ਯੋਗ ਦੀਆਂ ਯੋਗ ਕ੍ਰਿਆਵਾਂ ਕਰਨ, ਗ੍ਰਿਹਿਸਥ ਜੀਵਨ ਤਿਆਗ ਕੇ ਯੋਗੀਆਂ ਦਾ ਪਹਿਰਾਵਾ ਪਾ ਕੇ ਦੂਸਰਿਆਂ ਕੋਲੋਂ ਮੰਗ ਕੇ ਖਾਣ ਦੀ ਜ਼ਰੂਰਤ ਨਹੀਂ ਹੈ। ਗੁਰੂ ਸਾਹਿਬਾਨ ਅਨੁਸਾਰ ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ, ਗ੍ਰਿਹਿਸਥ ਜੀਵਨ ਦੇ, ਸੰਸਾਰਕ ਫਰਜ ਨਿਭਾਉਂਦਿਆਂ ਹੋਇਆਂ, ਹਥੀਂ ਕਾਰ ਕਰਕੇ ਅਤੇ ਪ੍ਰਭੂ ਦਾ ਨਾਮ ਸਿਮਰਨ ਕਰਦਿਆਂ, ਲੋੜਵੰਦਾਂ ਨਾਲ ਵੰਡ ਕੇ ਖਾਂਦਿਆਂ ਪਰਮਾਤਮਾ ਨਾਲ ਇੱਕਸੁਰ ਹੋਇਆ ਜਾ ਸਕਦਾ ਹੈ ਜਿਵੇਂ ਗੁਰੂ ਨਾਨਕ ਸਾਹਿਬ ਨੇ ਅਦੇਸ਼ ਕੀਤਾ ਹੈ,

ਗਿਆਨ ਵਿਹੂਣਾ ਗਾਵੈ ਗੀਤ॥
ਭੁਖੇ ਮੁਲਾਂ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨ ਪੜਾਏ॥
ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥
(ਪੰਨਾ 1245)।

ਸਪਸ਼ਟ ਹੈ ਕਿ ਗੁਰੂ ਨਾਨਕ ਨੇ ਰੱਬ ਨੂੰ ਪਾਉਣ ਦਾ ਜਿਹੜਾ ਰਾਹ ਦੱਸਿਆ ਹੈ ਉਸ ਦਾ ਪਰੰਪਰਕ ਯੋਗ ਨਾਲ ਨਾ ਸਿਰਫ ਕੋਈ ਮੇਲ ਹੀ ਹੈ ਸਗੋਂ ਇਹ ਯੋਗ ਦੇ ਰਸਤੇ ਤੋਂ ਬਿਲਕੁਲ ਵੱਖਰਾ ਅਤੇ ਉਲਟ ਹੈ। ਭਾਈ ਗੁਰਦਾਸ ਗੁਰੂ ਨਾਨਕ ਦੀ ਸਿੱਧਾਂ ਨਾਲ ਗੋਸ਼ਟਿ ਦੀ ਜਦੋਂ ਚਰਚਾ ਕਰਦੇ ਹਨ ਤਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ। ਜੋਗੀ ਭੰਗਰ ਨਾਥ ਜਦੋਂ ਸਵਾਲ ਕਰਦਾ ਹੈ,

'ਤੁਹਿ ਦੁਧ ਵਿਚਿ ਕਿਉ ਕਾਂਜੀ ਪਾਈ?
ਫਿਟਿਆ ਚਾਟਾ ਦੁਧ ਦਾ ਰਿੜਕਿਆ
ਮਖਣੁ ਹਥਿ ਨ ਆਈ।
ਭੇਖ ਉਤਾਰਿ ਉਦਾਸਿ ਦਾ
ਵਤਿ ਕਿਉ ਸੰਸਾਰੀ ਰੀਤਿ ਚਲਾਈ?'

ਅੱਗੋਂ ਗੁਰੂ ਸਾਹਿਬ ਦਾ ਉਤਰ ਦਸਿਆ ਹੈ,

ਨਾਨਕ ਆਖੇ ਭੰਗਰਿਨਾਥ
ਤੇਰੀ ਮਾਊ ਕੁਚਜੀ ਆਹੀ।
ਭਾਂਡਾ ਧੋਇ ਨ ਜਾਤਿਓਨਿ
ਭਾਇ ਕੁਚਜੇ ਫੁਲ ਸੜਾਈ।
ਹੋਇ ਅਤੀਤੁ ਗ੍ਰਿਹਸਤਿ ਤਜਿ
ਫਿਰਿ ਉਨਹੂ ਕੇ ਘਰਿ ਮੰਗਣਿ ਜਾਈ॥
ਬਿਨੁ ਦਿਤੇ ਕਛੁ ਹਥਿ ਨ ਆਈ॥ (1-40)

ਗੁਰੂ ਸਾਹਿਬਾਨ ਨੇ ਮਨੁੱਖ ਦੇ ਸਾਹਮਣੇ ਆਦਰਸ਼ 'ਸਚਿਆਰ' ਹੋਣ ਦਾ ਰੱਖਿਆ ਹੈ। ਸਚਿਆਰ ਬਣਨ ਲਈ ਨਾਮ ਸਿਮਰਨ ਦਾ ਜਿਹੜਾ ਰਾਹ ਸੁਝਾਇਆ ਹੈ ਉਸ ਵਿਚ ਨੈਤਿਕ ਗੁਣਾਂ ਦੀ ਪਾਲਣਾ ਜ਼ਰੂਰੀ ਕਰਾਰ ਦਿੱਤੀ ਹੈ। ਯੋਗੀਆਂ ਵਿਚ ਇਨ੍ਹਾਂ ਦੀ ਕਿਤੇ ਨਾ ਕਿਤੇ ਕਮੀ ਜ਼ਰੂਰ ਸੀ। ਇਸੇ ਲਈ ਜਪੁਜੀ ਸਾਹਿਬ ਵਿਚ ਹੀ ਉਨ੍ਹਾਂ ਦੇ ਭੇਖ ਦੇ ਚਿੰਨ੍ਹਾਂ ਨੂੰ ਲੈ ਕੇ ਉਨ੍ਹਾਂ ਦੀ ਸ਼ਬਦਾਵਲੀ ਵਿਚ ਹੀ ਗੁਰੂ ਨਾਨਕ ਪਾਤਿਸ਼ਾਹ ਨੇ ਉਨ੍ਹਾਂ ਨੂੰ ਸਮਝਾਇਆ ਹੈ ਕਿ ਸੰਤੋਖ ਨੂੰ ਆਪਣੀਆਂ ਮੁੰਦਰਾਂ, ਮਿਹਨਤ ਨੂੰ ਖੱਪਰ ਤੇ ਝੋਲੀ, ਅਕਾਲ ਪੁਰਖ ਦੇ ਧਿਆਨ ਦੀ ਆਪਣੇ ਪਿੰਡੇ ਤੇ ਬਿਭੂਤ, ਮੌਤ ਦਾ ਭੈ ਗੋਦੜੀ ਬਣਾਉ ਅਤੇ ਸਰੀਰ ਨੂੰ ਵਿਕਾਰਾਂ ਤੋਂ ਬਚਾ ਕੇ ਰੱਖਣਾ ਜੋਗ ਦੀ ਰਹਿਤ ਅਤੇ ਸ਼ਰਧਾ ਨੂੰ ਡੰਡਾ ਬਣਾਵੇਂ ਤਾਂ ਹੀ ਤੇਰੇ ਅੰਦਰੋਂ 'ਕੂੜੈ ਪਾਲਿ' (ਕੂੜ ਦੀ ਕੰਧ) ਟੁੱਟ ਸਕਦੀ ਹੈ। ਇਸੇ ਤਰ੍ਹਾਂ ਸਾਰੇ ਚਿੰਨ੍ਹਾਂ ਨੂੰ ਲੈ ਕੇ ਅਸਲੀ ਰਸਤੇ ਦੀ ਪਛਾਣ ਕਰਾਈ ਹੈ ਜਿਸ ਦੇ ਵਿਸਤਾਰ ਦੀ ਇਥੇ ਗੁੰਜਾਇਸ਼ ਨਹੀਂ ਹੈ। 'ਸਿਧ ਗੋਸਟਿ' ਬਾਣੀ ਵਿਚ ਵੀ ਗੁਰੂ ਨਾਨਕ ਨੇ ਆਪਣੇ ਸਿਧਾਂਤ ਨੂੰ ਸਮਝਾਉਣ ਅਤੇ ਯੋਗੀਆਂ ਦੇ ਸਵਾਲਾਂ ਦਾ ਉਤਰ ਦੇਣ ਲਈ ਉਨ੍ਹਾਂ ਦੀ ਸ਼ਬਦਾਵਲੀ ਹੀ ਵਰਤੀ ਹੈ ਕਿਉਂਕਿ ਇਹੀ ਸਭ ਤੋਂ ਵੱਧ ਅਸਰਪਾਊ ਤਰੀਕਾ ਹੋ ਸਕਦਾ ਸੀ। ਇਸ ਦੀਆਂ ਇੱਕ ਦੋ ਉਦਾਹਰਣਾਂ ਪੇਸ਼ ਹਨ। ਮਸਲਨ ਲੋਹਾਰਿਪਾ ਪ੍ਰਸ਼ਨ ਕਰਦਾ ਹੈ,

ਹਾਟੀ ਬਾਟੀ ਰਹਹਿ ਨਿਰਾਲੇ
ਰੂਖਿ ਬਿਰਖਿ ਉਦਿਆਨੇ॥
ਕੰਦ ਮੂਲੁ ਅਹਾਰੋ ਖਾਈਐ
ਅਉਧੂ ਬੋਲੈ ਗਿਆਨੇ॥
ਤੀਰਥਿ ਨਾਈਐ ਸੁਖੁ ਫਲੁ ਪਾਈਐ
ਮੈਲੁ ਨ ਲਾਗੈ ਕਾਈ॥
ਗੋਰਖਪੂਤੁ ਲੋਹਾਰੀਪਾ ਬੋਲੈ
ਜੋਗ ਜੁਗਤਿ ਬਿਧਿ ਸਾਈ॥ (ਪੰਨਾ 938)

ਇਸਦਾ ਉਤਰ ਗੁਰੂ ਨਾਨਕ ਦਿੰਦੇ ਹਨ,

ਹਾਟੀ ਬਾਟੀ ਨੀਦ ਨ ਆਵੈ
ਪਰ ਘਰਿ ਚਿਤੁ ਨ ਡੋਲਾਈ॥
ਬਿਨੁ ਨਾਵੈ ਮਨੁ ਟੇਕ ਨ ਟਿਕਈ
ਨਾਨਕ ਭੂਖ ਨ ਜਾਈ॥
ਹਾਟੁ ਪਟਣੁ ਘਰੁ ਗੁਰੂ ਦਿਖਾਇਆ
ਸਹਜੇ ਸਚੁ ਵਾਪਾਰੋ॥
ਖੰਡਿਤ ਨਿਦ੍ਰਾ ਅਲਪ ਅਹਾਰੰ
ਨਾਨਕ ਤਤੁ ਬੀਚਾਰੋ॥ (ਪੰਨਾ 939)

ਲੇਖਕ ਅੱਗੇ ਲਿਖਦਾ ਹੈ, 'ਜਾਬਾਲ ਉਪਨਿਸ਼ਦ, ਗੋਰਕਸ਼ ਸ਼ਤਕ ਅਤੇ ਹਠ ਯੋਗ ਪ੍ਰਦੀਪਿਕਾ ਦੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਨੂੰ ਸਰੀਰ ਵਿਚ ਸਥਿਤ ਛੇ ਚੱਕਰਾਂ, ਸੋਲ੍ਹਾਂ ਆਧਾਰਾਂ, ਨੌਂ ਦੁਆਰਾਂ, ਪ੍ਰਾਣ-ਅਪਾਨ ਤੋਂ ਇਲਾਵਾ ਹੋਰ ਅਨੇਕਾਂ ਪ੍ਰਕਾਰ ਦੀਆਂ ਹਵਾਵਾਂ ਦਾ ਸਿਲਸਿਲੇਵਾਰ ਵੇਰਵਾ ਤਾਂ ਨਹੀਂ ਮਿਲਦਾ ਪ੍ਰੰਤੂ ਇਕ ਤੱਥ ਏਥੇ ਜ਼ਰੂਰ ਸਪਸ਼ਟ ਕੀਤਾ ਗਿਆ ਹੈ ਕਿ ਪਰਮਾਤਮਾ ਦਾ ਨਿਵਾਸ ਕਿਧਰੇ ਬਾਹਰ ਨਹੀਂ, ਇਥੇ ਸਰੀਰ ਵਿਚ ਹੀ ਹੈ ਅਤੇ ਜੋ ਖੋਜੇ ਉਹੀ ਪਾ ਸਕਦਾ ਹੈ।' ਅੱਗੇ ਸ਼ਬਦਾਵਲੀ ਦੀ ਗੱਲ ਕਰਦਿਆਂ ਦੱਸਿਆ ਹੈ, "ਖਟ ਚਕਰ ਵਰਣਨ ਦੇ ਸੰਕੇਤ ਗੁਰਬਾਣੀ ਵਿਚ ਮਿਲਦੇ ਹਨ ਪਰ ਜ਼ਿਆਦਾ ਗੱਲ ਉਲਟ ਕਮਲ ਅਤੇ ਨਾਭੀ ਕਮਲ (ਸਵਾਧਿਸ਼ਠਾਨ ਚਕਰ) ਦੀ ਹੀ ਕੀਤੀ ਗਈ ਹੈ। ਨਾਭੀ ਕਮਲ ਦਾ ਵਰਣਨ ਸਿੱਧ ਗੋਸਟਿ ਬਾਣੀ ਵਿਚ ਕਈ ਵਾਰ ਆਇਆ ਹੈ। ਜਿੱਥੇ ਜੋਗੀ ਇਸ ਨਾਭੀ ਕਮਲ ਨੂੰ ਪ੍ਰਾਣ ਵਾਯੂ ਦਾ ਘਰ ਅਤੇ ਆਧਾਰ ਮੰਨਦੇ ਹਨ ਜਿਹੜੀ ਕਿ ਇਸ ਵਿਚ ਅਵਸਥਿਤ ਰਹਿੰਦੀ ਹੈ, ਉਥੇ ਗੁਰੂ ਨਾਨਕ ਮੰਨਦੇ ਹਨ ਕਿ ਇਸ ਨਾਭੀ ਕਮਲ ਵਿਚ ਸਥਿਤ ਹੋਣ ਅਥਵਾ ਇਸ ਦੇ ਨਾ ਰਹਿ ਜਾਣ ਦੀ ਸੁਰਤ ਵੀ ਪ੍ਰਾਣਾਂ ਦਾ ਨਿਵਾਸ ਆਪਣੇ ਨਿਜ ਘਰ ਪਰਮਾਤਮਾ ਵਿਚ ਬਣਿਆ ਰਹਿੰਦਾ ਹੈ।"

ਗੁਰੂ ਅਮਰਦਾਸ ਨੇ ਮਨੁੱਖੀ ਜੀਵਨ ਦਾ ਆਦਰਸ਼ ਸਮਝਾਉਂਦਿਆਂ ਫੁਰਮਾਇਆ ਹੈ, 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥' (ਪੰਨਾ 441) ਜੋਤਿ ਸਰੂਪ ਹੋਣ ਲਈ ਅਤੇ ਆਪਣੇ ਮੂਲ ਦੀ ਪਛਾਣ ਲਈ ਕਿਸੇ ਯੋਗ ਦੀ ਜ਼ਰੂਰਤ ਨਹੀਂ ਹੈ। ਗੁਰੂ ਸਾਹਿਬ ਨੇ ਹਿਰਦੇ ਨੂੰ ਹੀ 'ਕਮਲ ਫੁਲ' ਕਿਹਾ ਹੈ ਜਿਸ ਵਿਚ ਪ੍ਰਭੂ ਦਾ ਵਾਸਾ ਹੈ, ਇਹ ਕੋਈ ਯੋਗੀਆਂ ਦੇ 'ਉਧੇ ਕਮਲ' ਦਾ ਸੰਕਲਪ ਨਹੀਂ ਹੈ। ਗੁਰੂ ਸਾਹਿਬਾਨ ਦੇ ਸੰਕਲਪ ਅਤੇ ਉਨ੍ਹਾਂ ਦੀ ਪਰਿਭਾਸ਼ਾ ਆਪਣੀ ਹੈ। ਇਹ ਸੰਕਲਪ ਭਾਵੇਂ ਬ੍ਰਹਮ ਜਾਂ ਆਤਮਾ ਦਾ ਹੈ, ਭਾਵੇਂ ਮੁਕਤੀ ਦਾ ਜਾਂ ਸੰਸਾਰ ਅਤੇ ਸ੍ਰਿਸ਼ਟੀ ਦਾ ਹੈ। ਜਿਥੋਂ ਤੱਕ ਯੋਗ ਦੀ ਸ਼ਬਦਾਵਲੀ ਨੂੰ ਗੁਰੂ ਸਾਹਿਬਾਨ ਵੱਲੋਂ ਆਪਣੀਆਂ ਬਾਣੀਆਂ ਵਿਚ ਵਰਤਣ ਦੀ ਗੱਲ ਹੈ, ਉਨ੍ਹਾਂ ਨੇ ਸਿਧਾਂਤਕ ਰੂਪ ਵਿਚ ਯੋਗ ਦੇ ਕਿਸੇ ਸਿਧਾਂਤ ਨੂੰ ਨਹੀਂ ਅਪਨਾਇਆ ਸਗੋਂ ਯੋਗ ਦਰਸ਼ਨ ਅਤੇ ਯੋਗੀਆਂ ਦੇ ਅਪਨਾਏ ਜੀਵਨ ਅਮਲ ਨੂੰ ਹਰ ਤਰ੍ਹਾਂ ਨਾਲ ਰੱਦ ਕੀਤਾ ਹੈ। ਯੋਗ ਦਰਸ਼ਨ ਦੀ ਸ਼ਬਦਾਵਲੀ ਯੋਗੀਆਂ ਨਾਲ ਹੋਈਆਂ ਗੋਸ਼ਟੀਆਂ ਵਿਚ ਉਨ੍ਹਾਂ ਨੂੰ ਸਮਝਾਉਣ ਲਈ ਕੀਤੀ ਗਈ ਹੈ।

ਵਿਦਵਾਨ ਨੇ ਅੱਗੇ ਲਿਖਿਆ ਹੈ, "ਪਤੰਜਲਿ ਦੇ ਪੰਜ ਯਮਾਂ ਵਿਚੋਂ ਅਹਿੰਸਾ, ਸੱਤ, ਅਸਤੇਅ (ਚੋਰੀ ਨਾ ਕਰਨਾ) ਅਤੇ ਅਪਰਿਗ੍ਰਹਿ (ਕੁਝ ਵੀ ਇਕੱਠਾ ਨਾ ਕਰਕੇ ਰਖ ਜਾਣਾ) ਨੂੰ ਤਾਂ ਗੁਰੂਜਨਾਂ ਨੇ ਸਵੀਕਾਰ ਕੀਤਾ ਹੈ ਪ੍ਰੰਤੂ ਬ੍ਰਹਮਚਰਯ ਦੇ ਪ੍ਰਤੀ ਉਨ੍ਹਾਂ ਦੀ ਆਪਣੀ ਹੀ ਧਾਰਨਾ ਹੈ ਅਤੇ ਉਨ੍ਹਾਂ ਨੇ ਗ੍ਰਿਹਿਸਥ ਜੀਵਨ ਨੂੰ ਸਭ ਤੋਂ ਉਤਮ ਮੰਨਿਆ ਹੈ ਕਿਉਂਕਿ ਇਸੇ ਰਾਹੀਂ ਸੰਸਾਰ ਨਾਲ ਜੁੜਿਆ ਜਾ ਸਕਦਾ ਹੈ। ਸ਼ੋਚ, ਸੰਤੋਖ, ਤਪ ਸਵਾਧਿਆਇ ਅਤੇ ਈਸ਼ਵਰ ਪਰਣਿਧਾਨ ਆਦਿ ਪੰਜ ਨਿਯਮਾਂ ਵਿਚੋਂ ਸਿੱਖ ਧਰਮ ਸੰਤੋਖ ਅਤੇ ਈਸ਼ਵਰ ਪਰਣਿਧਾਨ ਨੂੰ ਸਾਰਿਆਂ ਤੋਂ ਉਚਾ ਮੰਨਦਾ ਹੈ।" ਇਥੇ ਵਿਦਵਾਨ ਲੇਖਕ ਨੇ ਪਤੰਜਲਿ ਦੇ ਇਨ੍ਹਾਂ ਪੰਜ ਯਮਾਂ ਦੀ ਕੋਈ ਵਿਆਖਿਆ ਦੇਣ ਦੀ ਖੇਚਲ ਨਹੀਂ ਕੀਤੀ, ਜੇ ਕੀਤੀ ਹੁੰਦੀ ਤਾਂ ਹੀ ਇਹ ਸਪਸ਼ਟ ਹੋਣਾ ਸੀ ਕਿ ਕੀ ਵਾਕਿਆ ਹੀ ਗੁਰੂ ਸਾਹਿਬਾਨ ਨੇ ਪਤੰਜਲਿ ਦੇ ਦਿੱਤੇ ਨਿਯਮਾਂ ਨੂੰ ਹੀ ਅਪਨਾਇਆ ਹੈ? ਪਹਿਲਾ ਨੁਕਤਾ ਅਹਿੰਸਾ ਦਾ ਹੈ। ਗੁਰਮਤਿ ਦਾ ਅਹਿੰਸਾ ਦਾ ਸਿਧਾਂਤ ਇਹ ਨਹੀਂ ਕਿ ਜੇ ਕੋਈ ਤੁਹਾਡੇ ਇੱਕ ਚਪੇੜ ਮਾਰਦਾ ਹੈ ਤਾਂ ਮੂੰਹ ਦਾ ਦੂਸਰਾ ਪਾਸਾ ਵੀ ਉਸ ਵੱਲ ਕਰ ਦਿਉ ਚਪੇੜ ਖਾਣ ਲਈ। ਨਾ ਹੀ ਇਸ ਦਾ ਸਬੰਧ ਮਹਿਜ ਜੀਵ ਹੱਤਿਆ ਨਾਲ ਹੈ। ਗੁਰਮਤਿ ਦਾ ਅਹਿੰਸਾ ਦਾ ਸਿਧਾਂਤ ਗੁਰੂ ਤੇਗ ਬਹਾਦਰ ਸਾਹਿਬ ਦੀ ਰਚੀ ਇਸ ਪੰਕਤੀ ਵਿਚ ਸਪਸ਼ਟ ਹੁੰਦਾ ਹੈ, ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ ਕਿਸੇ ਨੂੰ ਭੈ ਦਿਖਾਉਣਾ 'ਹਿੰਸਾ' ਹੈ ਪਰ ਅਕਾਲ ਪੁਰਖ ਤੋਂ ਬਿਨਾ ਕਿਸੇ ਹੋਰ ਦਾ ਭੈ ਮੰਨਣ ਦੀ ਵੀ ਇਜਾਜ਼ਤ ਨਹੀਂ ਦਿੱਤੀ। ਸਗੋਂ ਗੁਰੂ ਸਾਹਿਬਾਨ ਨੇ ਤਾਂ ਅਜਿਹੇ ਪੁਰਸ਼ ਨੂੰ ਗਿਆਨੀ ਮੰਨਿਆ ਹੈ ਜਿਹੜਾ ਗੁਰੂ ਤੇਗ ਬਹਾਦਰ ਦੇ ਦੱਸੇ ਅਨੁਸਾਰ ਨਾ ਕਿਸੇ ਨੂੰ ਡਰਾਉਂਦਾ ਹੈ ਅਤੇ ਨਾ ਕਿਸੇ ਤੋਂ ਡਰਦਾ ਹੈ। ਇਸੇ ਤਰ੍ਹਾਂ ਅਹਿੰਸਾ ਦਾ ਦੂਸਰਾ ਪੱਖ ਵੀ ਗੁਰੂ ਨਾਨਕ ਦੇ ਇਸ ਸਲੋਕ ਤੋਂ ਹੋ ਜਾਂਦੀ ਹੈ,

ਜੇ ਰਤੁ ਲਗੈ ਕਪੜੈ
ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ
ਤਿਨ ਕਿਉ ਨਿਰਮਲੁ ਚੀਤੁ॥
ਨਾਨਕ ਨਾਉ ਖੁਦਾਇ ਕਾ
ਦਿਲਿ ਹਛੈ ਮੁਖਿ ਲੇਹੁ॥
ਅਵਰਿ ਦਿਵਾਜੇ ਦੁਨੀ ਕੇ
ਝੂਠੇ ਅਮਲ ਕਰੇਹੁ॥ (ਪੰਨਾ 140)

ਇਥੇ ਮੁਸਲਮਾਨ ਨੂੰ ਅਹਿੰਸਾ ਅਤੇ ਪਵਿੱਤਰਤਾ-ਦੋਹਾਂ ਦਾ ਨਿਯਮ ਸਮਝਾਇਆ ਹੈ। ਇਸ ਤੋਂ ਇੱਕ ਗੱਲ ਹੋਰ ਵੀ ਸਪਸ਼ਟ ਹੁੰਦੀ ਹੈ ਕਿ ਗੁਰਮਤਿ ਮਾਰਗ ਸਮਝਾਉਣ ਲਈ ਗੁਰੂ ਸਾਹਿਬ ਨੇ ਚਾਰ ਉਦਾਸੀਆਂ ਕੀਤੀਆਂ ਅਤੇ ਇਨ੍ਹਾਂ ਯਾਤਰਾਵਾਂ ਦੌਰਾਨ ਵੱਖ ਵੱਖ ਧਾਰਮਿਕ ਸਥਾਨਾਂ 'ਤੇ ਜਾ ਕੇ ਉਥੋਂ ਦੇ ਧਾਰਮਿਕ ਆਗੂਆਂ ਨਾਲ ਗੋਸਟਿ ਰਚਾਈ। ਉਨ੍ਹਾਂ ਨਾਲ ਉਨ੍ਹਾਂ ਦੇ ਮੁਹਾਵਰੇ ਵਿਚ ਹੀ ਗੱਲ ਕੀਤੀ। ਉਪਰ ਦੱਸਿਆ ਸ਼ਲੋਕ ਮੁਸਲਮ ਆਗੂ ਨੂੰ ਸੰਬੋਧਿਤ ਹੈ ਪਰ ਇਸ ਦਾ ਅਰਥ ਇਹ ਨਹੀਂ ਕਿ 'ਖੁਦਾ' ਸ਼ਬਦ ਵਰਤ ਕੇ ਗੁਰੂ ਸਾਹਿਬ ਨੇ ਅਕਾਲ ਪੁਰਖ ਦਾ ਸੰਕਲਪ ਇਸਲਾਮ ਤੋਂ ਲਿਆ ਹੈ।

'ਸਤਿ' ਦਾ ਸੰਕਲਪ ਗੁਰਮਤਿ ਚਿੰਤਨ ਦਾ ਬਹੁਤ ਨਿਵੇਕਲਾ ਹੈ। ਇੱਕ ਪਾਸੇ ਇਹ ਕਰਤਾ ਪੁਰਖ ਦਾ ਗੁਣ ਹੈ ਅਤੇ ਉਸ ਨੂੰ ਜਾਣਿਆ ਹੀ 'ਸਤਿਨਾਮ' ਕਹਿ ਕੇ ਜਾਂਦਾ ਹੈ। ਦੂਸਰਾ ਇਹ ਇੱਕ ਨੈਤਿਕ ਗੁਣ ਹੈ ਜਿਸ ਨੂੰ ਇਨਸਾਨ ਨੇ 'ਸਚਿਆਰ' ਬਣਨ ਲਈ ਲਾਜ਼ਮ ਅਪਨਾਉਣਾ ਹੈ, ਜਿਸ ਦੀ ਮਹੱਤਤਾ ਇਸ ਤੁਕ ਤੋਂ ਜ਼ਾਹਰ ਹੈ, 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥' (ਪੰਨਾ 62) ਤੀਸਰਾ ਇਹ ਕਥਨ (ਪਰਾਪੋਜੀਸ਼ਨ) ਦਾ ਗੁਣ ਹੈ ਜੋ ਮਨੁੱਖ ਨੂੰ ਰਸਤਾ ਦਿਖਾਉਂਦਾ ਹੈ। ਇਸ ਤਰ੍ਹਾਂ ਸਤਿ ਦੇ ਸੰਕਲਪ ਦਾ ਸਿੱਖ ਧਰਮ ਚਿੰਤਨ ਵਿਚ ਬਹੁਤ ਗਹਿਰਾ ਮਹੱਤਵ ਹੈ ਜਿਸ ਦੀ ਵਿਸਤਾਰ ਵਿਚ ਵਿਆਖਿਆ ਵੱਖਰਾ ਵਿਸ਼ਾ ਹੈ। ਰਹਿ ਗਏ ਨੁਕਤਿਆਂ ਦੀ ਚਰਚਾ ਜਾਰੀ ਰਹੇਗੀ।

(ਚਲਦਾ...)

## ਸਿਆਣਿਆਂ ਦਾ ਕਿਹਾ

(1) ਗੁਰੂ ਘਰਾਂ ਉਪਰ ਕੋਈ ਵੀ ਹਮਲਾ ਬਰਦਾਸ਼ਤ ਨਹੀਂ ਕਰਨਾ।

(2) ਸਿੱਖ ਗੁਰੂ ਘਰ ਵਿਚ ਸੇਵਾਦਾਰ ਤਾਂ ਹੋ ਸਕਦਾ ਹੈ-ਚੌਧਰੀ ਨਹੀਂ।

(3) ਗ੍ਰਿਹਿਸਥੀ ਜੀਵਨ ਦੇ ਨਾਲ ਨਾਲ ਜ਼ਿੰਦਗੀ ਪੰਥ ਅਤੇ ਧਰਮ ਅਸਥਾਨਾਂ ਦੀ ਪਵਿੱਤਰਤਾ ਵਾਸਤੇ ਲੱਗੇ।

(4) ਸਿੱਖ ਜੰਗ ਦੇ ਮੈਦਾਨ ਵਿਚ ਹਥਿਆਰ ਨਹੀਂ ਸੁੱਟ ਸਕਦਾ-ਸ਼ਹੀਦ ਹੋ ਸਕਦਾ ਹੈ।

(5) ਸਿੱਖ ਦੀ ਬੰਦੂਕ ਜਾਂ ਕ੍ਰਿਪਾਨ ਵਿਚੋਂ ਜ਼ਾਲਮ ਨੂੰ ਭੈ, ਮਜ਼ਲੂਮ ਨੂੰ ਹੌਂਸਲਾ ਮਿਲਣਾ ਚਾਹੀਦਾ ਹੈ।

(6) ਸੱਚਾ ਸਿੱਖ, ਅਸੂਲ ਅਤੇ ਨਿਸ਼ਾਨੇ ਦੀ ਸੌਦੇਬਾਜ਼ੀ ਨਹੀਂ ਕਰਦਾ।

(7) ਜ਼ੁਲਮ ਹੱਦੋਂ ਵੱਧ ਜਾਣ 'ਤੇ ਸਿੱਖ ਨੂੰ ਸੁੱਖਾਂ ਭਰੀ ਜ਼ਿੰਦਗੀ ਛੱਡ ਕੇ ਮੈਦਾਨ ਵਿਚ ਜੂਝਣਾ ਚਾਹੀਦਾ ਹੈ।

(8) ਪੰਜਾਬੀ ਬੋਲੀ ਕੋਈ 8 ਕਰੋੜ ਲੋਕ ਬੋਲਦੇ ਹਨ।

(9) ਸ਼ਹਿਦ (ਮਖਿਆਲ) ਦਾ ਇੱਕ ਚਮਚਾ ਤਿਆਰ ਕਰਨ ਲਈ ਮਧੂ ਮੱਖੀ ਤਕਰੀਬਨ 2000 ਫੁੱਲਾਂ ਦਾ ਰਸ ਚੂਸ ਲੈਂਦੀ ਹੈ।

(10) ਭਾਰਤ ਵਿਚ ਕਰੀਬ 575,936 ਪਿੰਡ ਹਨ।

(11) ਪੂਰੀ ਦੁਨੀਆਂ ਅੰਦਰ ਤਕਰੀਬਨ 27921 ਬੋਲੀਆਂ ਲੋਕ ਬੋਲਦੇ ਹਨ।

(12) ਭਾਰਤ ਵਿਚ 226 ਬੋਲੀਆਂ ਲੋਕ ਬੋਲਦੇ ਹਨ।

(13) ਪੰਜਾਬ ਵਿਚ 12687 ਪਿੰਡ ਹਨ।

(14) ਸਭ ਤੋਂ ਪਹਿਲਾ ਸਾਇਕਲ 1735 ਵਿਚ ਬਣਿਆ ਸੀ।

(15) ਵੇਲ੍ਹ ਮੱਛੀ ਦੇ ਮੂੰਹ ਵਿਚ 2500 ਦੰਦ ਹੁੰਦੇ ਹਨ।

(16) ਕੱਛੂਕੁਮਾ 300 ਸਾਲ ਤੱਕ ਜਿਉਂਦਾ ਰਹਿ ਸਕਦਾ ਹੈ।

(17) ਮਹਾਤਮਾ ਬੁੱਧ ਦੀਆਂ ਮੂਰਤੀਆਂ ਹਿੰਦੂ ਮੱਤ ਦੀਆਂ ਮੂਰਤੀਆਂ ਤੋਂ ਜ਼ਿਆਦਾ ਹਨ।

(18) ਇੱਕ ਸਾਲ ਵਿਚ 12 ਮਹੀਨੇ, 52 ਹਫਤੇ, 365 ਦਿਨ, 876 ਘੰਟੇ, 525600 ਮਿੰਟ, 3136000 ਸਕਿੰਟ ਹੁੰਦੇ ਹਨ।

(19) ਸੰਸਾਰ ਦਾ ਸਭ ਤੋਂ ਲੰਮਾ ਸ਼ਹਿਰ ਲੰਡਨ ਹੈ ਅਤੇ ਸਭ ਤੋਂ ਉਚਾ ਪੁਲ ਅਮਰੀਕਾ 'ਚ ਹੂਵਰ ਡੈਮ (726 ਫੁੱਟ ਉਚਾ) ਹੈ।

(20) ਇੱਕ ਮੱਛਰ ਦੇ 47 ਦੰਦ ਹੁੰਦੇ ਹਨ।

(21) ਇੱਕ ਵਿਅਕਤੀ ਦੇ ਸਰੀਰ ਵਿਚ 65% ਪਾਣੀ ਹੁੰਦਾ ਹੈ।

(22) ਜਾਨਵਰਾਂ ਵਿਚ ਸਭ ਤੋਂ ਛੋਟਾ ਦਿਲ (ਅਕਾਰ ਵਿਚ) ਸ਼ੇਰ ਦਾ ਹੁੰਦਾ ਹੈ।

(23) ਯੂਰਪ ਦਾ ਸਭ ਤੋਂ ਛੋਟਾ ਟਾਪੂ ਇੰਗਲੈਂਡ ਵਿਚ ਹੈ।

(24) ਸੰਸਾਰ ਦਾ ਸਭ ਤੋਂ ਛੋਟਾ ਮਹਾਂਦੀਪ ਆਸਟਰੇਲੀਆ ਵਿਚ ਹੈ।

(25) ਸੰਸਾਰ ਦੀ ਸਭ ਤੋਂ ਵੱਡੀ ਦੂਰਬੀਨ ਅਮਰੀਕਾ ਵਿਚ ਹੈ।

(26) ਮਨੁੱਖ ਦੀਆਂ ਨਸਾਂ 'ਚ ਖੂਨ ਦੀ ਰਫਤਾਰ 10 ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ।

(27) ਮਨੁੱਖ ਆਪਣੀਆਂ ਅੱਖਾਂ ਨੂੰ ਇੱਕ ਮਿੰਟ ਵਿਚ ਲਗਭਗ 25 ਵਾਰ ਝਪਕਦਾ ਹੈ।

(28) ਕਾਤਲਾਂ ਦੇ ਬਹੁਤ ਨਾਮ ਹੁੰਦੇ ਹਨ, ਫੌਜ, ਪੁਲਿਸ, ਪ੍ਰਸ਼ਾਸਨ ਅਤੇ ਰਾਜ ਨੇਤਾਵਾਂ ਤੋਂ ਬਾਅਦ ਨਿਆਂਪਾਲਿਕਾ ਵੀ ਇਸ ਲਾਇਨ ਵਿਚ ਖੜ੍ਹੋ ਗਈ ਹੈ। ਹੁਣ ਨਿਆਂਪਾਲਿਕਾ ਦੇ ਮੂੰਹ ਵਿਚੋਂ ਵੀ ਲਹੂ ਦੀ ਦੁਰਗੰਧ ਆਉਂਦੀ ਹੈ।

(29) ਮੌਤ ਦੇ ਸੌਦਾਗਰ ਲਈ ਭਾਈ ਜਿੰਦਾ ਅਤੇ ਭਾਈ ਸੁੱਖਾ ਦੀ ਸ਼ਹਾਦਤ ਇੱਕ ਸਬਕ ਹੈ। ਕਾਸ਼ ਉਹ ਪੜ੍ਹ ਸਕਣ ਅਤੇ ਇਸ ਨੂੰ ਸਮਝ ਸਕਣ।

(30) ਜਿਨ੍ਹਾਂ ਦੇ ਮਨਾਂ 'ਚ ਕੌਮ ਦਾ ਪਿਆਰ ਵੱਸਿਆ ਹੋਵੇ ਉਨ੍ਹਾਂ ਨੂੰ ਮੌਤ ਨਹੀਂ ਮਾਰ ਸਕਦੀ।

(31) ਆਪਣੇ ਸੜ ਰਹੇ ਘਰ ਪੰਜਾਬ ਦਾ ਤਮਾਸ਼ਾ ਦੇਖਣ ਵਾਲਿਓ ਹੋਸ਼ ਕਰੋ।

(32) ਦਲ ਖਾਲਸਾ ਅਲਾਇੰਸ ਇੱਕ ਜਥੇਬੰਦੀ ਹੀ ਨਹੀਂ ਇੱਕ ਲਹਿਰ ਵੀ ਹੈ।

(33) ਜੇਕਰ ਹਾਲਾਤ ਦਾ ਚਿਹਰਾ ਬਦਸੂਰਤ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਸ਼ੀਸ਼ਾ ਹੀ ਤੋੜ ਦਿੱਤਾ ਜਾਵੇ। ਸ਼ੀਸ਼ਾ ਤੋੜਨਾ ਆਪਣੀ ਬਦਸੂਰਤੀ ਦਾ ਇਲਾਜ ਨਹੀਂ।

(34) ਵਕਤ ਸਾਡੇ ਸਤਿਕਾਰ ਦਾ ਪਾਤਰ ਹੈ, ਸਾਡਾ ਮਹਿਮਾਨ ਹੈ, ਇਸ ਦੀ ਕਦਰ ਕਰੋ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

**ਨੈਣ-ਨਕਸ਼**



ਐਸ. ਅਸ਼ੋਕ ਭੌਰਾ

# ਪਾਪ ਚੁੱਕ ਨਾ ਹੁੰਦੇ ਜੀ, ਵਿਲਕਦੀ ਧਰਤੀ ਮਾਰਦੀ 'ਵਾਜਾਂ

*ਜਿਹੜਾ ਬੇਸ਼ਰਮ ਹੋ ਜਾਏ, ਉਹਦੇ ਜੁੱਤੀਆਂ ਖਾਣ ਦੀ ਖ਼ਬਰ ਆਉਣ 'ਤੇ ਵੀ ਕਿਸੇ ਨੂੰ ਹੈਰਾਨੀ ਨਹੀਂ ਹੁੰਦੀ। ਕਿਉਂ ਜੋ ਸ਼ਰਮ ਅਤੇ ਠੰਢ ਮੰਨਣ ਦੀਆਂ ਹੁੰਦੀਆਂ ਨੇ। ਸੁਆਦ ਵੀ ਸਮਾਂ ਪਾ ਕੇ ਜ਼ਹਿਰ ਬਣ ਜਾਂਦਾ ਹੈ। ਵਿਆਹ ਤੋਂ ਪਹਿਲਾਂ ਮੰਗੇਤਰ ਨਾਲ ਕੀਤੀ ਗੱਲਾਂ 'ਚੋਂ ਜਿਹੜਾ ਆਨੰਦ ਮਿਲਦਾ ਹੈ, ਉਹਦਾ ਜਵਾਬ ਨਹੀਂ। ਉਦੋਂ ਤਾਂ ਬੰਦਾ ਕਹੇਗਾ 'ਤੇਰੇ ਮਿਸ਼ਰੀ ਵਰਗੇ ਬੋਲਾਂ ਨੂੰ, ਜੀਅ ਕਰਦੈ ਸੁਣਦਾ ਹੀ ਰਹਾਂ' ਪਰ ਸਮੇਂ ਦੀ ਚਾਲ ਹੀ ਹੁੰਦੀ ਹੈ ਕਿ ਫਿਰ ਉਸੇ ਹੀ ਮੂੰਹ 'ਚੋਂ ਜਦੋਂ ਕੁਝ ਨਿਕਲਦਾ ਹੈ ਤਾਂ 'ਕੁੱਤੇ ਵਾਂਗ ਕਿਵੇਂ ਭੌਂਕੀ ਜਾਂਦੀ ਐ?' ਫਿਰ ਪਤਾ ਨਹੀਂ ਕੌਣ ਸਿਖਾ ਜਾਂਦਾ ਹੈ। ਗੁਫਾਵਾਂ ਪਹਾੜਾਂ ਅਤੇ ਜੰਗਲਾਂ 'ਚੋਂ ਇਸੇ ਕਰਕੇ ਲੱਭੀਆਂ ਹਨ ਕਿ ਭਲੇ ਲੋਕਾਂ ਨੇ ਸ਼ੈਤਾਨੀਆਂ ਤੋਂ ਬਚਣ ਦਾ ਸਫ਼ਲ ਯਤਨ ਕੀਤਾ ਹੈ। ਕੁਦਰਤ ਦੇ ਨਜ਼ਾਰਿਆਂ ਨੂੰ ਅੱਖਾਂ ਤੱਕਦੀਆਂ ਥੱਕਦੀਆਂ ਨਹੀਂ ਪਰ ਤੁਹਾਡੀ ਸਤਾਈ ਕੁਦਰਤ ਖ਼ਫ਼ਾ ਹੁੰਦੀ ਹੈ ਤਾਂ ਧਰਤੀ ਦੀ ਪੂਣੀ ਬਣਾ ਕੇ ਵਿਚੇ ਸਭ ਕੁਝ ਸਮੇਟ ਲੈਂਦੀ ਹੈ। ਸਾਡਾ ਗਿਆਨ ਤਾਂ ਵਿਗਿਆਨ ਨੇ ਵਿਕਸਤ ਕਰ ਦਿੱਤਾ ਹੈ ਪਰ 'ਬੋਦੀ ਵਾਲੇ ਤਾਰੇ' ਦੇ ਡਰ ਦਾ ਜੋਤਸ਼ੀਆਂ ਨੇ ਅਜੇ ਵੀ ਭੜਥੂ ਪਾਇਆ ਹੋਇਆ ਹੈ। ਪੰਛੀਆਂ ਨੂੰ ਆਂਡੇ ਦੇ ਕੇ ਦੁੱਖ ਸਹਿਣਾ ਪੈਂਦਾ ਹੈ ਤੇ ਬੱਚਿਆਂ ਨੂੰ ਆਂਡਿਆਂ 'ਚੋਂ ਨਿਕਲਣ ਵੇਲੇ। ਦੁੱਖ ਅਤੇ ਪੀੜਾ ਨਾਲ ਨਾਲ ਰਹਿਣੇ ਹੁੰਦੇ ਨੇ ਪਰ 'ਚੋਹਲ ਮੋਹਲ' ਦੇ ਨਾਂ ਹੇਠ ਜੋ ਹੋ ਰਿਹਾ ਹੈ; ਕੁਦਰਤ ਦੇ ਅਸੂਲਾਂ ਵਿਚ ਜਿਹੜਾ ਅੱਕ ਠੋਕਿਆ ਜਾ ਰਿਹਾ ਹੈ, ਫਿਰ ਪੈਰਾਂ ਹੇਠਲੀ ਧਰਤੀ ਕਦੇ ਵੀ ਕਹਿ ਸਕਦੀ ਏ 'ਠਹਿਰ ਜ਼ਰਾ ਮੈਂ ਹੁਣ ਉਪਰ ਆਉਨੀ ਆਂ!'*

ਪੁੱਤ ਭਾਵੇਂ ਦੋਹਤਿਆਂ-ਪੋਤਰਿਆਂ ਵਾਲਾ ਹੋ ਕੇ ਮਰੇ ਪਰ ਅਰਥੀ ਪਿੱਛੇ ਤੁਰਦੀ ਮਾਂ ਦੁਹੱਥੜਾਂ ਮਾਰ ਕੇ ਪਿੱਟਦੀ ਆਖਦੀ ਹੈ, "ਓਏ ਰੱਬਾ ਤੈਂ ਮੇਰਾ ਜੁਆਨ ਪੁੱਤ ਖੋਹ ਲਿਐ, ਇਹਦੀ ਥਾਂ ਮੈਨੂੰ ਕਿਉਂ ਨਾ ਲੈ ਗਿਆ।" ਅਸਲ ਵਿਚ ਮਾਂ ਅਤੇ ਜਨਮ ਲੈਣ ਵਾਲੀ ਧਰਤੀ ਦੀ ਇਕੋ ਹਾਲਤ ਇਸ ਕਾਰਨ ਹੁੰਦੀ ਹੈ ਕਿਉਂਕਿ ਦੋਨਾਂ ਨੇ ਹੀ ਔਲਾਦ ਤੇ ਆਪਣਿਆਂ ਦਾ ਭਾਰ ਚੁੱਕਣਾ ਹੁੰਦਾ ਹੈ। ਬਹੁਤ ਸਾਰੇ ਗੀਤਕਾਰਾਂ ਅਤੇ ਕਵੀਆਂ ਨੇ ਰੱਬ ਵੱਲ ਹੱਥ ਜੋੜ ਕੇ ਫਰਿਆਦ ਕੀਤੀ ਹੈ ਕਿ ਧਰਤੀ ਮਾਂ ਕੁਰਲਾ ਰਹੀ ਹੈ, ਇਹਦੇ ਦੁੱਖ ਸੁਣ ਪਰ ਹਾਲਾਤ ਇਹ ਹਨ ਕਿ ਧਰਤੀ ਦੇ ਦੁੱਖ ਵਧਦੇ ਜਾ ਰਹੇ ਹਨ। ਵਿਗਿਆਨੀਆਂ ਨੇ ਰੱਬ ਨਾਲ ਹਮੇਸ਼ਾ ਆਢਾ ਲਿਆ ਹੈ ਪਰ ਕੁਦਰਤ ਨੇ ਜਿਹੜੇ ਰੰਗ ਜਪਾਨ ਵਿਚ ਭੁਚਾਲ ਤੇ ਸੁਨਾਮੀ ਦੇ ਰੂਪ ਵਿਚ ਦਿਖਾਏ ਹਨ, ਉਹਦੇ ਅੱਗੇ ਵਿਗਿਆਨੀਆਂ ਨੇ ਵੀ ਹੱਥ ਖੜ੍ਹੇ ਕਰ ਦਿੱਤੇ ਹਨ। ਤਰੱਕੀ ਦੀ ਸਿਖਰ 'ਤੇ ਬੈਠੇ ਜਪਾਨ ਦੀ ਧਰਤੀ ਪਲਾਂ ਵਿਚ ਕੰਬਣ ਲਾ ਕੇ ਤਬਾਹੀ ਦੀਆਂ ਦੋਵੇਂ ਲੱਤਾਂ ਵਸਾਹ ਕੇ ਢਿੱਡ ਵਿਚ ਮਾਰੀਆਂ। ਜਪਾਨ ਸਮੇਤ ਜਿਹੜੇ ਮੁਲਕ ਕਦੇ ਕੱਲ੍ਹ ਤੀਕਰ ਪ੍ਰਮਾਣੂ ਸ਼ਕਤੀ ਹਾਸਲ ਕਰਕੇ ਕੱਛਾਂ ਵਜਾਉਂਦੇ ਸਨ, ਹੁਣ ਬਰਬਾਦੀ ਦੇ ਇਸ਼ਾਰਿਆਂ ਨਾਲ ਕੰਬਣ ਲੱਗ ਪਏ ਹਨ। ਅਸਲ ਵਿਚ ਮਨੁੱਖ ਕੁਦਰਤ ਨਾਲ ਜੋ ਧੱਕਾ ਕਰ ਰਿਹਾ ਹੈ ਜਾਂ ਪੰਗਾ ਲੈ ਰਿਹਾ ਹੈ, ਉਹ ਇਹਨੇ ਸਹਿਣ ਨਹੀਂ ਕਰਨਾ, ਤੇ ਜਦੋਂ ਕੁਦਰਤ ਨੂੰ ਤਵਾਜ਼ਨ ਵਿਗੜਦਾ ਦਿਸੇਗਾ ਤਾਂ ਉਸ ਨੇ ਸਭ ਕੁਝ ਮਲੀਆਮੇਟ ਕਰਕੇ ਆਪਣੇ ਆਪ ਨੂੰ ਸੁਰੱਖਿਅਤ ਕਰ ਲੈਣਾ ਹੈ। ਵਿਗਿਆਨ ਤਰੱਕੀ ਦੀਆਂ ਕਿੰਨੀਆਂ ਵੀ ਟਾਹਰਾਂ ਮਾਰੇ ਪਰ ਇਹ ਕੁਦਰਤੀ ਆਫਤਾਂ ਆਉਣ ਦੀਆਂ ਖੋਜਾਂ ਤਾਂ ਕਰ ਲੈਂਦਾ ਹੈ ਪਰ ਇਨ੍ਹਾਂ ਨਾਲ ਨਜਿੱਠਣ ਦੇ ਹਾਲੇ ਸਮਰੱਥ ਨਹੀਂ ਹੋਇਆ। ਜਪਾਨ ਵਿਚ ਹਾਲਤ ਦੂਜੇ ਸੰਸਾਰ ਯੁੱਧ ਤੋਂ ਵੀ ਬਦਤਰ ਬਣ ਗਈ ਹੈ। ਡਰ ਲੱਗਣ ਲੱਗ ਪਿਆ ਹੈ ਕਿ 2012 ਵਿਚ ਦੁਨੀਆਂ ਤਬਾਹ ਹੋਣ ਵਾਲੀ ਭਵਿੱਖਵਾਣੀ ਕਿਤੇ ਸੱਚੀ ਨਾ ਹੋ ਜਾਵੇ।

ਇਤਿਹਾਸ ਕਹੋ ਜਾਂ ਮਿਥਿਹਾਸ, ਪਹਿਲਾਂ ਤਾਂ ਕਹਿੰਦੇ ਸਨ ਕਿ ਜਦੋਂ ਧਰਤੀ 'ਤੇ ਪਾਪ ਵਧ ਜਾਣ, ਇਹ ਜ਼ੁਲਮ ਨਾਲ ਕੁਰਲਾਉਣ ਲੱਗ ਪਵੇ ਤਾਂ ਪਰਮਾਤਮਾ ਆਪ ਮਨੁੱਖੀ ਜਾਮੇ ਵਿਚ ਆਉਂਦਾ ਹੈ ਪਰ ਹੁਣ ਦੇ ਹਾਲਾਤ ਵੇਖ ਕੇ ਤਾਂ ਲੱਗਦਾ ਹੈ ਕਿ ਧਰਮ ਰਾਜ ਨੂੰ ਜਾਂ ਤਾਂ ਉਚਾ ਸੁਣਨ ਲੱਗ ਪਿਆ ਹੈ ਤੇ ਜਾਂ ਫਿਰ ਉਥੇ ਵੀ ਸਿਆਸਤ ਚੱਲ ਪਈ ਹੋਊ ਜਿਹੜਾ ਉਹ ਅੱਖਾਂ ਤੋਂ ਪੱਟੀ ਉਤਾਰਦਾ ਹੀ ਨਹੀਂ। ਤੇ ਅੱਜ ਫਿਰ ਆਪਾਂ ਆਪਣੇ ਮੁਲਕ ਦੀ ਧਰਤੀ ਦੇ ਕੁਝ ਉਨ੍ਹਾਂ ਪਾਪਾਂ ਦੀ ਗੱਲ ਕਰ ਲੈਂਦੇ ਆਂ ਜਿਹੜੇ ਸਾਡੀ ਸ਼ਰਮ ਨੂੰ ਸ਼ਾਇਦ ਟਿੱਚਰਾਂ ਹੀ ਕਰ ਰਹੇ ਹਨ।

ਫਿਰੋਜ਼ਪੁਰ ਤੋਂ ਲੁਧਿਆਣਾ ਵੱਲ ਮੈਂ ਅਤੇ ਭਗਵੰਤ ਮਾਨ ਇਕੋ ਗੱਡੀ ਵਿਚ ਸਫਰ ਕਰ ਰਹੇ ਸਾਂ ਕਿ ਜਗਰਾਓਂ ਨੇੜੇ ਇਕ ਪੈਟਰੋਲ ਪੰਪ 'ਤੇ ਤੇਲ ਭਰਵਾਉਣ ਲਈ ਰੁਕੇ। ਸਾਡੇ ਅੱਗੇ ਇਕ ਗੱਭਰੂ ਸਕੂਟਰ 'ਚ ਤੇਲ ਪੁਆ ਕੇ ਹਟਿਆ ਸੀ। ਉਹਦਾ ਵਿਆਹ ਹਾਲੇ ਦੋ-ਚਾਰ ਦਿਨ ਪਹਿਲਾਂ ਹੀ ਹੋਇਆ ਲੱਗਦਾ ਸੀ ਕਿਉਂਕਿ ਮੁਟਿਆਰ ਦਾ ਲਾਲ ਚੂੜਾ ਅਤੇ ਹਾਰ-ਸ਼ਿੰਗਾਰ ਦੱਸਦਾ ਸੀ ਕਿ ਮੁਕਲਾਵਾ ਬਹੁਤਾ ਪੁਰਾਣਾ ਨਹੀਂ। ਉਹਨੇ ਸਕੂਟਰ ਨੂੰ ਕਿੱਕ ਮਾਰੀ ਤਾਂ ਨਵੀਂ ਵਿਆਹੀ ਛਾਲ ਮਾਰ ਕੇ ਪਿੱਛੇ ਬੈਠੀ ਨੇ ਚੂੜੇ ਵਾਲੀ ਬਾਂਹ ਨਾਲ ਗੱਭਰੂ ਦੇ ਲੱਕ ਨੂੰ ਸੀਟ ਬੈਲਟ ਲਾਉਣ ਵਾਂਗ ਵਲ਼ ਪਾ ਲਿਆ।

ਮੈਂ ਭਗਵੰਤ ਨੂੰ ਵਿਅੰਗ ਨਾਲ ਕਿਹਾ ਕਿ ਤੇਰੀ ਇਕ ਟੇਪ 'ਚ ਛੁਰਲੀ ਸੀ ਕਿ ਔਰਤ ਨੂੰ ਮਰਦ ਪੈਟਰੋਲ ਪੰਪ ਦੇ ਬਾਹਰ ਇਸ ਕਰਕੇ ਉਤਾਰ ਦਿੰਦੇ ਹਨ ਕਿ ਅੱਗ ਲਾਉਣ ਵਾਲੀਆਂ ਚੀਜ਼ਾਂ ਦੂਰ ਹੀ ਰੱਖਣੀਆਂ ਠੀਕ ਹੁੰਦੀਆਂ ਹਨ ਪਰ ਆ ਨਹੀਂ ਸਮਝ ਪਈ ਕਿ ਮੁੰਡਾ ਏਨਾ ਘੁੱਟ ਕੇ ਫੜ ਲਿਆ ਬਈ ਕਿਤੇ ਡਿੱਗ ਨਾ ਪਵੇ?

"ਇਹਦਾ ਵੀ ਕੋਈ ਮਤਲਬ ਐ।"

"ਕੀ?"

ਭਗਵੰਤ ਮਸ਼ਕਰੀ ਜਿਹੀ ਕਰਦਾ ਕਹਿਣ ਲੱਗਾ, ਇਹ ਪਿੱਛੇ ਬੈਠੀ ਸਮਝਾ ਰਹੀ ਐ ਕਿ ਜਿੰਨਾ ਚਿਰ ਬਾਹਾਂ ਵਿਚ ਚੂੜਾ ਹੈ, ਉਨਾ ਕੁ ਚਿਰ ਤਾਂ ਪੱਕੀ ਤੇਰੀ ਆਂ। ਬਾਅਦ 'ਚ ਕੋਈ ਪਤਾ ਨਹੀਂ।

ਅਕਲ ਜਾਣ ਗਈ ਸੀ ਕਿ ਜਿਸ ਤਰ੍ਹਾਂ ਦੀਆਂ ਲੁੱਟ-ਖੋਹ ਦੀਆਂ ਘਟਨਾਵਾਂ ਪਿੰਡਾਂ ਤੇ ਸ਼ਹਿਰਾਂ ਵਿਚ ਲਗਾਤਾਰ ਵਾਪਰ ਰਹੀਆਂ ਹਨ ਤਾਂ ਲੱਗਦਾ ਹੈ ਕਿ ਕੋਈ ਵੀ ਪਾਤਰ ਵਿਸ਼ਵਾਸ ਵਾਲਾ ਰਿਹਾ ਨਹੀਂ। ਰਿਸ਼ਤੇ ਦਾ ਕਦੋਂ ਚੀਰ ਹਰਨ ਕਰਕੇ ਸਭ ਕੁਝ ਫੂਕ ਦਿੱਤਾ ਜਾਵੇ, ਕੋਈ ਪਤਾ ਨਹੀਂ। ਇਸ ਕਰਕੇ ਦੋਸਤ ਹੁਣ ਘਰਾਂ ਵਿਚ ਘੱਟ, ਬਾਹਰ ਮਿਲਣਾ ਹੀ ਮੁਨਾਸਿਬ ਸਮਝਣ ਲੱਗ ਪਏ ਹਨ।

ਲੁਧਿਆਣੇ ਤੱਕ ਆਉਂਦਿਆਂ ਜਿਹੜੀ ਹੋਰ ਗੱਲ ਭਗਵੰਤ ਨੇ ਖਾਨੇ ਪਾਈ, ਉਹ ਧਰਤੀ ਨੂੰ ਪੱਤੇ ਵਾਂਗ ਹਿਲਾਉਣ ਵਾਲੀ ਸੀ। ਉਸ ਦੱਸਿਆ ਕਿ ਪਿਛਲੇ ਸਾਲ ਉਹ ਇਕ ਸਮਾਗਮ ਲਈ ਦਿੱਲੀ ਤੋਂ ਮੁੰਬਈ ਲਈ ਜਹਾਜ਼ੇ ਚੜ੍ਹਿਆ ਤਾਂ ਸਵਾ-ਡੂਢ ਘੰਟੇ ਦੀ ਫਲਾਈਟ ਵਿਚ ਇਕ ਏਅਰ ਹੋਸਟਸ ਉਹਦਾ ਸੇਵਾ-ਪਾਣੀ ਬਹੁਤਾ ਹੀ ਕਰੇ, ਵਾਰ-ਵਾਰ ਉਹਨੂੰ ਪੁੱਛੇ 'ਕੁਝ ਚਾਹੀਏ?' ਲੈਂਡਿੰਗ ਤੋਂ ਵੀਹ ਕੁ ਮਿੰਟ ਪਹਿਲਾਂ ਉਹ ਕੁੜੀ ਉਹਦੇ ਨਾਲ ਵਾਲੀ ਸੀਟ 'ਤੇ ਬੈਠ ਗਈ ਅਤੇ ਬੜੇ ਪਿਆਰ ਨਾਲ ਪੁੱਛਿਆ, "ਆਪ ਭਗਵੰਤ ਮਾਨ ਹੋ ਨਾ?"

"ਹਾਂ। ਤੁਸੀਂ ਠੀਕ ਪਛਾਣਿਆ।"

"ਕਿਆ ਕਰਨੇ ਜਾ ਰਹੇ ਹੋ ਮੁੰਬਈ।"

"ਏਕ ਕਮੇਡੀ ਸ਼ੋਅ ਮੇਂ ਭਾਗ ਲੇਨੇ ਜਾ ਰਹਾ ਹੂੰ।"

"ਪੰਜਾਬੀ ਵਿਚ ਗੱਲ ਕਰਦੇ ਹਾਂ। ਮੈਂ ਵੀ ਪੰਜਾਬ ਤੋਂ ਹੀ ਹਾਂ, ਕਿਰਨਦੀਪ।"

"ਵੈਰੀ ਗੁੱਡ।"

"ਮੁੰਬਈ 'ਚ ਕਿੰਨੇ ਦਿਨ ਰੁਕੋਗੇ?"

"ਚਾਰ ਦਿਨ।"

"ਮੇਰੀ ਇਕ ਗੱਲ ਮੰਨੋਗੇ?"

"ਦੱਸੋ।"

"ਇਕ ਰਾਤ ਮੈਂ ਤੁਹਾਡੇ ਕੋਲ ਰਹਿ ਸਕਦੀ ਹਾਂ?"

"ਤੂੰ ਏਦਾਂ ਕੀ ਸੋਚ ਕੇ ਕਿਹਾ ਮੈਨੂੰ?"

"ਜੇ ਮੈਂ ਦੱਸ 'ਤਾ ਫੇਰ ਤੁਸੀਂ ਮਨ੍ਹਾ ਕਰ ਦੇਣੈ।"

"ਮੈਂ ਜ਼ਰੂਰ ਜਾਣ ਕੇ ਹਟਾਂਗਾ।"

"ਸੱਚ?"

"ਹਾਂ।"

"ਦਸ ਸਾਲ ਤੋਂ ਮੇਰਾ ਬੁੱਢਾ ਬਾਪ ਮੇਰੀ ਮਾਂ ਦੇ ਤੁਰ ਜਾਣ ਪਿੱਛੋਂ ਮੇਰੇ ਨਾਲ ਖੇਹ ਖਾ ਰਿਹਾ ਹੈ। ਸੋਚਦੀ ਹਾਂ, ਕਦੇ ਮੈਨੂੰ ਵੀ ਕਿਸੇ ਜੁਆਨ ਦਾ ਸਾਥ ਮਿਲੇਗਾ!" ਤੇ ਉਹਦੀਆਂ ਅੱਖਾਂ 'ਚੋਂ ਰਿਸਤਿਆਂ 'ਚ ਘਾਣ ਕੀਤੀ ਮਨੁੱਖ ਦੀ ਗੈਰਤ ਅੱਥਰੂ ਬਣ ਕੇ ਉਹਦਾ ਮੇਕ-ਅੱਪ ਉਤਾਰ ਰਹੀ ਸੀ।

ਭਗਵੰਤ ਦੱਸ ਰਿਹਾ ਸੀ ਕਿ ਜਦੋਂ ਜਹਾਜ਼ ਧਰਤੀ ਨਾਲ ਲੱਗਾ ਤਾਂ ਸੋਚਦਾ ਸਾਂ ਕਿ ਇਹ ਧਰਤੀ ਕਿੰਨੀ ਚੰਗੀ ਹੈ ਜਿਹੜੀ ਫੇਰ ਵੀ ਇਸ ਕੁੜੀ ਦਾ ਭਾਰ ਚੁੱਕੀ ਫਿਰਦੀ ਹੈ।

ਜਾਣ-ਪਛਾਣ ਵਾਲੇ ਮਿੱਤਰ ਪਿਆਰੇ ਦੀ ਟੈਕਸੀ 'ਚ ਇਕ ਸ਼ਹਿਰ 'ਚੋਂ ਗੁਜ਼ਰਨ ਲੱਗੇ ਤਾਂ ਹੋਟਲ 'ਤੇ ਚਾਹ ਪੀਣ ਲਈ ਰੁਕ ਗਏ। ਨਾਲ ਦੇ ਟੇਬਲ 'ਤੇ ਅੱਧਖੜ੍ਹ ਜਿਹੀ ਉਮਰ ਦਾ ਬੰਦਾ ਬੈਠਾ ਸੀ ਜੋ ਬਾਹਰੋਂ ਆਇਆ ਲਗਦਾ ਸੀ। ਉਹਦੇ ਨਾਲ 20-21 ਵਰ੍ਹਿਆਂ ਦੀ ਖ਼ੂਬਸੂਰਤ ਲੜਕੀ ਬੈਠੀ ਸੀ। ਮੇਰਾ ਟੈਕਸੀ ਵਾਲਾ ਮਿੱਤਰ ਕਹਿਣ ਲੱਗਾ, "ਭਾਅ ਜੀ, ਇਨ੍ਹਾਂ ਕੁੜੀਆਂ ਦਾ ਵੀ 4-5 ਮਹੀਨੇ ਚੰਗਾ ਸੀਜ਼ਨ ਲੱਗ ਜਾਂਦਾ ਹੈ।"

"ਕਾਹਦਾ ਸੀਜ਼ਨ?"

"ਇਹ ਜਿਹੜਾ ਬਾਹਰੋਂ ਆਇਆ ਬੰਦਾ, ਇਹਦੇ ਨਾਲ ਇਹਦੀ ਕੁੜੀ ਨ੍ਹੀਂ ਹੈਗੀ। ਇਹ ਬੁਢੜੇ ਨਾਲ ਰਾਤ ਕੱਟ ਕੇ ਆਈ ਐ।"

"ਤੈਨੂੰ ਕਿਵੇਂ ਪਤਾ?"

"ਸਾਰਾ ਕਾਰੋਬਾਰ ਚਲਦਾ ਈ ਟੈਕਸੀ ਵਾਲਿਆਂ ਰਾਹੀਂ ਏ।" ਤੇ ਉਹਨੇ ਸਾਰਾ ਖੁਲਾਸਾ ਕਰਦਿਆਂ ਦੱਸਿਆ ਕਿ ਚੰਡੀਗੜ੍ਹ ਵਰਗੇ ਸ਼ਹਿਰਾਂ ਵਿਚ ਬੀਬੀਆਂ ਦਾੜ੍ਹੀਆਂ ਵਾਲਿਆਂ ਦੀਆਂ ਇਹ ਧੀਆਂ ਚੰਦ ਕੀ ਚੜ੍ਹਾਉਣ ਆਉਂਦੀਆਂ ਨੇ, ਕਿਸੇ ਨੂੰ ਪਤਾ ਨਹੀਂ। ਇਹ ਦੂਰੋਂ-ਨੇੜਿਓਂ ਪੜ੍ਹਨ ਆਈਆਂ ਹੋਈਆਂ ਨੇ। ਤਿੰਨ ਤੋਂ ਪੰਜ ਹਜ਼ਾਰ ਰੁਪਇਆ ਇਕ ਰਾਤ ਦਾ ਵਸੂਲਦੀਆਂ ਹਨ। ਟੈਕਸੀ ਵਾਲਿਆਂ ਕੋਲ ਕੁੜੀਆਂ ਦੇ ਵੀ ਨੰਬਰ ਹਨ ਅਤੇ ਉਨ੍ਹਾਂ ਵਿਦੇਸ਼ੀ ਸ਼ੌਕੀਨਾਂ ਦੇ ਵੀ ਜਿਨ੍ਹਾਂ ਦੀ ਗਿਣਤੀ ਦਸੰਬਰ ਤੋਂ ਫਰਵਰੀ-ਮਾਰਚ ਤੱਕ ਅਥਾਹ ਹੁੰਦੀ ਹੈ। ਇਹ ਸਨਿਚਰਵਾਰ-ਐਤਵਾਰ ਬਾਹਰ ਕੱਟਦੀਆਂ ਨੇ। ਹੋਟਲਾਂ ਵਾਲਿਆਂ ਦੀ ਪੁਲਿਸ ਨਾਲ ਮਹੀਨੇ ਦੀ ਗੰਢ-ਤੁੱਪ ਹੈ।

ਅਵੱਲੇ ਖਰਚਿਆਂ ਦੀਆਂ ਸ਼ੌਕੀਨ ਇਹ ਬੀਬੀਆਂ ਰਾਣੀਆਂ ਮਹੀਨੇ ਦਾ ਔਸਤਨ ਤੀਹ ਤੋਂ ਚਾਲੀ ਹਜ਼ਾਰ ਤੀਕਰ ਬਣਾ ਲੈਂਦੀਆਂ ਹਨ। ਜਿੰਨਾ ਕੁ ਚਿਰ ਐਨ.ਆਰ.ਆਈ. ਆਉਂਦੇ ਨੇ, ਉਹ ਇਨ੍ਹਾਂ ਦਾ ਸੀਜ਼ਨ ਹੀ ਹੁੰਦਾ ਹੈ।

ਜਿਸ ਪੰਜਾਬ ਦੇ ਵਿਰਸੇ ਤੇ ਵਿਰਾਸਤ ਦੀਆਂ ਰੀਲਾਂ ਕੱਢੀਆਂ ਜਾ ਰਹੀਆਂ ਹਨ; ਮੇਲੇ ਲੱਗ ਰਹੇ ਹਨ; ਉਥੇ ਦਿਨ ਢਲ਼ਦੇ ਸਾਰ ਹੋਣ ਕੀ ਲਗਦਾ ਹੈ, ਕਿਸੇ ਨੂੰ ਪਤਾ ਨਹੀਂ ਲਗਦਾ! ਹੁਣ ਉਥੇ ਵੀ ਅਣਖੀ ਭਰਾ ਨੂੰ ਪਤੈ ਕਿ ਭੈਣ ਕੋਲ ਬੁਆਏ ਫਰੈਂਡ ਐ, ਕਿਉਂਕਿ ਭੈਣ ਨੇ ਹੀ ਉਹਨੂੰ ਵੀ ਗਰਲ ਫਰੈਂਡ ਲੱਭਣ ਵਿਚ ਮਦਦ ਕਰਕੇ ਦਿੱਤੀ ਹੈ। ਧੀ ਦੇ ਵੇਲੇ-ਕੁਵੇਲੇ ਆਉਣ 'ਤੇ, ਕਿਸੇ ਵੀ ਪਲ ਖਿਸਕਣ ਦੀ ਚਿੰਤਾ ਤਾਂ ਹੈ ਪਰ ਧੀ ਦੀ ਇਸ ਚਿਤਾਵਨੀ ਨੇ ਮੂੰਹ ਬੰਨ੍ਹ ਦਿੱਤਾ ਹੈ ਕਿ 'ਸਲਫ਼ਾਸ ਦੀਆਂ ਗੋਲੀਆਂ ਖਾ ਕੇ ਮਰ ਤਾਂ ਜਾਊਂ, ਜਿਉਣ ਜੋਗਾ ਤੈਨੂੰ ਵੀ ਨਹੀਂ ਛੱਡਦੀ।'

ਅਸਲ ਵਿਚ ਮਨੁੱਖ ਨੂੰ ਹੋ ਕੀ ਰਿਹਾ ਹੈ, ਇਹ ਗੱਲ ਸਮਝ ਤੋਂ ਬਾਹਰ ਹੁੰਦੀ ਜਾ ਰਹੀ ਹੈ। ਆਪਣੇ ਮੁਲਕ ਵਿਚ ਆਏ ਵਰ੍ਹੇ ਪੰਝੀ ਲੱਖ ਤੋਂ ਵੱਧ ਔਰਤਾਂ/ਮੁਟਿਆਰਾਂ ਭੂਤਰੇ ਮਰਦ ਦੀ ਹਵਸ ਦਾ ਸ਼ਿਕਾਰ ਬਣ ਜਾਂਦੀਆਂ ਹਨ। ਡੀ.ਐਨ.ਏ. ਦੇ ਯੁੱਗ ਵਿਚ ਵੀ ਸਬੂਤਾਂ ਦੀ ਅਣਹੋਂਦ ਕਾਰਨ 5 ਫ਼ੀਸਦੀ ਤੋਂ ਵੱਧ ਬਲਾਤਕਾਰੀਆਂ ਨੂੰ ਸਜ਼ਾ ਨਹੀਂ ਹੁੰਦੀ।

ਜਾਣਦੇ ਹੋ ਕਿ ਸੁਪਰੀਮ ਕੋਰਟ ਨੇ ਜਿਸ ਬਦਕਿਸਮਤ ਔਰਤ ਦੀ 'ਸਵੈ-ਇੱਛਤ ਮੌਤ' ਦੀ ਪਟੀਸ਼ਨ ਖਾਰਜ ਕਰ ਦਿੱਤੀ ਹੈ, ਉਹਦੇ ਨਾਲ 27 ਨਵੰਬਰ 1973 ਨੂੰ ਹੋਇਆ ਕੀ ਸੀ? ਪਿਛਲੇ 37 ਵਰ੍ਹਿਆਂ ਤੋਂ ਉਸ ਦੀ ਹੁਣ ਸਿਰਫ਼ ਨਬਜ਼ ਹੀ ਚੱਲ ਰਹੀ ਹੈ; ਦਿਮਾਗ ਵੀ ਇਕ ਤਰ੍ਹਾਂ ਨਾਲ ਬੰਦ ਹੀ ਹੈ, ਮੁੰਬਈ ਦੇ ਉਸੇ ਕਿੰਗ ਐਡਵਰਡ ਹਸਪਤਾਲ ਵਿਚ ਜੁਆਨੀ ਤੋਂ ਮੌਤ ਉਡੀਕਦਿਆਂ 'ਕੋਮਾ' ਵਿਚ ਹੀ ਬੁੱਢੀ ਹੋ ਗਈ ਹੈ ਜਿਸ ਹਸਪਤਾਲ ਵਿਚ ਅਰੁਨਾ ਰਾਮ ਚੰਦਰ ਸ਼ਾਨਬਾਗ ਨਰਸ ਸੀ, ਤੇ ਉਸ ਦੀ ਪੱਤ ਰੋਲਣ ਅਤੇ ਨਾਲ ਹੀ ਜ਼ਿੰਦਗੀ ਵੀ ਨਿਗਲ ਜਾਣ ਵਾਲਾ ਸ਼ਖ਼ਸ ਇਸੇ ਹੀ ਹਸਪਤਾਲ ਦਾ ਮੁਲਾਜ਼ਮ ਸੀ। ਸੰਗਲਾਂ ਨਾਲ ਨੂੜ ਕੇ ਉਹਦੇ ਨਾਲ ਜਿਸਮਾਨੀ ਖੇਡ ਖੇਡਣ ਵਾਲਾ ਹਵਸੀ, ਸ਼ਾਨਬਾਗ ਦੀ ਜ਼ਿੰਦਗੀ ਤੇ ਸ਼ਖ਼ਸੀਅਤ ਦਾ ਨਾਸ ਕਰਕੇ ਖੌਰੇ ਕਿੱਥੇ ਚਲਾ ਗਿਆ ਪਰ ਉਹ ਵਿਚਾਰੀ ਮਰ ਤਾਂ ਲਗਾਤਾਰ ਕਿਸ਼ਤਾਂ ਵਿਚ ਰਹੀ ਹੈ, ਉਸ ਨੂੰ ਮੌਤ ਨਸੀਬ ਨਹੀਂ ਹੋ ਰਹੀ। ਅਦਾਲਤਾਂ ਵੀ ਕਹਿ ਰਹੀਆਂ ਨੇ ਕਿ ਮਨੁੱਖ ਨੇ ਧੱਕਾ ਕੀਤਾ ਹੈ ਪਰ ਤੈਨੂੰ ਆਪ ਮਰਨ ਦੀ ਇਜਾਜ਼ਤ ਦੇ ਕੇ ਕੁਦਰਤ ਨਾਲ ਧੱਕਾ ਨਹੀਂ ਕਰ ਸਕਦੇ। ਕੀ ਧਰਤੀ 'ਤੇ ਲਾਸ਼ ਲੈ ਕੇ ਪਈ ਸ਼ਾਨਬਾਗ ਦੀ ਰੂਹ ਕਹਿ ਨਹੀਂ ਰਹੀ, 'ਮਰਨ ਨਾਲੋਂ ਜਿਉਣਾ ਬਹੁਤ ਔਖਾ ਹੋ ਗਿਆ ਹੈ!'

ਹਾਲ ਹੀ ਵਿਚ ਰਾਜਧਾਨੀ ਦਿੱਲੀ ਦੇ ਰੋਹਿਣੀ ਖੇਤਰ ਵਿਚ ਜੋ ਹੋਇਆ, ਉਹ ਸ਼ਬਦਾਂ 'ਚ ਬਿਆਨ ਕਰਦਿਆਂ ਸੰਗ ਲੱਗ ਰਹੀ ਹੈ, ਜਦੋਂ ਜੁਆਨ ਪੁੱਤਰ ਆਪਣੀ ਬੁੱਢੀ ਮਾਂ ਨਾਲ ਹੋਈ ਜੱਗੋਂ-ਤੇਰਵੀਂ 'ਤੇ ਧਰਤੀ ਵਿਚ ਧਸਦਾ ਜਾ ਰਿਹਾ ਸੀ। ਕਿਆਸ ਕਰਕੇ ਵੇਖੋ ਜਿਸ ਪੁੱਤਰ ਦੀ 77 ਸਾਲਾ ਬੁੱਢੀ ਮਾਂ ਨਾਲ ਸਾਰੀ ਰਾਤ ਬਲਾਤਕਾਰ ਹੁੰਦਾ ਰਿਹਾ ਹੋਵੇ, ਉਹਨੇ ਵੀ ਜੀਅ ਕੇ ਕੀ ਲੈਣਾ? ਇਸ ਬੁੱਢੀ ਔਰਤ ਤੋਂ ਭੁੱਲ ਇਹ ਹੋ ਗਈ ਕਿ ਉਹ ਆਪਣੇ ਰਿਸ਼ਤੇਦਾਰ ਦੇ ਘਰੋਂ ਆਥਣ ਵੇਲੇ ਆਪਣੇ ਘਰ ਜਾਣ ਲਈ ਰਿਕਸ਼ਾ ਫੜ ਬੈਠੀ। ਜੁਆਨ ਰਿਕਸ਼ੇ ਵਾਲਾ ਕਿਸੇ ਪਾਪ ਦੀ ਕੁੱਖ 'ਚੋਂ ਹੀ ਜੰਮਿਆ ਹੋਵੇਗਾ ਜੋ ਇਸ ਔਰਤ ਨੂੰ ਕੁਝ ਸੁੰਘਾ ਕੇ ਬੇਹੋਸ਼ੀ ਦੀ ਹਾਲਤ ਵਿਚ ਝਾੜ-ਝੁੰਡਿਆਂ ਵਿਚ ਲੈ ਗਿਆ, ਤੇ ਡਾਕਟਰੀ ਜਾਂਚ ਦੀ ਪੁਸ਼ਟੀ ਅਨੁਸਾਰ ਉਹਦੇ ਨਾਲ ਚਾਰ ਵਾਰ 'ਰੇਪ' ਹੋਇਆ।

ਧਰਤੀ ਫਿਰ ਸ਼ਰਮ ਨਾਲ ਕਦੇ ਤਾਂ ਕੰਬੇਗੀ ਹੀ ਕਿ ਪਹਿਲਾਂ ਤਾਂ ਮੁਟਿਆਰਾਂ ਸੁਰੱਖਿਅਤ ਨਹੀਂ ਸਨ ਤੇ ਹੁਣ ਤਾਂ ਮਨੁੱਖ ਦਾ ਬੇੜਾ ਇੰਨਾ ਬਹਿ ਗਿਆ ਹੈ ਕਿ ਦਾਦੀਆਂ-ਨਾਨੀਆਂ ਵੀ ਬਚਦੀਆਂ ਨਹੀਂ ਲਗਦੀਆਂ। ਮਨੁੱਖ ਕੁਦਰਤ ਨਾਲ ਧੱਕਾ ਕਰਨ ਤੋਂ ਬਾਜ ਆਵੇਗਾ? ਪਰ ਜਦੋਂ ਧਰਤੀ ਤੇ ਕੁਦਰਤ ਨੇ ਸੁਭਾਅ ਬਦਲਿਆ ਤਾਂ ਉਹ ਕਸ਼ਮੀਰ ਨੂੰ ਵੀ ਮਾਰੂਥਲ ਬਣਾਉਣ ਦੇ ਸਮਰੱਥ ਹੈ।

**ਅੰਤਿਕਾ:**

ਦਿਲਾ ਮੇਰਿਆ ਕੂਕਦੀ ਮੌਤ ਸਿਰ 'ਤੇ,  
ਤੇਰਾ ਗਾਫ਼ਲਾ ਅਜਬ ਖ਼ਿਆਲ ਹੈ ਓਏ।  
ਕਿਉਂ ਨ੍ਹੀਂ ਰੱਬ-ਰਹੀਮ ਦਾ ਖ਼ੌਫ਼ ਤੈਨੂੰ,  
ਜ਼ਬਰਦਸਤ ਉਹ ਪੁਰਖ ਅਕਾਲ ਹੈ ਓਏ।  
ਧਰਤੀ ਧੌਲ ਦੇ ਪਕੜ ਹਿਲਾਵਣੇ ਨੂੰ,  
ਕੋਲ ਰੱਖਿਆ ਕਹਿਰ ਭੂਚਾਲ ਹੈ ਓਏ।  
ਓਸ ਪਾਸ ਤਕਦੀਰ ਦੀ ਛੁਰੀ ਬੀਬਾ,  
ਕਰਦੀ ਬੱਕਰੇ ਵਾਂਗ ਹਲਾਲ ਹੈ ਓਏ।

*(ਸਾਧੂ ਦਯਾ ਸਿੰਘ ਆਰਿਫ਼)*

## ਲੱਖ ਸ਼ੁਕਰ ਮਨਾਵਾਂ ਮੈਂ ਕਿਤੇ ਕੋਈ ਲਾਲ ਗੁਆਇਆ ਦੇ ਜੇ

**ਧੁੱਪੇ ਬੈਠੀਆਂ ਯਾਦਾਂ**

ਬਰਤਾਨੀਆ ਵਿਚ ਪੰਜਾਬੀਆਂ ਦੀਆਂ ਕਈ ਪੀੜ੍ਹੀਆਂ ਹੋ ਜਾਣ ਕਾਰਨ ਸੰਸਕਾਰਾਂ, ਸੁਭਾਅ, ਆਦਤਾਂ ਅਤੇ ਸ਼ੁਗਲ-ਸ਼ੌਕਾਂ ਵਿਚ ਤਬਦੀਲੀ ਵੀ ਬਹੁਤ ਆਈ ਹੈ। ਤੇ ਇਥੇ ਵੀ ਪੰਜਾਬ ਵਾਂਗ ਗਾਇਕਾਂ ਦੀ ਕਾਫੀ ਵੱਡੀ ਮੰਡੀ ਹੈ। ਗੋਲਡਨ ਸਟਾਰ ਮਲਕੀਤ ਸਿੰਘ ਵੀ ਇਥੇ ਹੀ ਵਸਦਾ ਹੈ, ਅਲਾਪ ਗਰੁਪ ਵਾਲਾ ਚੰਨੀ ਵੀ ਜਿਸ ਨੂੰ ਮਲਕੀਤ ਦੇ 'ਤੂਤਕ ਤੂਤਕ ਤੂਤੀਆਂ' ਵਾਂਗ 'ਪਾਸੇ ਹੱਟ ਜਾ ਸੋਹਣੀਏ ਸਾਡੀ ਰੇਲ ਗੱਡੀ ਆਈ' ਕਰਕੇ ਲੋਕ ਜਾਣਦੇ ਹਨ। 'ਆਪਣਾ ਸੰਗੀਤ' ਵਾਲੇ ਕੁਲਵੰਤ ਭੰਵਰਾ ਤੇ ਸਰਦਾਰਾ ਸਿੰਘ, ਹੀਰਾ ਗਰੁਪ ਦਾ ਪਲਵਿੰਦਰ ਧਾਮੀ ਤੇ ਕੁਮਾਰ ਹੀਰਾ, ਭੁਜੰਗੀ ਗਰੁਪ, ਤਰਲੋਚਨ ਬਿਲਗਾ, ਗੀਤਕਾਰ ਜੰਡੂ ਲਿੱਤਰਾਂ ਵਾਲਾ, ਚੰਨ ਜੰਡਿਆਲਵੀ, ਮਰਹੂਮ ਪਿਆਰਾ ਸਿੰਘ ਕੁਲਾਮ ਵਾਲਾ, ਦੇਵ ਰਾਜ ਜੱਸਲ ਇੰਗਲੈਂਡ 'ਚ ਹੀ ਰਹਿੰਦੇ ਸਨ। ਏ.ਐਸ. ਕੰਗ ਨੂੰ ਪੰਜਾਬੀ ਗਿੱਧਿਆਂ ਦੀ ਰਾਣੀ ਨੀ ਗਿੱਧੇ ਵਿਚ ਆ, ਹੁੰਦੇ ਮਾਪਿਆਂ ਨੂੰ ਪੁੱਤਰ ਪਿਆਰੇ, ਮੋਢੇ ਉਤੇ ਰੱਖ ਕੈਮਰਾ ਫੋਟੋ ਖਿੱਚਣੀ ਗੁਆਂਢਣੇ ਤੇਰੀ, ਤੇ ਖਾਓ ਪੀਓ ਐਸ਼ ਕਰੋ ਮਿੱਤਰੋ ਆਦਿ ਗੀਤਾਂ ਨਾਲ ਜਾਣਦੇ ਹਨ।

ਦੋ ਗੱਲਾਂ ਕੰਗ ਦੇ ਮਾਮਲੇ ਵਿਚ ਪਹਿਲਾਂ ਦਿਲਚਸਪ ਸਨ, ਪਹਿਲੀ ਇਹ ਕਿ ਉਹ ਬਿਲਕੁਲ ਘੱਟ ਬੋਲਣ ਵਾਲਾ ਫੱਕਰ ਜਾਂ ਦੇਵਤਾ ਸੁਭਾਅ ਦਾ ਗਾਇਕ ਸੀ। ਦੂਜਾ ਸ਼ਾਇਦ ਸਮੁੱਚੇ ਪੰਜਾਬੀ ਗਾਇਕਾਂ ਵਿਚ ਉਹ ਪਹਿਲਾ ਗਾਇਕ ਸੀ ਜਿਸ ਨੂੰ ਅਖਬਾਰਾਂ ਵਿਚ ਫੋਟੋਆਂ ਛਪਵਾਉਣ ਜਾਂ ਟੀ.ਵੀ. ਉਤੇ ਆਉਣ ਦਾ ਉਕਾ ਹੀ ਚਾਅ ਨਹੀਂ ਸੀ ਪਰ ਹਾਲ ਹੀ ਵਿਚ ਉਹਦੀ ਜ਼ਿੰਦਗੀ ਵਿਚ ਜਿਹੜੀ ਘਟਨਾ ਖੌਰੇ ਸਹਿਜ ਸੁਭਾਅ ਵਾਪਰੀ ਜਾਂ ਵਾਹਿਗੁਰੂ ਦੀ ਮਿਹਰ ਕਿ ਉਹ ਮੁਕੰਮਲ ਗੁਰਸਿੱਖ ਬਣ ਗਿਆ ਹੈ। 'ਖਾਓ ਪੀਓ ਐਸ਼ ਕਰੋ ਮਿੱਤਰੋ' ਵਾਲੇ ਗੀਤ ਦੀ ਵੀਡੀਓ ਵਿਚ ਵੀ ਆਉਣ ਤੋਂ ਉਸ ਨੇ ਮਨ੍ਹਾਂ ਕਰ ਦਿੱਤਾ ਸੀ। ਕੰਗ ਨੂੰ ਮਿਲਣ ਲਈ ਯਤਨ ਆਪ ਕਰਨੇ ਪੈਂਦੇ ਹਨ ਤੇ ਮੈਂ ਉਹਦੇ ਬਰਮਿੰਘਮ ਲਾਗਲੇ ਵਾਲਸਨ ਟਾਊਨ ਵਿਚ ਅਨੇਕਾਂ ਵਾਰ ਮਿਲਣ ਜਾਂਦਾ ਰਿਹਾ ਹਾਂ ਤੇ ਦੀਦਾਰ ਸੰਧੂ ਵਾਂਗ ਨਾ ਕਿਸੇ ਦੀ ਪ੍ਰਸ਼ੰਸਾ ਨਾ ਵਿਰੋਧ ਤੇ ਪੰਜਾਂ ਸਵਾਲਾਂ ਦਾ ਇਕੋ ਉਤਰ। ਮੇਰੇ ਨਾਲ ਉਹਦੀ ਨੇੜਤਾ ਇਸ ਕਰਕੇ ਵੀ ਰਹੀ ਹੈ ਕਿ ਉਹਦਾ ਪਿੰਡ ਮੇਰੇ ਲਾਗੇ ਹੀ ਮੇਰੇ ਜ਼ਿਲੇ ਸ਼ਹੀਦ ਭਗਤ ਸਿੰਘ ਨਗਰ ਵਿਚ ਕੁਲਥਮ ਅਬਦੁੱਲੇ ਸ਼ਾਹ ਹੈ। ਤਸਵੀਰ ਵਿਚ ਮੇਰੇ ਸੱਜੇ ਪਾਸੇ ਹਨ ਪਲਵਿੰਦਰ ਧਾਮੀ ਤੇ ਏ.ਐਸ. (ਅਵਤਾਰ ਸਿੰਘ) ਕੰਗ, ਖੱਬੇ ਪਾਸੇ ਬਲਵਿੰਦਰ ਸਫਰੀ ਤੇ ਕੁਮਾਰ ਹੀਰਾ। ਬਲਦੇਵ ਮਸਤਾਨੇ ਦੇ ਕਵੈਂਟਰੀ ਸਟੂਡੀਓ ਵਿਚ ਮਸਤਾਨੇ ਨੇ ਹੀ ਇਹ ਕਹਿ ਕੇ ਇਹ ਫੋਟੋ ਖਿਚੀ ਸੀ ਕਿ ਇਹ ਪੰਜਾਬ ਦੇ ਪੰਜਾਬੀ ਗਾਇਕੀ ਦੇ ਪੰਜ ਹੀਰੇ ਹੀ ਹਨ। ਮੇਰੇ ਲਈ ਇਹ ਘਟਨਾ ਉਹੋ ਜਿਹੀ ਹੀ ਹੈ ਜਿਵੇਂ ਪੰਜਾਬੀ ਵਿਚ ਕਿਸੇ ਮੁਟਿਆਰ ਦੇ ਖ਼ੂਬਸੂਰਤ ਹੱਥਾਂ ਦੀ ਛੋਹ ਨਾਲ ਬੰਦਾ ਡੱਲਾ ਜਿਹਾ ਹੋ ਜਾਂਦਾ ਹੈ।



*-ਐਸ ਅਸ਼ੋਕ ਭੌਰਾ*

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਦੁਨੀਆਂ ਦੇ ਰੰਗ


ਰੱਬਾ ਕਿਹੋ ਜਿਹੀ ਦੁਨੀਆਂ ਦੇ ਰੰਗ ਹੋਈ ਜਾਂਦੇ, ਲੋਕੀ ਆਪਣਿਆਂ ਹੱਥੋਂ ਆਪ ਡੰਗ ਹੋਈ ਜਾਂਦੇ।  
ਜਿਹੜੇ ਮਿਹਨਤਾਂ-ਮੁਸ਼ੱਕਤਾਂ 'ਚ ਕੁੱਬੇ ਹੋ ਗਏ, ਉਹ ਵੀ ਭੁੱਖ ਦੇ ਸਤਾਏ ਹੋਰ ਨੰਗ ਹੋਈ ਜਾਂਦੇ।  
ਸੀਗਾ ਠੀਕ ਸਿਰਨਾਵਾਂ, ਪੂਰਾ ਟਿਕਟਾਂ ਦਾ ਮੁੱਲ, ਖ਼ਤ ਖੌਰੇ ਕਿਉਂ ਫੇਰ ਵੀ ਬਰੰਗ ਹੋਈ ਜਾਂਦੇ।  
ਕਿਥੇ ਬਚੇਗਾ ਸਮਾਜ, ਕਿੱਥੇ ਰਹਿ ਜੂ ਇਖ਼ਲਾਕ, ਜਿੱਥੇ ਪਿੱਟ ਪਿੱਟ ਸ਼ਰਮਾਂ ਦੇ ਸੰਗ ਹੋਈ ਜਾਂਦੇ।  
ਬਾਪ ਹਾਣ ਦੇ ਨਾ' ਧੀ ਦੀ ਡੋਲੀ ਉਠਾਉਣ, ਬੁੱਢੇ ਲਾੜਿਆਂ ਦੇ ਚਾਵਾਂ ਨਾਲ ਨੰਦ ਹੋਈ ਜਾਂਦੇ।  
ਥੰਮ ਧਰਤੀ ਤੇ ਆਸਮਾਂ ਦੇ ਹਿੱਲ ਚੱਲੇ 'ਭੌਰੇ', ਖ਼ਫ਼ਾ ਦੁਨੀਆਂ ਤੋਂ ਸੂਰਜ ਤੇ ਚੰਦ ਹੋਈ ਜਾਂਦੇ।

# ਪਾਸ਼ ਦੇ ਕਤਲ ਨਾਲ ਸਬੰਧਤ ਔਰਤ ਬਾਰੇ ਕੁਝ ਵੇਰਵੇ

***ਖਾੜਕੂ ਲਹਿਰ ਦੌਰਾਨ ਇਨਕਲਾਬੀ ਕਵੀ ਪਾਸ਼ ਦਾ ਕਤਲ ਇਕ ਵਾਰ ਫਿਰ ਕੈਨੇਡਾ ਦੇ ਅਖਬਾਰ ਚੜ੍ਹਦੀ ਕਲਾ ਵਿਚ ਛਪੀ ਖਬਰ ਕਰਕੇ ਚਰਚਾ ਵਿਚ ਹੈ। ਪਾਠਕਾਂ ਦੀ ਦਿਲਚਸਪੀ ਲਈ ਇਨਕਲਾਬੀ ਸਫਾਂ ਵਿਚ ਮੋਹਰੀ ਰਹੇ ਸ੍ਰੀ ਧੀਦੋ ਦਾ ਇਹ ਲੇਖ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

**ਧੀਦੋ**

23 ਫ਼ਰਵਰੀ 2011 ਨੂੰ ਛਪੇ ਕੈਨੇਡਾ ਦੇ ਸਪਤਾਹਕ ਅਖ਼ਬਾਰ 'ਚੜ੍ਹਦੀ ਕਲਾ' ਦੇ ਮੁੱਖ ਪੰਨੇ 'ਤੇ ਮੋਟੀ ਸੁਰਖ਼ੀ ਵਿਚ ਇਨਕਲਾਬੀ ਕਵੀ ਅਵਤਾਰ ਸਿੰਘ ਪਾਸ ਦੇ ਕਤਲ ਬਾਰ੍ਹੇ ਬੜੇ ਸਨਸਨੀਖ਼ੇਜ਼ ਅੰਦਾਜ਼ ਵਿਚ ਖ਼ਬਰ ਲਾਈ ਗਈ ਹੈ, ਜਿਸ ਦਾ ਸਾਰ ਤੱਤ ਇਹ ਹੈ ਕਿ ਪਾਸ਼ ਦਾ ਕਤਲ ਖ਼ਾਲਿਸਤਾਨੀਆਂ ਨੇ ਨਹੀਂ ਕੀਤਾ ਸਗੋਂ ਇਹ ਕਿਸੇ ਔਰਤ ਨਾਲ ਉਸ ਦੇ ਨਾਜਾਇਜ਼ ਸਬੰਧਾਂ ਕਾਰਨ ਹੋਇਆ ਸੀ। ਇਥੋਂ ਤਾਈਂ ਵੀ ਕਿਹਾ ਗਿਆ ਕਿ ਕਤਲ ਸਮੇਂ ਉਸੇ ਕਮਰੇ ਵਿਚ ਉਹ ਔਰਤ ਵੀ ਮੌਜੂਦ ਸੀ ਅਤੇ ਉਸ ਔਰਤ ਨੂੰ ਵੀ ਬਾਅਦ ਵਿਚ ਮਾਪਿਆਂ ਨੇ ਕਿਸੇ ਸਾਬਕਾ ਨਕਸਲਾਈਟ ਤੋਂ ਮਰਵਾ ਦਿੱਤਾ ਸੀ।




ਇਸ ਖ਼ਬਰ ਨੇ ਖ਼ਾਲਿਸਤਾਨੀ, ਪਾਸ਼ ਅਤੇ ਲੋਕ ਪੱਖੀ ਹਲਕਿਆਂ ਵਿਚ ਤਰਥੱਲੀ ਮਚਾ ਦਿੱਤੀ ਹੈ। ਪੰਜਾਬ ਦਾ ਪੰਜਾਬੀ ਪੱਤਰਕਾਰ ਭਾਈਚਾਰਾ ਹੈਰਾਨ ਵੀ ਹੈ ਤੇ ਪਰੇਸ਼ਾਨ ਵੀ। ਇਹੋ ਜਿਹਾ ਕੁਫ਼ਰ ਦਾ ਮਾਲ ਵੀ ਪ੍ਰਵਾਸੀਆਂ 'ਚ ਵਿਕਦਾ ਹੈ ਤਾਂ ਕਹਾਣੀ ਦਾ ਅੰਤ ਕੀ ਹੋਵੇਗਾ? ਖ਼ੈਰ ਤਿੰਨਾਂ ਧਿਰਾਂ 'ਤੇ ਹੀ ਇਕ ਮਾਨਸਕ ਦਬਾਅ ਪੈਂਦਾ ਮਹਿਸੂਸ ਹੋਇਆ ਹੈ ਕਿ ਪਾਸ਼ ਦੇ ਕਤਲ ਸਬੰਧੀ ਜੋ ਵੀ ਵੇਰਵੇ ਹਨ, ਅੱਗੇ ਲਿਆਂਦੇ ਜਾਣ।

ਨਕੋਦਰ ਵਿਚ ਫ਼ਵਾਰਾ ਚੌਕ ਤੋਂ ਮਾਲੜੀ ਗੇਟ ਨੂੰ ਜਾਂਦਿਆਂ ਪੰਜ ਸੱਤ ਦੁਕਾਨਾਂ ਛੱਡ ਕੇ ਸੱਜੇ ਪਾਸੇ ਗੁਰਦਵਾਰਾ ਸਿੰਘ ਸਭਾ, ਨਕੋਦਰ ਸਥਿਤ ਹੈ, ਜਿੱਥੇ ਅਪ੍ਰੇਸ਼ਨ ਬਲੂ ਸਟਾਰ ਤੋਂ ਪਹਿਲਾਂ ਹੀ ਮਾਝੇ ਦੇ ਅਸਾਲਟੀ ਸਿੰਘਾਂ ਦਾ ਆਉਣਾ ਜਾਣਾ ਸ਼ੁਰੂ ਹੋ ਗਿਆ ਸੀ। ਤਿੰਨ-ਚਾਰ ਮਹੀਨੇ ਪਹਿਲਾਂ ਇਸ ਗੁਰਦਵਾਰੇ ਵਿਚ ਨਵੇਂ ਨਵੇਂ ਕੇਸਰੀ ਦਸਤਾਰਾਂ ਦੇ ਸ਼ੌਕੀਨਾਂ ਦੀ ਚਾਣਚੱਕ ਮੀਟਿੰਗ ਵਿਚ ਪੁੱਛਿਆ ਗਿਆ ਕਿ ਨਕੋਦਰ ਦੇ ਇਲਾਕੇ ਵਿਚ ਕਿਹੜੇ ਕਾਮਰੇਡ ਹਨ ਜਿਨ੍ਹਾਂ ਨੂੰ ਸੋਧਣ ਨਾਲ 'ਸੰਤਾਂ ਦੀ ਧਰਮ-ਯੁੱਧ ਲਹਿਰ' ਦਾ ਪਸਾਰ ਕੀਤਾ ਜਾ ਸਕਦਾ ਹੈ। ਬੱਸ ਉਸ ਸਮੇਂ ਅੱਡੇ ਦੇ ਲਾਗੇ ਹੀ ਕਿਤਾਬਾਂ ਦੀ ਇਕ ਦੁਕਾਨ ਦੇ ਮਾਲਕ ਕਾਮਰੇਡ ਗਗਨ ਦਾ ਨਾਂ ਪੇਸ਼ ਕੀਤਾ ਗਿਆ। ਪਾਸ਼ ਦਾ ਨਾਂ ਪਹਿਲਾਂ ਹੀ ਉਨ੍ਹਾਂ ਦੀ ਹਿੱਟ ਲਿਸਟ 'ਤੇ ਸੀ। ਇਸ ਗੱਲ ਦੀ ਭਿਣਕ ਮੀਟਿੰਗ ਵਿਚ ਸ਼ਾਮਿਲ ਇਕ ਮੁੰਡੇ ਨੇ ਉਸੇ ਦਿਨ ਪਾਸ਼ ਨੂੰ ਆ ਦਿੱਤੀ। ਸਮੇਂ ਦਾ ਚੱਕਰ ਦੇਖੋ ਕਿ ਪਾਸ਼ ਦੇ ਪਿਤਾ ਮੇਜਰ ਸੋਹਣ ਸਿੰਘ ਸੰਧੂ ਨੇ 42 ਸਾਲ ਪਹਿਲਾਂ ਇਸੇ ਗੁਰਦਵਾਰੇ ਵਿਚ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਅੰਮ੍ਰਿਤ ਪ੍ਰਚਾਰ ਜਥੇ ਤੋਂ ਅੰਮ੍ਰਿਤਪਾਨ ਕੀਤਾ ਸੀ। ਕੀ ਪਤਾ ਸੀ ਕਿਸੇ ਦਿਨ ਇਸੇ ਗੁਰਦਵਾਰੇ 'ਚੋਂ ਹੀ ਉਨ੍ਹਾਂ ਦੇ ਪੁੱਤ ਦੀ ਮੌਤ ਦੇ ਵਰੰਟ ਜਾਰੀ ਕੀਤੇ ਜਾਣਗੇ।

ਨਕਸਲੀ ਲਹਿਰ ਦੇ ਉਡਾਰ ਲੋਕ ਕਵੀ, ਖੇਤਾਂ ਦੇ ਪੁੱਤ ਨੂੰ ਆਪਣੀ ਮਿੱਟੀ ਦੇ ਧਰਾਤਲ 'ਤੇ 'ਕੱਲੀ-ਕਹਿਰੀ ਜ਼ਿੰਦਗੀ ਉਤੇ ਮੌਤ ਦਾ ਦੈਂਤ ਹਰ ਵੇਲੇ ਮੰਡਰਾਉਣ ਲੱਗਾ। ਅਕਾਲ ਤਖ਼ਤ ਤੋਂ ਸੰਤ ਭਿੰਡਰਾਂਵਾਲੇ ਦੇ ਹੁਕਮ ਨਾਲ ਧਰਮ ਦਾ ਪਸਾਰ ਕਰਨ ਖ਼ਾਤਰ, ਮੋਟਰਸਾਈਕਲਾਂ 'ਤੇ ਸਵਾਰ ਅਸਾਲਟਾਂ ਨਾਲ ਲੈਸ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੀਆਂ ਮੁੰਡੀਰਾਂ, ਦਿਨ-ਦਿਹਾੜੇ ਇਲਾਕੇ ਵਿਚ ਆਪਣੇ ਨਿਸ਼ਾਨੇ ਦੀ ਭਾਲ ਵਿਚ ਦਗੜ-ਦਗੜ ਕਰਨ ਲੱਗੀਆਂ। ਪਾਸ਼ ਇਸ ਖ਼ਤਰੇ ਬਾਰੇ ਆਪਣੇ ਮਾਂ-ਪਿਉ ਨੂੰ ਵੀ ਨਾ ਦੱਸਦਾ। ਰਾਤ ਨੂੰ ਕਾਫ਼ੀ ਸਾਵਧਾਨੀ ਵੀ ਰੱਖਦਾ। ਉਹ ਦੋਨੋਂ ਪਤੀ-ਪਤਨੀ ਵਾਰੋ-ਵਾਰੀ ਜਾਗਦੇ। ਇਕ ਜਣਾ ਆਪਣੀ ਬੱਚੀ ਵਿੰਕਲ ਨਾਲ ਸੌਂਦਾ, ਦੂਜਾ ਬਾਹਰ ਦੀ ਬਿੜਕ ਰੱਖਦਾ।

ਪਾਸ਼ ਕੁਝ ਦਿਨ ਉਦਾਸਿਆ ਰਿਹਾ ਪਰ ਹਫ਼ਤੇ ਖੰਡ ਵਿਚ ਲੋਹ ਕਥਾ ਜੀਣ ਦਾ ਜੇਰਾ ਲੈ ਕੇ ਉਹ ਕੰਧ ਅਖ਼ਬਾਰ 'ਹਾਕ' ਕੱਢਣ ਲੱਗਾ। ਇਹੋ ਜਿਹੇ ਸਮੇਂ ਉਹਨੇ ਉਹ ਕੁਝ ਲਿਖਿਆ, ਜੋ ਕੋਈ ਵਿਰਲਾ ਲੋਕਾਂ ਦਾ ਜਾਇਆ ਹੀ ਲਿਖ ਸਕਦਾ ਹੈ। ਇਸ ਸਦਕਾ ਹੀ ਉਸ ਦੀ 15-20 ਜਣਿਆਂ ਦੀ ਢਾਣੀ ਰੂਹ-ਏ-ਰਵਾਂ ਹੋ ਗਈ। ਉਨ੍ਹਾਂ ਦਿਨਾਂ ਵਿਚ ਰੂਹ-ਏ-ਰਵਾਂ ਲਫ਼ਜ਼ ਦੇ ਜੌਹਰ ਓਸ ਇਤਿਹਾਸ ਦੇ ਵਿਰਲੇ ਟਾਵੇਂ ਸ਼ਖ਼ਸ ਹੀ ਸਮਝ ਸਕਦੇ ਹਨ, ਜਿਨ੍ਹਾਂ ਨੂੰ ਲੋਕ ਅਕਸਰ ਕਾਮਰੇਡ ਕਹਿੰਦੇ ਹਨ।

ਇਸੇ ਸਮੇਂ ਮੈਕਫ਼ਾਰਲੈਂਡ, ਕੈਲੀਫੋਰਨੀਆ ਰਹਿੰਦੇ ਇਸ ਲੇਖਕ ਦੇ ਫ਼ਾਰਮ ਵਿਚ ਪੀ.ਐਸ.ਯੂ. ਦੇ 7-8 ਪੁਰਾਣੇ ਕਾਰਕੁਨ ਤੇ 10-12 ਹੋਰ ਨੌਜਵਾਨਾਂ ਨੇ ਆਪਣੇ ਆਪ ਨੂੰ ਐਂਟੀ ਫ਼ੌਰਟੀ ਸੈਵਨ ਫ਼ਰੰਟ (Anti -47 Front) ਦੇ ਨਾਂ ਥੱਲੇ ਜਥੇਬੰਦ ਹੋ ਕੇ, ਪੰਜਾਬ ਵਿਚ ਸੰਤ ਭਿੰਡਰਾਂਵਾਲੇ ਦੇ ਪੈਰੋਕਾਰਾਂ ਅਤੇ ਕਾਮਰੇਡਾਂ ਵਿਚਕਾਰ ਚੱਲ ਰਹੀ ਜ਼ਿੰਦਗੀ ਮੌਤ ਦੀ ਲੜਾਈ ਵਿਚ ਕਾਮਰੇਡਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ। ਫ਼ਰੰਟ ਵਲੋਂ ਦਿੱਲੀ ਵਿਚ ਨਿਹੱਥੇ ਸਿੱਖਾਂ ਦੇ ਕਤਲੇਆਮ ਨੂੰ ਵੰਗਾਰਦਾ ਇੰਦਰਾ ਗਾਂਧੀ ਤੇ ਸੰਤ ਭਿੰਡਰਾਂਵਾਲੇ ਦੀ ਫ਼ਿਰਕੂ ਸਿਆਸਤ ਦੀ ਸਖ਼ਤ ਨਿੰਦਿਆ ਕਰਦਾ ਪਰਚਾ ਕੱਢਿਆ ਜਾਂਦਾ ਜੋ ਹਰ ਐਤਵਾਰ ਦੋ ਤਿੰਨ ਗੁਰਦਵਾਰਿਆਂ ਵਿਚ ਵੰਡਿਆ ਜਾਂਦਾ।


ਫ਼ਰੰਟ ਕੋਲ ਲੜਨ ਦੀ ਹਿੰਮਤ ਸੀ ਪਰ ਕਾਟ ਕਰ ਸਕਣ ਵਾਲੀ ਲੇਖਣੀ ਵਾਲਾ ਕੋਈ ਨਹੀਂ ਸੀ। ਪਾਸ਼ 'ਤੇ ਨਿਗਾਹ ਪਈ ਤੇ ਉਸ ਨੇ ਸਾਡੀ ਗੱਲ ਮੰਨ ਲਈ। ਉਹਨੂੰ ਸੱਦਾ ਭੇਜਿਆ ਗਿਆ। ਕੈਨੇਡਾ ਵਾਲਿਆਂ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਪਰ ਅਮਰੀਕਾ ਨੇ ਪੰਜ ਸਾਲ ਦਾ ਮਲਟੀ ਐਂਟਰੀ ਵੀਜ਼ਾ ਦੇ ਦਿੱਤਾ। ਪਾਸ਼ ਆਪਣੇ ਪਰਿਵਾਰ ਸਣੇ 19 ਜੁਲਾਈ 1986 ਨੂੰ ਕੈਲੀਫੋਰਨੀਆ ਪਹੁੰਚ ਗਿਆ। ਮੈਕਫ਼ਾਰਲੈਂਡ ਫ਼ਾਰਮ ਵਿਚ ਘਰ ਦੇ ਚੁਬਾਰੇ ਤੋਂ ਉਸ ਨੇ ਐਂਟੀ-47 ਦਾ ਪਹਿਲਾ ਤੇ ਆਖ਼ਰੀ ਅਕਾਲਕ ਲੜੀ, ਇਕ ਚੁਵਰਕਾ ਪੈਂਫ਼ਲੈਟ ਆਪਣੇ ਹੱਥੀਂ ਲਿਖ ਕੇ ਸੰਪਾਦਤ ਕੀਤਾ ਜਿਸ ਵਿਚ ਪਾਸ਼ ਨੇ ਗੁਰੂ ਨਾਨਕ ਦੇ ਸਰਬ ਸਾਂਝੀਵਾਲਤਾ ਦੇ ਸੁਨੇਹੇ ਅਤੇ ਗੁਰਬਾਣੀ ਦੇ ਹਵਾਲੇ ਦੇ ਕੇ ਪੰਜਾਬ 'ਚ ਹੋ ਰਹੇ ਨਿਹੱਕੇ ਕਤਲਾਂ ਅਤੇ ਦੂਜੇ ਫ਼ਿਰਕੇ ਪ੍ਰਤੀ ਨਫ਼ਰਤ ਜਿਹੇ ਕਾਰਿਆਂ ਤੋਂ ਵਰਜਣ ਲਈ ਗੁਰੂ ਸਾਹਿਬ ਦਾ ਸੰਦੇਸ਼ ਯਾਦ ਕਰਾਇਆ। ਇਹ ਪਰਚਾ ਫ਼ਰੰਟ ਵਾਲਿਆਂ ਥਾਂ ਥਾਂ ਵੰਡਿਆ।

ਪਾਸ਼ ਦੇ ਸੈਲਾਨੀ ਵੀਜ਼ੇ ਦੀ ਸ਼ਰਤ ਸੀ ਕਿ ਉਸ ਨੂੰ 6 ਮਹੀਨੇ ਪਿੱਛੋਂ ਅਮਰੀਕਾ ਤੋਂ ਬਾਹਰ ਜਾ ਕੇ ਮੁੜ ਵਾਪਸ ਆਉਣ 'ਤੇ 6 ਮਹੀਨੇ ਦੀ ਹੋਰ ਐਂਟਰੀ ਮਿਲ ਸਕਦੀ ਸੀ। ਇਸ ਤਰ੍ਹਾਂ ਉਹ ਪੰਜਾਂ ਸਾਲਾਂ ਵਿਚ ਜਿੰਨੀ ਵਾਰੀ ਚਾਹੇ ਕਰ ਸਕਦਾ ਹੈ। ਏਸੇ ਲਈ ਉਹ ਪਹਿਲੇ 6 ਮਹੀਨੇ ਅਮਰੀਕਾ ਰਹਿ ਕੇ ਇੰਗਲੈਂਡ ਚਲਾ ਗਿਆ (ਆਰਥਕ ਮਜਬੂਰੀ ਕਰਕੇ ਉਸ ਨੂੰ ਇਕ ਖਾਲਿਸਤਾਨੀ ਦੇ ਪੈਟਰੋਲ ਪੰਪ 'ਤੇ ਕੰਮ ਕਰਨਾ ਪਿਆ ਜੋ ਬਹੁਤ ਮਹਿੰਗਾ ਪਿਆ)। ਇਕ ਮਹੀਨਾ ਇੰਗਲੈਂਡ ਰਹਿਣ ਤੋਂ ਬਾਦ ਵਾਪਸ ਅਮਰੀਕਾ ਆ ਗਿਆ। ਦੂਜੀ ਵਾਰ ਅਗਲੇ 6 ਮਹੀਨੇ ਦੀ ਐਂਟਰੀ ਲਵਾਉਣ ਲਈ ਮੈਂ ਅਤੇ ਪਾਸ਼ ਮੈਕਸੀਕੋ ਦੇ ਬਾਰਡਰ 'ਤੇ ਗਏ ਪਰ ਇੰਮੀਗ੍ਰੇਸ਼ਨ ਵਾਲਿਆਂ ਨੇ ਸਾਫ਼ ਕਹਿ ਦਿੱਤਾ ਕਿ ਉਹ ਬਾਹਰ ਤਾਂ ਜਾ ਸਕਦਾ ਹੈ ਪਰ ਵਾਪਸੀ ਐਂਟਰੀ ਦੀ ਕੋਈ ਗਾਰੰਟੀ ਨਹੀਂ। ਮਾਯੂਸ ਹੋ ਕੇ ਮੁੜ ਆਏ। ਪਾਸ਼ ਅੰਦਰੋਂ ਖ਼ੁਸ਼ ਸੀ ਕਿ ਉਹ ਇਸ ਬਹਾਨੇ ਹੁਣ ਭਾਰਤ ਜਾ ਕੇ ਆਪਣੇ ਪਿੰਡ, ਆਪਣੇ ਮਾਂ ਬਾਪ ਤੇ ਖ਼ੇਤਾਂ ਨੂੰ ਦੇਖ ਸਕੇਗਾ ਕਿਉਂਕਿ ਉਸ ਨੂੰ ਆਪਣੇ ਪਿੰਡ ਤੇ ਖੇਤਾਂ ਨਾਲ ਅੰਤਾਂ ਦਾ ਮੋਹ ਸੀ। ਉਹ ਭਾਰਤ ਗਿਆ ਵੀ ਪਰ ਵਾਪਸ ਆਉਣ 'ਤੇ ਇਮੀਗ੍ਰੇਸ਼ਨ ਵਾਲਿਆਂ ਨੇ ਸਾਨ ਫ਼ਰਾਂਸਿਸਕੋ ਏਅਰਪੋਰਟ ਤੋਂ ਬਰੰਗ ਵਾਪਸ ਮੋੜ ਦਿੱਤਾ। ਉਨ੍ਹਾਂ ਕਿਹਾ ਕਿ ਪਿਛਲੀ ਠਹਿਰ ਸਮੇਂ ਉਹ ਇਕ ਪੈਟਰੋਲ ਪੰਪ ਉਤੇ ਕੰਮ ਕਰਦਾ ਰਿਹਾ ਸੀ, ਜੋ ਇਕ ਸੈਲਾਨੀ ਵੀਜ਼ੇ ਵਾਲੇ ਲਈ ਗ਼ੈਰ ਕਾਨੂੰਨੀ ਸੀ। ਇਸ ਘਟਨਾ ਨੇ ਉਸ ਨੂੰ ਅਤੇ ਸਾਨੂੰ ਕਾਫ਼ੀ ਮਾਯੂਸ ਕੀਤਾ। ਉਸ ਨੇ ਹੰਸ ਰਾਜ ਤੇ ਹੋਰ ਦੋਸਤਾਂ ਸਮੇਤ ਬ੍ਰਾਜ਼ੀਲ ਰਾਹੀਂ ਮੁੜ ਏਥੇ ਆਉਣ ਦੀਆਂ ਕੋਸ਼ਿਸ਼ਾਂ ਅਰੰਭ ਦਿੱਤੀਆਂ ਪਰ ਓਨੇ ਚਿਰ ਨੂੰ ਭਾਣਾ ਵਰਤ ਗਿਆ।

ਪਾਸ਼ ਦੀ ਉਮਰ ਦਾ ਪੰਦਰਵਾਂ-ਸੋਲ੍ਹਵਾਂ ਸਾਲ ਇਕ ਹੋਰ ਪੱਖੋਂ ਕਾਫ਼ੀ ਦਿਲਚਸਪ ਸੀ। ਉਹ ਬਣ ਠਣ ਕੇ ਅਤੇ ਪੋਚਵੀਂ ਪੱਗ ਬੰਨ੍ਹ ਕੇ ਅਕਸਰ ਪਿੰਡ ਦੇ ਗੁਰਦਵਾਰੇ ਜਾਂਦਾ ਤੇ ਗੁਰੂ ਗ੍ਰੰਥ ਸਾਹਿਬ ਦਾ ਨਿਰਾ ਪਾਠ ਹੀ ਨਹੀਂ ਸੀ ਕਰਦਾ ਸਗੋਂ ਗੁਰਬਾਣੀ ਦੇ ਭਾਵ ਅਰਥ ਵੀ ਜਾਨਣ, ਸਮਝਣ ਦੀ ਕੋਸ਼ਿਸ਼ ਕਰਦਾ। ਗੁਰੂ ਗ੍ਰੰਥ ਸਾਹਿਬ ਦੀ ਕਾਫ਼ੀ ਗੁਰਬਾਣੀ ਉਸ ਨੂੰ ਜ਼ੁਬਾਨੀ ਯਾਦ ਸੀ। ਠੀਕ ਏਸੇ ਸਮੇਂ ਤਲਵੰਡੀ ਸਲੇਮ ਵਿਚ ਇਕ ਕੁੜੀ ਰਾਜਵਿੰਦਰ ਕੌਰ ਸੰਧੂ ਦਾ ਜਨਮ ਹੋਇਆ, ਜਿਸ ਨੂੰ ਬਚਪਨ ਤੋਂ ਹੀ ਸਿੱਖੀ ਦੀ ਲਗਨ ਲੱਗ ਗਈ ਸੀ। ਉਹ ਦਸ ਗਿਆਰਾਂ ਸਾਲ ਦੀ ਉਮਰ ਵਿਚ ਪਿੰਡ ਦੇ ਏਸੇ ਗੁਰਦਵਾਰੇ ਸਵੇਰੇ ਸ਼ਾਮ ਪਾਠ ਕਰਦੀ ਸੀ। ਕੁਝ ਚਿਰ ਬਾਦ ਉਹ ਅੰਮ੍ਰਿਤਧਾਰੀ ਹੋ ਗਈ। ਰਾਜਵਿੰਦਰ ਨੇ ਪ੍ਰਾਇਮਰੀ ਦੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਕੀਤੀ। ਹਾਈ ਸਕੂਲ ਦੀ ਪੜ੍ਹਾਈ ਲਈ ਉਹ ਆਪਣੇ ਨਾਨਕੇ ਪਿੰਡ ਰੌਲੀ, ਨੇੜੇ ਮਹਿਤਪੁਰ, ਚਲੀ ਗਈ। ਕਾਲਜ ਵਿੱਦਿਆ ਲਈ ਉਹਨੇ ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ ਦਾਖ਼ਲਾ ਲੈ ਲਿਆ। ਉਸ ਦੇ ਨਾਨਕੇ ਨਿਹੰਗ ਸਨ, ਇਸ ਲਈ ਅਸਾਲਟੀ ਸਿੰਘਾਂ ਨੇ ਉਨ੍ਹਾਂ ਦੇ ਘਰ ਆਪਣੀ ਠਾਹਰ ਬਣਾ ਲਈ, ਜਿਸ ਕਰਕੇ ਰਾਜਵਿੰਦਰ ਕੌਰ ਸੰਧੂ ਵੀ ਉਨ੍ਹਾਂ ਦੇ ਪ੍ਰਭਾਵ ਹੇਠ ਆ ਗਈ।

ਨਕੋਦਰ ਕਾਲਜ ਵਿਚ ਕਾਫ਼ੀ ਕੁੜੀਆਂ ਉਸ ਦੇ ਪ੍ਰਭਾਵ ਥੱਲੇ ਆਈਆਂ। ਮਾਈ ਭਾਗੋ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੀ ਕਮਾਂਡਰ ਨਿਯੁਕਤ ਹੋ ਕੇ ਉਹ ਮੁੜ ਤਲਵੰਡੀ ਸਲੇਮ ਆ ਗਈ। ਫਿਰ ਏਥੇ ਵੀ ਉਨ੍ਹਾਂ ਦੇ ਘਰ ਅਸਾਲਟੀ ਸਿੰਘਾਂ ਦੀ ਆਵਾਜਾਈ ਸ਼ੁਰੂ ਹੋ ਗਈ। ਥੋੜੇ ਦਿਨਾਂ ਵਿਚ ਹੀ ਘਰ ਵਿਚ ਟ੍ਰੈਕਟਰ ਅਤੇ ਕਾਰ ਆ ਗਏ। ਗਹਿਣੇ ਪਈ ਜ਼ਮੀਨ ਵੀ ਛੁਡਾ ਲਈ ਗਈ। ਇਨ੍ਹੀਂ ਦਿਨੀਂ ਹੀ ਪਾਸ਼ ਦੇ ਮਾਮੇ ਦਾ ਪੁੱਤ ਅਮਰਜੀਤ ਰਾਜਵਿੰਦਰ ਕੌਰ ਸੰਧੂ ਉਰਫ਼ ਬੱਬੂ ਦੇ ਸੰਪਰਕ ਵਿਚ ਆ ਕੇ ਖ਼ਾਲਿਸਤਾਨੀ ਲਹਿਰ ਵਿਚ ਸ਼ਾਮਿਲ ਹੋ ਗਿਆ। ਦੱਸਿਆ ਜਾਂਦਾ ਹੈ ਕਿ ਉਹ ਘਰੋਂ ਕਾਫ਼ੀ ਦਿਨ ਬਾਹਰ ਰਿਹਾ। ਇਕ ਦੋ ਵਾਰ ਪਿੰਡ ਆਇਆ ਤੇ ਕਾਫ਼ੀ ਪੈਸਾ ਘਰ ਦੇ ਗਿਆ ਪਰ ਫੇਰ ਵਾਪਸ ਨਾ ਮੁੜਿਆ। ਸਾਲ ਦੇ ਅੰਦਰ ਅੰਦਰ ਹੀ ਉਹਦੇ ਖ਼ਾਲਿਸਤਨੀਆਂ ਨਾਲ ਕੁਝ ਮੱਤਭੇਦ ਹੋ ਗਏ। ਪਤਾ ਲੱਗਾ ਸੀ ਕਿ ਇਕ ਦਿਨ ਮੱਲੀਆਂ ਦੇ ਅੱਡੇ ਤੋਂ ਕੁਝ ਅਣਪਛਾਤੇ ਬੰਦੇ ਉਹਨੂੰ ਚੁੱਕ ਕੇ ਲੈ ਗਏ। ਮਹੀਨੇ ਭਰ ਦੀ ਤਲਾਸ਼ ਤੋਂ ਬਾਅਦ ਕਪੂਰਥਲੇ ਦੇ ਥਾਣੇ 'ਚੋਂ ਉਸ ਦੇ ਕਪੜੇ ਮਿਲੇ। ਪੁਲਿਸ ਅਨੁਸਾਰ ਉਸ ਦੀ ਲਾਸ਼ ਕਪੂਰਥਲੇ ਤੋਂ ਸੁਲਤਾਨਪੁਰ ਲੋਧੀ ਜਾਣ ਵਾਲੀ ਸੜਕ ਨਾਲ ਲੱਗਦੇ ਇਕ ਜੰਗਲ ਦੇ ਕੰਢੇ ਮਿਲੀ ਸੀ ਜੋ ਪੁਲਿਸ ਨੇ ਲਾਵਾਰਸ ਕਰਾਰ ਦੇ ਕੇ ਸਸਕਾਰ ਦਿੱਤੀ ਸੀ। ਉਸ ਨੂੰ ਕਿਸ ਨੇ ਤੇ ਕਿਉਂ ਮਾਰਿਆ, ਅੱਜ ਤਾਂਈਂ ਇਕ ਭੇਦ ਬਣਿਆ ਹੋਇਆ ਹੈ।

ਪਾਸ਼ 23 ਜਨਵਰੀ 1988 ਨੂੰ ਅਮਰੀਕਾ ਵਾਪਸ ਪੁੱਜਾ ਪਰ ਉਸ ਨੂੰ ਸਾਨ ਫ਼ਰਾਂਸਿਸਕੋ ਏਅਰਪੋਰਟ ਤੋਂ ਹੀ ਵਾਪਸ ਮੋੜ ਦਿੱਤਾ ਗਿਆ। 17 ਮਾਰਚ 1988 ਨੂੰ ਜੈਮਲ ਪੱਡਾ ਨੂੰ ਉਸ ਦੇ ਪਿੰਡ ਲੱਖਣਕੇ ਪੱਡੇ ਵਿਚ ਖ਼ਾਲਿਸਤਾਨੀਆਂ ਨੇ ਕਤਲ ਕਰ ਦਿੱਤਾ। ਇਸ ਵਾਰਦਾਤ ਬਾਰੇ ਸੁਣ ਕੇ ਮਾਂ ਨੇ ਪਾਸ਼ ਨੂੰ ਕਿਹਾ ਕਿ ਹੁਣ ਤਾਂ ਖ਼ਾਲਿਸਤਾਨੀ ਆਪਣੇ ਇਲਾਕੇ ਵਿਚ ਆ ਗਏ ਹਨ, ਇਸ ਲਈ ਤੈਨੂੰ ਸਾਵਧਾਨ ਰਹਿਣ ਦੀ ਲੋੜ ਹੈ। ਪਾਸ਼ ਨੇ ਮਾਂ ਨੂੰ ਫ਼ਿਕਰ ਨਾ ਕਰਨ ਲਈ ਕਿਹਾ। 22 ਮਾਰਚ 1988 ਨੂੰ ਪਾਸ਼ ਦੀ ਮਾਂ ਨੇ ਦੱਸਿਆ ਕਿ ਪਿੰਡ ਵਿਚ ਸ਼ੱਕੀ ਬੰਦੇ ਫਿਰਦੇ ਸੁਣੀਂਦੇ ਹਨ। 23 ਮਾਰਚ 1988 ਸਵੇਰ ਨੂੰ ਉਸ ਦਾ ਮਿੱਤਰ ਹੰਸ ਰਾਜ ਤੇ ਪਾਸ਼ ਰੋਜ਼ ਦੀ ਤਰ੍ਹਾਂ ਟ੍ਰਿਬਿਊਨ ਅਖ਼ਬਾਰ ਲੈ ਕੇ ਆਪਣੇ ਟਿਊਬਵੈਲ 'ਤੇ ਨਹਾਉਣ ਚਲੇ ਗਏ। ਅਜੇ ਤਖ਼ਤ ਪੋਸ਼ 'ਤੇ ਬੈਠੇ ਅਖ਼ਬਾਰ ਪੜ੍ਹ ਹੀ ਰਹੇ ਸਨ ਕਿ ਦੋ ਅਸਾਲਟੀ ਸਿੰਘ ਪਾਸ਼ ਦੇ ਟਿਊਬਵੈਲ, ਜੋ ਪਿੰਡ ਦੇ ਨੇੜੇ ਹੀ ਹੈ, 'ਤੇ ਆਏ ਅਤੇ ਦੋਹਾਂ ਨੇ ਏ.ਕੇ. ਸੰਤਾਲੀ ਰਾਈਫ਼ਲਾਂ ਦੇ ਬਰਸਟਾਂ ਨਾਲ ਦੋਹਾਂ ਨੂੰ ਛਾਨਣੀ ਕਰ ਦਿੱਤਾ।



ਪੰਜਾਬੀ ਕਵੀ ਪਾਸ਼ ਸਮੇਤ
ਤਿੰਨ ਹਲਾਕ-4 ਬੰਦੇ ਫੱਟੜ

ਇਹ ਘਟਨਾ ਸਵੇਰੇ ਸਾਢੇ ਸੱਤ ਵਜੇ ਵਾਪਰੀ। ਪਿੰਡ 'ਕੱਠਾ ਹੋ ਗਿਆ। ਪਿੰਡ ਉਗੀ ਅਤੇ ਮੱਲ੍ਹੀਆਂ ਦੇ ਲੋਕਾਂ ਨੇ ਸੜਕੀ ਆਵਾਜਾਈ ਠੱਪ ਕਰ ਦਿੱਤੀ ਤੇ ਦੁਕਾਨਾਂ ਦੇ ਸ਼ਟਰ ਹੇਠਾਂ ਸੁੱਟ ਦਿੱਤੇ। ਪਿੰਡ ਉਗੀ ਦੀ ਸੀ ਆਰ ਪੀ ਐਫ਼ ਦੀ ਚੌਂਕੀ ਦੀ ਪੁਲਿਸ ਦਸਾਂ ਪੰਦਰਾਂ ਮਿੰਟਾਂ ਵਿਚ ਹੀ ਪਹੁੰਚ ਗਈ। ਨਕੋਦਰ ਪੁਲਿਸ ਵੀ ਡੇਢ ਘੰਟੇ ਪਿੱਛੋਂ ਆ ਗਈ। ਲਾਸ਼ਾਂ ਪੋਸਟਮਾਰਟਮ ਪਿੱਛੋਂ ਪਿੰਡ ਆ ਗਈਆਂ ਤੇ ਦੋਹਾਂ ਦਾ ਇਕੋ ਸਮੇਂ ਸਸਕਾਰ ਕਰ ਦਿੱਤਾ ਗਿਆ। ਬੱਬੂ ਵੀ ਪਾਸ਼ ਦੀ ਦੇਹ 'ਤੇ ਭੁੱਬੀਂ ਰੋਂਦੀ ਦੇਖੀ ਗਈ। ਕਤਲ ਤੋਂ ਬਾਦ ਵੀ ਰਾਤ ਬਰਾਤੇ ਅਸਾਲਟੀ ਸਿੰਘ ਗੇੜੇ ਲਾਉਂਦੇ ਰਹੇ। ਪਾਸ਼ ਦੇ ਬਾਰ ਮੂਹਰੇ ਉਸ ਦੇ ਮਾਂ-ਬਾਪ ਨੂੰ ਬੋਲ ਕੁਬੋਲ ਕਰਦੇ। ਧਮਕੀ ਦਿੰਦੇ ਸਨ ਕਿ ਪਾਸ਼ ਦੀ ਜ਼ਮੀਨ ਵੀ ਬੰਜਰ ਹੀ ਰਹੇਗੀ, ਇਸ ਨੂੰ ਵਾਹੁਣ ਦੀ ਕੋਈ ਹਿੰਮਤ ਨਹੀਂ ਕਰੇਗਾ। ਪਾਸ਼ ਦੇ ਚਾਚੇ ਨਾਜ਼ਰ ਸਿੰਘ ਨੇ ਜ਼ਮੀਨ ਰੱਖਣ ਲਈ ਹਾਂ ਕਰ ਦਿੱਤੀ ਪਰ ਪਾਸ਼ ਦੇ ਕਤਲ ਤੋਂ 4 ਹਫ਼ਤੇ ਬਾਦ ਹੀ ਉਸ ਨੂੰ ਟਿਊਬਵੈਲ ਉਤੇ ਸੁੱਤੇ ਪਏ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਇਸ ਮੌਤ ਉਤੇ ਵੀ ਬੱਬੂ ਦਾ ਰੋਣਾ ਅਤੇ ਸਿਆਪਾ ਕਰਨਾ ਸਮਝ ਤੋਂ ਬਾਹਰ ਹੈ।

ਪਿੰਡ ਤਲਵੰਡੀ ਸਲੇਮ ਅਤੇ ਨੇੜਲਾ



*ਜਨਰਲ ਲਾਭ ਸਿੰਘ*

ਇਲਾਕਾ ਪੂਰੀ ਖਾਲਿਸਤਾਨੀ ਦਹਿਸ਼ਤ ਦੇ ਸ਼ਿਕੰਜੇ ਵਿਚ ਜਾਮ ਹੋ ਕੇ ਰਹਿ ਗਿਆ। ਪਾਸ਼ ਦੀ ਭੈਣ ਅਮਰੀਕਾ ਤੋਂ ਗਈ, ਭਰਾ ਦੇ ਫੁੱਲ ਚੁਗੇ ਤੇ ਮਸਤਕ ਨਾਲ ਲਾਏ। ਕਿਹਾ, ਵੀਰੇ! ਤੈਨੂੰ ਅਮਰੀਕਾ ਤਾਂ ਨਹੀਂ ਲੈ ਕੇ ਜਾ ਸਕੀ...ਬਸ ਮੇਰੇ ਪੱਲੇ ਤਾਂ ਤੇਰੇ ਫੁੱਲ ਹੀ ਰਹਿ ਗਏ ਹਨ, ਇਹੋ ਲੈ ਕੇ ਚੱਲੀ ਹਾਂ। ਸੁਨੇਹਾ ਫਿਰ ਵੀ ਮਿਲਿਆ ਕਿ ਪਾਸ਼ ਦੇ ਫੁੱਲ ਅਮਰੀਕਾ ਨਹੀਂ ਜਾਣਗੇ। ਧਮਕੀ ਦਿੱਤੀ ਗਈ ਕਿ ਜੋ ਵੀ ਪਾਸ਼ ਦੀ ਜ਼ਮੀਨ ਵਾਹੇਗਾ, ਉਸ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪੈਣਗੇ। ਪਿੰਡ ਜਹਾਂਗੀਰ ਦੇ ਇਕ ਕਿਸਾਨ ਨੇ ਹਿੰਮਤ ਕੀਤੀ। ਜ਼ਮੀਨ ਵਾਹ ਕੇ ਝੋਨੇ ਲਈ ਕੱਦੂ ਕੀਤਾ ਅਤੇ ਪਨੀਰੀ ਦੀਆਂ ਗੁੱਛੀਆਂ ਖੇਤਾਂ ਵਿਚ ਰੱਖੀਆਂ। ਪਰ ਅਸਾਲਟਾਂ ਧਾਰੀ ਸਿੰਘ ਜਹਾਂਗੀਰ ਉਨ੍ਹਾਂ ਦੇ ਟਿਊਬਵੈਲ ਪਹੁੰਚ ਗਏ, ਵਿਚਾਰੇ ਕਿਸਾਨ ਦੀ ਪਨੀਰੀ ਧਰੀ-ਧਰਾਈ ਰਹਿ ਗਈ।

ਮਾਰਚ 1988 ਦੇ ਅਖ਼ੀਰ ਤਾਈਂ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਜਨਰਲ ਲਾਭ ਸਿੰਘ ਨੇ ਅਖਬਾਰ ਅਜੀਤ ਅਤੇ ਪੰਜਾਬੀ ਟ੍ਰਿਬਿਊਨ ਵਿਚ ਪਾਸ਼, ਜੈਮਲ ਪੱਡਾ ਅਤੇ ਬਚਨ ਸਿੰਘ ਨਵਾਂ ਪਿੰਡ, ਕਪੂਰਥਲਾ ਦੇ ਕਤਲਾਂ ਦੀ ਜ਼ਿੰਮੇਵਾਰੀ ਲਈ। ਟ੍ਰਿਬਿਊਨ ਦੀ ਖ਼ਬਰ ਅਨੁਸਾਰ ਜਨਰਲ ਲਾਭ ਸਿੰਘ ਨੇ ਕਿਹਾ ਕਿ ਕਾਮਰੇਡ ਪਾਸ਼ ਖਾਲਿਸਤਾਨ ਲਈ ਜੂਝ ਰਹੇ ਜੁਝਾਰੂ ਸਿੰਘਾਂ ਦੇ ਖ਼ਿਲਾਫ਼ ਸਰਕਾਰੀ ਇਸ਼ਾਰਿਆਂ 'ਤੇ 'ਸੁਰਖ਼ ਰੇਖਾ' ਰਿਸਾਲੇ ਅਤੇ ਹੋਰ ਅਖ਼ਬਾਰਾਂ ਵਿਚ ਲੇਖ ਲਿਖਦਾ ਸੀ। ਪ੍ਰੈਸ ਨੋਟ ਵਿਚ ਪਾਸ਼ ਉਤੇ ਦੋਸ਼ ਲਾਇਆ ਗਿਆ ਕਿ ਉਸ ਨੇ ਅਮਰੀਕਾ ਵਿਚ ਖ਼ਾਲਿਸਤਾਨੀਆ ਵਿਰੁਧ ਲਹਿਰ ਸ਼ੁਰੂ ਕੀਤੀ ਹੋਈ ਹੈ। ਪਾਸ਼ ਨੂੰ 'ਸੁਰਖ਼ ਰੇਖਾ' ਦਾ ਸੰਪਾਦਕ ਕਿਹਾ ਗਿਆ ਹੈ ਜੋ ਅਮਰੀਕ ਸਿੰਘ ਦੇ ਨਾਂ ਹੇਠ ਲਿਖਦਾ ਸੀ। ਲਾਭ ਸਿੰਘ ਦੀ ਜੁਝਾਰੂਆਂ ਦੇ ਖ਼ਿਲਾਫ਼ ਲਿਖਦੇ ਹੋਣ ਦੀ ਗੱਲ ਤਾਂ ਸੱਚੀ ਹੈ ਪਰ 'ਸੁਰਖ਼ ਰੇਖਾ' ਦੇ ਸੰਪਾਦਕ ਵਾਲੀ ਝੂਠੀ।

ਪਾਸ਼ ਦਾ ਪਿੰਡ ਤੇ ਖੇਤ ਖਾਲਿਸਤਾਨੀਆਂ ਦੀ ਇੰਤਹਾਪਸੰਦ ਦਹਿਸ਼ਤ ਤੇ ਕਾਮਰੇਡਾਂ ਵਲੋਂ ਜ਼ੋਰ ਅਜ਼ਮਾਈ ਦਾ ਅਖਾੜਾ ਬਣ ਗਿਆ। 8 ਜੂਨ ਰਾਤ 9 ਵਜੇ ਕਰਤਾਰ ਸਿੰਘ ਸਰਾਭਾ ਬ੍ਰਿਗੇਡ ਦੇ ਗੁਰੀਲਿਆਂ ਨੇ ਮਾਈ ਭਾਗੋ ਖ਼ਾਲਿਸਤਾਨ ਫੋਰਸ ਦੀ ਕਮਾਂਡਰ ਅੰਮ੍ਰਿਤਧਾਰੀ ਔਰਤ ਰਾਜਵਿੰਦਰ ਕੌਰ ਸੰਧੂ ਉਰਫ਼ ਬੱਬੂ ਦੇ ਘਰ, ਤਲਵੰਡੀ ਸਲੇਮ ਉਪਰ ਹਮਲਾ ਕਰ ਦਿੱਤਾ। ਟੀ ਵੀ ਦੇਖਦੇ ਬੱਚੇ ਘਰੋਂ ਬਾਹਰ ਕੱਢ ਦਿੱਤੇ। ਇਸ ਐਕਸ਼ਨ ਵਿਚ ਬੱਬੂ ਤੇ ਉਸ ਦਾ ਬਾਪ ਅਜੀਤ ਸਿੰਘ ਉਰਫ਼ ਜੀਤੂ ਮਾਰੇ ਗਏ। ਇਸ ਐਕਸ਼ਨ ਦੀ ਜ਼ਿੰਮੇਵਾਰੀ ਖੁੱਲ੍ਹੇ ਤੌਰ 'ਤੇ ਅਖ਼ਬਾਰਾਂ ਵਿਚ ਓਟੀ ਗਈ। ਪਿੰਡ ਵਾਲੇ ਦੱਸਦੇ ਹਨ ਕਿ ਮਾਈ ਭਾਗੋ ਫੋਰਸ ਦੀ ਕਮਾਂਡਰ ਬੱਬੂ ਦੇ ਸਸਕਾਰ ਮੌਕੇ ਪਾਸ਼ ਦੇ ਸਸਕਾਰ ਜਿੰਨਾ ਹੀ ਇਕੱਠ ਸੀ। ਦਰਜਨਾਂ ਕੁੜੀਆਂ ਸਿਰਾਂ 'ਤੇ ਕੇਸਰੀ ਕੇਸਕੀਆਂ ਬੰਨ੍ਹੀ ਸ਼ਾਮਲ ਹੋਈਆਂ।

ਪਾਸ਼ ਦੀ ਜ਼ਮੀਨ 'ਤੇ ਖ਼ਾਲਿਸਤਾਨੀ ਦਹਿਸ਼ਤ ਦਾ ਕਬਜ਼ਾ ਵੀ ਅਖ਼ਬਾਰੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ। ਇਸ ਚੁਣੌਤੀ ਨੂੰ ਵੀ ਕਾਮਰੇਡਾਂ ਨੇ ਕਬੂਲਿਆ। ਜ਼ਮੀਨ ਵਾਹੁਣ ਅਤੇ ਕਬਜ਼ਾ ਲੈਣ ਦੀ ਦਿਨ ਤਰੀਕ ਕਾਫ਼ੀ ਦਿਨ ਪਹਿਲਾਂ ਹੀ ਅਖ਼ਬਾਰਾਂ ਵਿਚ ਜਾਰੀ ਕਰ ਦਿੱਤੀ। ਮਿਥੇ ਦਿਨ ਮਾਲਵੇ, ਮਾਝੇ ਅਤੇ ਦੁਆਬੇ ਦੇ ਦਰਜਨਾਂ ਟ੍ਰੈਕਟਰ ਹਜ਼ਾਰਾਂ ਕਾਮਰੇਡਾਂ ਸਮੇਤ ਆਏ। ਪਾਸ਼ ਦੀ ਜਮੀਨ ਵਾਹ ਕੇ ਸੁਹਾਗ ਦਿੱਤੀ। ਏਸ ਵੱਤਰ ਭੋਏਂ ਤੇ ਖਲੋ ਕੇ ਹੀ ਇਨਕਲਾਬ ਜ਼ਿੰਦਾਬਾਦ ਦੇ ਰੋਹਲੇ ਨਾਅਰਿਆਂ ਦੀ ਗੂੰਜ ਬੁਲੰਦ ਕਰਕੇ ਸਾਰੇ ਕਾਮਰੇਡ ਆਪਣੇ ਸ਼ਹੀਦ ਸਾਥੀਆਂ ਨੂੰ ਨਤਮਸਤਕ ਹੋਏ ਤੇ ਪਿੰਡ ਵਿਚ ਰੈਲੀ ਕੀਤੀ। ਪਾਸ਼ ਦੇ ਖੇਤਾਂ ਵਿਚ ਹਰੀਆਂ ਭਰਪੂਰ ਫ਼ਸਲਾਂ ਹੋਣ ਲੱਗੀਆਂ। ਪਾਸ਼ ਆਪਣੇ ਸਿਵੇ ਤੇ ਹਰਾ ਕਚਾਰ ਘਾਹ ਬਣ ਕੇ ਉਗ ਆਇਆ। ਉਸ ਦੀ ਕਵਿਤਾ ਦੀ ਰੂਹ ਭਾਰਤ ਦੇ ਦੂਰਲੇ ਖੇਤਾਂ, ਬੇਲਿਆਂ, ਬੰਨਿਆਂ ਅਤੇ ਪਿੰਡਾਂ ਨੇ ਵਾਰਸ ਬਣ ਕੇ ਆਪਣੇ ਸੀਨੇ ਵਿਚ ਸੁਰਖਿਅਤ ਸਾਂਭ ਲਈ।

ਜਨਰਲ ਲਾਭ ਸਿੰਘ ਉਰਫ਼ ਸੁੱਖਾ ਸਿਪਾਹੀ 12 ਜੁਲਾਈ 1988 ਨੂੰ ਪੁਲਿਸ ਹੱਥੋਂ ਮਾਰਿਆ ਗਿਆ। ਸਾਲ 1992-93 ਤੱਕ ਖ਼ਾਲਿਸਤਾਨੀ ਲਹਿਰ ਤੇ ਇਸ ਦੀ ਦਹਿਸ਼ਤ ਦਮ ਤੋੜ ਗਈ ਪਰ ਹੁਣ ਪਾਸ਼ ਦੇ ਕਤਲ ਤੋਂ ਲੱਗਭਗ 23 ਸਾਲ ਬਾਦ ਹਫ਼ਤਾਵਾਰੀ ਅਖ਼ਬਾਰ 'ਚੜ੍ਹਦੀ ਕਲਾ' ਵਲੋਂ ਪਾਸ਼ ਦਾ ਕਤਲ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੀ ਕਮਾਂਡਰ ਮਾਈ ਭਾਗੋ ਰੈਜਮੈਂਟ ਦੀ ਮੁਖੀ ਰਾਜਵਿੰਦਰ ਕੌਰ ਉਰਫ਼ ਬੱਬੂ ਨਾਲ ਜੋੜ ਦਿੱਤਾ ਹੈ, ਉਹ ਵੀ ਪਹਿਲੇ ਸਫ਼ੇ ਦੀ ਸੁਰਖ਼ੀ ਲਗਾ ਕੇ। 'ਚੜ੍ਹਦੀ ਕਲਾ' ਦੀ ਏਸ ਜੁਰਅਤ ਨੇ ਪੱਤਰਕਾਰੀ ਧੰਦੇ ਨਾਲ ਜੁੜੇ ਹਲਕਿਆਂ ਵਿਚ ਅਨੇਕਾਂ ਸਵਾਲ ਖੜੇ ਕਰ ਦਿੱਤੇ ਹਨ। 'ਚੜ੍ਹਦੀ ਕਲਾ' ਵਾਲਿਆਂ ਨੇ ਸ਼ਾਇਦ ਪਾਸ਼ ਦੇ ਕਤਲ ਨਾਲ ਸਬੰਧਤ ਔਰਤ ਨੂੰ ਮਾਰ ਕੇ ਗ਼ਲਤੀ ਕਰ ਦਿੱਤੀ। ਜੇ ਜਿਊਂਦੀ ਰੱਖ ਲੈਂਦੇ ਤਾਂ ਸਬੂਤ ਲਈ ਖੜੀ ਕੀਤੀ ਜਾ ਸਕਦੀ...।

# ਜੋ ਸਿੰਘਨ ਕੋ ਕੋਊ ਲੁਕਾਵੈ, ਸੋ ਵਹਿ ਅਪਨੀ ਜਾਨ ਗਵਾਵੈ

**ਸਿੱਖ ਸੰਘਰਸ਼-6**

ਪੰਥ ਦੇ ਹੁਕਮ ਅਨੁਸਾਰ ਸ. ਕਪੂਰ ਸਿੰਘ ਫੈਜ਼ਲਪੁਰੀਆ ਨੇ ਜ਼ਕਰੀਆ ਖਾਨ ਵਲੋਂ ਭੇਜੀ ਨਵਾਬੀ ਅਤੇ ਜਾਗੀਰ ਪੰਜਾਂ ਸਿੰਘਾਂ ਦੇ ਚਰਨਾਂ ਨੂੰ ਛੂਹਾ ਕੇ ਸਵੀਕਾਰ ਕਰ ਲਈ। ਇਹ ਮਾਣ ਅਤੇ ਸਤਿਕਾਰ ਪ੍ਰਾਪਤ ਕਰ ਲੈਣ ਦੇ ਬਾਵਜੂਦ, ਉਨ੍ਹਾਂ ਦੇ ਦਿਲ ਵਿਚ ਹੰਕਾਰ ਦੀ ਭਾਵਨਾ ਨੇ ਜ਼ਰਾ ਵੀ ਘਰ ਨਾ ਕੀਤਾ ਅਤੇ ਉਹ ਪਹਿਲਾਂ ਨਾਲੋਂ ਵੀ ਵੱਧ-ਚੜ੍ਹ ਕੇ ਪੰਥ ਦੀ ਸੇਵਾ ਕਰਨ ਵਿਚ ਜੁੱਟ ਗਏ। ਕੋਈ ਵੀ

ਜਸਵੰਤ ਸਿੰਘ 'ਅਜੀਤ'
ਫੋਨ:91-98689-17739

ਕੰਮ ਉਹ, ਪੰਥ ਪਾਸੋਂ ਪੁੱਛੇ ਬਿਨਾਂ ਨਹੀਂ ਸਨ ਕਰਦੇ। ਕਰਤਾ ਪ੍ਰਾਚੀਨ 'ਪੰਥ ਪ੍ਰਕਾਸ਼' ਦੇ ਸ਼ਬਦਾਂ ਵਿਚ,

ਬਹੁਤ ਸਿੰਘਨ ਕੋ ਆਦਰ ਕਰੈ।
ਬਿਨਾਂ ਪੁਛੇ ਪੰਥ ਗਲ ਨ ਕਰੈ।
ਟਹਲ ਅਗੈ ਤੈ ਕਰੈ ਸਵਾਈ।
ਬਹੁਤ ਗਰੀਬੀ ਉਸ ਮਨ ਆਈ।
ਜਿਮ ਜਿਮ ਪੰਥਹਿ ਟਹਲ ਕਮਾਵੈ।
ਤਿਮ ਤਿਮ ਸਿੰਘ ਜੀ ਗੁਰਮਤਿ ਆਵੈ।

ਨਵਾਬੀ ਮਿਲਣ 'ਤੇ ਜੇ ਇਕ ਪਾਸੇ ਸਿੱਖਾਂ ਨੂੰ ਕੁਝ ਸੁੱਖ ਦਾ ਸਾਹ ਆਇਆ ਤਾਂ ਦੂਜੇ ਪਾਸੇ ਜ਼ਕਰੀਆ ਖਾਨ ਨੇ ਆਪਣਾ ਧਿਆਨ ਸਿੱਖਾਂ ਵਲੋਂ ਹਟਾ ਕੇ ਰਾਜ-ਪ੍ਰਬੰਧ ਸੁਧਾਰਨ ਵਲ ਦੇਣਾ ਸ਼ੁਰੂ ਕਰ ਦਿੱਤਾ।

ਸਿੱਖ ਸਮਝਦੇ ਸਨ ਕਿ ਇਹ ਸੁੱਖ ਦਾ ਸਾਹ ਬਹੁਤਾ ਚਿਰ ਨਹੀਂ ਰਹਿਣ ਵਾਲਾ ਕਿਉਂਕਿ ਮੁਗਲ ਹਕੂਮਤ ਨੇ ਮਜ਼ਲੂਮਾਂ ਉਪਰ ਜ਼ੁਲਮ ਕਰਨ ਤੋਂ ਕਦੀ ਵੀ ਬਾਜ਼ ਨਹੀਂ ਆਉਣਾ ਅਤੇ ਉਨ੍ਹਾਂ (ਸਿੱਖਾਂ) ਨੂੰ ਆਪਣੀ ਪਰੰਪਰਾ ਅਨੁਸਾਰ ਸਾਰੇ ਸੁੱਖ ਛੱਡ ਕੇ ਕਿਸੇ ਵੀ ਸਮੇਂ ਮਜ਼ਲੂਮਾਂ ਦੀ ਰਖਿਆ ਲਈ ਮੈਦਾਨ ਵਿਚ ਨਿਤਰਨਾ ਪੈ ਸਕਦਾ ਹੈ। ਉਹ ਇਹ ਵੀ ਸਮਝਦੇ ਸਨ ਕਿ ਮੁਗਲਾਂ ਨੂੰ ਸਿੱਖਾਂ ਦੀ ਚੜ੍ਹਤ ਇਕ ਅੱਖ ਨਹੀਂ ਭਾਉਣੀ। ਇਸ ਲਈ ਉਨ੍ਹਾਂ ਨੂੰ ਸੁੱਖ ਆਰਾਮ ਲਈ ਜੋ ਸਮਾਂ ਮਿਲਿਆ ਹੈ, ਉਸ ਨੂੰ ਉਨ੍ਹਾਂ ਸਿੱਖੀ ਦੇ ਪ੍ਰਚਾਰ ਅਤੇ ਜਥੇਬੰਦੀ ਨੂੰ ਮਜ਼ਬੂਤ ਕਰਨ ਵਿਚ ਲਾਉਣਾ ਸ਼ੁਰੂ ਕਰ ਦਿੱਤਾ। ਕਈਆਂ ਨੇ ਸ੍ਰੀ ਅੰਮ੍ਰਿਤਸਰ ਵਿਖੇ ਰਹਿੰਦਿਆਂ ਬੁੰਗੇ ਉਸਾਰ ਲਏ, ਕਈਆਂ ਨੇ ਹਕੂਮਤ ਵਲੋਂ ਢਾਹੇ ਗਏ ਗੁਰਦੁਆਰੇ ਮੁੜ ਉਸਾਰਨੇ ਸ਼ੁਰੂ ਕਰ ਦਿੱਤੇ।

ਸਿੱਖਾਂ ਦੀ ਸਾਰੀ ਕਮਾਈ ਇਕੋ ਥਾਂ ਇਕੱਠੀ ਹੋ, ਪੰਥਕ ਹਿੱਤਾਂ ਲਈ ਵਰਤੀ ਜਾਣ ਲੱਗ ਪਈ। ਕੁਝ ਹੀ ਸਮੇਂ ਵਿਚ ਸਿੱਖਾਂ ਨੇ ਲਗਨ, ਉਤਸ਼ਾਹ ਅਤੇ ਜਤਨਾਂ ਨਾਲ ਇਤਨੀ ਤਾਕਤ ਇਕੱਠੀ ਕਰ ਲਈ ਕਿ ਸਿੱਖ ਪੰਥ ਦੇ ਆਗੂ ਇਸ ਤਾਕਤ ਨੂੰ ਜਥੇਬੰਦੀ ਦੇ ਰੂਪ ਵਿਚ ਦ੍ਰਿੜ੍ਹ ਕਰਨ ਸਬੰਧੀ ਵਿਚਾਰਾਂ ਕਰਨ ਲੱਗੇ।

ਭਾਈ ਕਾਹਨ ਸਿੰਘ ਅਤੇ ਭਾਈ ਬਿਨੋਦ ਸਿੰਘ ਨੇ ਸਿੱਖਾਂ ਦੇ ਵੱਖ-ਵੱਖ ਜਥੇ ਬਣਾ ਕੇ, ਉਨ੍ਹਾਂ ਨੂੰ ਜਥੇਬੰਦ ਕਰਨ ਦੀ ਸਲਾਹ ਦਿੱਤੀ। ਉਸ ਸਮੇਂ ਤਕ ਸਿੱਖ ਜਥੇਬੰਦੀ ਦੇ ਦੋ ਹੀ ਮੁੱਖ ਹਿੱਸੇ ਸਨ। ਇਕ ਹਿੱਸੇ ਦੀ ਅਗਵਾਈ ਨਵਾਬ ਕਪੂਰ ਸਿੰਘ ਦੇ ਹੱਥਾਂ ਵਿਚ ਸੀ, ਜੋ ਬੁਢਾ ਦਲ ਅਖਵਾਉਂਦਾ ਸੀ। ਸ. ਸ਼ਾਮ ਸਿੰਘ ਨਾਰੋਕੇ, ਸ. ਗੁਰਬਖਸ਼ ਸਿੰਘ ਰੋੜਾਂਵਾਲਾ, ਸ. ਬਾਘ ਸਿੰਘ ਹਲੋਵਾਲੀਆ ਅਤੇ ਸ. ਭਾਮਾ ਸਿੰਘ ਆਦਿ ਇਸੇ ਦਲ ਦੇ ਪ੍ਰਮੁੱਖ ਮੈਂਬਰ ਸਨ। ਦੂਜੇ ਹਿੱਸੇ ਤਰੁਣਾ ਦਲ ਦੇ ਮੈਂਬਰਾਂ ਦੀ ਗਿਣਤੀ ਜਦੋਂ ਬਹੁਤ ਵੱਧ ਗਈ ਤਾਂ ਇਸ ਨੂੰ ਸ੍ਰੀ ਰਾਮਸਰ, ਸ੍ਰੀ ਬਿਬੇਕਸਰ, ਸ੍ਰੀ ਲਛਮਣਸਰ, ਸ੍ਰੀ ਕੌਲਸਰ ਅਤੇ ਸ੍ਰੀ ਸੰਤੋਖਸਰ ਵਿਖੇ ਕਾਇਮ ਕੀਤੇ ਪੰਜ ਕੇਂਦਰਾਂ ਦੇ ਆਧਾਰ 'ਤੇ ਪੰਜ ਜਥਿਆਂ ਵਿਚ ਵੰਡ ਦਿਤਾ। ਪਹਿਲੇ ਜਥੇ ਦੇ ਜਥੇਦਾਰ ਬਾਬਾ ਦੀਪ ਸਿੰਘ, ਦੂਜੇ ਦੇ ਜਥੇਦਾਰ ਭਾਈ ਕਰਮ ਸਿੰਘ ਤੇ ਮੀਤ ਜਥੇਦਾਰ ਭਾਈ ਧਰਮ ਸਿੰਘ, ਤੀਜੇ ਦੇ ਜਥੇਦਾਰ ਭਾਈ ਕਾਹਨ ਸਿੰਘ ਤੇ ਮੀਤ ਜਥੇਦਾਰ ਬਾਬਾ ਬਿਨੋਦ ਸਿੰਘ, ਚੌਥੇ ਦੇ ਜਥੇਦਾਰ ਭਾਈ ਦਸੌਂਧਾ ਸਿੰਘ ਕੋਟ ਬੁਢਾ ਵਾਲੇ ਅਤੇ ਪੰਜਵੇਂ ਜਥੇ ਦੇ ਜਥੇਦਾਰ ਭਾਈ ਵੀਰੂ ਸਿੰਘ ਅਤੇ ਮੀਤ ਜਥੇਦਾਰ ਭਾਈ ਜੀਵਨ ਸਿੰਘ ਰੰਘਰੇਟਾ ਥਾਪੇ ਗਏ।

'ਪੰਥ ਪ੍ਰਕਾਸ਼' ਅਤੇ ਰਤਨ ਸਿੰਘ ਭੰਗੂ ਅਨੁਸਾਰ ਹਰ ਜਥੇ ਵਿਚ 1300 ਤੋਂ 2000 ਤਕ ਮੈਂਬਰ ਸਨ। ਸਾਰੇ ਸਾਂਝੇ ਲੰਗਰ ਵਿਚ ਪ੍ਰਸ਼ਾਦਾ ਛਕਦੇ। ਕਪੜਿਆਂ ਅਤੇ ਹੋਰ ਲੋੜੀਂਦੀਆਂ ਵਸਤਾਂ ਲਈ ਸਾਂਝਾ ਸਟੋਰ ਸੀ, ਜਿਥੋਂ ਹਰ ਕੋਈ ਆਪਣੀ ਲੋੜ ਅਨੁਸਾਰ ਵਸਤਾਂ ਪ੍ਰਾਪਤ ਕਰ ਸਕਦਾ ਸੀ। ਹਰ ਜਥੇ ਦਾ ਆਪਣਾ ਵੱਖਰਾ ਨਗਾਰਾ ਅਤੇ ਝੰਡਾ ਵੀ ਸੀ। ਜਥਿਆਂ ਵਿਚਲੀ ਗਿਣਤੀ ਸਮੇਂ ਸਮੇਂ ਵਧਦੀ-ਘਟਦੀ ਰਹਿੰਦੀ ਸੀ ਕਿਉਂਕਿ ਹਰ ਇਕ ਨੂੰ ਆਪਣੀ ਇੱਛਾ ਅਨੁਸਾਰ ਜਥੇ ਦੀ ਚੋਣ ਕਰਨ ਅਤੇ ਉਸ ਵਿਚ ਸ਼ਾਮਲ ਹੋਣ ਦਾ ਅਧਿਕਾਰ ਸੀ। ਕੋਈ ਆਦਮੀ ਛੁੱਟੀ ਲਏ ਬਿਨਾਂ ਘਰ ਨਹੀਂ ਸੀ ਜਾ ਸਕਦਾ। ਸਿੱਖ ਜੋ ਚੀਜ਼ ਵੀ ਬਾਹਰੋਂ ਲਿਆਉਂਦੇ ਸਾਂਝੇ ਖ਼ਜ਼ਾਨੇ ਵਿਚ ਜਮ੍ਹਾ ਕਰਵਾ ਦਿੰਦੇ।

ਸਾਰੇ ਜਥਿਆਂ ਦੀ ਅਗਵਾਈ ਨਵਾਬ ਕਪੂਰ ਸਿੰਘ ਦੇ ਹੱਥ ਸੀ। ਪ੍ਰਿੰ. ਤੇਜਾ ਸਿੰਘ ਤੇ ਸ. ਗੰਡਾ ਸਿੰਘ ਲਿਖਤ 'ਸਿੱਖ ਇਤਿਹਾਸ' ਅਨੁਸਾਰ 'ਉਹ (ਨਵਾਬ ਕਪੂਰ ਸਿੰਘ) ਉਨ੍ਹਾਂ ਨੂੰ ਇੱਕ-ਮੁੱਠ ਰੱਖਦਾ ਸੀ। ਸੰਸਾਰਕ ਅਤੇ ਅਧਿਆਤਮਕ ਆਗੂ ਵਜੋਂ ਉਸ ਦਾ ਬਹੁਤ ਆਦਰ ਸੀ। ਉਸ ਹਥੋਂ ਅੰਮ੍ਰਿਤ ਛੱਕਣ ਵਿਚ ਬਹੁਤ ਹੀ ਮਾਣ ਮਹਿਸੂਸ ਕੀਤਾ ਜਾਂਦਾ।

ਬੁੱਢਾ ਦਲ ਵਾਲੇ ਇੱਕ ਜਗ੍ਹਾ 'ਤੇ ਟਿਕੇ ਰਹਿੰਦੇ ਪਰ ਤਰੁਣਾ ਦਲ ਦੇ ਨੌਜਵਾਨ ਕਿਧਰੇ ਨਾ ਕਿਧਰੇ ਚੜ੍ਹਾਈ ਕਰ ਮਾਰ-ਧਾੜ ਕਰਦੇ ਰਹਿੰਦੇ। ਬਾਰੀ ਦੁਆਬ ਤੋਂ ਬਾਹਰ ਨਿਕਲ ਉਹ ਹਾਂਸੀ, ਹਿਸਾਰ ਤੋਂ ਹੁੰਦੇ ਦਿੱਲੀ ਵੱਲ ਵਧਦੇ ਜਾ ਰਹੇ ਸਨ। ਸਿੱਖਾਂ ਦੀ ਇਸ ਵੱਧ ਰਹੀ ਤਾਕਤ ਤੋਂ ਦਿੱਲੀ ਦਰਬਾਰ ਭੈ-ਭੀਤ ਹੋਣ ਲੱਗ ਪਿਆ। ਉਸ ਨੂੰ ਇਹ ਸ਼ੱਕ ਪੈ ਗਿਆ ਕਿ ਜ਼ਕਰੀਆ ਖਾਨ ਸਿੱਖਾਂ ਨੂੰ ਆਪਣੇ ਹੱਥ ਕਰ ਕੇ ਦਿੱਲੀ ਦਰਬਾਰ ਵਿਰੁਧ ਬਗ਼ਾਵਤ ਕਰਨ ਦੀ ਤਿਆਰੀ ਕਰ ਰਿਹਾ ਹੈ। ਉਹ ਉਨ੍ਹਾਂ ਨੂੰ ਆਪਣੇ ਗਲੋਂ ਲਾਹ ਦਿੱਲੀ ਵਲ ਵੱਧਣ ਦਾ ਮੌਕਾ ਦੇ ਰਿਹਾ ਹੈ।

ਸਿੱਖਾਂ ਨੇ ਵੀ ਦੋ ਸਾਲਾਂ ਦੇ ਸਮੇਂ (1733-35) ਵਿਚ ਆਪਣੀ ਤਾਕਤ ਕਾਫੀ ਵਧਾ ਲਈ ਸੀ। ਉਹ ਸਮਝਦੇ ਸਨ ਕਿ ਉਨ੍ਹਾਂ ਦੀ ਵੱਧ ਰਹੀ ਤਾਕਤ ਮੁਗ਼ਲ ਹਕੂਮਤ ਸਹਿਣ ਨਹੀਂ ਕਰੇਗੀ ਅਤੇ ਉਨ੍ਹਾਂ ਨੂੰ ਮੁੜ ਜੰਗਲਾਂ ਦਾ ਸਹਾਰਾ ਲੈ ਕੇ ਜ਼ਾਲਮ ਹਕੂਮਤ ਨਾਲ ਟੱਕਰ ਲੈਣੀ ਪਵੇਗੀ। ਇਸ ਲਈ ਉਨ੍ਹਾਂ ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਕਾਫੀ ਲਾਭ ਉਠਾਇਆ। ਪ੍ਰਿੰ. ਸਤਿਬੀਰ ਸਿੰਘ ਦੇ ਸ਼ਬਦਾਂ ਵਿਚ 'ਸਭ ਜਾਣਦੇ ਸਨ ਕਿ ਇਹ ਜਾਗੀਰ ਕੋਈ ਸਦੀਵੀ ਨਹੀਂ ਹੈ ਅਤੇ ਨਵਾਬ ਕਪੂਰ ਸਿੰਘ ਵੀ ਸਮਝਦੇ ਸਨ ਕਿ ਮੌਕੇ ਦਾ ਵੱਧ ਤੋਂ ਵੱਧ ਲਾਭ ਜਥੇਬੰਦੀ ਨੂੰ ਮਜ਼ਬੂਤ ਕਰਨ ਵਿਚ ਉਠਾਣਾ ਚਾਹੀਦਾ ਹੈ। ਜਾਗੀਰ ਦੀ ਪੱਕੀ ਆਮਦਨ ਹੋਣ ਕਰ ਕੇ ਜਥੇਬੰਦੀ ਮਜ਼ਬੂਤ ਕਰਨ ਵਿਚ ਆਸਾਨੀ ਹੋ ਗਈ ਸੀ। ਜਥੇਬੰਦੀ ਨੂੰ ਪੱਕਿਆਂ ਕਰ ਕੇ ਸਿੱਖਾਂ ਨੇ ਦੂਰ-ਦੂਰ ਮੱਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਨਾਲ ਹੀ ਸਿੱਖਾਂ ਨੇ ਧਰਮ ਪ੍ਰਚਾਰ ਵੱਲ ਵੀ ਧਿਆਨ ਦਿੱਤਾ। ਵੱਧ ਰਹੇ ਪ੍ਰਚਾਰ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਦੀਆਂ ਕਥਾਵਾਂ ਨੇ ਉਨ੍ਹਾਂ ਨੂੰ ਹਰਮਨ ਪਿਆਰਾ ਬਣਾਉਣਾ ਸ਼ੁਰੂ ਕਰ ਦਿੱਤਾ। ਜ਼ਕਰੀਆ ਖਾਨ ਸਿੱਖਾਂ ਦੀ ਵੱਧ ਰਹੀ ਤਾਕਤ ਨੂੰ ਮਹਿਸੂਸ ਕਰ ਰਿਹਾ ਸੀ। ਜਦੋਂ ਉਸ ਨੇ ਮਹਿਸੂਸ ਕੀਤਾ ਕਿ ਸਿੱਖਾਂ ਦੀ ਤਾਕਤ ਵੱਧਣ ਦਾ ਇੱਕ ਕਾਰਨ ਦਿੱਤੀ ਗਈ ਜਾਗੀਰ ਹੈ ਤਾਂ ਉਸ ਨੇ ਸੰਨ 1735 ਵਿਚ ਜਾਗੀਰ ਜ਼ਬਤ ਕਰ ਲਈ। ਸਿੱਖ ਪਹਿਲਾਂ ਹੀ ਇਸ ਲਈ ਤਿਆਰ ਸਨ। ਜਾਗੀਰ ਦੀ ਜ਼ਬਤਗੀ ਸੰਕੇਤ ਸੀ ਕਿ ਮੁਗ਼ਲ ਹਕੂਮਤ ਉਨ੍ਹਾਂ ਉਪਰ ਮੁੜ ਜ਼ੁਲਮ ਦਾ ਚੱਕਰ ਚਲਾਉਣ ਲਈ ਤਿਆਰ ਹੋ ਰਹੀ ਹੈ।

ਉਹੀ ਗੱਲ ਹੋਈ ਜ਼ਕਰੀਆ ਖਾਨ ਨੇ ਸਿੱਖਾਂ ਦੀ ਵਧ ਰਹੀ ਤਾਕਤ ਨੂੰ ਤੋੜਨ ਲਈ ਸਾਰੇ ਪੰਜਾਬ ਵਿਚ ਹੰਗਾਮੀ ਹਾਲਾਤ ਦਾ ਐਲਾਨ ਕਰ ਕੇ ਹਕੂਮਤ ਦੀ ਸਾਰੀ ਤਾਕਤ ਸਿੱਖਾਂ ਵਿਰੁਧ ਝੋਂਕ ਦਿੱਤੀ। ਦੀਵਾਨ ਲਖਪਤ ਰਾਏ ਨੇ ਬੁੱਢਾ ਦਲ 'ਤੇ ਦਬਾਅ ਬਣਾ ਕੇ ਉਸ ਨੂੰ ਮਾਝੇ ਵਿਚੋਂ ਮਾਲਵੇ ਵੱਲ ਧੱਕ ਦਿੱਤਾ ਜਿਥੇ ਬਾਬਾ ਆਲਾ ਸਿੰਘ ਨੇ ਉਨ੍ਹਾਂ ਦਾ ਸੁਆਗਤ ਵੀ ਕੀਤਾ ਅਤੇ ਉਨ੍ਹਾਂ ਨੂੰ ਮਦਦ ਵੀ ਦਿੱਤੀ। ਬੁੱਢਾ ਦਲ ਅਤੇ ਬਾਬਾ ਆਲਾ ਸਿੰਘ ਨੇ ਮਿਲ ਕੇ ਸੁਨਾਮ ਅਤੇ ਸਰਹਿੰਦ ਉਤੇ ਕਬਜ਼ਾ ਕਰ ਲਿਆ। ਇਸ ਪਿਛੋਂ ਉਹ ਦੀਵਾਲੀ ਮਨਾਉਣ ਲਈ ਸ੍ਰੀ ਅੰਮ੍ਰਿਤਸਰ ਵਲ ਵਧ ਰਹੇ ਸਨ ਕਿ ਲਖਪਤ ਰਾਏ ਨੇ ਭਾਰੀ ਫੌਜ ਨਾਲ ਹਮਲਾ ਕਰ ਦਿੱਤਾ। ਇਸੇ ਸਮੇਂ ਤਰੁਣਾ ਦਲ ਦੇ ਜਥੇ ਉਨ੍ਹਾਂ ਦੀ ਮਦਦ ਲਈ ਪੁਜ ਗਏ। ਜਿਨ੍ਹਾਂ ਮੁਗ਼ਲ ਫੌਜ ਨੂੰ ਘੇਰ ਉਸ ਨੂੰ ਤੱਕੜੀ ਮਾਰ ਦਿੱਤੀ। ਇਸ ਹੱਲੇ ਵਿਚ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ, ਪ੍ਰਮੁੱਖ ਫੌਜਦਾਰ ਜਮਾਲ ਖਾਨ ਅਤੇ ਤਾਤਾਰ ਖਾਨ ਮਾਰੇ ਗਏ।

ਇਸ ਜਿੱਤ ਨੇ ਸਿੱਖਾਂ ਦੇ ਹੌਸਲੇ ਹੋਰ ਬੁਲੰਦ ਕਰ ਦਿੱਤੇ ਅਤੇ ਉਨ੍ਹਾਂ ਦੀਵਾਲੀ ਸ੍ਰੀ ਅੰਮ੍ਰਿਤਸਰ ਜਾ ਮਨਾਈ। ਜ਼ਕਰੀਆ ਖਾਨ ਨੂੰ ਜਦੋਂ ਆਪਣੀ ਫੌਜ ਦੀ ਹਾਰ ਦਾ ਪਤਾ ਲੱਗਾ ਤਾਂ ਉਹ ਤੜਪ ਉਠਿਆ। ਉਸ ਨੇ ਦਿਲ ਦਾ ਗੁਬਾਰ ਕੱਢਣ ਲਈ ਸਿੱਖਾਂ 'ਤੇ ਜ਼ੁਲਮ ਦਾ ਚੱਕਰ ਹੋਰ ਵੀ ਤੇਜ਼ ਕਰ ਦਿੱਤਾ। ਇਸ ਸਮੇਂ ਦੇ ਹਾਲਾਤ ਦਾ ਜ਼ਿਕਰ 'ਪੰਥ ਪ੍ਰਕਾਸ਼' ਵਿਚ ਇਸ ਤਰ੍ਹਾਂ ਕੀਤਾ ਗਿਆ ਹੈ,

ਜੋ ਸਿੰਘਨ ਕੋ ਕੋਊ ਲੁਕਾਵੈ।
ਸੋ ਵਹਿ ਅਪਨੀ ਜਾਨ ਗਵਾਵੈ।
ਆਏ ਸਿੰਘ ਬਤਾਵੈ ਨਾਹੀਂ।
ਵੈ ਭੀ ਅਪਨੀ ਜਿੰਦ ਗਵਾਹੀ
ਜੋ ਸਿੰਘਨ ਕੋ ਦੇਵੈ 'ਨਾਜ।
ਮੁਸਲਮਾਨ ਕਹੋ ਤਿਸ ਕਾਜ।

ਪ੍ਰਿੰ. ਸਤਿਬੀਰ ਸਿੰਘ ਅਨੁਸਾਰ, ਸਿੱਖ ਅਤਿਆਚਾਰ ਸਹਿਣ ਲਈ ਤਿਆਰ ਸਨ। ਭਾਵੇਂ ਜਥੇਬੰਦੀ ਦਾ ਕੇਂਦਰ ਟੁੱਟ ਗਿਆ ਪਰ ਕਨਿੰਘਮ ਦੇ ਕਥਨ ਅਨੁਸਾਰ, ਸਿੱਖ ਅਜਿਹੀ ਤਾਰ ਨਾਲ ਜੁੜੇ ਹੋਏ ਸਨ ਕਿ ਇੱਕ-ਦੂਜੇ ਦਾ ਦਰਦ ਉਹ ਇਕ-ਦਮ ਮਹਿਸੂਸ ਕਰਨ ਲੱਗ ਪੈਂਦੇ ਸਨ। ਕਨ੍ਹਈਆ ਲਾਲ ਦੇ ਸ਼ਬਦਾਂ ਵਿਚ, ਹਜ਼ਾਰਾਂ ਸਿੱਖ ਕਤਲ ਹੋਏ ਹਜ਼ਾਰਾਂ ਤਬਾਹ ਤੇ ਬਰਬਾਦ ਹੋਏ ...ਰਹਿੰਦੇ ਪਹਾੜਾਂ ਵਲ ਨਿਕਲ ਗਏ ਅਤੇ ਸਿੱਖਾਂ ਦਾ ਦੇਸ਼ ਮਾਝਾ ਬਿਲਕੁਲ ਉਜੜ ਗਿਆ।

(ਚਲਦਾ...)

# ਕੁਝ ਕਹਿਣ ਲਿਖਣ ਨੂੰ ਜੀ ਕਰਦੈ

ਬਰਖੁਰਦਾਰ ਅਮੋਲਕ ਸਿੰਘ,

ਪੰਜਾਬ ਟਾਈਮਜ਼ ਬਹੁਤ ਹੀ ਪਿਆਰਾ ਅਖਬਾਰ ਹੈ। ਸਿਹਤ ਦੀਆਂ ਮਜਬੂਰੀਆਂ ਦੇ ਬਾਵਜੂਦ ਜਿਸ ਤਰ੍ਹਾਂ ਮਿਹਨਤ ਅਤੇ ਹਿੰਮਤ ਨਾਲ ਤੂੰ ਇਹ ਪਰਚਾ ਕੱਢ ਰਿਹਾ ਹੈਂ, ਮੈਨੂੰ ਬਰਖੁਰਦਾਰ ਤੇਰੇ 'ਤੇ ਮਾਣ ਹੈ। ਪਿਛਲੇ ਕੁਝ ਸਮੇਂ ਤੋਂ ਸ. ਅਜਮੇਰ ਸਿੰਘ ਦੀਆਂ ਤਿੰਨ ਪੁਸਤਕਾਂ ਬਾਰੇ ਪੰਜਾਬ ਟਾਈਮਜ਼ ਵਿਚ ਇਕ ਤਰ੍ਹਾਂ ਦੀ ਬਹਿਸ ਅਤੇ ਵਿਚਾਰ-ਚਰਚਾ ਚੱਲ ਰਹੀ ਹੈ, ਅਜਿਹੀ ਚਰਚਾ ਬਹੁਤ ਘੱਟ ਪੁਸਤਕਾਂ ਬਾਰੇ ਹੋਈ ਹੈ। ਅਜਮੇਰ ਸਿੰਘ ਖੁਸ਼ ਹੋਣਗੇ ਕਿ ਇਤਨੀ ਆਲੋਚਨਾ ਤੇ ਚਰਚਾ ਪਿਛੋਂ ਉਨ੍ਹਾਂ ਦੀਆਂ ਕਿਤਾਬਾਂ ਉਹ ਲੋਕ ਵੀ ਪੜ੍ਹਨਗੇ ਜਿਨ੍ਹਾਂ ਨੂੰ ਪੜ੍ਹਨ ਦਾ ਸ਼ੌਕ ਨਹੀਂ। ਖਾੜਕੂ ਲਹਿਰ ਦੇ ਹੱਕ ਅਤੇ ਵਿਰੁਧ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ। ਮੇਰਾ ਯਕੀਨ ਹੈ ਕਿ ਦੋਹਾਂ ਪਾਸਿਆਂ ਤੋਂ ਕੋਈ ਵੀ ਦੂਜੇ ਦੀ ਦਲੀਲ ਨਾਲ ਸਹਿਮਤ ਨਹੀਂ ਹੋਣ ਲੱਗਾ ਪਰ ਪਾਠਕਾਂ ਲਈ ਇਹ ਬਹਿਸ ਆਪਣੀ ਸੋਚ ਨੂੰ ਸਾਵੀਂ ਕਰਨ ਦਾ ਮੌਕਾ ਹੋਵੇਗੀ। ਕਈ ਵਿਦਵਾਨਾਂ ਦੇ ਵਿਚਾਰ ਛਪੇ ਹਨ ਜਿਨ੍ਹਾਂ ਵਿਚੋਂ ਕਈਆਂ ਦਾ ਲਿਖਣ ਢੰਗ ਸਰਲ ਅਤੇ ਸੌਖਾ ਨਹੀਂ। ਹਿੰਦੀ-ਸੰਸਕ੍ਰਿਤ ਵਿਚ ਲਿਪਟੇ ਲੰਮੇ ਲੰਮੇ ਵਾਕ ਸਮਝ ਵਿਚ ਨਹੀਂ ਪੈਂਦੇ। ਪ੍ਰਿੰ. ਤੇਜਾ ਸਿੰਘ, ਗੁਰਬਚਨ ਸਿੰਘ ਤਾਲਿਬ ਅਤੇ ਸੰਤ ਸਿੰਘ ਸੇਖੋਂ ਲੰਮੇ ਅਤੇ ਔਖੇ ਫਿਕਰੇ ਨਹੀਂ ਸਨ ਵਰਤਦੇ। ਨਿੱਕੇ ਨਿੱਕੇ ਫਿਕਰੇ ਜੇਕਰ ਅਰਥ ਭਰਪੂਰ ਹੋਣ ਤਾਂ ਯਾਦ ਰੱਖਣੇ ਸੌਖੇ ਹੁੰਦੇ ਹਨ।

ਇਤਿਹਾਸ ਘਟਨਾਵਾਂ ਨੂੰ ਲਿਖਤੀ ਰੂਪ ਦੇਣ ਦਾ ਨਾਂ ਹੀ ਹੈ। ਹਰ ਆਦਮੀ ਦਾ ਆਪੋ ਆਪਣਾ ਨਜ਼ਰੀਆ ਹੈ। ਜਿਵੇਂ ਅੱਜ ਕੱਲ ਪੰਜਾਬ ਵਿਚ ਰੈਲੀਆਂ ਦਾ ਦੌਰ ਹੈ। ਹਰ ਅਖਬਾਰ ਇਨ੍ਹਾਂ ਰੈਲੀਆਂ ਦੀ ਸੁਰਖੀ ਆਪੋ ਆਪਣੇ ਖਿਆਲ ਅਨੁਸਾਰ ਲਿਖਦਾ ਹੈ। ਰੈਲੀਆਂ ਦਾ ਪ੍ਰਭਾਵ ਵੀ ਅੱਡੋ ਅੱਡ ਲਿਖਿਆ ਜਾਂਦਾ ਹੈ। ਸਿਆਣੇ ਪਾਠਕ ਆਪ ਹੀ ਅੰਦਾਜ਼ਾ ਲਾ ਲੈਂਦੇ ਹਨ ਕਿ ਅਸਲੀਅਤ ਕੀ ਹੈ? ਜੂਨ 1984 ਵਿਚ ਦਰਬਾਰ ਸਾਹਿਬ ਉਤੇ ਫੌਜੀ ਕਾਰਵਾਈ ਨੂੰ ਹੀ ਲੈ ਲਓ, ਕਾਫੀ ਲੋਕ ਇਹ ਕਹਿੰਦੇ ਹਨ ਕਿ ਇਸ ਕਾਰਵਾਈ ਵਿਚ ਬੇਸ਼ਕ ਫੌਜ ਦਾ ਵੀ ਨੁਕਸਾਨ ਹੋਇਆ ਪਰ ਜਨਰਲ ਸੁਬੇਗ ਸਿੰਘ ਦੇ ਮੋਰਚਿਆਂ ਅਤੇ ਬਹੁਤ ਖਤਰਨਾਕ ਹਥਿਆਰਾਂ ਨਾਲ ਲੈਸ ਬੰਦਿਆਂ ਦਾ ਪੰਜ ਕੁ ਦਿਨਾਂ ਵਿਚ ਹੀ ਸਫਾਇਆ ਕਰ ਦਿੱਤਾ ਗਿਆ। ਭਾਰਤੀ ਫੌਜ ਬਹੁਤ ਬਹਾਦਰ ਹੈ। ਇਸ ਸਥਿਤੀ ਦਾ ਦੂਜਾ ਪੱਖ ਇਹ ਵੀ ਹੈ ਕਿ ਮੁੱਠੀ ਭਰ ਸਿੰਘ ਸੂਰਮਿਆਂ ਨੇ ਭਾਰਤ ਦੀ ਫੌਜ ਦਾ ਪੰਜ ਦਿਨ ਜ਼ਬਰਦਸਤ ਮੁਕਾਬਲਾ ਕੀਤਾ ਅਤੇ ਇਸ ਨੇ ਸਾਰਾਗੜ੍ਹੀ ਦੇ 11 ਸਿੰਘਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਬੇਸ਼ਕ ਸਾਰਾਗੜ੍ਹੀ ਵਿਚ ਜਿੱਤ ਕਬਾਇਲੀਆਂ ਦੀ ਹੋਈ, ਕਿਉਂਕਿ ਉਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਸੀ ਪਰ ਬਹਾਦਰੀ ਦਾ ਖਿਤਾਬ ਹਵਾਲਦਾਰ ਈਸ਼ਰ ਸਿੰਘ ਅਤੇ ਉਸ ਦੇ ਸਾਥੀਆਂ ਦੀ ਝੋਲੀ ਪਿਆ। ਇਹ ਦੋਵੇਂ ਨਜ਼ਰੀਏ ਗਲਤ ਨਹੀਂ ਹਨ, ਆਪੋ ਆਪਣੀ ਥਾਂ ਠੀਕ ਹਨ।

ਮੈਨੂੰ ਜਾਪਦਾ ਹੈ ਕਿ ਸ. ਅਜਮੇਰ ਸਿੰਘ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ ਕਿ ਗੁਰੂਆਂ ਅਤੇ ਪੀਰਾਂ ਦੀ ਧਰਤੀ ਪੰਜਾਬ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਅਤੇ ਹਮਲਾਵਰਾਂ ਤੋਂ ਬਚਾਉਣ ਲਈ ਸਿੱਖਾਂ ਦੀ ਵਡਮੁੱਲੀ ਦੇਣ ਹੈ। ਦੇਸ਼ ਦੀ ਆਜ਼ਾਦੀ ਲਈ ਵੀ ਇਨ੍ਹਾਂ ਨੇ ਬਹੁਤ ਕੁਰਬਾਨੀ ਦਿੱਤੀ ਪਰ ਇਤਿਹਾਸ ਲਿਖਣ ਵਾਲੇ ਸਿੱਖਾਂ ਦੇ ਰੋਲ ਨੂੰ ਅਣਗੌਲਿਆਂ ਕਰਦੇ ਰਹੇ। ਕੌਮਪ੍ਰਸਤੀ ਜਾਂ ਨੈਸ਼ਨਲਿਜ਼ਮ ਚੰਗੀ ਗੱਲ ਹੈ ਪ੍ਰੰਤੂ ਇਸ ਦਾ ਹਊਆ ਲੇਖਕਾਂ ਦੀ ਕਲਮ ਨੂੰ ਫੜ ਲੈਂਦਾ ਹੈ ਅਤੇ ਘੱਟਗਿਣਤੀਆਂ ਦਾ ਬਣਦਾ ਹੱਕ ਵੀ ਨੈਸ਼ਨਲਿਜ਼ਮ ਦੀ ਭੇਟ ਚੜ੍ਹ ਜਾਂਦਾ ਹੈ। ਸ. ਅਜਮੇਰ ਸਿੰਘ ਇਸ ਹਊਏ ਤੋਂ ਡਰਦਾ ਨਹੀਂ ਪਰ ਕਿਤੇ ਕਿਤੇ ਮਰਜੀਵੜਿਆਂ ਉਤੇ ਜ਼ਿਆਦਾ ਹੀ ਮਿਹਰਬਾਨ ਹੋ ਜਾਂਦਾ ਹੈ। ਇਹ ਕਿਤਾਬਾਂ ਇਸੇ ਨਜ਼ਰੀਏ ਦੀ ਹੀ ਉਪਜ ਹਨ।

ਮੈਂ ਇਤਿਹਾਸ ਦਾ ਵਿਦਿਆਰਥੀ ਨਹੀਂ ਪਰ ਇਤਿਹਾਸ ਪੜ੍ਹਨਾ ਮੇਰਾ ਸ਼ੌਕ ਹੈ। ਕੁਝ ਇਤਿਹਾਸਕਾਰਾਂ ਦਾ ਖਿਆਲ ਹੈ ਕਿ 1857 ਦੇ ਗਦਰ ਨੂੰ ਆਜ਼ਾਦੀ ਦੀ ਲੜਾਈ ਕਹਿਣਾ ਠੀਕ ਨਹੀਂ, ਇਹ ਤਾਂ ਫੌਜ ਦੇ ਕੁਝ ਦਸਤਿਆਂ ਵਲੋਂ ਬਗਾਵਤ ਸੀ। ਅੰਗਰੇਜ਼ਾਂ ਨੂੰ ਕੱਢਣ ਲਈ ਜੋਸ਼ ਤਾਂ ਸੀ ਪਰ ਹੋਸ਼ ਨਹੀਂ। ਸਿੱਖਾਂ ਦੀਆਂ ਪਲਟਣਾਂ ਨੇ ਇਸ ਬਗਾਵਤ ਨੂੰ ਖਤਮ ਕਰਨ ਵਿਚ ਅੰਗਰੇਜ਼ਾਂ ਦਾ ਸਾਥ ਦਿੱਤਾ। ਬਾਕੀ ਬਚਦੀ ਫੌਜ, ਜਿਸਨੇ ਬਗਾਵਤ ਨਹੀਂ ਸੀ ਕੀਤੀ, ਉਹ ਵੀ ਅੰਗਰੇਜ਼ਾਂ ਲਈ ਬਗਾਵਤ ਕੁਚਲਣ ਵਿਚ ਸਹਾਈ ਸਾਬਤ ਹੋਈ। ਇਤਿਹਾਸਕਾਰ ਉਸ ਬਾਕੀ ਫੌਜ ਦੇ ਰੋਲ ਬਾਰੇ ਕਦੇ ਕੁਝ ਨਹੀਂ ਕਹਿੰਦੇ, ਪਰ ਸਿੱਖਾਂ ਨੂੰ ਜ਼ਰੂਰ 1857 ਦੇ ਗਦਰ ਵਿਰੁਧ ਭੁਗਤਣ ਦਾ ਦੋਸ਼ੀ ਠਹਿਰਾਉਂਦੇ ਹਨ। ਇਸ ਘਟਨਾ ਤੋਂ 15 ਕੁ ਸਾਲ ਪਹਿਲਾਂ ਸਿੱਖਾਂ ਦੀਆਂ ਅੰਗਰੇਜ਼ਾਂ ਨਾਲ ਮੁਦਕੀ ਅਤੇ ਸਭਰਾਵਾਂ ਦੀਆਂ ਲੜਾਈਆਂ ਹੋਈਆਂ। ਇਹ ਜੰਗਾਂ ਗੋਰਿਆਂ ਦੀ ਗੁਲਾਮੀ ਨੂੰ ਪੰਜਾਬ ਤੋਂ ਪਰਾਂ ਰੱਖਣ ਲਈ ਹੀ ਤਾਂ ਸੀ। ਗੋਰਿਆਂ ਦੀ ਫੌਜ ਵਿਚ ਅਫਸਰਾਂ ਤੋਂ ਛੁਟ ਬਾਕੀ ਨਫਰੀ ਤਾਂ ਭਾਰਤੀਆਂ (ਪੁਰਬੀਆਂ) ਦੀ ਹੀ ਸੀ। ਸਵਾਲ ਹੈ ਕਿ

**ਖਿਆਲ ਆਪੋ ਆਪਣਾ**

ਇਤਿਹਾਸਕਾਰ ਇਸ ਨਫਰੀ ਨੂੰ ਦੇਸ਼ਧ੍ਰੋਹੀ ਕਿਉਂ ਨਹੀਂ ਕਹਿੰਦੇ? ਇਨ੍ਹਾਂ ਨੇ ਤਾਂ ਆਪਣੇ ਦੇਸ਼ ਦੀ ਖਾਲਸਾ ਫੌਜ ਦੇ ਖਿਲਾਫ ਅੰਗਰੇਜ਼ਾਂ ਦੀ ਸਹਾਇਤਾ ਕੀਤੀ ਸੀ। ਸ਼ਾਹ ਮੁਹੰਮਦ ਨੇ ਠੀਕ ਹੀ ਲਿਖਿਆ ਸੀ, "ਜੰਗ ਹਿੰਦ ਪੰਜਾਬ ਦਾ ਹੋਣ ਲੱਗਾ...।" ਕਾਫੀ ਲੋਕ ਇਸ ਕੋਤਾਹੀ ਨੂੰ ਸਹੀ ਨਹੀਂ ਸਮਝਦੇ। ਸ਼ਾਇਦ ਅਜਮੇਰ ਸਿੰਘ ਵੀ ਉਨ੍ਹਾਂ ਵਿਚੋਂ ਇਕ ਹੈ।

ਅਜਮੇਰ ਸਿੰਘ ਦੀਆਂ ਪੁਸਤਕਾਂ ਕੋਈ ਪੂਰਨ ਸੱਚ ਨਹੀਂ ਹਨ, ਕੇਵਲ ਵੱਖਰੀ ਕਿਸਮ ਦਾ ਨਜ਼ਰੀਆ ਹੈ। ਇਨ੍ਹਾਂ ਪੁਸਤਕਾਂ ਵਿਚ ਫੂਲਕੀਆ ਰਿਆਸਤ ਦੇ ਰੋਲ ਨੂੰ ਕਿਤੇ ਵੀ ਸਲਾਹਿਆ ਨਹੀਂ ਗਿਆ। ਹਾਲਾਂਕਿ ਇਸ ਰਿਆਸਤ ਦੇ ਰਾਜਿਆਂ ਨੇ ਹਜ਼ਾਰ ਕਮੀਆਂ ਦੇ ਬਾਵਜੂਦ ਕੁਝ ਚੰਗੇ ਕੰਮ ਵੀ ਕੀਤੇ ਸਨ। ਜਦੋਂ ਪਟਿਆਲਾ ਰਿਆਸਤ ਦੀ ਰਾਜਧਾਨੀ ਬਰਨਾਲਾ ਸੀ ਤਾਂ ਮਹਾਰਾਜਾ ਆਲਾ ਸਿੰਘ ਦੀ ਪਤਨੀ ਵਿਦੇਸ਼ੀ ਹਮਲਾਵਰਾਂ ਦੇ ਜਖ਼ਮੀ ਕੀਤੇ ਸਿੱਖਾਂ ਦੀ ਮੱਲ੍ਹਮ-ਪੱਟੀ ਅਤੇ ਚੰਗੇ ਭੋਜਨ ਦਾ ਪ੍ਰਬੰਧ ਆਪ ਕਰਦੀ ਸੀ। ਤਕੜੇ ਹੋ ਕੇ ਸਿੰਘ ਫਿਰ ਲੜਾਈ ਲਈ ਤਿਆਰ ਹੋ ਜਾਂਦੇ ਸਨ। ਪਾਕਿਸਤਾਨ ਬਣਨ ਪਿਛੋਂ ਮਹਾਰਾਜਾ ਯਾਦਵਿੰਦਰ ਸਿੰਘ ਨੇ ਪਟਿਆਲਾ ਵਿਚ ਸ਼ਰਨਾਰਥੀਆਂ ਦੀ ਸੰਭਾਲ ਲਈ ਬਹੁਤ ਵਧੀਆ ਕੰਮ ਕੀਤਾ।

ਜੇ ਸਹੀ ਮਾਅਨਿਆਂ ਦਾ ਖਾਲਿਸਤਾਨ ਪੰਜਾਬ ਦੀ ਧਰਤੀ 'ਤੇ ਆ ਜਾਵੇ ਤਾਂ ਉਹ ਬੜਾ ਸੁਭਾਗਾ ਦਿਨ ਹੋਵੇਗਾ। ਪਰ ਸਵਾਲ ਇਹ ਹੈ ਕਿ ਸਾਡੇ ਲੋਕ ਜੋ ਝੂਠ, ਫਰੇਬ, ਦਗਾਬਾਜ਼ੀ, ਲੁੱਟ ਖਸੁੱਟ, ਚੋਰੀ-ਠੱਗੀ ਦੇ ਸਮੁੰਦਰ ਵਿਚ ਡੁੱਬੇ ਹੋਏ ਹਨ, ਉਹ ਅਸਲੀ ਖਾਲਿਸਤਾਨ ਦੇ ਸਹੀ ਵਾਰਸ ਹੋਣਗੇ? ਜੇ ਵੀਜ਼ਾ ਲੱਗਣਾ ਸੌਖਾ ਹੋ ਜਾਵੇ ਤਾਂ ਸਾਰਾ ਪੰਜਾਬ, ਖਾਸ ਕਰ ਕੇ ਸਿੱਖ ਬਾਹਰ ਆਉਣ ਨੂੰ ਕਮਰ ਕੱਸੇ ਕਰੀ ਬੈਠੇ ਹਨ। ਫਿਰ ਖਾਲਿਸਤਾਨ ਕਿਸ ਲਈ? ਛੇ ਕੁ ਮਹੀਨੇ ਪਹਿਲਾਂ ਮੇਰੇ ਇਕ ਚੰਗੇ ਵਾਕਿਫ ਨੇ ਪੰਜਾਬ ਦੀ ਫੇਰੀ ਪਾਈ। ਉਹ ਖਾਲਿਸਤਾਨ ਦਾ ਪੁਰਜ਼ੋਰ ਹਾਮੀ ਹੈ। ਮੈਂ ਪੁੱਛਿਆ, ਫੇਰੀ ਕੈਸੀ ਰਹੀ? ਜਵਾਬ ਸੀ, ਫੇਰੀ ਕਾਹਦੀ? ਮੈਂ ਆਪਣੇ ਜਿਸ ਭਰਾ ਦੀ ਇਥੇ ਪਟੀਸ਼ਨ ਕੀਤੀ ਹੋਈ ਹੈ ਉਸ ਨੇ ਸੜਕ ਦੇ ਨਾਲ ਲੱਗਦੀ ਸਾਰੀ ਜ਼ਮੀਨ ਆਪਣੇ ਨਾਂ ਕਰਵਾ ਲਈ, ਕਿਉਂਕਿ ਉਹ ਮਹਿੰਗੀ ਹੈ ਅਤੇ ਮੇਰੇ ਲਈ ਪਿਛਲੇ ਪਾਸੇ ਕਾਫੀ ਘੱਟ ਮੁੱਲ ਵਾਲੀ ਜ਼ਮੀਨ ਛੱਡ ਦਿੱਤੀ। ਹੁਣ ਸੋਚਦਾਂ, ਕੀਤੀ ਪਟੀਸ਼ਨ ਹੀ ਰੱਦ ਕਰਵਾ ਦਿਆਂ। ਮੈਂ ਆਪਣੇ ਹਿੱਸੇ ਦੀ ਜ਼ਮੀਨ ਵੇਚ ਕੇ ਮੁੜ ਕਦੇ ਪੰਜਾਬ ਨਹੀਂ ਜਾਵਾਂਗਾ। ਪੰਜਾਬ ਤਾਂ ਹੁਣ ਫਰੇਬਸਤਾਨ ਜਾਂ ਝੂਠਸਤਾਨ ਬਣ ਗਿਆ ਹੈ।

ਮੇਰੀ ਬੇਨਤੀ ਹੈ ਕਿ ਪੰਜਾਬ ਵਿਚ ਚੰਗੇ ਦਿਨ ਆਉਣੇ ਔਖੇ ਤਾਂ ਹਨ ਪਰ ਅਸੰਭਵ ਨਹੀਂ। ਲੋਕਾਂ ਵਿਚ ਸਿਰ ਅਰਪਨ ਕਰਨ ਦੀ ਹਿੰਮਤ ਤਾਂ ਹੈ ਪਰ ਸਿਰ ਵਰਤਣ ਦੀ ਸੋਝੀ ਨਹੀਂ। ਵਿਦੇਸ਼ਾਂ ਵਿਚ ਵਸਦੇ ਵੀਰ ਪੰਜਾਬ ਦੇ ਲੋਕਾਂ ਲਈ ਬਹੁਤ ਕੁਝ ਕਰ ਸਕਦੇ ਹਨ। ਵਿਦੇਸ਼ਾਂ ਵਿਚ ਵਸਦੇ ਪੰਜਾਬੀ ਮਾਇਆ ਵਲੋਂ ਸੌਖੇ ਹਨ। ਪੰਜਾਬ ਨਾਲ ਪਿਆਰ ਵੀ ਹੈ, ਬਾਬਿਆਂ ਅਤੇ ਸਿਆਸੀ ਲੀਡਰਾਂ ਨੂੰ ਦਿਲ ਖੋਲ੍ਹ ਕੇ ਮਾਇਆ ਦਿੰਦੇ ਹਨ, ਜਦੋਂ ਕਦੀ ਪੰਜਾਬ ਜਾਂਦੇ ਹਨ ਤਾਂ ਆਪਣੇ ਰਿਸ਼ਤੇਦਾਰਾਂ ਦੇ ਮਨਪ੍ਰਚਾਵੇ ਲਈ ਵੀ ਬਥੇਰਾ ਕੁਝ ਕਰਦੇ ਹਨ ਅਤੇ ਇੰਜ ਪੰਜਾਬ ਦੇ ਲੋਕਾਂ ਦੀਆਂ ਆਦਤਾਂ ਵਿਗਾੜ ਛੱਡਦੇ ਹਨ ਜੋ ਹਰ ਜਾਇਜ਼, ਨਾਜਾਇਜ਼ ਢੰਗ ਵਰਤ ਕੇ ਵਿਦੇਸ਼ ਪਹੁੰਚਣ ਲਈ ਉਤਾਵਲੇ ਹੋ ਜਾਂਦੇ ਹਨ। ਸਹੀ ਗੱਲ ਤਾਂ ਇਹ ਹੈ ਕਿ ਰੱਜੇ ਪੁੱਜੇ ਪਰਵਾਸੀ ਵੀਰ ਪੰਜਾਬ ਵਿਚ ਰਹਿਣਾ ਮੁਸ਼ਕਿਲ ਹੁੰਦੇ ਹੋਏ ਵੀ ਉਥੇ ਲੰਮਾ ਸਮਾਂ ਰਹਿ ਕੇ ਲੋਕਾਂ ਨੂੰ ਵਰਕ ਕਲਚਰ ਸਮਝਾਉਣ। ਦੱਸਣ ਕਿ ਡਾਲਰ ਦਰਖਤਾਂ ਨੂੰ ਨਹੀਂ ਲੱਗਦੇ, ਮਿਹਨਤ ਕਰਨੀ ਪੈਂਦੀ ਹੈ। ਇਮਾਨਦਾਰੀ ਨਾਲ ਕੀਤਾ ਕੰਮ ਸਲਾਹਿਆ ਜਾਂਦਾ ਹੈ। ਪੰਜਾਬ ਵਿਚ ਛੋਟੇ ਛੋਟੇ ਪ੍ਰਾਜੈਕਟ ਲਾਉਣ ਅਤੇ ਵਿਹਲੜਾਂ ਲਈ ਰੁਜ਼ਗਾਰ ਦੇ ਸਾਧਨ ਪੈਦਾ ਕਰਨ। ਜੇ ਘਾਟਾ ਵੀ ਪੈਂਦਾ ਰਹੇ ਤਾਂ ਕੋਈ ਗੱਲ ਨਹੀਂ। ਬਾਬਿਆਂ ਅਤੇ ਲੀਡਰਾਂ ਲਈ ਵੀ ਤਾਂ ਪੈਸਾ ਪਾਣੀ ਵਾਂਗ ਰੋੜ੍ਹਦੇ ਹੀ ਹਨ। ਮੈਂ ਬਾਬਿਆਂ ਅਤੇ ਲੀਡਰਾਂ ਦੇ ਖਿਲਾਫ ਨਹੀਂ ਪਰ ਮੇਰੀ ਬੇਨਤੀ ਹੈ ਕਿ ਉਹ ਪੰਜਾਬ ਦੀ ਸਾਰ ਲੈਣ। ਪੰਜਾਬ ਦੀਆਂ ਅਲਾਮਤਾਂ ਨੂੰ ਦੂਰ ਕਰਨਾ ਸੌਖਾ ਨਹੀਂ ਪਰ ਜੇ ਸਾਡਾ ਉਸ ਧਰਤੀ ਨਾਲ ਪਿਆਰ ਹੈ ਤਾਂ ਹਿੰਮਤ ਤਾਂ ਕਰਨੀ ਹੀ ਪਵੇਗੀ, ਕੁਰਬਾਨੀ ਤਾਂ ਦੇਣੀ ਹੀ ਪਵੇਗੀ।

ਮੇਰੀ ਬੇਨਤੀ ਹੈ ਕਿ ਖਾਲਿਸਤਾਨ ਬਣਾਉਣ ਦੇ ਨਾਅਰੇ ਲਾਉਣ ਵਾਲੇ ਪੰਜਾਬ ਨੂੰ ਆਪਣਾ ਘਰ ਤਾਂ ਬਣਾਉਣ, ਨਿਰ੍ਹੇ ਨਾਅਰੇ ਲਾਉਣ ਨਾਲ ਕੁਝ ਨਹੀਂ ਬਣਨਾ। ਜੇ ਪਰਵਾਸੀ ਪੰਜਾਬੀ ਉਥੇ ਜਾ ਕੇ ਚੰਗੀਆਂ ਮਿਸਾਲਾਂ ਪੇਸ਼ ਕਰਨਗੇ ਤਾਂ ਲੋਕ ਵੀ ਚੰਗੇ ਬਣ ਜਾਣਗੇ। ਇਮਾਨਦਾਰ ਅਤੇ ਚੰਗੇ ਆਚਰਣ ਵਾਲੇ ਲੋਕ ਵਿਧਾਇਕ ਬਣਨਗੇ ਜੋ ਅਜਿਹਾ ਮੁੱਖ ਮੰਤਰੀ ਚੁਣਨਗੇ ਜੋ ਕੇਂਦਰ ਅੱਗੇ ਗੋਡੇ ਨਹੀਂ ਟੇਕੇਗਾ। ਪੱਛਮੀ ਬੰਗਾਲ ਵਿਚ ਜੋਤੀ ਬਸੂ 17 ਸਾਲ ਮੁੱਖ ਮੰਤਰੀ ਰਿਹਾ, ਕੋਈ ਇੰਦਰਾ ਲਹਿਰ ਉਸ ਨੂੰ ਹਟਾ ਨਾ ਸਕੀ। ਪੰਜਾਬ ਵਿਚ ਕਦੀ ਇਕ ਆਈ ਜੀ ਪੁਲਿਸ ਹੁੰਦਾ ਸੀ, ਹੁਣ ਗਿਣਤੀ ਕਰਨੀ ਔਖੀ ਹੈ। ਇਸ ਸਭ ਕਾਸੇ ਦਾ ਖਰਚਾ ਪੰਜਾਬ ਦਾ ਲੱਕ ਤੋੜ ਰਿਹਾ ਹੈ। ਖਾਲਿਸਤਾਨ ਵਿਚ ਇੰਨੀ ਪੁਲਿਸ ਨਫਰੀ ਦੀ ਲੋੜ ਨਹੀਂ ਹੋਵੇਗੀ। ਸੈਂਟਰ ਤੋਂ ਹਿੰਮਤ ਨਾਲ ਆਪਣਾ ਹੱਕ ਮੰਗਣਾ ਜਾਇਜ਼ ਹੋਵੇਗਾ ਅਤੇ ਕਰਜ਼ੇ ਚੁੱਕਣ ਦੀ ਨੌਬਤ ਨਹੀਂ ਆਏਗੀ। ਅਜਿਹਾ ਖਾਲਿਸਤਾਨ ਦੁਨੀਆਂ ਲਈ ਚਾਨਣ ਮੁਨਾਰਾ ਹੋਵੇਗਾ। ਦੁਨੀਆਂ ਉਸ ਦੀ ਕਦਰ ਕਰੇਗੀ।

ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ
ਪ੍ਰਿੰਸੀਪਲ (ਸੇਵਾਮੁਕਤ)
ਫੋਨ:925-683-1982

# ਧਰਮ ਅਧਾਰਤ ਵੰਡ ਦਾ ਦੁਖਾਂਤ ਤੇ ਮੇਰੀ ਕਹਾਣੀ ਦਾ ਪਿਛੋਕੜ

**ਕਰਤਾਰ ਸਿੰਘ ਦੁੱਗਲ**

ਮੇਰੀ ਕੁੱਛੜ ਸ਼ਬਨਮ ਸੀ। ਨੰਗ-ਮੁਨੰਗੀ, ਗੁਲਾਬੀ, ਗੋਰੇ, ਮਾਸ ਦੀ ਲਚ-ਲਚ ਕਰਦੀ ਗੁੱਡੀ। ਕੋਠੀ ਵਿਚੋਂ ਨਿਕਲ ਹੌਲੇ-ਹੌਲੇ ਤੁਰਦੇ ਅਸੀਂ ਸੜਕ ਕੰਢੇ ਪੁਜ ਗਏ ਸਾਂ, ਮੈਂ ਤੇ ਉਸ ਦੀ ਅੰਮੀ। ਸ਼ਬਨਮ ਮੈਨੂੰ ਮੁੜ-ਮੁੜ ਮੂੰਹ ਤੇ ਮਿੱਠੀਆਂ ਦਿੰਦੀ ਤੇ ਖਿੜ-ਖਿੜ ਹੱਸ ਰਹੀ ਸੀ। ਉਹਦੀ ਮਾਂ ਨੇ ਉਹਨੂੰ ਕਿਹਾ ਸੀ, ਦੁੱਗਲ ਚਾਚਾ ਦੂਰ, ਬਹੁਤ ਦੂਰ ਜਾ ਰਹੇ ਨੇ। ਇਨ੍ਹਾਂ ਨੂੰ ਜੀਅ ਭਰ ਕੇ ਪਿਆਰ ਕਰ ਲੈ। ਉਹ ਮੁੜ-ਮੁੜ ਮੇਰੇ ਗਲੇ ਨਾਲ ਚਿਮੜ ਜਾਂਦੀ ਤੇ ਮੇਰੇ ਮੂੰਹ, ਮੱਥੇ, ਗਲ੍ਹਾਂ, ਬੁੱਲ੍ਹੀਆਂ ਜਿੱਥੇ ਆਂਦਾ ਪਿਆਰ ਕਰਦੀ ਜਾਂਦੀ। ਹਰ ਪਿਆਰ ਤੇ ਜਿਵੇਂ ਉਸ ਨੂੰ ਠੰਢ ਪੈ ਰਹੀ ਹੋਵੇ। ਸਾਹਮਣੇ ਚੁੱਪ-ਚੁਪੀਤੇ, ਸੋਚਾਂ ਵਿਚ ਗੜੂੰਦ ਆਪਣੀ ਅੰਮੀ ਵੱਲ ਵੇਖਦੀ ਤੇ ਠਹਾਕਾ ਮਾਰ ਕੇ ਹੱਸ ਪੈਂਦੀ।

ਦੇਸ਼ ਆਜ਼ਾਦ ਹੋ ਰਿਹਾ ਸੀ। ਮੇਰੀ ਬਦਲੀ ਦਿੱਲੀ ਦੀ ਹੋ ਗਈ ਸੀ। ਮੇਰੀ ਥਾਂ ਦਿੱਲੀਓਂ ਇੱਕ ਮੁਸਲਮਾਨ ਅਫ਼ਸਰ ਲਾਹੌਰ ਆ ਰਿਹਾ ਸੀ। ਮੈਂ ਮੁੜ-ਮੁੜ ਸ਼ਬਨਮ ਦੀ ਅੰਮੀ ਨੂੰ ਸਮਝਾਂਦਾ, ਮੈਂ ਆਰਜ਼ੀ ਤੌਰ 'ਤੇ ਭਾਰਤ ਜਾਣਾ ਮਨਜ਼ੂਰ ਕੀਤਾ ਹੈ। ਬਸ ਤਿੰਨ ਮਹੀਨਿਆਂ ਲਈ। ਤਿੰਨਾਂ ਮਹੀਨਿਆਂ ਬਾਅਦ ਜਦੋਂ ਹਾਲਾਤ ਆਮ ਦਿਨਾਂ ਵਰਗੇ ਹੋ ਗਏ, ਮੈਂ ਮੁੜ ਆਵਾਂਗਾ। ਆਪਣਾ ਘਰ-ਬਾਰ ਵੀ ਕਿਸੇ ਤੋਂ ਛੱਡਿਆ ਜਾਂਦਾ ਹੈ? ਆਪਣਾ ਦੇਸ, ਜਿੱਥੇ ਕੋਈ ਜੰਮਿਆ ਹੋਵੇ, ਜਿੱਥੇ ਕੋਈ ਖੇਡ ਵੱਡਾ ਹੋਇਆ ਹੋਵੇ, ਜਿੱਥੇ ਕਿਸੇ ਲੱਖ ਮੁਹੱਬਤਾਂ ਦੀਆਂ ਗੰਢਾਂ ਪੀਡੀਆਂ ਕੀਤੀਆਂ ਹੋਣ। ਪਰ ਉਸ ਵਿਚਲੀ ਹਸਾਸ ਔਰਤ ਨੂੰ ਕੋਈ ਗੱਲ ਨਹੀਂ ਅਹੁੜ ਰਹੀ ਸੀ। ਸਵੇਰ ਦੀ ਉਹ ਸੋਚਾਂ ਵਿਚ ਗੜੂੰਦ ਸੀ। ਜਿਉਂ-ਜਿਉਂ ਮੇਰੇ ਤੁਰਨ ਦਾ ਵੇਲਾ ਨੇੜੇ ਆ ਰਿਹਾ ਸੀ, ਉਹ ਹੋਰ ਖ਼ਾਮੋਸ਼ ਹੁੰਦੀ ਜਾ ਰਹੀ ਸੀ। ਇਕ ਪਰੀ ਵਰਗੀ ਔਰਤ।

ਅਗਲੇ ਦਿਨ ਜਦੋਂ ਗੱਡੀ ਦਿੱਲੀ ਪੁੱਜੀ ਤਾਂ ਮੈਂ ਅਖ਼ਬਾਰਾਂ ਵਿਚ ਪੜ੍ਹਿਆ, ਪਿਛਲੀ ਰਾਤ ਲਾਹੌਰ ਵਿਚ ਲਹੂ ਦੀ ਹੋਲੀ ਖੇਡੀ ਗਈ ਸੀ। ਸੜਕਾਂ ਹਿੰਦੂ, ਸਿੱਖਾਂ ਦੀਆਂ ਲਾਸ਼ਾਂ ਨਾਲ ਅੱਟੀਆਂ ਹੋਈਆਂ ਸਨ। ਮਹੱਲਿਆਂ ਦੇ ਮਹੱਲੇ ਸਾੜ ਕੇ ਸੁਆਹ ਕਰ ਦਿੱਤੇ ਗਏ ਸਨ। ਗੁਆਂਢੀਆਂ ਨੇ ਗੁਆਂਢੀਆਂ ਨੂੰ ਵੱਢਿਆ ਟੁੱਕਿਆ ਸੀ, ਫੇਰ ਇਹੀ ਕੁਝ ਮੁਸਲਮਾਨਾਂ ਨਾਲ ਦਿੱਲੀ 'ਚ ਹੋਣਾ ਸ਼ੁਰੂ ਹੋ ਗਿਆ। ਜਿਵੇਂ ਕਿਸੇ ਦੇ ਸਿਰ 'ਤੇ ਭੂਤ ਸਵਾਰ ਹੋਵੇ। ਹਿੰਦੂਆਂ ਨੇ ਇੱਕ-ਇੱਕ ਕਤਲ ਦਾ ਦਸ-ਦਸ ਖ਼ੂਨ ਕਰ ਕੇ ਬਦਲਾ ਲਿਆ। ਇੱਕ-ਇੱਕ ਆਪਣੇ ਨੁਕਸਾਨ ਦਾ ਦਸ-ਦਸ ਵਾਰ ਬਦਲਾ ਲੈ ਕੇ ਸਾਹ ਲੀਤਾ। ਤੇ ਲਾਹੌਰ ਲੱਖਾਂ ਜੋਜਨ ਦਿੱਲੀ ਤੋਂ ਦੂਰ ਹੋ ਗਿਆ। ਪਾਕਿਸਤਾਨ ਤੇ ਹਿੰਦੁਸਤਾਨ ਨਵੇਂ ਆਜ਼ਾਦ ਹੋਏ ਦੋ ਦੇਸ਼ ਇੱਕ ਦੂਜੇ ਦੇ ਲਹੂ ਦੇ ਪਿਆਸੇ ਹੋ ਗਏ। ਕੋਈ ਵਾਸਤਾ ਨਹੀਂ ਇੱਕ ਦੂਜੇ ਨਾਲ। ਰਾਹ ਪੈਂਡੇ ਵੇਖ ਚਿੱਠੀ ਖ਼ਤਮ। ਇੱਕ ਕਾਂਡ ਮੁੱਕ ਗਿਆ। ਇੱਕ ਦਰ ਬੰਦ ਹੋ ਗਿਆ।

ਆਜ਼ਾਦੀ ਦੇ ਇੰਨੇ ਵਰ੍ਹੇ ਇਹ ਢੋਇਆ ਹੋਇਆ ਬੂਹਾ ਇੱਕਲਾ ਕਾਰਨ ਹੈ ਜਿਸ ਮੇਰੀ ਕਲਾ ਨੂੰ ਸਭ ਤੋਂ ਵਧੀਕ ਪ੍ਰਭਾਵਿਤ ਕੀਤਾ ਹੈ। ਜਿਵੇਂ ਕੋਈ ਪਰਛਾਵਾਂ ਕਦਮ-ਕਦਮ ਕਿਸੇ ਦੇ ਨਾਲ ਤੁਰਦਾ ਰਹੇ। ਇਸ ਪਰਛਾਵੇਂ ਵਿਚ ਮੈਂ ਜੀਵਿਆ ਹਾਂ ਇੰਨੇ ਵਰ੍ਹੇ। ਇਸ ਪਰਛਾਵੇਂ ਵਿਚ ਮੇਰੀ ਲੇਖਣੀ ਦਾ ਨਖ-ਸ਼ਿਖ ਨਿਰੂਪਣ ਹੁੰਦਾ ਰਿਹਾ ਹੈ। ਮੈਂ ਆਪਣੀ ਪੀੜ੍ਹੀ ਨੂੰ ਸਰਾਪੀ ਹੋਈ ਪੀੜ੍ਹੀ ਕਿਹਾ ਕਰਦਾ ਹਾਂ। ਇਸ ਤੋਂ ਕੌਣ ਇਨਕਾਰ ਕਰ ਸਕਦਾ ਹੈ, ਜਿਸ ਰਾਤ ਦਿੱਲੀ ਵਿਚ ਆਜ਼ਾਦੀ ਦੇ ਸ਼ਾਦਿਆਨੇ ਵੱਜ ਰਹੇ ਸਨ, ਦਿੱਲੀ ਸ਼ਹਿਰ ਦੀਆਂ ਗਲੀਆਂ ਬੇਸਹਾਰਾ, ਮਾਸੂਮ ਲਹੂ ਨਾਲ ਲੱਥ-ਪੱਥ ਸਨ? ਤੇ ਸਰਹੱਦ ਦੇ ਉਸ ਪਾਰ ਪਾਕਿਸਤਾਨ ਦੇ ਤਰਾਨੇ, ਉਸ ਰਾਤ, ਬੇਗੁਨਾਹ, ਬੇਕਸੂਰ ਗੁਆਂਢੀਆਂ ਦੀਆਂ ਚੀਖ਼ਾਂ ਤੇ ਫ਼ਰਿਆਦ ਵਿਚ ਗੜੂੰਦ ਹੋ ਹੋ ਜਾਂਦੇ ਸਨ। ਇਸ ਪੀੜ੍ਹੀ ਨੂੰ ਕਿਸੇ ਮਾਸੂਮ ਮੁਹੱਬਤ ਦੀ ਬਦ ਦੁਆ ਲੱਗੀ ਹੈ।

ਬੇਸ਼ੱਕ ਕੋਈ ਦੇਸ਼ ਇੱਕ ਸੱਟ ਨਾਲ ਢਹਿ ਨਹੀਂ ਪਿਆ ਕਰਦਾ ਬੇਸ਼ਕ ਕੋਈ ਕੌਮ ਇੱਕ ਪੀੜ ਨੂੰ ਲੈ ਕੇ ਬਹਿ ਨਹੀਂ ਜਾਂਦੀ, ਇੱਕ ਦਰਦ ਨੂੰ ਪਾਲਣ ਨਹੀਂ ਲੱਗ ਪੈਂਦੀ। ਪਾਕਿਸਤਾਨ ਨੇ ਸੈਂਟੋ ਤੇ ਨੈਟੋ ਨਾਲ ਨਵੇਂ ਯਰਾਨੇ ਗੰਢੇ। ਇੱਧਰ ਭਾਰਤ ਵਿਚ ਅਸੀਂ ਵੀ ਇੱਧਰ ਉੱਧਰ ਵੇਖਿਆ, ਨਵੇਂ ਸੰਗ ਟੋਲੇ। ਨਵੇਂ ਰਾਹ ਲੱਭੇ। ਲੁੱਟੇ-ਪੁੱਟੇ ਆਏ ਲੱਖਾਂ ਸ਼ਰਨਾਰਥੀਆਂ ਨੂੰ ਮੁੜ ਵਸਾਇਆ ਗਿਆ। ਦਿਨ ਰਾਤ ਮਿਹਨਤ ਕਰ ਕੇ ਦੇਸ਼ ਦਾ ਸੰਵਿਧਾਨ ਤਿਆਰ ਕੀਤਾ ਗਿਆ। ਦੁਨੀਆਂ ਵਿਚ ਸਭ ਤੋਂ ਵੱਡੇ ਲੋਕ-ਰਾਜ ਦੀਆਂ ਨਿਰਵਿਘਨ ਚੋਣਾਂ ਹੋਈਆਂ। ਪੰਜ ਸਾਲਾ ਯੋਜਨਾ ਤਿਆਰ ਕਰ ਕੇ ਲਾਗੂ ਕੀਤੀ ਗਈ। ਕੁਝ ਵਰ੍ਹੇ ਤੇ ਭਾਰਤ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਮੂਹਰੇ ਆ ਖਲੋਤਾ। ਨਹਿਰੂ, ਟੀਟੋ, ਨਾਸਰ ਤੇ ਸੋਇਕਾਰਨੋ। ਦੁਨੀਆਂ ਚਕਾ-ਚੌਂਧ ਹੋ ਕੇ ਰਹਿ ਗਈ।

ਆਜ਼ਾਦੀ ਤੋਂ ਫੌਰਨ ਬਾਅਦ ਮੇਰੀਆਂ ਕਹਾਣੀਆਂ, ਮੇਰੇ ਨਾਟਕਾਂ, ਮੇਰੀ ਕਵਿਤਾ ਦਾ ਮਜ਼ਮੂਨ ਬੇਘਰ ਲੋਕ ਹੁੰਦੇ ਸਨ। ਕਈ ਵਸ ਗਏ, ਕਈ ਮੁੜ ਵਸਣ ਦੇ ਯਤਨ ਵਿਚ। ਮੇਰਾ ਨਾਵਲ ਮਾਂ-ਪਿਓ-ਜਾਏ ਇਸ ਸਮੱਸਿਆ ਨੂੰ ਪੇਸ਼ ਕਰਦਾ ਹੈ। ਰਾਵਲਪਿੰਡੀ ਵਿਚ ਮਾਰਚ 1947 ਦੇ ਫ਼ਸਾਦਾਂ ਤੋਂ ਲੈ ਕੇ ਬੰਗਲਾ ਦੇਸ਼ ਵਿਚ ਪਾਕਿਸਤਾਲੀ ਫ਼ੌਜਾਂ ਦੇ ਹਥਿਆਰ ਸੁੱਟਣ ਤੀਕ ਦੀ ਇਹ ਕਹਾਣੀ ਪੂਰੀ ਇਮਾਨਦਾਰੀ ਨਾਲ ਬਿਆਨ ਕੀਤੀ ਗਈ ਹੈ। ਕਿਸੇ ਦੀ ਤਰਫ਼ਦਾਰੀ ਨਹੀਂ। ਜਿੱਥੇ ਮੁਸਲਮਾਨਾਂ ਨੇ ਹਿੰਦੂਆਂ ਸਿੱਖਾਂ ਤੇ ਅਤਿਆਚਾਰ ਕੀਤੇ, ਉਨ੍ਹਾਂ ਨੂੰ ਕੋਸਿਆ ਗਿਆ, ਜਿੱਥੇ ਗ਼ੈਰ ਮੁਸਲਮਾਨਾਂ ਵਿਚ ਪਾਕਿਸਤਾਨ ਦੇ ਸ਼ੈਦਾਈਆਂ ਨੇ ਜਿਵੇਂ ਹਿੰਦੂ-ਸਿੱਖਾਂ ਦਾ ਹੂੰਝਾ ਫੇਰ ਦਿੱਤਾ, ਇਹ ਸੋਚ ਕੇ ਕਿ ਘੱਟਗਿਣਤੀ ਦਾ ਮਸਲਾ ਮੁੱਢੋਂ ਹੀ ਮੁਕਾ ਦਿੱਤਾ ਜਾਏ, ਇਸ ਤੰਗਦਿਲੀ, ਇਸ ਕੋਤਾਹ ਨਜ਼ਰੀ ਦੀ ਸਜ਼ਾ ਉਨ੍ਹਾਂ ਨੂੰ ਬੰਗਾਲ ਵਿਚ ਭੁਗਤਣੀ ਪਈ। ਉਹੀ ਪੰਜਾਬੀ ਗੁੰਡੇ ਆਪਣੀਆਂ ਪੁਰਾਣੀਆਂ ਚਾਲਾਂ ਦੇ ਆਪ ਸ਼ਿਕਾਰ ਹੋ ਗਏ। ਉਨ੍ਹਾਂ ਨੂੰ ਬਹੁਗਿਣਤੀ ਦਾ ਟੁਕੜਾ ਪਾਕਿਸਤਾਨ ਨਾਲੋਂ ਕੁਤਰਨਾ ਪਿਆ ਤੇ ਉਨ੍ਹਾਂ ਦੇ ਸੁਫ਼ਨਿਆਂ ਦਾ ਪਾਕਿਸਤਾਨ ਲੰਗੜਾ ਹੋ ਕੇ ਰਹਿ ਗਿਆ। ਇੱਕ ਰਾਜਕਰਣੀ ਤੇ ਹੋਏ ਅਨਿਆਂ ਦਾ ਬਦਲਾ ਇੱਕ ਹੋਰ ਰਾਜਕਰਣੀ ਲੈਂਦੀ ਹੈ। ਪਰ ਬਦਲਾ ਕਿਸ ਤੋਂ? ਆਪਣੇ ਮਾਂ-ਪਿਓ-ਜਾਏ ਤੋਂ? ਇਹੀ ਇਸ ਉਪ ਮਹਾਂਦੀਪ ਦਾ ਦੁਖਾਂਤ ਹੈ।

ਇੱਕ ਤੋਂ ਬਾਅਦ ਇੱਕ ਪੰਜ ਸਾਲਾ ਯੋਜਨਾਵਾਂ ਦੇਸ਼ ਦੀ ਨੁਹਾਰ ਬਦਲਣ ਲੱਗ ਪਈਆਂ। ਦੁਨੀਆਂ ਭਰ ਵਿਚ ਸਭ ਤੋਂ ਲੰਮੀਆਂ ਨਹਿਰਾਂ ਵਿਚ ਸਾਡੀਆਂ ਨਹਿਰਾਂ ਵੀ ਸ਼ਾਮਲ ਹਨ। ਭਾਰਤ ਅੱਜ ਹਵਾਈ ਜਹਾਜ਼, ਰੇਲਵੇ ਇੰਜਨ, ਮੋਟਰ ਕਾਰਾਂ, ਘੜੀਆਂ, ਬਿਜਲੀ ਦਾ ਬਰੀਕ ਤੋਂ ਬਰੀਕ ਅਤੇ ਭਾਰੀ ਤੋਂ ਭਾਰੀ ਸਮਾਨ ਬਣਾਂਦਾ ਹੈ। ਅਜੇ ਕੱਲ੍ਹ ਅਸੀਂ ਪ੍ਰਮਾਣੂ ਧਮਾਕਾ ਕੀਤਾ ਹੈ। ਉਨਤਸ਼ੀਲ ਦੇਸ਼ ਭਾਰਤ ਦੀ ਤਰੱਕੀ ਨੂੰ ਵੇਖ ਕੇ ਚਕਾ-ਚੌਂਧ ਹੋ ਗਏ ਪਰ ਪਾਕਿਸਤਾਨੀਆਂ ਨੂੰ ਇਹ ਸਭ ਕੁਝ ਨਹੀਂ ਸੁਖਾਂਦਾ, ਹਰ ਚੌਥੇ ਰੋਜ਼ ਕੋਈ ਨਵਾਂ ਸ਼ੋਸ਼ਾ ਛੇੜ ਦਿੰਦੇ ਹਨ। ਇੱਕ ਲੜਾਈ, ਦੂਜੀ ਲੜਾਈ, ਤੀਜੀ ਲੜਾਈ।

ਇਨ੍ਹਾਂ ਲੜਾਈਆਂ ਦਾ ਜ਼ਿਕਰ ਮੇਰੀਆਂ ਕਹਾਣੀਆਂ ਵਿਚ ਆਇਆ ਹੈ। ਨਾਵਲਾਂ ਵਿਚ ਆਇਆ ਹੈ। ਸਾਰਾ ਦਿਨ ਲੜ ਕੇ ਰਾਤੀਂ ਚਾਨਣੀ ਵਿਚ ਇੱਛੋਗਿੱਲ ਨਹਿਰ ਦੇ ਕੰਢੇ ਆਰ-ਪਾਰ ਬੈਠੇ ਭਾਰਤੀ ਤੇ ਪਾਕਿਸਤਾਨੀ ਮਾਹੀਏ ਦੇ ਟੱਪੇ ਗਾਂਦੇ ਹਨ। ਆਪਣੇ ਪੁਰਾਣੇ ਪੇਂਡੂ ਗੁਆਂਢੀਆਂ ਦਾ ਨਾਂ ਲੈ ਕੇ ਉਨ੍ਹਾਂ ਨੂੰ ਸੁਨੇਹੇ ਭੇਜਦੇ ਹਨ ਤੇ ਅਗਲੀ ਸਵੇਰ ਫੇਰ ਉਠ ਕੇ ਮਸ਼ੀਨਗੰਨਾਂ ਨਾਲ ਇੱਕ ਦੂਜੇ ਨੂੰ ਗੋਲੀਆਂ ਮਾਰਨ ਲੱਗ ਜਾਂਦੇ ਹਨ। ਪਾਕਿਸਤਾਨ ਹਵਾਈ ਜਹਾਜ਼ਾਂ ਵਿਚੋਂ ਲੱਥ ਛਾਤਿਆਂ ਵਾਲੇ ਆਪਣੇ ਪਿੰਡਾਂ ਨੂੰ ਵੇਖ ਛੱਜ-ਛੱਜ ਰੋਂਦੇ ਹਨ, ਜਿਨ੍ਹਾਂ ਨੂੰ ਖ਼ਾਲੀ ਕਰ ਕੇ ਅਜੇ ਕੱਲ੍ਹ ਹੀ ਤੇ ਉਹ ਗਏ ਸਨ। ਕੋਈ ਲੜੇ ਤੇ ਕਿਸ ਨਾਲ? ਹਰਾਏ ਤੇ ਕਿਸ ਨੂੰ? ਹਰ ਜਿੱਤ ਵਿਚ ਹਾਰ ਲੁਕੀ ਹੋਈ ਨਜ਼ਰ ਆਂਦੀ ਹੈ।

ਭਾਰਤੀ ਕਿਸਾਨ ਕੱਲ੍ਹ ਹੋਰ ਸੀ ਅੱਜ ਹੋਰ ਹੋ ਗਿਆ ਹੈ। ਭਾਰਤੀ ਮਜ਼ਦੂਰ ਦੀਆਂ ਮੰਗਾਂ ਕੱਲ੍ਹ ਹੋਰ ਸਨ ਅੱਜ ਹੋਰ ਹੋ ਗਈਆਂ ਹਨ। ਭਾਰਤੀ ਨੌਜੁਆਨ ਦੇ ਸੁਫ਼ਨੇ ਕੱਲ੍ਹ ਹੋਰ ਸਨ ਅੱਜ ਹੋਰ ਹੋ ਗਏ ਹਨ। ਆਜ਼ਾਦ ਦੇਸ਼ ਨੇ ਜਿੰਨੇ ਅਵਸਰ ਤਰੱਕੀ ਦੇ ਲੋਕਾਂ ਲਈ ਮੁਹੱਈਆਂ ਕੀਤੇ ਹਨ, ਉਨੀਆਂ ਹੀ ਉਨ੍ਹਾਂ ਦੀਆਂ ਮੰਗਾਂ ਵਧਦੀਆਂ ਗਈਆਂ ਹਨ। ਇੱਕ ਕਾਹਲ, ਇੱਕ ਦੌੜ, ਇੱਕ ਭਟਕਣ। ਸੜਕਾਂ ਜਿੰਨੀਆਂ ਚੌੜੀਆਂ ਹੋਈਆਂ, ਸਵਾਰੀਆਂ ਉਨੀਆਂ



ਕਰਤਾਰ ਸਿੰਘ ਦੁੱਗਲ

ਵਧ ਗਈਆਂ। ਦਿਸਹੱਦੇ ਜਿੰਨੇ ਵਧਦੇ ਗਏ, ਚਿਮਨੀਆਂ ਉਨੀਆਂ ਹੋਰ ਉਸਰਦੀਆਂ ਗਈਆਂ। ਜਿਸ ਅਖ਼ਤਰੀ ਬਾਈ ਦਾ ਗਾਣਾ ਸੁਣਨ ਲਈ ਨਵਾਬ ਤੇ ਰਾਜੇ ਹਜ਼ਾਰਾਂ ਰੁਪਏ ਰੋੜ੍ਹਦੇ ਸਨ, ਰੇਡੀਓ ਨੇ ਉਸੇ ਬੇਗ਼ਮ ਅਖ਼ਤਰ ਦੀਆਂ ਠੁਮਰੀਆਂ ਤੇ ਦਾਦਰੇ ਹਰ ਕੁੱਲੀ ਵਿਚ ਪਹੁੰਚਾ ਦਿੱਤੇ। ਸੜਕ 'ਤੇ ਝਾੜੂ ਦੇ ਰਹੇ ਜਮਾਂਦਾਰ ਦੇ ਮੋਢੇ ਤੇ ਲਟਕ ਰਿਹਾ ਟਰਾਂਜਿਸਟਰ ਉਹਦਾ ਮਨ ਪ੍ਰਚਾਂਦਾ ਹੈ। ਉਸੇ ਟਰਾਂਜਿਸਟਰ ਤੇ ਪਾਕਿਸਤਾਨੀ ਰੇਡੀਓ ਸਟੇਸ਼ਨਾਂ ਦੇ ਗਾਣੇ ਸੁਣੇ ਜਾ ਸਕਦੇ ਹਨ।

ਪਿੱਛੇ ਜਿਹੇ ਲਾਹੌਰ ਤੋਂ ਮੇਰੀ ਇੱਕ ਪਾਠਕ ਮੈਨੂੰ ਮਿਲਣ ਆਈ। ਮੈਂ ਇੱਥੋਂ ਦੀ ਆਪਣੀ ਇੱਕ ਪ੍ਰਸ਼ੰਸਕ ਨੂੰ ਵੀ ਸੱਦਾ ਭੇਜਿਆ। ਅਸੀਂ ਇੱਧਰ-ਉੱਧਰ ਦੀਆਂ ਗੱਲਾਂ ਕਰ ਰਹੇ ਸਾਂ ਤੇ ਫੇਰ ਮੇਰੀ ਇੱਥੋਂ ਦੀ ਦੋਸਤ ਨੇ ਪਾਕਿਸਤਾਨ ਤੋਂ ਬ੍ਰਾਡਕਾਸਟ ਕੀਤੇ ਜਾਣ ਵਾਲੇ ਸੰਗੀਤ ਦੀ ਪ੍ਰਸ਼ੰਸਾ ਕਰਨੀ ਸ਼ੁਰੂ ਕਰ ਦਿੱਤੀ। "ਹਾਏ ਲਾਹੌਰ ਤੋਂ ਬ੍ਰਾਡਕਾਸਟ ਕੀਤੇ ਜਾਂਦੇ ਗੀਤ ਕਿਤਨੇ ਪਿਆਰ ਹੁੰਦੇ ਹਨ। ਤੁਹਾਡੀ ਮਲਕਾ-ਏ-ਤਰੰਨਮ ਨੂਰਜਹਾਂ, ਤੁਹਾਡਾ ਮਹਿੰਦੀ ਹਸਨ, ਤੁਹਾਡੀ ਫ਼ਰੀਦਾ ਖ਼ਾਨਮ। ਮੈਂ ਤੇ ਸੁਣ ਸੁਣ ਕੇ ਲੋਟ-ਪੋਟ ਹੁੰਦੀ ਰਹਿੰਦੀ ਹਾਂ। ਮੈਂ ਨਹੀਂ ਕਦੀ ਦਿੱਲੀ ਦਾ ਪ੍ਰੋਗਰਾਮ ਸੁਣਿਆ, ਨਾ ਦਿੱਲੀ ਦਾ ਨਾ ਜਲੰਧਰ ਦਾ ਮੈਂ ਤਾਂ ਲਾਹੌਰ ਸੁਣਦੀ ਹਾਂ ਜਾਂ ਰਾਵਲਪਿੰਡੀ। ਪੋਠੋਹਾਰੀ ਗੀਤ ਕਿਤਨੇ ਮਿੱਠੇ ਹੁੰਦੇ ਨੇ। ਪੋਠੋਹਾਰੀ ਗੀਤ ਤੇ ਮੁਲਤਾਨੀ ਕਾਫੀ। ਤੁਹਾਡੇ ਵਰਗੀ ਹੀਰ ਇੱਧਰ ਗਾਣ ਦੀ ਕਿਸੇ ਨੂੰ ਅਟਕਲ ਨਹੀਂ। ਨਾ ਹੀਰ, ਨਾ ਮਾਹੀਏ ਦੇ ਟੱਪੇ। ਮੈਂ ਤੇ ਹੈਰਾਨ ਹੀ ਹੋ ਗਈ ਸੁਣ ਕੇ ਤੁਹਾਡੇ ਪਾਸੇ ਘੜਾ ਵਜਾਂਦੇ ਨੇ। ਕਿੰਨਾ ਸੁਰੀਲਾ ਹੁੰਦਾ ਹੈ। ਸਾਡੇ ਜ਼ਮਾਨੇ ਵਿਚ ਈਦਨ ਬਾਈ ਹੁੰਦੀ ਸੀ, ਮਨੱਵਰ ਸੁਲਤਾਨਾ ਹੁੰਦੀ ਸੀ ਤੇ ਫਿਰ ਮਲਿਕਾ ਪੁਖਰਾਜ। ਹਾਏ ਮਲਿਕਾ ਪੁਖਰਾਜ ਵਰਗਾ ਕਿਸੇ ਨਹੀਂ ਗਾਣਾ! ਹੁਣ ਤੇ ਸੁਣਿਆ ਏ ਮਲਿਕਾ ਪੁਖਰਾਜ ਦੀ ਧੀ ਵੀ ਗਾਂਦੀ ਏ। ਪਾਕਿਸਤਾਨ ਬਣਨ ਤੋਂ ਬਾਅਦ ਜਿਹੜੇ ਆਰਟਿਸਟ ਉਭਰੇ ਨੇ ਉਨ੍ਹਾਂ ਦਾ ਕੋਈ ਜਵਾਬ ਨਹੀਂ। ਤੁਹਾਡੀ ਰੇਸ਼ਮਾ। ਸੁਣਿਆ ਏ ਉਹ ਖ਼ਾਨਾਬਦੋਸ਼ਾਂ ਦੀ ਕੁੜੀ ਏ। ਲਾਹੌਰ ਰੇਡੀਓ ਵਾਲਿਆਂ ਨੇ ਟੱਪਰੀਵਾਸਾਂ ਦੇ ਕਿਸੇ ਕਾਫ਼ਲੇ ਵਿਚ ਉਸ ਨੂੰ ਜਾ ਟੋਲਿਆ। ਕਿੰਜ ਮਸਤ ਹੋ ਕੇ ਗਾਂਦੀ ਏ। ਸੁਹਣੀ ਵੀ ਜ਼ਰੂਰ ਹੋਵੇਗੀ। ਪਤਲੀ ਲੰਮੀ, ਛਮਕ ਵਰਗੀ, ਕਣਕਵੰਨਾ ਰੰਗ, ਭੌਰ ਕਾਲੇ ਨੈਣ। ਮੈਂ ਤੇ ਲਾਹੌਰ ਦਾ ਪ੍ਰੋਗਰਾਮ ਸਵੇਰੇ ਸ਼ਾਮ ਸੁਣਦੀ ਹਾਂ। ਕਦੀ ਨਾਗ਼ਾ ਨਹੀਂ ਹੋਣ ਦਿੰਦੀ। ਦਸ ਕੰਮ ਛੱਡ ਕੇ ਮੈਂ ਰੇਡੀਓ ਲਾ ਕੇ ਬਹਿ ਜਾਂਦੀ ਹਾਂ। ਲਾਹੌਰ ਤੋਂ ਗਾਣੇ ਆ ਰਹੇ ਹੋਣ ਤਾਂ ਮੈਨੂੰ ਕਿਸੇ ਦਾ ਸਾਡੇ ਆਉਣਾ ਚੰਗਾ ਨਹੀਂ ਲੱਗਦਾ। ਲਾਹੌਰ ਤੋਂ ਗਾਣੇ...।"

"ਲੱਖ ਲਾਹਨਤ!" ਇਤਨੇ ਚਿਰ ਤੋਂ ਬਿਟ-ਬਿਟ ਉਹਦੇ ਮੂੰਹ ਵੱਲ ਵੇਖ ਰਹੀ ਮੇਰੀ ਪਾਕਿਸਤਾਨੀ ਦੋਸਤ ਨੇ ਮੇਰੀ ਹਿੰਦੁਸਤਾਨੀ ਪਾਠਕ ਨੂੰ ਟੋਕਿਆ। "ਫਿੱਟੇ ਮੂੰਹ! ਲਾਹੌਰ ਦੀ ਵੀ ਕੋਈ ਮੌਸੀਕੀ ਹੈ। ਸਾਰਾ ਦਿਨ ਬਾਂ-ਬਾਂ ਕਰਦੇ ਰਹਿੰਦੇ ਨੇ। ਮੈਥੋਂ ਤੇ ਇੱਕ ਝੱਟ ਲਈ ਉਨ੍ਹਾਂ ਦਾ ਸੰਗੀਤ ਨਹੀਂ ਸੁਣਿਆ ਜਾਂਦਾ। ਬੇਹੂਦਾ ਕੰਨ ਖਾਂਦੇ ਰਹਿੰਦੇ ਨੇ। ਜਿਵੇਂ ਕਿੱਲੇ ਬੱਧਾ ਕੋਈ ਕੱਟਾ ਅੜਾਂਦਾ ਏ। ਮੈਂ ਤੇ ਸਾਰਾ ਦਿਨ ਦਿੱਲੀ ਦਾ ਰੇਡੀਓ ਸਟੇਸ਼ਨ ਸੁਣਦੀ ਹਾਂ। ਉਰਦੂ ਮਜਲਸ ਦਾ ਪ੍ਰੋਗਰਾਮ ਤੇ ਫੇਰ ਤੁਹਾਡਾ ਸ਼ਾਸਤਰੀ ਸੰਗੀਤ। ਇੱਕ ਤੋਂ ਵਧ ਇੱਕ ਵਧੀਆ ਕਲਾਕਾਰ। ਕਿਸ ਕਿਸ ਦਾ ਕੋਈ ਨਾਂ ਲਵੇ। ਰਵੀ ਸ਼ੰਕਰ, ਅਲੀ ਅਕਬਰ, ਬਿਸਮਿਲਾ ਖਾਨ, ਕੁਮਾਰ ਗੰਧਰਵ, ਬੇਗ਼ਮ ਅਖ਼ਤਰ, ਸੁਬਾ ਲਖਸ਼ਮੀ, ਭੀਮ ਸੈਨ ਜੋਸ਼ੀ-ਇੱਕ ਤੋਂ ਇੱਕ ਦਿਲਫ਼ਰੇਬ। ਸਾਡੇ ਘਰ ਵਿਚ ਤੇ ਰੇਡੀਓ ਦੀ ਸੂਈ ਕਦੀ ਭਾਰਤੀ ਰੇਡੀਓ ਸਟੇਸ਼ਨਾਂ ਤੋਂ ਹਿਲਦੀ ਹੀ ਨਹੀਂ।"

ਹੱਕਾ-ਬੱਕਾ ਮੈਂ ਕਦੀ ਇੱਕ ਦੇ ਕਦੀ ਦੂਜੀ ਦੇ ਮੂੰਹ ਵੱਲ ਵੇਖ ਰਿਹਾ ਸਾਂ। ਕੋਈ ਵਕਤ ਸੀ ਮੇਰੀਆਂ ਕਹਾਣੀਆਂ ਤੇ ਮੇਰੀਆਂ ਹੋਰ ਲਿਖਤਾਂ ਵਿਚ ਪੇਂਡੂ ਪਾਤਰ ਪ੍ਰਧਾਨ ਹੁੰਦੇ ਸਨ। ਦਿਹਾਤੀ ਵਾਤਾਵਰਨ। ਮੈਂ ਪਿੰਡ ਦਾ ਜੰਮਪਲ ਹਾਂ। ਮੇਰਾ ਪਹਿਲਾ ਨਾਵਲ "ਆਂਦਰਾਂ" ਪੋਠੋਹਾਰ ਦੇ ਪਿੰਡਾਂ ਦੀ ਕਹਾਣੀ ਹੈ। ਸੁਆਂ ਦਰਿਆ ਪਠਾਰ ਦੀਆਂ ਗਾੜਾਂ, ਢੱਕੀਆਂ, ਦਰ੍ਹੱਗ, ਝੰਗੀਆਂ, ਰੱਖਾਂ, ਮੈਰੇ, ਲਪਾੜੇ, ਮਾਰਗੱਲੇ ਦੇ ਮੀਂਹ, ਕੱਕਰ ਦੇ ਸਿਆਲੇ, ਚਿਲਚਿਲਾਂਦੀਆਂ ਧੁੱਪਾਂ, ਜਟ-ਬੂਟ, ਜਵਾਨ-ਜਹਾਨ ਪੋਠੋਹਾਰਨਾਂ, ਕਿੱਕਲੀਆਂ ਪਾ ਰਹੇ, ਅੱਡੀ ਤਰੱਪਾ ਖੇਡ ਰਹੇ ਬੱਚੇ ਤੇ ਪੋਠੋਹਾਰੀ ਬੋਲੀ, ਮਿੱਠੀ ਮਾਖਿਓਂ ਵਰਗੀ। ਕਿਤਨੇ ਹੀ ਮੇਰੇ ਪਾਠਕ ਪੋਠੋਹਾਰੀ ਬੋਲੀ ਪੜ੍ਹਨ ਲਈ ਮੇਰੀਆਂ ਕਹਾਣੀਆਂ ਦੀ ਉਡੀਕ ਕਰਦੇ ਸਨ। ਹੌਲੇ-ਹੌਲੇ ਇਹ ਸਭ ਕੁਝ ਖ਼ਤਮ ਹੁੰਦਾ ਗਿਆ ਹੈ। ਜਿਵੇਂ ਸਲੇਟ ਤੋਂ ਕਿਸੇ ਮੂਰਤ ਨੂੰ ਕੋਈ ਮੇਟਦਾ ਜਾਵੇ। ਆਜ਼ਾਦ ਹਿੰਦੁਸਤਾਨ ਵਿਚ ਖ਼ਾਸ ਤੌਰ 'ਤੇ ਪੰਜਾਬ ਵਿਚ ਸ਼ਹਿਰ ਪਿੰਡਾਂ ਵਿਚ ਜਾ ਵੜੇ ਹਨ। ਪੰਜਾਬ ਦੇ ਚੱਪੇ-ਚੱਪੇ 'ਤੇ ਪੱਕੀਆਂ ਸੜਕਾਂ ਦੇ ਜਾਲ ਵਿਛ ਗਏ ਹਨ। ਪਿੰਡ-ਪਿੰਡ ਟਰੈਕਟਰ ਪੁੱਜ ਗਏ ਹਨ। ਘਰ-ਘਰ ਬਿਜਲੀ ਲੱਗ ਗਈ ਹੈ। ਘਰ ਦੇ ਹਰ ਬੰਦੇ ਦਾ ਆਪਣਾ ਟ੍ਰਾਂਜਿਸਟਰ ਰੇਡੀਓ ਹੈ। ਸ਼ਾਮੀ ਟੈਲੀਵੀਜਨ ਉਨ੍ਹਾਂ ਦੇ ਮਨੋਰੰਜਨ ਲਈ ਹਾਜ਼ਰ ਹੈ। ਕੁੜੀਆਂ ਮੁੰਡੇ ਸਾਈਕਲਾਂ ਤੇ ਸਕੂਲ ਜਾਂਦੇ ਹਨ। ਸਾਂਝੇ ਸਕੂਲਾਂ ਵਿਚ ਪੜ੍ਹਦੇ ਹਨ। ਰਹਿਣੀ-ਬਹਿਣੀ ਹੋਰ ਦੀ ਹੋਰ ਹੁੰਦੀ ਜਾ ਰਹੀ ਹੈ। ਨਵੇਂ ਆਦਮੀ ਦੀਆਂ ਹੋਰ ਦੀਆਂ ਹੋਰ ਸਮੱਸਿਆਵਾਂ ਹਨ। ਦੁਨੀਆਂ ਸੁੰਗੜਦੀ ਜਾ ਰਹੀ ਹੈ। ਅੱਖ ਪਲਕਾਰੇ ਵਿਚ ਉਸ ਪਾਸੇ ਦੀ ਹਵਾ ਇਸ ਸਿਰੇ 'ਤੇ ਪੁੱਜ ਜਾਂਦੀ ਹੈ। ਇਸ ਪਾਸੇ ਦੀ ਹਵਾ ਉਸ ਸਿਰੇ 'ਤੇ ਅੱਪੜ ਜਾਂਦੀ ਹੈ। ਫ਼ੈਸ਼ਨ ਬਦਲ ਰਹੇ ਹਨ। ਨੁਹਾਰਾਂ ਬਦਲੀ ਰਹੀਆਂ ਹਨ। ਬੋਲੀ ਓਪਰੀ-ਓਪਰੀ ਹੁੰਦੀ ਜਾਂਦੀ ਹੈ। ਦ੍ਰਿਸ਼ਟੀਕੋਣ ਬਦਲ ਰਹੇ ਹਨ। ਕੀਮਤਾਂ ਬਦਲ ਰਹੀਆਂ ਹਨ। ਇਹ ਸਭ ਕੁਝ ਮੇਰੀਆਂ ਕਹਾਣੀਆਂ ਵਿਚ, ਮੇਰੇ ਨਾਵਲਾਂ ਵਿਚ, ਮੇਰੇ ਨਾਟਕਾਂ ਵਿਚ ਅਣਪਛਾਤੇ ਹੀ ਕਦਮ-ਕਦਮ ਪ੍ਰਵੇਸ਼ ਕਰਦਾ ਜਾ ਰਿਹਾ ਹੈ। ਮੇਰੇ ਪੁਰਾਣੇ ਪੇਂਡੂ ਪਾਤਰ, ਉਨ੍ਹਾਂ ਦਾ ਰੰਗ-ਢੰਗ, ਉਨ੍ਹਾਂ ਦੀ ਬੋਲ-ਚਾਲ ਹੁਣ ਸੁਫ਼ਨਾ ਹੋ ਕੇ ਰਹਿ ਗਏ ਹਨ। ਅੱਜ-ਕੱਲ੍ਹ ਤੇ ਮੈਂ ਨਵੇਂ ਜ਼ਮਾਨੇ ਦੀ ਪਕੜ ਵਿਚ ਬੇਚੈਨ ਆਦਮੀ ਦੇ ਮਨ ਦੇ ਅਥਾਹ ਪਰਦਿਆਂ ਨੂੰ ਫਰੋਲਦਾ ਰਹਿੰਦਾ ਹਾਂ। ਕਦੀ ਕਿਸੇ ਜ਼ਾਵੀਏ ਤੋਂ ਕਦੀ ਕਿਸੇ ਪੱਧਰ ਤੋਂ। ਨਵੇਂ ਆਦਮੀ ਦੀ ਬੋਰਡਮ, ਨਵੇਂ ਆਦਮੀ ਦਾ ਇੱਕਲਾਪਨ। ਨਵੇਂ ਆਦਮੀ ਦੇ ਲਾਂਭ-ਚਾਂਭ ਸ਼ੋਰ ਦਾ ਮਸਲਾ, ਨਵੇਂ ਆਦਮੀ ਦੇ ਦੂਸ਼ਤ ਵਾਤਾਵਰਣ ਦੀ ਸਮੱਸਿਆ, ਨਵੇਂ ਆਦਮੀ ਦੀ ਕਾਹਲ। ਦੁੱਧ ਲਈ, ਡਬਲ ਰੋਟੀ ਲਈ, ਬਸ ਦੇ ਟਿਕਟ ਲਈ, ਰਾਸ਼ਨ ਲਈ, ਪਾਨ ਲਈ, ਲਾਂਡਰੀਆਂ ਵਿਚ ਖਲੋਣਾ। ਹੜਤਾਲਾਂ, ਮੁਜ਼ਾਹਰੇ, ਘੇਰਾਓ! ਨੌਜੁਆਨਾਂ ਦੀ ਖਿੱਝ, ਚਿੜਚਿੜਾਪਨ, ਔਰਤਾਂ ਦੀ ਖੁੱਲ੍ਹ, ਪੀੜ੍ਹੀਆਂ ਦਾ ਪਾੜ, ਵਗ਼ੈਰਾ-ਵਗ਼ੈਰਾ।

ਇੱਧਰ ਇਸ ਤਰ੍ਹਾਂ ਦੇ ਲੋਕਾਂ ਦੇ ਬਾਰੇ ਮੈਂ ਢੇਰ ਸਾਰਾ ਲਿਖਿਆ ਹੈ। ਇਸ ਤਰ੍ਹਾਂ ਦੀ ਇੱਕ ਕਹਾਣੀ ਮੈਨੂੰ ਪ੍ਰੇਸ਼ਾਨ ਕਰਦੀ ਰਹਿੰਦੀ ਹੈ। ਇੱਕ ਮੁਸਲਮਾਨ ਨੌਜੁਆਨ ਦੀ ਇੱਕ ਹਿੰਦੂ ਹਸੀਨਾ ਨਾਲ ਦੋਸਤੀ ਹੈ। ਕੁੜੀ ਵਿਆਹੀ-ਵਰ੍ਹੀ ਹੈ ਪਰ ਦਿਲ ਆਪਣਾ ਉਹ ਆਪਣੇ ਗੁਆਂਢੀ ਮੁਸਲਮਾਨ ਡਾਕਟਰ ਨੂੰ ਦੇ ਬੈਠੀ ਹੈ। ਕਹਾਣੀ ਦੇਸ਼ ਦੀ ਵੰਡ ਤੋਂ ਕੁਝ ਚਿਰ ਪਹਿਲੇ ਦੀ ਹੈ। ਉਦੋਂ ਜਦੋਂ ਸਾਰੇ ਪੰਜਾਬ ਵਿਚ ਫਿਰਕੂ ਫ਼ਸਾਦਾਂ ਦਾ ਜ਼ਹਿਰ ਫੈਲ ਰਿਹਾ ਹੁੰਦਾ ਹੈ, ਇਸ ਮੁਹੱਬਤ ਦਾ ਇੱਕ ਅੰਕੁਰ ਫੁੱਟਦਾ ਹੈ। ਮੁਸਲਮਾਨ ਡਾਕਟਰ ਦੀ ਹਿੰਦੂ ਮਹਿਬੂਬਾ ਮਾਂ ਬਣ ਜਾਂਦੀ ਹੈ। ਜਿਵੇਂ ਤ੍ਰੇਲੇ-ਧੋਤੇ ਚੰਨ ਦਾ ਕੋਈ ਲਿਆਟਾ ਲਾਹ ਲਵੇ, ਉਨ੍ਹਾਂ ਦੀ ਬੱਚੀ ਇੱਕ ਸੁੱਚਾ ਮੋਤੀ ਹੈ ਜਿਸ ਨੂੰ ਵੇਖ-ਵੇਖ ਕੇ ਭੁੱਖ ਨਹੀਂ ਲਹਿੰਦੀ। ਪਰ ਇਸ ਤੋਂ ਪਹਿਲੇ ਕਿ ਮੁਸਲਮਾਨ ਡਾਕਟਰ ਆਪਣੀ ਬੇਟੀ ਨੂੰ ਜੀਅ ਭਰ ਕੇ ਵੇਖ ਸਕਦਾ, ਉਸ ਨੂੰ ਆਪਣੇ ਕੁੱਛੜ ਚੁੱਕ ਕੇ ਖਿਡਾ ਸਕਦਾ, ਫ਼ਿਰਕੂ ਫ਼ਸਾਦ ਭੜਕ ਉਠਦੇ ਹਨ ਤੇ ਉਹ ਇੱਕ ਬਲੂਹਣੇ ਵਿਚ ਸਮੇਟਿਆ ਹੋਇਆ ਸਰਹੱਦ ਦੇ ਪਾਰ ਪਾਕਿਸਤਾਨ ਪੁੱਜ ਜਾਂਦਾ ਹੈ। ਅੰਮ੍ਰਿਤਸਰ ਪਿੱਛੇ ਰਹਿ ਗਿਆ ਹੈ। ਉਸ ਦੀ ਮਹਿਬੂਬਾ ਪਿੱਛੇ ਰਹਿ ਗਈ ਹੈ। ਉਨ੍ਹਾਂ ਦੀ ਬੱਚੀ ਪਿੱਛੇ ਰਹਿ ਗਈ ਹੈ। ਕਈ ਵਰ੍ਹੇ ਬੀਤ ਗਏ ਹਨ। ਨੌਜਵਾਨ ਡਾਕਟਰ ਦੀ ਕੋਈ ਉਘ-ਸੁਘ ਨਹੀਂ। ਇੱਧਰੋਂ ਉੱਧਰ ਜਾਣਾ ਮੁਸ਼ਕਲ ਹੈ, ਉੱਧਰੋਂ ਇੱਧਰ ਆਉਣਾ ਸੌਖਾ ਨਹੀਂ।

ਤੇ ਫਿਰ ਇੱਕ ਦਿਨ ਅਚਾਨਕ ਨੌਜਵਾਨ ਮੁਸਲਮਾਨ ਡਾਕਟਰ ਉਨ੍ਹਾਂ ਦੇ ਆ ਨਿਕਲਦਾ ਹੈ। ਆਪਣੀ ਬੇਟੀ ਨੂੰ ਵੇਖ ਕੇ ਉਹਦਾ ਅੰਗ-ਅੰਗ ਹਲੂਣਿਆ ਜਾਂਦਾ ਹੈ। ਉਹ ਤੇ ਆਪਣੀ ਬੱਚੀ ਨੂੰ ਅਪਨਾਏਗਾ, ਉਹਨੂੰ ਆਪਣੇ ਨਾਲ ਲਿਜਾਵੇਗਾ। ਉੱਚੀ ਲੰਮੀ ਨਿਰੀ-ਪੁਰੀ ਉਹਦੀ ਸ਼ਕਲ। ਉਹਦੀ ਜਾਨ ਦਾ ਟੁਕੜਾ। ਉਹਦੀ ਮਹਿਬੂਬਾ ਉਹਨੂੰ ਸਮਝਾਂਦੀ ਹੈ ਪਰ ਉਹਨੂੰ ਇੱਕ ਗੱਲ ਨਹੀਂ ਅਹੁੜਦੀ। ਇਸ ਉਮਰ ਵਿਚ ਉਹ ਆਪਣੇ ਖਾਵੰਦ ਨੂੰ ਕੀ ਕਹੇਗੀ? ਆਂਢੀਆਂ-ਗੁਆਂਢੀਆਂ ਨੂੰ ਕੀ ਜਵਾਬ ਦੇਵੇਗੀ? ਉਹਦੇ ਹੋਰ ਵੀ ਤੇ ਬੱਚੇ ਹਨ ਪਰ ਡਾਕਟਰ ਕਿਸੇ ਕੌਲੀ ਵਿਚ ਨਹੀਂ ਆ ਰਿਹਾ ਤੇ ਆਖ਼ਰ ਉਹ ਹਾਰ ਮੰਨ ਲੈਂਦੀ ਹੈ। ਕਮਜ਼ੋਰ ਔਰਤ ਆਖ਼ਰ, ਉਹ ਹਥਿਆਰ ਸੁੱਟ ਦਿੰਦੀ ਹੈ।

ਇਤਨੇ ਵਿਚ ਉਨ੍ਹਾਂ ਦੀ ਬੇਟੀ ਗੋਲ ਕਮਰੇ ਵਿਚ ਆਂਦੀ ਹੈ, ਜਿੱਥੇ ਉਹ ਬੈਠੇ ਹਨ। ਉਸ ਪਰਦੇ ਦੇ ਪਿੱਛੋਂ ਸਭ ਕੁਝ ਸੁਣ ਲਿਆ ਹੁੰਦਾ ਹੈ ਤੇ ਉਹ ਆਪਣੇ ਡਾਕਟਰ ਪਿਉ ਨੂੰ ਇੰਜ ਮੁਖ਼ਾਤਿਬ ਹੁੰਦੀ ਹੈ-ਤੁਸੀਂ ਸੋਲਾਂ ਵਰ੍ਹੇ ਪਿੱਛੋਂ ਆਪਣਾ ਹੱਕ ਜਤਲਾਣ ਆਏ ਹੋ ਕਿਉਂਕਿ ਮੈਂ ਤੁਹਾਡੇ ਖ਼ੂਨ ਦਾ ਖ਼ੂਨ ਹਾਂ? ਤੇ ਉਸ ਆਦਮੀ ਦਾ ਮੇਰੇ 'ਤੇ ਕੋਈ ਹੱਕ ਨਹੀਂ ਜਿਹੜਾ ਇਤਨੇ ਵਰ੍ਹੇ ਮੈਨੂੰ ਆਪਣੀ ਬੇਟੀ ਸਮਝ ਕੇ ਪਾਲਦਾ ਰਿਹਾ ਹੈ? ਜਿਹਦੀ ਗੋਦੀ ਵਿਚ ਮੈਂ ਖੇਡ ਵੱਡੀ ਹੋਈ ਹਾਂ, ਜਿਸ ਦੇ ਵਿਹੜੇ ਮੈਂ ਘਸੂਟੀਆਂ ਕੀਤੀਆਂ, ਜਿਹਦੀ ਉਂਗਲ ਨਾਲ ਲੱਗ ਕੇ ਤੁਰਨਾ ਸਿੱਖਿਆ। ਮੇਰੇ ਮੂੰਹ ਵਿਚੋਂ ਗੱਲ ਪਿੱਛੋਂ ਨਿਕਲਦੀ ਉਸ ਨੂੰ ਪੂਰਾ ਪਹਿਲਾਂ ਕਰ ਦਿੱਤਾ ਜਾਂਦਾ। ਜਦੋਂ ਮੈਂ ਬੀਮਾਰ ਹੋਈ, ਜਿਹੜਾ ਰਾਤ-ਰਾਤ ਭਰ ਮੇਰੇ ਸਿਰਹਾਣੇ ਬੈਠ ਕੇ ਮੇਰੀ ਤੀਮਾਰਦਾਰੀ ਕਰਦਾ ਰਿਹਾ, ਹੱਥ ਜੋੜ ਜੋੜ ਕੇ ਈਸ਼ਵਰ ਤੋਂ ਜਿਹੜਾ ਮੇਰੀ ਸਿਹਤ ਦੀ ਭਿੱਖਿਆ ਮੰਗਦਾ ਰਿਹਾ, ਸੋਲਾਂ ਵਰ੍ਹੇ ਜਿਸ ਆਦਮੀ ਨੇ ਮੈਨੂੰ ਅੱਖਾਂ 'ਤੇ ਬਿਠਾਈ ਰੱਖਿਆ, ਉਹ ਮੇਰਾ ਪਿਉ ਨਹੀਂ ਤੇ ਜਿਸ ਆਦਮੀ ਨੇ ਜੁਆਨੀ ਦੀ ਬਦਮਸਤੀ ਵਿਚ ਅੰਨ੍ਹੇ ਇਸ਼ਕ ਦੇ ਹਨੇਰੇ ਵਿਚ ਆਪਣੀ ਇੱਕ ਹਮਉਮਰ ਗੁਆਂਢਣ

(ਬਾਕੀ ਸਫਾ 36 'ਤੇ)

***ਤੁਸੀਂ ਸੋਲਾਂ ਵਰ੍ਹੇ ਪਿੱਛੋਂ ਆਪਣਾ ਹੱਕ ਜਤਲਾਣ ਆਏ ਹੋ ਕਿਉਂਕਿ ਮੈਂ ਤੁਹਾਡੇ ਖ਼ੂਨ ਦਾ ਖ਼ੂਨ ਹਾਂ? ਤੇ ਉਸ ਆਦਮੀ ਦਾ ਮੇਰੇ 'ਤੇ ਕੋਈ ਹੱਕ ਨਹੀਂ ਜਿਹੜਾ ਇਤਨੇ ਵਰ੍ਹੇ ਮੈਨੂੰ ਆਪਣੀ ਬੇਟੀ ਸਮਝ ਕੇ ਪਾਲਦਾ ਰਿਹਾ ਹੈ? ਜਿਹਦੀ ਗੋਦੀ ਵਿਚ ਮੈਂ ਖੇਡ ਵੱਡੀ ਹੋਈ ਹਾਂ, ਜਿਸ ਦੇ ਵਿਹੜੇ ਮੈਂ ਘਸੂਟੀਆਂ ਕੀਤੀਆਂ, ਜਿਹਦੀ ਉਂਗਲ ਨਾਲ ਲੱਗ ਕੇ ਤੁਰਨਾ ਸਿੱਖਿਆ। ...ਜਦੋਂ ਮੈਂ ਬੀਮਾਰ ਹੋਈ, ਜਿਹੜਾ ਰਾਤ-ਰਾਤ ਭਰ ਮੇਰੇ ਸਿਰਹਾਣੇ ਬੈਠ ਕੇ ਮੇਰੀ ਤੀਮਾਰਦਾਰੀ ਕਰਦਾ ਰਿਹਾ, ਹੱਥ ਜੋੜ ਜੋੜ ਕੇ ਈਸ਼ਵਰ ਤੋਂ ਜਿਹੜਾ ਮੇਰੀ ਸਿਹਤ ਦੀ ਭਿੱਖਿਆ ਮੰਗਦਾ ਰਿਹਾ, ਸੋਲਾਂ ਵਰ੍ਹੇ ਜਿਸ ਆਦਮੀ ਨੇ ਮੈਨੂੰ ਅੱਖਾਂ 'ਤੇ ਬਿਠਾਈ ਰੱਖਿਆ, ਉਹ ਮੇਰਾ ਪਿਉ ਨਹੀਂ ਤੇ ਜਿਸ ਆਦਮੀ ਨੇ ਜੁਆਨੀ ਦੀ ਬਦਮਸਤੀ ਵਿਚ ਅੰਨ੍ਹੇ ਇਸ਼ਕ ਦੇ ਹਨੇਰੇ ਵਿਚ ਆਪਣੀ ਇੱਕ ਹਮਉਮਰ ਗੁਆਂਢਣ ਨੂੰ ਝੱਟ ਦੇ ਝੱਟ ਲਈ ਆਪਣੇ ਨਾਲ ਉਡਾ ਲਿਆ, ਉਸ ਪਿਉ ਦਾ ਹੱਕ ਮੇਰੇ 'ਤੇ ਜ਼ਿਆਦਾ ਹੈ? ਮੇਰੀ ਮਾਂ ਬੇਸ਼ਕ ਮਜਬੂਰ ਹੈ। ਆਪਣੀ ਮੁਹੱਬਤ ਦੀ ਯਾਦ! ਮੇਰੀ ਮਾਂ ਬੇਸ਼ਕ ਹਰ ਕੁਰਬਾਨੀ ਕਰ ਸਕਦੀ ਹੈ ਤੁਹਾਡੇ ਲਈ। ਮੈਂ ਤੁਹਾਡੀ ਬੇਟੀ ਬਣਨ ਲਈ ਬਿਲਕੁਲ ਤਿਆਰ ਨਹੀਂ। ...ਤੁਹਾਨੂੰ ਖ਼ਾਲੀ ਹੱਥ ਮੁੜਨਾ ਹੋਵੇਗਾ। ਜਿਵੇਂ ਤੁਸੀਂ ਇਹ ਸੋਲਾਂ ਵਰ੍ਹੇ ਕੱਟੇ, ਬਾਕੀ ਉਮਰ ਤੁਹਾਨੂੰ ਸਖਣੀ ਗੁਜ਼ਾਰਨੀ ਹੋਵੇਗੀ।***

## ਕਹਾਣੀ

# ਭਗੜੋ ਮੁਣਸਪਿੱਟੀ

ਕਰਤਾਰ ਸਿੰਘ ਦੁੱਗਲ

ਭਗੜੋ ਨੂੰ ਲੋਕੀਂ ਮੁਣਸਪਿੱਟੀ ਸੱਦਦੇ ਸਨ, ਉਸ ਦਾ ਖ਼ਾਵੰਦ ਜੋ ਮਰ ਗਿਆ ਸੀ। ਤੇ ਜਿਸ ਦਿਨ ਦਾ ਭਗੜੋ ਦਾ ਬਿਆਰੇ ਦਾ ਬੀਂ, ਇੱਕੋ-ਇੱਕ ਪੁੱਤਰ ਭਰਤੀ ਹੋ ਕੇ ਲਾਮ ਤੇ ਚਲਾ ਗਿਆ, ਉਸ ਨੂੰ ਪਤਾ ਨਹੀਂ ਸੀ ਲੱਗਦਾ, ਉਹ ਆਪਣੇ-ਆਪ ਨਾਲ ਕੀ ਕਰੇ। ਵਿਹਲੀ ਰਹਿ ਰਹਿ ਕੇ ਥੱਕ ਲੱਥੀ ਸੀ। ਇੱਥੋਂ ਉਠਦੀ, ਉਥੇ ਜਾ ਥੱਲ੍ਹਾ ਮਾਰਦੀ। ਗੱਲਾਂ ਕਰ-ਕਰ ਕੇ ਉਹਦੀਆਂ ਗੱਲਾਂ ਮੁੱਕਣ ਲੱਗਦੀਆਂ ਪਰ ਗਰਮੀਆਂ ਦੇ ਦਿਨ ਤੇ ਸਿਆਲੇ ਦੀਆਂ ਤ੍ਰਕਾਲਾਂ ਖ਼ਤਮ ਹੋਣ ਵਿਚ ਨਾ ਆਉਂਦੀਆਂ।

ਤੇ ਫੇਰ ਭਗੜੋ ਨੇ ਆਪਣਾ ਮਨ ਪਰਚਾਉਣ ਦਾ ਵਲ ਲੱਭ ਲਿਆ। ਕੁਕੜੀਆਂ ਦੇ ਆਂਡੇ ਇੱਕਠੇ ਕਰ ਕੇ ਉਹ ਪਿੰਡ ਦੇ ਲਾਗੇ ਛਾਉਣੀ ਵਿਚ ਜਾ ਕੇ ਵੇਚ ਆਉਂਦੀ। ਕਦੀ ਤੋਪਖ਼ਾਨੇ ਵਿਚ, ਕਦੀ ਲਾਲ ਕੁੜਤੀ ਦੇ ਕਿਸੇ ਗਲੀ-ਮੁਹੱਲੇ ਵਿਚ, ਕਦੀ ਖ਼ਲਾਸੀ-ਲੈਣ ਵਿਚ। ਪਹਿਲੇ ਇੱਕ ਦਿਨ ਛੱਡ ਕੇ ਜਾਂਦੀ ਸੀ। ਫੇਰ ਹਰ ਰੋਜ਼ ਜਾਣ ਲੱਗ ਪਈ। ਆਪਣੇ ਵਿਹੜੇ ਦੀਆਂ ਕੁਕੜੀਆਂ ਦੇ ਨਾਲ ਆਂਢੀਆਂ-ਗੁਆਂਢੀਆਂ ਦੀਆਂ ਕੁਕੜੀਆਂ ਦੇ ਆਂਡੇ ਵੀ ਇੱਕਠੇ ਕਰ ਲੈਂਦੀ। ਪਟਾਰੀ ਵਿਚ ਆਂਡੇ ਰੱਖ ਹੌਲੇ-ਹੌਲੇ ਤੁਰਦੀ। ਸਵੇਰੇ ਖਾ ਪੀ ਕੇ ਘਰੋਂ ਨਿਕਲਦੀ, ਸ਼ਾਮੀ ਰਿੰਨ੍ਹਣ-ਪਕਾਣ ਵੇਲੇ ਮੁੜ ਆਂਦੀ। ਆਂਡਿਆਂ ਦੇ ਉਹਦੇ ਘਰ ਬੱਝੇ ਹੋਏ ਸਨ। ਭਗੜੋ ਨੂੰ ਕੋਈ ਕਾਹਲ ਨਹੀਂ ਸੀ ਹੁੰਦੀ। ਜੀਅ ਕਰਦਾ ਤਾਂ ਕਿਸੇ ਰੁੱਖ ਹੇਠ ਸੁਸਤਾ ਲੈਂਦੀ, ਮਨ ਕਰਦਾ ਤਾਂ ਕਿਸੇ ਪੁਲ ਉਤੇ ਖਲੋ ਕੇ ਹੇਠ ਕਲ-ਕਲ ਕਰਦੇ ਵਗ ਰਹੇ ਪਾਣੀ ਨੂੰ ਵੇਖਣ ਲੱਗ ਪੈਂਦੀ।

ਕਰਦਿਆਂ-ਕਰਦਿਆਂ ਢੇਰ ਸਾਰੇ ਆਂਡੇ ਉਹਦੇ ਹੋ ਜਾਂਦੇ। ਤੇ ਫੇਰ ਭਗੜੋ ਨੇ ਇੱਕ ਬੱਘੀ ਬਣਾ ਲਈ। ਛਾਉਣੀ ਵਿਚ ਕਿਸੇ ਮੇਮ ਦੀ ਟੁੱਟੀ ਹੋਈ ਪੁਰਾਣੀ ਪਰੈਮ ਕਬਾੜੀਏ ਦੇ ਪਈ ਸੀ, ਭਗੜੋ ਨੇ ਉਹ ਖ਼ਰੀਦ ਲਈ ਤੇ ਪਰੈਮ ਵਿਚ ਬੱਚੇ ਦੀ ਥਾਂ ਆਂਡੇ ਰੱਖ ਕੇ ਉਹ ਛਾਉਣੀ ਲੈ ਜਾਂਦੀ, ਸ਼ਾਮੀਂ ਖ਼ਾਲੀ ਪਰੈਮ ਨੂੰ ਰੇੜ੍ਹਦੀ ਪਿੰਡ ਮੁੜ ਆਂਦੀ। ਭਗੜੋ ਸੋਚਦੀ ਇੰਜ ਉਹ ਥੱਕਦੀ ਵੀ ਘੱਟ ਸੀ। ਪਹਿਲੇ ਤਾਂ ਕਦੀ ਸੱਜੇ, ਕਦੀ ਖੱਬੇ ਪਟਾਰੀ ਚੁੱਕ-ਚੁੱਕ ਕੇ ਉਹ ਹਾਰ-ਹੁਟ ਜਾਂਦੀ ਸੀ। ਕਦੀ-ਕਦੀ ਰਾਤੀਂ ਉਹਦੀਆਂ ਬਾਹਵਾਂ, ਇੰਜ ਲੱਗਦਾ, ਜਿਵੇਂ ਚਲਊਂ-ਚਲਊਂ ਕਰ ਰਹੀਆਂ ਹੋਣ ਉਨ੍ਹਾਂ ਵਿਚ ਗਿਲਟ ਪੈ ਜਾਂਦੇ।

ਇੱਕੋ ਇੱਕ ਪੁੱਤਰ ਉਹਦਾ ਲਾਮ 'ਤੇ ਚਲਾ ਗਿਆ ਸੀ। ਭਗੜੋ ਸੋਚਦੀ, ਹੁਣ ਉਹਦਾ ਕੌਣ ਸੀ ਜਿਹੜਾ ਉਹਦੀਆਂ ਮੁੱਠੀਆਂ ਭਰੇ। ਵਿਧਵਾ ਦੀ ਜ਼ਿੰਦਗੀ ਬੜੀ ਖ਼ਵਾਰੀ ਹੁੰਦੀ ਹੈ। ਕਦੀ-ਕਦੀ ਕੱਲ-ਮੁਕੱਲੀ ਤਾਰਿਆਂ ਦੀ ਛਾਵੇਂ ਲੇਟੀ ਭਗੜੋ ਦੀਆਂ ਅੱਖਾਂ ਸੇਜਲ ਹੋ ਜਾਂਦੀਆਂ। ਤੇ ਫੇਰ ਭਗੜੋ ਇੱਕਦਮ ਸੰਭਲ ਜਾਂਦੀ। ਇੰਜ ਵੀ ਕੋਈ ਰੋਇਆ ਕਰਦਾ ਹੈ। ਜੁਗ-ਜੁਗ ਜੀਵੇ ਉਹਦਾ ਪੁੱਤਰ ਲਖਬੀਰ। ਪੁੱਤਰਾਂ ਦੀਆਂ ਮਾਂਵਾਂ ਨੂੰ ਕਿਸੇ ਗੱਲ ਦੀ ਪ੍ਰਵਾਹ ਨਹੀਂ ਹੁੰਦੀ। ਕੇਹੀਆਂ ਸੋਹਣੀਆਂ ਚਿੱਠੀਆਂ ਲਿਖਦਾ ਸੀ। ਭਗੜੋ ਖ਼ੁਸ਼ ਸੀ, ਉਸ ਚਾਰ ਅੱਖਰ ਆਪਣੀ ਜੁਆਨੀ ਵਿਚ ਪੜ੍ਹ ਲਏ ਸਨ। ਹੁਣ ਪੁੱਤਰ ਦੀ ਚਿੱਠੀ ਪੜ੍ਹ ਵੀ ਸਕਦੀ ਸੀ ਤੇ ਉਹਨੂੰ ਚਿੱਠੀ ਲਿਖ ਵੀ ਸਕਦੀ ਸੀ। ਨਹੀਂ ਤੇ ਆਂਢਣਾਂ-ਗੁਆਂਢਣਾਂ, ਇੱਧਰ ਡਾਕੀਆ ਚਿੱਠੀ ਸੁੱਟ ਕੇ ਜਾਂਦਾ, ਉੱਧਰ ਪੈਰੀਂ ਤੱਪੜ ਅੜਾ ਕੇ ਚਿੱਠੀ ਪੜ੍ਹਾਉਣ ਨਿਕਲ ਪੈਂਦੀਆਂ। ਨਾਲੇ ਅਗਲਾ ਜਦੋਂ ਚਿੱਠੀ ਪੜ੍ਹਦਾ ਹੈ, ਕੋਈ ਪਰਦਾ ਥੋੜ੍ਹਾ ਰਹਿੰਦਾ ਹੈ ਨਾ ਚਿੱਠੀ ਲਿਖਣ ਵਾਲੇ ਨੂੰ ਕੋਈ ਸੁਆਦ, ਨਾ ਚਿੱਠੀ ਪਾਉਣ ਵਾਲੇ ਨੂੰ ਕੋਈ ਸੁਆਦ।

ਭਗੜੋ ਦੀ ਬੱਘੀ ਵਿਚ ਚੋਖੀ ਥਾਂ ਹੁੰਦੀ ਸੀ। ਕੁਝ ਦਿਨ ਤੇ ਆਂਡਿਆਂ ਦੇ ਨਾਲ ਉਹ ਫ਼ਾਲਤੂ ਚੂਚੇ ਵੀ ਰੱਖ ਲੈਂਦੀ। ਛਾਉਣੀ ਵਿਚ ਚੂਚਿਆਂ ਦੀ ਬੜੀ ਮੰਗ ਸੀ। ਨਾਲੇ ਭਗੜੋ ਨੇ ਵੇਖਿਆ, ਚੂਚਿਆਂ ਵਿਚ ਉਹਨੂੰ ਚਾਰ ਪੈਸੇ ਵਧੇਰੇ ਬਚ ਜਾਂਦੇ ਸਨ। ਹੌਲੇ-ਹੌਲੇ ਉਹਦੇ ਕੋਲ ਆਂਡੇ ਘਟ ਹੁੰਦੇ ਗਏ ਤੇ ਚੂਚੇ ਜ਼ਿਆਦਾ। ਨਾਲੇ ਆਂਡਿਆਂ ਦੇ ਟੁੱਟਣ ਦਾ ਹਮੇਸ਼ਾਂ ਖ਼ਤਰਾ ਬਣਿਆ ਰਹਿੰਦਾ ਸੀ। ਕਈ ਵਾਰ ਭਗੜੋ ਖ਼ਤਾ ਖਾ ਬੈਠੀ ਸੀ। ਇੱਕ ਦਿਨ ਤਾਂ ਸਾਰੇ ਦੇ ਸਾਰੇ ਉਹਦੇ ਆਂਡੇ ਢੇਰੀ ਹੋ ਗਏ ਸਨ। ਸ਼ਾਮੂ ਦੀ ਢੱਕੀ ਲਹਿੰਦਿਆਂ ਬੱਘੀ ਉਹਦੇ ਹੱਥੋਂ ਛੁੜਕ ਗਈ ਤੇ ਵਿੰਹਦਿਆਂ-ਵਿੰਹਦਿਆਂ ਸਾਹਮਣੇ ਨਾਲੀ ਵਿਚ ਮੂਧੀ ਜਾ ਪਈ ਸੀ। ਸਾਰੇ ਆਂਡੇ ਟੁੱਟ ਕੇ ਨਾਲੀ ਵਿਚ ਵੀਟ ਗਏ ਸਨ।

ਜਦੋਂ ਭਗੜੋ ਦਾ ਇੰਜ ਨੁਕਸਾਨ ਹੁੰਦਾ, ਉਹ ਰਤੀ ਪ੍ਰਵਾਹ ਨਾ ਕਰਦੀ। 'ਜੁਗ-ਜੁਗ ਜੀਵੇ ਮੇਰਾ ਪੁੱਤਰ ਲੱਖਾ!' ਉਹ ਆਪਣੇ-ਆਪ ਨੂੰ ਕਹਿੰਦੀ ਤੇ ਸੰਭਲ ਜਾਂਦੀ। ਉਂਜ ਦੀ ਉਂਜ ਸੰਜੀਦਾ, ਖ਼ੁਸ਼। ਕਮਾਊ ਪੁੱਤਰਾਂ ਦੀਆਂ ਮਾਂਵਾਂ ਨੂੰ ਕਾਹਦੀ ਚਿੰਤਾ।

ਤੇ ਫੇਰ ਭਗੜੋ ਨੇ ਆਂਡਿਆਂ ਦਾ ਵਪਾਰ ਛੱਡ ਦਿੱਤਾ। ਆਂਡਿਆਂ ਵਿਚੋਂ ਚੂਚੇ ਕੱਢ ਕੇ ਛਾਉਣੀ ਕੁਕੜ-ਕੁਕੜੀਆਂ ਵੇਚਣ ਲਿਜਾਂਦੀ। ਅੱਠ-ਦਸ ਚੂਚੇ ਹਰ ਰੋਜ਼ ਇੱਕਠੇ ਕਰ ਲੈਂਦੀ, ਸ਼ਾਮੀਂ ਵੇਚ ਵੱਟ ਕੇ ਘਰ ਮੁੜ ਆਂਦੀ। ਇਹ ਕੰਮ ਸੁਥਰਾ ਸੀ, ਨਾਲੇ ਇਸ ਵਿਚ ਖ਼ਤਰਾ ਉੱਕਾ ਨਹੀਂ ਸੀ। ਜੇ ਕੋਈ ਚੂਚਾ ਨਾ ਵਿਕਦਾ ਤਾਂ ਉਸ ਨੂੰ ਮੋੜ ਲਿਆਂਦੀ। ਪਰ ਇੰਜ ਕਦੀ ਵਿਰਲਾ ਹੀ ਹੋਇਆ ਸੀ। ਅਕਸਰ ਜਿਤਨੇ ਦਾਣੇ ਭਗੜੋ ਦੀ ਬੱਘੀ ਵਿਚ ਆਂਦੇ ਸਨ, ਸਾਰੇ-ਦੇ-ਸਾਰੇ ਉਹ ਵੇਚ ਵੱਟ ਕੇ ਘਰ ਮੁੜਦੀ।

ਤੇ ਭਗੜੋ ਇਸ ਨਵੇਂ ਧੰਦੇ ਬਾਰੇ ਆਪਣੇ ਪੁੱਤਰ ਨੂੰ ਲਿਖਦੀ ਰਹਿੰਦੀ। ਉਹਦੀ ਤਲਬ ਬੇਸ਼ੱਕ ਹਰ ਮਹੀਨੇ ਦੀ ਪਹਿਲੀ ਤਰੀਕ ਆ ਜਾਂਦੀ, ਡਾਕੀਆ ਮਨੀਆਰਡਰ ਲੈ ਕੇ ਇਹਨੂੰ ਢੂੰਡਦਾ ਰਹਿੰਦਾ ਪਰ ਭਗੜੋ ਨੂੰ ਵਿਹਲੀ ਰਹਿ ਕੇ ਡੋਬ ਪੈਂਦੇ ਸਨ। ਉਸ ਤੇ ਇਹ ਧੰਦਾ ਫੜਿਆ ਸੀ ਤਾਂ ਜੋ ਉਹਦਾ ਮਨ ਲੱਗਿਆ ਰਹੇ। ਨਾਲੇ ਦਿਲ ਭੁੱਲਿਆ ਰਹਿੰਦਾ, ਆਪਣੇ ਇੱਕੋ-ਇੱਕ ਪੁੱਤਰ ਦਾ ਵਿਛੋੜਾ ਨਾ ਸਤਾਂਦਾ, ਨਾਲੇ ਚਾਰ ਪੈਸੇ ਬਣ ਜਾਂਦੇ। ਭਗੜੋ ਸੋਚਦੀ, ਹੁਣ ਜਦੋਂ ਉਹਦਾ ਲਾਡਲਾ ਲਾਮ ਤੋਂ ਮੁੜਿਆ, ਇਹ ਉਸ ਨੂੰ ਵਿਆਹ ਛੱਡੇਗੀ। ਜੇ ਪਹਿਲੇ ਇੰਜ ਕੀਤਾ ਹੁੰਦਾ ਤਾਂ ਉਹ ਲਾਮ ਤੇ ਕਦੀ ਨਾ ਜਾਂਦਾ। ਕਿਸੇ ਦੇ ਦੋ ਨੈਣ ਉਹਨੂੰ ਵਲਿੰਗ ਕੇ ਰੱਖ ਲੈਂਦੇ। ਇੱਕ ਵਾਰ ਥਿੜਕ ਗਈ ਸੀ, ਹੁਣ ਇਹ ਭੁੱਲ ਨਹੀਂ ਹੋਣ ਦੇਵੇਗੀ।

ਹਰ ਚਿੱਠੀ ਵਿਚ ਉਹ ਲਿਖਦਾ, 'ਮਾਊ, ਤੁਘੀ ਕੰਮ ਕਰਣੇ ਨੀ ਕੇ ਮੁਸੀਬਤ ਪਈ ਵਹੈ? ਕੋਂਹ ਪੱਕਾ ਪੈਂਡਾ ਟੁਰ ਕੇ ਗੱਛਣੀ ਹੋਸੇਂ, ਕੋਹ ਪੱਕਾ ਪੈਂਡਾ ਟੁਰ ਕੇ ਅਛਣੀ ਹੋਸੇਂ। ਛਾਉਣੀ ਕਿਹੜੀ ਨੇੜੇ ਵਹੈ। ਸ਼ੰਮੂ ਨੀਆਂ ਫਲਾਹੀਆਂ, ਛੱਛ, ਜੱਰਾਹੀ ਨਾ ਪੁਲ, ਤੇ ਟੰਚ ਤੇ ਫੇਰ ਛਾਉਣੀ ਨੀਆਂ ਬਾਰਕਾਂ ਦਿਸਣੀਆਂ ਨੇ।"

ਹਰ ਵਾਰ ਭਗੜੋ ਚਿੱਠੀ ਪੜ੍ਹਦੀ ਤੇ ਅੱਗੋਂ ਹੱਸ ਛੱਡਦੀ। "ਲਾਡਲਾ।" "ਮੈਂਢਾ ਕਲੇਜੇ ਨਾ ਟੋਟਾ।" ਆਪਣੇ ਹੋਠਾਂ ਵਿਚ ਗੁਣਗੁਣਾਂਦੀ ਤੇ ਹੱਸ ਕੇ ਉਹਦੀ ਗੱਲ ਟਾਲ ਜਾਂਦੀ।

ਜਦੋਂ ਉਹਦਾ ਪੋਤਰਾ ਆਇਆ ਤਾਂ ਉਹ ਉਹਨੂੰ ਬੱਘੀ ਵਿਚ ਪਾ ਕੇ ਸੈਰ ਕਰਵਾਇਆ ਕਰੇਗੀ। ਪਿੰਡ ਵਾਲੇ ਪੂੰਦ ਕਰਨ ਤਾਂ ਬੇਸ਼ੱਕ ਕਰਨ। ਭਗੜੋ ਨਹੀਂ ਕਿਸੇ ਤੋਂ ਡਰਨ ਵਾਲੀ। ਉਹਦੇ ਵਿਹੜੇ ਵਿਚ ਜਦੋਂ ਨੂੰਹ ਰਾਣੀ ਦੀ ਗਹਿਮਾ-ਗਹਿਮੀ ਹੋਵੇਗੀ, ਉਹ ਚੂਚੇ ਵੇਚਣੇ ਛੱਡ ਦੇਵੇਗੀ। ਹਵਾਲਦਾਰ ਦੀ ਜਾਈ ਉਹ ਚੂਚੇ ਨਹੀਂ, ਕੁਝ ਹੋਰ ਵੇਚਿਆ ਕਰੇਗੀ। ਅਕਸਰ ਭਗੜੋ ਇਸ ਤਰ੍ਹਾਂ ਦੇ ਸੁਫਨੇ ਵੇਖਦੀ ਰਹਿੰਦੀ।

ਭਾਵੇਂ ਉਹ ਅੰਗਰੇਜ਼ੀ ਨਹੀਂ ਪੜ੍ਹੀ ਸੀ, ਛਾਉਣੀ ਦੇ ਲਾਗੇ ਜੰਮੀ-ਪਲੀ ਤੇ ਵਿਆਹੀ ਭਗੜੋ ਇਸ਼ਾਰਿਆਂ-ਕਿਨਾਇਆਂ ਨਾਲ ਤੇ ਟੁੱਟੀ ਫੁੱਟੀ ਹਿੰਦੁਸਤਾਨੀ ਨਾਲ ਆਪਣਾ ਕੰਮ ਤੋਰ ਲੈਂਦੀ। ਜ਼ਿਆਦਾਤਰ ਆਪਣਾ ਮਾਲ ਉਹ ਟਾਮੀਆਂ ਦੀਆਂ ਚਿੱਟੀ ਚਮੜੀ ਵਾਲੀਆਂ ਮੇਮਾਂ ਜਾਂ ਕਾਲ-ਭਰਮੀਆਂ ਕਰਾਂਟਣਾਂ ਨੂੰ ਵੇਚਦੀ ਸੀ। ਦੇਸੀ ਲੋਕਾਂ ਦੇ ਮੁਹੱਲੇ ਵਿਚ ਵਸੇਂ ਵਸੇਂ ਨਾ ਜਾਂਦੀ। ਜਦੋਂ ਕਦੀ ਮਜਬੂਰਨ ਜਾਣਾ ਹੁੰਦਾ ਤਾਂ ਨਵਾਂ ਮਾਸਾ ਖਾਣਾ ਸਿਖੀਆਂ ਖਤ੍ਰਿਆਣੀਆਂ ਹਮੇਸ਼ਾਂ ਕਹਿੰਦੀਆਂ, "ਨੀ ਮਿੜੇ ਚਾਕੂ ਨਾਲ ਚੂਚੇ ਕੀ ਬਣਾਈ ਵੀ ਦੇ।" ਭਗੜੋ ਸੁਣਦੀ ਤੇ ਉਹਦਾ ਤ੍ਰਾਹ ਨਿਕਲ ਜਾਂਦਾ। ਬਿਟ-ਬਿਟ ਉਨ੍ਹਾਂ ਦੇ ਮੂੰਹ ਵੱਲ ਵੇਖਣ ਲੱਗ ਪੈਂਦੀ। ਭਗੜੋ ਕਿਵੇਂ ਕਿਸੇ ਚੂਚੇ ਨੂੰ ਵੱਢ ਸਕਦੀ ਸੀ। ਅਜੇ ਤੇ ਉਹਦੇ ਪੁੱਤਰ ਨੇ ਲਾਮ ਤੋਂ ਮੁੜਨਾ ਸੀ। ਲਾਮ ਤੋਂ ਮੁੜਿਆ ਉਹ ਵਿਆਹ ਕਰੇਗਾ। ਫੇਰ ਉਨ੍ਹਾਂ ਦੇ ਵਿਹੜੇ ਵਿਚ ਇੱਕ ਲਾਲ ਖੇਡੇਗਾ। ਜਦੋਂ ਕੋਈ ਖਤ੍ਰਿਆਣੀ ਭਗੜੋ ਨੂੰ ਚੂਚਾ ਵੱਢਣ ਲਈ ਕਹਿੰਦੀ, ਇਹਨੂੰ ਲੱਗਦਾ ਜਿਵੇਂ ਉਸ ਦਾ ਹੱਥ ਲੁਸ ਲੁਸ ਕਰਦੇ ਕਿਸੇ ਮਾਸੂਮ ਬੱਚੇ ਦੀ ਗਿੱਚੀ ਉਤੇ ਜਾ ਪਿਆ ਹੋਵੇ ਤੇ ਭਗੜੋ ਸਿਰ ਤੋਂ ਲੈ ਕੇ ਪੈਰਾਂ ਤੀਕ ਕੰਬ ਜਾਂਦੀ।

ਤੇ ਫੇਰ ਵਸੇਂ ਵਸੇਂ ਉਹ ਫਰੰਗਣਾਂ ਦੇ ਬੰਗਲਿਆਂ ਵੱਲ ਚੱਕਰ ਕੱਟਦੀ ਰਹਿੰਦੀ। ਇਹ ਲੋਕ ਕਦੀ ਨਹੀਂ ਇਸ ਤਰ੍ਹਾਂ ਦੀ ਬੇਹੂਦਾ ਫਰਮਾਇਸ਼ ਕਰਦੇ ਸਨ। ਇਨ੍ਹਾਂ ਦੇ ਆਪਣੇ ਖ਼ਾਨਸਾਮੇ ਤੇ ਬੈਰੇ ਹੁੰਦੇ ਸਨ। ਆਪਣੀ ਮਰਜ਼ੀ ਨਾਲ ਭਾਵੇਂ ਹਲਾਲ ਕਰਦੇ, ਭਾਵੇਂ ਝਟਕਾ ਕਰਦੇ।

ਤੇ ਭਗੜੋ ਨੇ ਅਜ਼ਮਾ ਕੇ ਵੇਖਿਆ ਸੀ, ਜਦੋਂ ਵੀ ਉਹ ਲਾਲ ਕੁਕੜੀ ਜਾਂ ਤੋਪਖਾਨੇ ਦੀ ਕਿਸੇ ਗਲੀ ਵੱਲ ਭੁੱਲੀ-ਭਟਕੀ ਚਲੀ ਜਾਂਦੀ ਹਮੇਸ਼ਾਂ ਅਗਲੇ ਚੂਚਾ ਬਣਾਉਣ ਲਈ ਤਕਾਜ਼ਾ ਕਰਦੇ। ਭਗੜੋ ਉਨ੍ਹਾਂ ਦੀ ਇੱਕ ਨਾ ਸੁਣਦੀ। "ਨਾ ਭੈਣਾਂ, ਮਰਜ਼ੀ ਵਹੈ ਤੇ ਲਵੋ ਨਹੀਂ ਤੇ ਛੋੜੀ ਦਿਉ, ਮੈਂ ਤਾਂ ਆਪਣੇ ਚੂਚੇ ਕੀ ਖੋਂਹਰੀ ਨਜ਼ਰ ਵੀ ਨਾ ਤੱਕਾਂ।"

"ਤੇ ਮੁਣਸਪਿੱਟੀਏ, ਚੂਚੇ ਪਾਲੀ ਪਾਲੀ ਕੇ ਵੇਚਣ ਕੀਹਾਂ ਟੁਰੀ ਪੈਣੀ ਏਂ?" ਖਤ੍ਰਿਆਣੀਆਂ ਉਸ ਨੂੰ ਛੇੜਦੀਆਂ, "ਤੈਂਢੇ ਚੂਚੇ ਕੀ ਅਸੀਂ ਰਿੰਨ੍ਹਣਾ ਨਹੀਂ ਤੇ ਕਲੇਜੇ ਨਾਲ ਲਾਈ ਰੱਖਣਾ ਏ?"

ਭਗੜੋ ਨੂੰ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਅਹੁੜਦੀ ਸੀ। ਜ਼ਿਆਦਾ ਕੋਈ ਖਤ੍ਰਿਆਣੀ ਜ਼ਿੱਦ ਕਰਦੀ ਤਾਂ ਬੱਘੀ ਤੋਰ ਕੇ ਅੱਗੇ ਨਿਕਲ ਜਾਂਦੀ। ਲੋਕੀਂ ਉਹਦੇ ਮੂੰਹ ਵੱਲ ਵੇਖਦੇ ਰਹਿ ਜਾਂਦੇ। ਅਜੀਬ ਔਰਤ ਸੀ ਪਰ ਪਿਛਲੇ ਕਈ ਦਿਨਾਂ ਤੋਂ ਭਗੜੋ ਹੋਰ ਦੀ ਹੋਰ ਹੁੰਦੀ ਜਾ ਰਹੀ ਸੀ। ਆਪਣੇ-ਆਪ ਵਿਚ ਗੁੰਮੀ-ਗੁੰਮੀ ਰਹਿੰਦੀ, ਗੱਲ ਕਰਦੇ-ਕਰਦੇ ਉਹਨੂੰ ਗੱਲ ਵਿਸਰ ਜਾਂਦੀ। ਪਹਿਲੇ ਵੀ ਉਚਾ ਸੁਣਦੀ ਸੀ ਪਰ ਹੁਣ ਤਾਂ ਜਿਵੇਂ ਡੋਰੀ ਮਘ ਹੋ ਗਈ ਹੋਵੇ। ਚਾਰ ਵਾਰ ਕਹੋ ਤਾਂ ਇੱਕ ਵਾਰ ਗੱਲ ਉਹਦੇ ਪੱਲੇ ਪੈਂਦੀ। ਕਈ ਵਾਰ ਭੋਹ ਦੇ ਭਾਅ ਮਾਲ ਸੁੱਟ ਜਾਂਦੀ, ਕਦੀ ਪੈਸੇ ਲਈ ਲੜਨ ਲੱਗ ਪੈਂਦੀ। ਕਦੀ "ਜੀ" "ਜੀ" ਕਰਦੀ, ਮਿੱਠੇ ਮਾਖਿਓਂ ਵਰਗੇ ਬੋਲ ਬੋਲਦੀ, ਕਦੀ ਅਗਲੇ ਦਾ ਮੂੰਹ ਸਿਰ ਪੋਚ ਲੈਂਦੀ। ਆਪ-ਮੁਹਾਰੀ ਤੁਰ ਰਹੀ ਕਦੀ ਉਹਦੀਆਂ ਅੱਖੀਆਂ ਵਿਚੋਂ ਅੱਥਰੂ ਕਿਰਨ ਲੱਗ ਪੈਂਦੇ। ਕੋਈ ਵਜ੍ਹਾ ਨਾ ਵਿਖਾਈ ਦਿੰਦੀ, ਪਰ ਉਹਦੇ ਅੱਥਰੂ ਝਰ ਝਰ ਪਏ ਪੈਂਦੇ।

ਭਗੜੋ ਦੇ ਪੁੱਤਰ ਦੀ ਚਿੱਠੀ ਨਹੀਂ ਕਿਤਨੇ ਦਿਨਾਂ ਤੋਂ ਆਈ ਸੀ। ਵਿਚਾਰੀ ਵਿਧਵਾ ਔਰਤ, ਗੱਲ-ਗੱਲ ਉਤੇ ਫਿਸ ਪੈਂਦੀ। ਪਤਾ ਨਹੀਂ ਮੁੰਡੇ ਨੂੰ ਕੀ ਹੋ ਗਿਆ ਸੀ। ਚਿੱਠੀ ਲਿਖਣੀ ਉਸ ਬੰਦ ਕਰ ਦਿੱਤੀ ਸੀ। ਕੋਈ ਮਾਂਵਾਂ ਨੂੰ ਵੀ ਇੰਜ ਵਿਸਾਰ ਸਕਦਾ ਏ?

ਅੱਜ ਕੱਲ੍ਹ ਚੂਚਾ ਵੇਚਣ ਵੇਲੇ ਭਗੜੋ ਉਹਦੀ ਚੁੰਝ ਨੂੰ ਮੁੜ-ਮੁੜ ਨਹੀਂ ਵੇਖਦੀ ਸੀ, ਨਾ ਵੇਚਣ ਤੋਂ ਪਹਿਲੇ ਆਪਣੇ ਪੱਲੇ ਨਾਲ ਚੂਚੇ ਦੇ ਪਰਾਂ ਨੂੰ ਸਾਫ ਕਰਦੀ ਸੀ। ਜਿਵੇਂ ਬੱਘੀ ਵਿਚ ਹੁੰਦਾ, ਕੱਢ ਕੇ ਅਗਲੇ ਦੇ ਹਵਾਲੇ ਕਰ ਦਿੰਦੀ। ਨਹੀਂ ਤਾਂ ਇੱਕ ਤੋਂ ਵਧੀਕ ਵਾਰ ਉਹ ਆਪਣੇ ਚੂਚੇ ਨੂੰ ਵੇਖਦੀ ਸੀ, ਇੱਕ ਤੋਂ ਵਧੀਕ ਵਾਰ ਉਹਦਾ ਨਖਸ਼ਿਖ ਸੁਆਰਦੀ ਸੀ ਤੇ ਫੇਰ ਆਪਣਾ ਮਾਲ ਅਗਲੇ ਨੂੰ ਫੜਾਂਦੀ। ਅੱਜ ਕੱਲ੍ਹ ਬੱਘੀ ਵਿਚ ਜਾਲ ਹੇਠ ਪਏ ਚੂਚੇ ਕਈ ਮੂਧੇ ਜਾ ਪੈਂਦੇ, ਮੂਧੇ ਪਏ ਰਹਿੰਦੇ, ਭਗੜੋ ਕੋਈ ਵਿਸ਼ੇਸ਼ ਧਿਆਨ ਨਾ ਦਿੰਦੀ। ਪਹਿਲੇ ਤਾਂ ਮਜਾਲ ਹੈ ਉਹਦੇ ਕਿਸੇ ਚੂਚੇ ਨੂੰ ਰਤਾ ਭਰ ਜ਼ਰਬ ਆ ਜਾਏ, ਉਹਨੂੰ ਲਾਡ ਕਰ-ਕਰ ਕੇ ਨਹੀਂ ਉਹ ਥੱਕਦੀ ਸੀ।

ਤੇ ਫੇਰ ਛਾਉਣੀ ਵਿਚ ਖ਼ਬਰ ਆ ਗਈ ਕਿ ਭਗੜੋ ਦਾ ਪੁੱਤਰ ਲੜਾਈ ਵਿਚ ਜ਼ਾਇਆ ਹੋ ਗਿਆ ਸੀ। ਖ਼ਬਰ ਫੈਲਦੀ-ਫੈਲਦੀ ਸਾਰੇ ਫੈਲ ਗਈ ਪਰ ਭਗੜੋ ਨੂੰ ਇਹ ਹਕੀਕਤ ਦੱਸਣ ਦਾ ਕਿਸੇ ਦਾ ਹੀਅ ਨਹੀਂ ਪੈਂਦਾ ਸੀ। ਲੋਕੀਂ ਉਹਦੇ ਨਾਲ ਇਸ ਬਾਰੇ ਗੱਲ ਨਹੀਂ ਕਰਦੇ ਸਨ ਪਰ ਭਗੜੋ ਦਾ ਖ਼ਿਆਲ ਅੱਜ ਕੱਲ੍ਹ ਵਧੇਰੇ ਰੱਖਦੇ ਸਨ। ਕੋਈ ਅਜਿਹੀ ਹਰਕਤ ਨਾ ਕਰਦਾ ਜਿਸ ਨਾਲ ਉਹਦਾ ਦਿਲ ਦੁਖਦਾ। ਵਸੇਂ-ਵਸੇਂ ਉਹਦੇ ਪੁੱਤਰ ਦਾ ਜ਼ਿਕਰ ਨਾ ਛੇੜਦੇ। ਕਈ ਵਾਰ ਕੋਈ ਕੋਮਲ ਚਿਤ ਖਤ੍ਰਿਆਣੀ ਉਹਨੂੰ ਵੇਖ ਕੇ ਫਿਸ ਪੈਂਦੀ ਤੇ ਫੇਰ ਪੱਜ ਨਾਲ ਆਪਣੇ ਅੱਥਰੂ ਪਈ ਲੁਕਾਂਦੀ।

ਚਿੱਠੀ ਆਏ ਕਈ ਹਫਤੇ ਹੋ ਗਏ ਸਨ ਪਰ ਭਗੜੋ ਨੇ ਆਪਣੇ ਧੰਦੇ ਵਿਚ ਕਦੀ ਨਾਗ਼ਾ ਨਹੀਂ ਆਉਣ ਦਿੱਤਾ ਸੀ। ਚੂਚਿਆਂ ਦੀ ਉਹਦੀ ਗਾਹਕੀ ਬਣੀ ਹੋਈ ਸੀ, ਸਗੋਂ ਹੋਰ-ਹੋਰ ਵਧਦੀ ਜਾ ਰਹੀ ਸੀ। ਛਾਉਣੀ ਵਿਚ ਲੋਕੀਂ ਆਂਦੇ-ਜਾਂਦੇ ਰਹਿੰਦੇ, ਬਦਲੀਆਂ ਹੁੰਦੀਆਂ, ਹਰ ਤਰ੍ਹਾਂ ਦੇ ਲੋਕ, ਹਰ ਪਾਸੇ ਦੇ, ਹਰ ਮਜ਼੍ਹਬ ਦੇ, ਕਮਿਸ਼ਨ ਵਾਲੇ, ਕਮਿਸ਼ਨ ਤੋਂ ਬਿਨਾਂ।

ਤਾਹੀਓਂ ਇੱਕ ਦਿਨ ਨਵੇਂ ਆਏ ਫ਼ੌਜੀ ਦੀ ਤ੍ਰੀਮਤ ਨੇ ਚੂਚਾ ਖ਼ਰੀਦ ਕੇ ਭਗੜੋ ਨੂੰ ਕਿਹਾ, "ਨੀ ਮਿੜੇ ਹਿਸਕੀ ਬਣਾਈ ਵੀ ਤੇ ਦੇ," ਤੇ ਉਹਦੇ ਵੇਖਦਿਆਂ ਵੇਖਦਿਆਂ ਭਗੜੋ ਨੇ ਜੇਬ ਵਿਚੋਂ ਚਾਕੂ ਕੱਢਿਆ ਤੇ ਚੂਚੇ ਨੂੰ ਝਟਕਾ ਦਿੱਤਾ - ਜਿਵੇਂ ਭਿੰਡੀ ਤੋਰੀ ਦੀ ਮੁੱਢੀ ਲਾਹੀਦੀ ਏ। ਖ਼ਲਾਸੀ-ਲੈਣ ਦੀਆਂ ਅੱਗੇ-ਪਿੱਛੇ ਖੜੋਤੀਆਂ ਰੰਨਾਂ ਉਂਗਲੀਆਂ ਟੁਕ ਕੇ ਰਹਿ ਗਈਆਂ।

ਤੇ ਫੇਰ ਜਦੋਂ ਵੀ ਕਦੀ, ਜਿੱਥੇ ਵੀ ਭਗੜੋ ਨੂੰ ਕੋਈ ਫ਼ਰਮਾਇਸ਼ ਕਰਦਾ, ਉਹ ਚੂਚੇ ਨੂੰ ਵੱਢ ਕੇ ਅਗਲੇ ਦੇ ਹੱਥ ਫੜਾ ਦਿੰਦੀ। ਰਾਜਸ ਦਾ ਤੇਜ਼ ਧਾਰ ਦਾ ਚਾਕੂ ਭਗੜੋ ਆਪਣੇ ਖੀਸੇ ਵਿਚ ਰੱਖਦੀ ਸੀ।

# ਸਰਕਾਰ ਨੇ ਪਹਿਲੀ ਵਾਰ ਆਹ ਕੰਮ ਚੰਗਾ ਕੀਤੈ!

ਗੁਰਮੇਲ ਬਦੇਸ਼ਾ ਸਰੀ, ਬੀ ਸੀ।
ਫੋਨ#604-537-9490

ਜ਼ਿੰਦਗੀ ਹੱਥੋਂ ਸਤਾਏ ਆਪਣੇ ਦੋਸਤ ਨੂੰ ਇੱਕ ਦਿਨ ਮੈਂ ਫੋਨ ਕੀਤਾ। ਉਸ ਦੀਆਂ ਉਹੋ ਹੀ ਪਹਿਲਾਂ ਵਾਲੀਆਂ ਗੱਲਾਂ! ਪਰ ਅੱਜ ਅੱਗੇ ਨਾਲੋਂ ਕੁਝ ਖੁਸ਼ ਖੁਸ਼ ਪ੍ਰਤੀਤ ਹੋ ਰਿਹਾ ਸੀ। ਮੈਂ ਫੋਨ ਮਿਲਾ ਕੇ 'ਹੈਲੋ' ਕਿਹਾ। ਅੱਗੋਂ ਆਵਾਜ਼ ਸੁਣਾਈ ਦਿੱਤੀ, "ਤੇਰਾ ਟੈਲੀਫੋਨ ਦੀ ਘੰਟੀ ਵਰਗਾ ਬੋਲ ਨੀ ਬਿੱਲੋ...ਤੇਰਾ ਟੈਲੀਫੋਨ ਦੀ ਘੰਟੀ...!"

"ਹੈਲੋ! ਬਿੱਲੋ ਦਿਆ ਕੁਸ਼ ਲੱਗਦਿਆ, ਮੈਂ ਤੇਰੀ ਬਿੱਲੋ ਨਹੀਂ, ਮੈਂ...।"

"ਨਹੀਂ! ਨਹੀਂ! ਬਾਈ ਗੁਰਮੇਲ, ਮੈਂ ਤੈਨੂੰ ਪਛਾਣ ਲਿਐ! ਬਿੱਲੋ ਨਹੀਂ, ਤੂੰ ਤਾਂ ਬਾਘੜ ਬਿੱਲਾ ਏਂ, ਮੈਂ ਤਾਂ ਬੱਸ ਆਵਦੀ ਬਿੱਲੋ-ਬਿੱਲਬਤੌਰੀ ਦੀ ਯਾਦ 'ਚ ਢੋਲੇ ਦੀਆਂ ਲਾ ਰਿਹਾ ਸੀ। ਮੈਂ ਸਮਝਿਆ ਕਿਤੇ ਓਹਦਾ ਫੋਨ ਆ ਗਿਐ!"

"ਕਿਉਂ! ਭਰਜਾਈ ਘਰ ਨਹੀਂ?"

"ਨਹੀਂ, ਹੈ ਨਹੀਂ। ਘਰ ਤੋਂ ਥੋੜੀ ਜਿਹੀ ਉਹਨੂੰ ਅਲਰਜ਼ੀ ਐ!"

"ਘਰ ਤੋਂ? ਜਾਂ ਘਰਵਾਲੇ ਤੋਂ?"

"ਜਿਵੇਂ ਮਰਜੀ ਸਮਝ ਲੈ ਪਰ ਮਾਪਿਆਂ ਦੇ ਘਰ ਜਾ ਕੇ ਬੜਾ ਕੰਫਰਟੇਬਲ ਮਹਿਸੂਸ ਕਰਦੀ ਐ। ਜਿਹੜੀਆਂ ਚੁਗਲੀਆਂ ਫੋਨ 'ਤੇ ਹੋਣੋਂ ਰਹਿ ਜਾਂਦੀਆਂ ਨੇ, ਉਨ੍ਹਾਂ ਦੀ ਡਲਿਵਰੀ ਖੁਦ ਜਾ ਕੇ ਕਰ ਆਉਂਦੀ ਐ।"

"ਚੱਲ! ਫੇਰ ਕੀ ਹੋਇਆ? ਧੀਆਂ ਨੇ ਪੇਕੀਂ ਜਾ ਕੇ ਸੌ ਦੁੱਖ-ਸੁੱਖ ਸਾਂਝੇ ਕਰਨੇ ਹੁੰਦੇ ਐ, ਐਵੇਂ ਨਾ ਰੋਕਿਆ ਕਰ!"

"ਮੈਂ ਕਦੋਂ ਰੋਕਦਾਂ ਬਾਈ, ਨਾਲੇ ਮੇਰੇ ਰੋਕਿਆਂ ਕਿਹੜਾ ਰੁਕ ਜੂ।"

"ਰੋਕਣਾ ਤਾਂ ਤੇਰੇ ਵੱਸ 'ਚ ਐ। ਵੀਕਐਂਡ ਹੁੰਦੈ, ਤੂੰ ਪੀ ਕੇ ਪਿਆ ਰਹਿਨੈਂ, ਉਹ ਵਿਚਾਰੀ ਵੀ ਕੀ ਕਰੇ, ਮਾੜਾ ਮੋਟਾ ਬਾਹਰ ਅੰਦਰ ਜਾ ਆਇਆ ਕਰੋ!"

"ਬਾਹਰ ਅੰਦਰ ਲਿਜਾਣ ਨੂੰ ਮੇਰੀ ਸੱਸ ਬਥੇਰੀ ਕੈਮ ਐ! ਅੱਜ ਦੇਖ ਲੈ, ਨਿਰਣੇ ਕਾਲਜੇ ਹੀ ਫੋਨ ਆ ਗਿਆ, ਕਹਿੰਦੀ ਛੇਤੀ ਆ ਜਾ। ਸਟੋਰ 'ਚੋਂ ਦੇਸੀ ਘਿਓ ਲੈ ਕੇ ਆਉਣੈ!"

"ਅੱਛਾ! ਅੱਛਾ! ਦੇਸੀ ਘਿਓ ਜਵਾਈ ਵਾਸਤੇ ਲਿਆ ਕੇ ਦੇਣਾ ਹੋਣੈ!"

"ਹੂੰ! ਜਵਾਈ ਨੂੰ! ਕੁਸ਼ ਹੋਰ ਨਾ ਕਹਿ ਦਈਂ, ਮੇਰੀ ਤਾਂ ਅੱਗੇ ਸਾਰੀ ਫੈਟ ਸੁਕਾਈ ਪਈ ਐ। ਇਹ ਘਿਓ ਤਾਂ ਇੰਡੀਆ ਤੋਂ ਆਏ ਕਿਸੇ 'ਸਿਆਣੇ ਬਾਬੇ' ਸਾਧ ਬੂਬਨੇ ਵਾਸਤੇ ਲੈਣ ਜਾਣਾ ਸੀ!"

"ਕਿਸੇ ਸਿਆਣੇ ਵਾਸਤੇ ਦੇਸੀ ਘਿਓ?"

"ਹਾਂ! ਕਹਿੰਦੀ, ਦੇਸੀ ਘਿਓ ਨਾਲ ਸਿੰਝਣੀਆਂ ਬਾਬਿਆਂ ਦੀਆਂ ਪੁੜਪੁੜੀਆਂ, ਤੇ ਗੋਲ ਗੋਲ ਪਿੰਜਣੀਆਂ!"

"ਬਈ! ਸਾਰੀ ਕਰਾਮਾਤ ਦੀ ਗੱਲ ਐ!"

"ਕਰਾਮਾਤ ਦਿਖਾਉਣ ਨੂੰ ਜੀਅ ਤਾਂ ਮੇਰਾ ਵੀ ਕਰਦੈ! ਨਾਰ ਪਟੋਲੇ ਵਰਗੀ ਅੱਗੇ ਪਿੱਛੇ ਘੁੰਮਦੀ ਫਿਰੇ ਪਰ ਇਹ ਤਾਂ ਹੱਥ ਲਾਏ ਤੋਂ ਖਾਣ ਨੂੰ ਪੈਂਦੀ ਐ। ਮੈਂ ਤਾਂ ਚਾਹੁੰਦਾਂ, ਜੇ ਏਹਨੂੰ ਮਾਂ ਦਾ ਐਨਾ ਈ ਹਿਜਰ ਆਉਂਦੈ ਤਾਂ ਉਹਨੂੰ ਜਾਂ ਓਹਦੀ ਫੋਟੋ ਸ਼ੀਸ਼ੇ 'ਚ ਜੜਾ ਕੇ ਘਰੇ ਹੀ ਰੱਖ ਲਵੇ, ਫੇਰ ਭਾਵੇਂ ਸਾਰਾ ਦਿਨ ਬਿੰਦਰਖੀਏ ਵਾਂਗੂੰ ਹੇਕਾਂ ਲਾ ਕੇ ਗਾਉਂਦੀ ਰਿਹਾ ਕਰੇ, ਮਾਂ ਮੈਂ ਨਹੀਂ ਪੇਕੇ ਜਾਣਾ, ਪੇਕੇ ਹੁੰਦੇ ਮਾਵਾਂ ਨਾਲ।"

"ਓ ਤੂੰ ਵੀ ਕਮਾਲ ਦਾ ਈ ਬੰਦਾ ਏਂ! ਸੁੱਖ ਨਾਲ ਸੱਸ ਤੇਰੀ ਤਾਂ ਅਜੇ ਘੋੜੇ ਵਰਗੀ ਪਈ ਐ, ਤੂੰ ਹੁਣੇ ਈ ਸੁਰਗਾਂ ਦੇ ਝੂਟੇ ਦਿਵਾਉਣ ਨੂੰ ਤਿਆਰ ਏਂ!"

"ਬਾਈ! ਤੂੰ ਮੇਰੀ ਗੱਲ ਸਮਝਿਆ ਨਹੀਂ, ਮੇਰੀ ਸੱਸ ਦੀ ਨੂੰਹ ਨਾਲ ਨਹੀਂ ਬਣਦੀ ਤੇ ਮੇਰੀ ਘਰਵਾਲੀ ਦੀ ਭਰਜਾਈ ਨਾਲ ਨਹੀਂ। ਏਸ ਕਰਕੇ ਇਹ ਆਪਣੀ ਮਾਂ ਨੂੰ ਯਾਨਿ ਮੇਰੀ ਸੱਸ ਨੂੰ ਹੁਣ ਸਾਡੇ ਨਾਲ ਹੀ ਰੱਖਣਾ ਚਾਹੁੰਦੀ ਆ। ਜਦੋਂ ਫਿਰ ਇਥੇ ਰਹਿਣ ਲੱਗ ਪਈ, ਆਪੇ ਗਾਇਆ ਹੀ ਕਰੂ, ਮਾਂ ਮੈਂ ਨਹੀਂ ਪੇਕੇ ਜਾਣਾ, ਪੇਕੇ ਹੁੰਦੇ ਮਾਵਾਂ ਨਾਲ। ਪਰ ਦੇਖ ਲੈ ਬਾਈ, ਅੱਗੇ ਤਾਂ ਇੱਕ ਨਹੀਂ ਸੀ ਮਾਣ। ਹੁਣ ਜਦੋਂ ਦੋ ਇੱਕੋ ਮੰਚ 'ਤੇ ਇਕੱਠੀਆਂ ਹੋ ਕੇ ਤਕਰੀਰਾਂ ਕਰਿਆ ਕਰਨਗੀਆਂ ਤਾਂ ਫੇਰ ਲੋਕ ਭਲਾਈ ਪਾਰਟੀ ਵਾਂਗੂੰ ਮੈਨੂੰ ਤਾਂ ਮਾਂਜ ਕੇ ਧਰ ਦੇਣਗੀਆਂ"

"ਪਰ ਯਾਰ! ਜਿਹੜੀ ਪਾਰਟੀ ਸੱਤਾ 'ਤੇ ਕਾਬਜ ਹੋਵੇ, ਉਹ ਹਮੇਸ਼ਾਂ ਚੰਮ ਦੀਆਂ ਹੀ ਚਲਾਉਂਦੀ ਹੁੰਦੀ ਐ! ਭਾਵੇਂ ਸੂਬੇ ਦੀ ਸਰਕਾਰ ਹੋਵੇ ਭਾਵੇਂ ਕੇਂਦਰ ਦੀ।"

"ਸੂਬੇ ਦੀ ਸਰਕਾਰ ਤੋਂ ਯਾਦ ਆਇਆ, ਗੁਰਮੇਲ ਹੋਰ ਤਾਂ ਹੋਰ ਪਰ ਆਪਣੇ ਸੂਬੇ ਦੀ ਲਿਬਰਲ ਸਰਕਾਰ ਨੇ ਇੱਕ ਗੱਲ ਮੇਰੇ ਦਿਲ ਦੀ ਕਰ'ਤੀ, ਪਹਿਲੀ ਵਾਰ ਆਹ ਕੰਮ ਚੰਗਾ ਕੀਤੈ!"

"ਉਹ ਕਿਹੜਾ?"

"ਆਹਾ ਹੀ! ਘਰੇਲੂ ਹਿੰਸਾ ਦੇ ਨਾਂ 'ਤੇ ਔਰਤਾਂ ਉਪਰ ਹੋ ਰਹੇ ਅਤਿਆਚਾਰ ਸਬੰਧੀ ਬਣੀਆਂ ਸੰਸਥਾਵਾਂ ਦੇ ਫੰਡਾਂ ਵਿਚ ਕਟੌਤੀ ਕਰਨ ਬਾਰੇ ਸੋਚਿਐ!"

"ਪਰ ਇਹ ਚੰਗੀ ਗੱਲ ਨਹੀਂ ਕੀਤੀ!"

"ਪਰ ਕੋਈ ਮਾੜੀ ਵੀ ਗੱਲ ਨਹੀਂ ਕੀਤੀ। ਸੁਣਿਐ, ਪਿਛਲੇ ਸਮੇਂ ਵਿਚ ਜਿੰਨੀ ਇਨ੍ਹਾਂ ਨੇ ਫੰਡਾਂ ਦੀ ਦੁਰਵਰਤੋਂ ਕੀਤੀ ਹੈ ਕਿਸੇ ਹੋਰ ਮਹਿਕਮੇ ਨੇ ਸ਼ਾਇਦ ਹੀ ਕੀਤੀ ਹੋਵੇ! ਲੋਕੀਂ ਆਖਦੇ ਨੇ 'ਐਡਵੋਕੇਸੀ ਗਰੁਪ' ਬਣਾ ਕੇ ਸਰਕਾਰ ਨੂੰ ਲੁੱਟਣ ਵਿਚ ਅਤੇ ਗਰੀਬਾਂ ਦਾ ਘਰ ਪੁੱਟਣ ਵਿਚ ਕੋਈ ਕਮੀ ਨਹੀਂ ਛੱਡੀ। ਗਰੀਬ ਦੀ ਰਜਾਈ ਨਾਲ ਪਤਾ ਨਹੀਂ ਇਨ੍ਹਾਂ ਦਾ ਕੀ ਵੈਰ ਐ? ਗਰਮ ਹੋਣ ਹੀ ਨਹੀਂ ਦਿੰਦੀਆਂ! ਪਤਾ ਲੱਗ ਜੇ ਸਹੀ 'ਨਾਈਨ ਵਨ-ਵਨ' ਦੀ ਮਿਹਰ ਕਿਸੇ ਘਰ 'ਤੇ ਹੋ ਗਈ ਆ, ਇਨ੍ਹਾਂ ਨੂੰ ਚਾਅ ਚੜ੍ਹ ਜਾਂਦੈ! ਫਿਰ ਪੀੜਤ ਔਰਤ ਕੋਲ ਟੌਹਰ ਕੱਢ ਕੇ ਏਦਾਂ ਜਾਂਦੀਆਂ ਨੇ ਜਿਵੇਂ ਪਹਿਲੀ ਵਾਰ ਕਿਸੇ ਨਵੇਂ ਬੁਆਏ ਫਰੈਂਡ ਨੂੰ ਮਿਲਣ ਜਾਣਾ ਹੁੰਦੈ! ਇਹ ਸਭ ਸੁਰਖੀ-ਬਿੰਦੀ ਦਾ ਖਰਚਾ ਸਰਕਾਰ ਦੇ ਖਜਾਨੇ 'ਚੋਂ ਹੀ ਆਉਂਦੈ। ਦੂਜਾ, ਆਉਣ ਤੋਂ ਪਹਿਲਾਂ ਓਹਦੇ ਘਰਵਾਲੇ ਦੇ ਫੋਨ 'ਤੇ ਪ੍ਰਾਈਵੇਟ ਫੋਨ ਕਰਕੇ ਚੈਕ ਕਰਦੀਆਂ ਨੇ ਕਿਤੇ ਜੇਲ੍ਹ 'ਚੋਂ ਆ ਤਾਂ ਨਹੀਂ ਗਿਆ? ਚੰਗੀ ਮਾੜੀ ਕਿਸਮਤ ਨੂੰ ਜੇ ਵਿਚਾਰਾ ਡਰਦਾ ਡਰਦਾ ਫੋਨ ਚੱਕ ਲਵੇ ਤਾਂ ਅੱਗੋਂ ਉਸ ਨੂੰ ਫੋਨ ਕਰਨ ਵਾਲੀ ਏਦਾਂ ਟੁੱਟ ਕੇ ਪੈਂਦੀ ਏ ਜਿਵੇਂ ਘਰਵਾਲੀ ਦੀ ਵੱਡੀ ਭੈਣ ਜੀਜੇ ਨੂੰ ਸ਼ਿੱਟ ਦੇ ਰਹੀ ਹੋਵੇ। ਕਦੇ ਕਦੇ ਤਾਂ ਉਹ ਘਰਵਾਲੀ ਤੋਂ ਵੀ ਕੌੜ ਜਾਪਦੀ ਐ। ਕਦੇ ਬੰਦਾ ਸੋਚਦੈ, ਬਈ ਘਰਵਾਲੀ ਨਾਲ ਤਾਂ ਨੋ-ਕੰਟੈਕਟ ਹੋ ਗਿਐ, ਹੁਣ ਸਿੰਗ ਕੋਈ ਹੋਰ ਫਸਾਉਣ ਨੂੰ ਫਿਰਦੀ ਐ। ਗੱਲਬਾਤ ਤੋਂ ਬਾਅਦ ਫੋਨ ਵੀ ਘੜੱਪ ਦੇਣੇ ਏਦਾਂ ਕੱਟਦੀ ਐ ਜਿਵੇਂ ਆਵਦਾ ਬੰਦਾ ਕਈ ਦਿਨਾਂ ਦਾ ਘਰੇ ਨਾ ਵੜਿਆ ਹੋਵੇ।"

"ਪਰ ਮੈਂ ਤੇਰੀਆਂ ਗੱਲਾਂ ਨਾਲ ਸਹਿਮਤ ਨਹੀਂ। ਇਨ੍ਹਾਂ 'ਮਹਿਲਾ ਸੇਵੀ ਸੰਸਥਾਵਾਂ' ਨੇ ਸਮਾਜ ਵਿਚ ਔਰਤ ਉਪਰ ਹੋ ਰਹੇ ਜੁਲਮ ਨੂੰ ਕਾਫੀ ਹੱਦ ਤੱਕ ਠੱਲ ਪਾਈ ਹੈ।"

"ਗੁਰਮੇਲ ਸਿੰਹਾਂ! ਪੁੱਛ ਕੇ ਵੇਖ ਮੇਰੇ ਵਰਗੇ ਅੰਦਰੋ-ਅੰਦਰੀ ਕੁੜ ਰਹੇ ਆਦਮੀਆਂ ਨੂੰ!

(ਬਾਕੀ ਸਫਾ 36 'ਤੇ)

# ਆਈਸਾਡੋਰਾ ਡੰਕਨ ਜ਼ਿੰਦਗੀ ਦੇ ਸੁਹੱਪਣ ਲਈ ਤੜਫ਼ ਦਾ ਨਾਂ ਸੀ

**ਆਈਸਾਡੋਰਾ ਡੰਕਨ ਦੁਨੀਆਂ ਦੀ ਮਹਾਨ ਨ੍ਰਿਤਕੀ ਤਾਂ ਸੀ ਹੀ, ਉਹ ਮਹਾਨ ਇਨਕਲਾਬੀ ਅਤੇ ਅੰਤਾਂ ਦੀ ਮਨਮੋਹਕ ਵੀ ਸੀ। ਸਾਡੇ ਸ਼ੁਭਚਿੰਤਕ ਹਰਭਜਨ ਸਿੰਘ ਹੁੰਦਲ ਨੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਸ ਦੀ ਜੀਵਨੀ ਦਾ ਖਰੜਾ ਸਾਨੂੰ ਭੇਜਿਆ ਹੈ। ਅਸੀਂ ਇਸ ਦਾ ਇਕ ਹਿੱਸਾ ਪਿਛਲੇ ਹਫਤੇ ਛਾਪਿਆ ਸੀ। ਪੇਸ਼ ਹੈ ਇਸ ਦਾ ਅਗਲਾ ਹਿੱਸਾ। -ਸੰਪਾਦਕ**

**ਫਰੈਂਕਲਿਨ ਰੋਜ਼ਮਾਂਟ**

ਨਰਤਕੀ, ਸਾਹਸੀ, ਇਨਕਲਾਬੀ ਅਤੇ ਕਾਵਿਕ-ਆਤਮਾ ਦੀ ਜੋਸ਼ੀਲੀ ਸਮਰਥਕ ਆਈਸਾਡੋਰਾ ਡੰਕਨ (1877-1927) ਵੀਹਵੀਂ ਸਦੀ ਦੇ ਸਭਿਆਚਾਰ ਉੱਤੇ ਸਦੀਵੀ ਪ੍ਰਭਾਵ ਪਾਉਣ ਵਾਲੀਆਂ ਹਸਤੀਆਂ ਵਿਚੋਂ ਸੀ। ਦਿਲਚਸਪ ਗੱਲ ਇਹ ਹੈ ਕਿ ਕਲਾਕਾਰ ਵਜੋਂ ਉਸ ਦੀਆਂ ਪ੍ਰਾਪਤੀਆਂ, ਉਸ ਦੇ ਜੀਵਨ ਦੇ ਦੁਖਾਂਤਾਂ ਤੇ ਉਤੇਜਨਾਵਾਂ ਨੇ ਉਸ ਦੇ ਵਿਚਾਰ ਦੀ ਦਲੇਰੀ, ਡੂੰਘਾਈ ਅਤੇ ਮੌਲਿਕਤਾ ਪ੍ਰਤੀ ਸਾਡੀ ਚੇਤਨਾ ਨੂੰ ਪ੍ਰਚੰਡ ਕੀਤਾ ਹੈ। ਆਈਸਾਡੋਰਾ ਡੰਕਨ ਹਮੇਸ਼ਾਂ ਹੀ ਚਿੰਤਨ ਅਤੇ ਅਮਲ ਦੇ ਸੁਮੇਲ ਦਾ ਮੁਜੱਸਮਾ ਰਹੀ ਹੈ ਜਿਸ ਵਿਚ ਜੀਵੰਤ ਕਾਵਿਕ ਕਲਪਨਾ, ਆਲੋਚਨਾਤਮਕ ਸਪੱਸ਼ਟਤਾ, ਜ਼ਿੰਦਗੀ ਦੀ ਹੁਸੀਨ ਰਚਨਾਤਮਿਕ ਧਾਰਾ ਖ਼ਿਲਾਫ਼ ਖੜ੍ਹੇ ਨਿਜ਼ਾਮ ਨਾਲ ਕਦਮ-ਕਦਮ 'ਤੇ ਟੱਕਰ ਲੈਣ ਦਾ ਹੌਂਸਲਾ ਅਤੇ ਆਪਣੇ ਅਕੀਦਿਆਂ ਨੂੰ ਪੂਰਨ ਜੋਸ਼, ਹੁਲਾਸ ਅਤੇ ਉਮਾਹ ਭਰੇ ਢੰਗ ਨਾਲ ਪ੍ਰਗਟ ਕਰਨ ਲਈ ਲੋਹੜੇ ਦੀ ਸਮਰੱਥਾ ਸੀ। ਆਪਣੇ ਬਚਪਨ ਵਿਚ ਉਹ ਉਨ੍ਹਾਂ ਸਮਿਆਂ ਦੇ ਮਹਾਨ ਅਮਰੀਕਨ ਲਿਖਾਰੀ ਜੈਕ ਲੰਡਨ ਦੀਆਂ ਲਿਖਤਾਂ ਤੋਂ ਬੇਹੱਦ ਪ੍ਰਭਾਵਤ ਸੀ। ਉਨ੍ਹਾਂ ਦੇ ਪ੍ਰਸਿੱਧ ਨਾਵਲਾਂ 'ਚੋਂ 'ਕਾਲ ਆਫ ਦੀ ਵਾਈਲਡ' ਨੇ ਉਸ ਦੀ ਚੇਤਨਾ ਨੂੰ ਸਾਣ ਲਗਾਈ ਅਤੇ ਉਸਦੇ ਮਨ ਮਸਤਕ ਅੰਦਰ ਆਪ ਮੁਹਾਰੇ ਲਰਜ ਉੱਠੀ ਇਸ ਚਿਣਗ ਨੇ ਉਸਨੂੰ ਜਿੰਦਗੀ ਦੇ ਅਥਾਹ-ਅਸੀਮ ਸੁਹੱਪਣ ਨੂੰ ਨਮੋ ਕਰਨ ਖਾਤਰ ਕਮਲੀ ਹੋ ਕੇ ਨੱਚ ਉਠਣ ਲਈ ਪ੍ਰੇਰਿਆ। ਫਿਰ ਜਦੋਂ ਉਸਨੇ ਦੁਨੀਆਂ ਦੀ ਸਟੇਜ 'ਤੇ ਨੱਚਣਾ ਸ਼ੁਰੂ ਕੀਤਾ ਤਾਂ ਲੋਕ ਉਸ ਦੀ ਕਲਾ ਦੇ ਜਾਦੂ ਨੂੰ ਵੇਖਕੇ ਦੰਗ ਰਹਿ ਗਏ।...ਤੇ ਇਸ ਤਰ੍ਹਾਂ ਉਸਨੇ ਉਸ ਅਲੋਕਾਰ ਕਲਾ ਨੂੰ ਜਗਾਇਆ ਅਤੇ ਆਸ਼ਕਾਰ ਕੀਤਾ ਜੋ ਉਸਦੇ ਕਹਿਣ ਮੁਤਾਬਕ ਪਿਛਲੇ 2000 ਵਰ੍ਹਿਆਂ ਤੋਂ ਗਹਿਰੀ ਨੀਂਦੇ ਸਤੀ ਪਈ ਸੀ। ਆਪਣੇ ਵਿਚਾਰਾਂ ਤੇ ਅਕੀਦਿਆਂ ਨੂੰ ਜੋਸ਼ ਅਤੇ ਅੰਤਾਂ ਦੇ ਉਮਾਹ ਭਰੇ ਢੰਗ ਨਾਲ ਪ੍ਰਗਟ ਕਰਨ ਦੀ ਉਸ ਅੰਦਰ ਅਥਾਹ ਸਮਰਥਾ ਸੀ।

ਸਾਂ ਫਰਾਂਸਿਸਕੋ ਵਿਚ ਜਨਮੀ ਡੰਕਨ ਨੇ ਆਪਣਾ ਬਚਪਨ ਬੇਅ (ਫਰੀਮੌਂਟ) ਏਰੀਏ ਵਿਚ ਬਤੀਤ ਕੀਤਾ। ਇਹ ਉਹ ਸਾਲ ਸਨ ਜਦੋਂ ਇਸ ਵਿਸ਼ਾਲ-ਖੇਤਰ ਦੇ ਬਹੁਤ ਸਾਰੇ ਕਵੀ ਕਲਾਕਾਰ ਤੇ ਸ਼ਾਇਰ ਕਿਸਮ ਦੇ ਲੋਕ ਸੋਨੇ ਦੀ ਭਾਲ ਅੰਨ੍ਹੀ ਹੋਈ ਫਿਰਦੀ ਇਸ ਬਸਤੀ ਨੂੰ ਦੁਨੀਆਂ ਦੇ ਸਭ ਤੋਂ ਮਹੱਤਵਪੂਰਨ ਸਭਿਆਚਾਰਕ ਕੇਂਦਰਾਂ ਵਿਚੋਂ ਇਕ ਵਿਚ ਤਬਦੀਲ ਕਰ ਰਹੇ ਸਨ। ਅਸਲ ਵਿਚ ਉਸ ਇਕੱਲੀ ਨੇ ਹੀ ਕਲਾਵਾਂ ਵਿਚ ਨ੍ਰਿਤ ਕਲਾ ਨੂੰ ਬਹੁਤ ਉਚੇ ਮੁਕਾਮ ਤੇ ਸੁਸ਼ੋਭਿਤ ਕਰ ਦਿੱਤਾ।

ਸਭ ਰਵਾਇਤਾਂ ਨੂੰ ਤੋੜਦੀ ਹੋਈ, ਸਾਡੀ ਇਸ ਮਹਾਨ ਭੈਣ ਆਈਸਾਡੋਰਾਡੰਕਨ ਨੇ ਨ੍ਰਿਤ ਦੀ ਕਲਾ ਨੂੰ ਇਸ ਦੀਆਂ ਜੜ੍ਹਾਂ ਤੋਂ ਜਾ ਲੱਭਿਆ; ਨਿਰਤ ਜੋ ਸਿਰਜਣਾ ਦੇ ਕਾਰਜ ਦਾ ਸਰਬ-ਪ੍ਰਵਾਨਤ ਚਿੰਨ੍ਹ ਹੈ। ਗੋਲ-ਮੋਲ ਗੱਲਾਂ ਕਰਨ ਦੀ ਥਾਂ ਉਸਨੇ ਆਪਣੇ ਆਪ ਨੂੰ ਕਰੜੀਆਂ ਬੰਦਸ਼ਾਂ ਅਤੇ ਨਿਯਮਾਂ ਦੀ ਕੈਦ 'ਚ ਬੱਝੇ ਬੈਲੇ-ਨਾਚ ਦੀ ਦੁਸ਼ਮਣ ਹੋਣ ਦਾ ਐਲਾਨ ਕਰ ਦਿੱਤਾ; ਨਿਰਸੰਦੇਹ ਆਪਣੇ ਸਮੇਂ ਦੇ ਰਵਾਇਤੀ ਨਿਰਜਿੰਦ ਨਾਚ ਦੀ ਦੁਸ਼ਮਣ। ਉਸ ਨੇ ਬੰਦਸ਼ਾਂ ਵਾਲੀ ਪੁਸ਼ਾਕ ਅਤੇ ਸਟੇਜੀ-ਨਰਤਕੀ ਦੀਆਂ ਉਨ੍ਹਾਂ ਜ਼ਮਾਨਿਆਂ ਦੀਆਂ ਹੋਰ ਜੁਗਤਾਂ ਨੂੰ ਤ੍ਰਿਸਕਾਰਿਆ ਅਤੇ ਸੁਤੰਤਰ ਅਤੇ ਕੁਦਰਤੀ ਅਦਾਵਾਂ ਵਿਕਸਿਤ ਕੀਤੀਆਂ। ਆਪਣੀ ਪਾਰਦਰਸ਼ੀ ਪੁਸ਼ਾਕ ਅਤੇ ਨੰਗੇ ਪੈਰਾਂ ਨਾਲ ਉਸ ਨੇ ਮਨੁੱਖੀ ਜਿਸਮ ਦੀ ਸੁਜਿੰਦ ਵਾਸਤਵਿਕਤਾ ਨੂੰ ਸਵੈ-ਪ੍ਰਗਟਾਵੇ ਦੇ ਮਾਧਿਅਮ ਵਜੋਂ ਮੁੜ ਸਥਾਪਤ ਕੀਤਾ। ਉਸ ਦੀ ਸਾਦਗੀ ਆਪਣੀ ਡੂੰਘਿਆਈ ਵਿਚ ਸਮੁੰਦਰ ਵਰਗੀ ਸੀ। ਬੋਧ ਦੀਆਂ ਪ੍ਰਾਚੀਨ ਵਿਧੀਆਂ ਜਾਦੂ ਅਤੇ ਬ੍ਰਹਿਮੰਡ-ਵਿਗਿਆਨ ਨਾਲ ਜੋੜ ਕੇ ਆਈਸਾਡੋਰਾ ਨੇ ਆਪਣੀ ਮਨਮੋਹਕ ਕਲਾ ਨਾਲ ਐਸੀਆਂ ਲੀਹਾਂ ਪਾਈਆਂ ਜਿਨ੍ਹਾਂ ਨੂੰ ਪਿੱਛੋਂ ਜਾ ਕੇ ਆਧੁਨਿਕ ਨਿਰਤ ਦਾ ਨਾਂ ਦਿੱਤਾ ਗਿਆ।

ਇਸ ਖੇਤਰ ਵਿਚ ਉਸ ਦੀ ਸਫਲਤਾ ਨੂੰ ਨਿਰਸੰਦੇਹ ਕਿਸੇ ਪ੍ਰਵਾਨਗੀ ਦੀ ਲੋੜ ਨਹੀਂ ਸੀ। ਆਪਣੀ ਨ੍ਰਿਤ ਕਲਾ ਦੇ ਦ੍ਰਿਸ਼ਮਈ ਜ਼ੋਰ ਸਦਕਾ ਆਪਣੇ ਸਮੇਂ ਦੇ ਸਿਰਕੱਢ ਕਵੀਆਂ ਤੇ ਕਲਾਕਾਰਾਂ ਸਮੇਤ ਉਹ ਕੁਝ ਹੀ ਸਾਲਾਂ ਵਿਚ ਲੱਖਾਂ ਕਰੋੜਾਂ ਲੋਕਾਂ ਦੀ ਪ੍ਰੇਰਨਾ ਬਣ ਗਈ। ਉਹ ਦਰਜਨਾਂ ਹੀ ਦੇਸ਼ਾਂ ਵਿਚ ਦਰਸ਼ਕਾਂ ਸਾਹਮਣੇ ਨੱਚੀ ਜਿਨ੍ਹਾਂ ਦੀ ਗਿਣਤੀ ਵਧਦੀ ਹੀ ਚਲੀ ਗਈ। ਉਹ ਇਕੋ ਇਕ ਨਿਰਤਕੀ ਹੈ ਜਿਸ ਨੂੰ ਮਹਾਨ ਦਾਰਸ਼ਨਿਕ ਹੀਗਲ ਦੇ ਅਰਥਾਂ ਵਿਚ ਵਿਸ਼ਵ-ਇਤਿਹਾਸਕ-ਹਸਤੀ ਕਿਹਾ ਜਾ ਸਕਦਾ ਹੈ।

ਦਿਲਚਸਪ ਗੱਲ ਕਿ ਹੀਗਲ ਨੇ ਆਪਣੀ 'ਸੁਹਜ-ਸ਼ਾਸ਼ਤਰ' ਨਾਮੀ ਲਿਖਤ ਵਿਚ ਨਿਰਤ ਕਲਾ ਨੂੰ ਭਲੇ ਹੀ ਬਾਗਬਾਨੀ ਦੇ ਅਨੁਸਾਰੀ ਅਧੂਰੀ ਕਲਾ ਦੱਸਿਆ ਸੀ ਪਰ ਵਿਸ਼ਵ-ਕੋਸ਼ੀ ਯੁੱਗ ਦੇ ਉਸ ਮਹਾਂਮਾਨਵ ਨੇ ਘੱਟੋ-ਘੱਟ ਨਿਰਤ ਦੇ ਮਨੁੱਖੀ ਆਤਮ-ਪ੍ਰਕਾਸ਼ ਦਾ ਮੁੱਖ ਮਾਧਿਅਮ ਹੋਣ ਦੀ ਸੰਭਾਵਨਾ ਨੂੰ ਪ੍ਰਵਾਨ ਤਾਂ ਕੀਤਾ ਹੀ ਸੀ।

"ਜੇ ਕਿਸੇ ਆਤਮਿਕ ਪ੍ਰਗਟਾਵੇ ਨੇ ਕੇਵਲ ਨਿਪੁੰਨਤਾ ਨਾਲ ਹੀ ਚਮਕਣਾ ਹੈ ਜਿਹੜੀ ਅੱਜ ਕੱਲ੍ਹ ਦੇ ਦਿਨਾਂ ਵਿਚ ਅਤਿ ਦੀ ਬੇਹੂਦਗੀ ਤੇ ਬੌਧਿਕ ਗਰੀਬੀ ਨਾਲ ਜੁੜ ਗਈ ਹੈ, ਤਾਂ ਜਿਸ ਚੀਜ਼ ਦੀ ਲੋੜ ਹੈ, ਉਹ ਕੇਵਲ ਤਕਨੀਕੀ ਔਕੜਾਂ 'ਤੇ ਮੁਕੰਮਲ ਜਿੱਤ ਹੀ ਨਹੀਂ ਸਗੋਂ ਸਾਡੇ ਜਜ਼ਬਾਤ ਦੀ ਇਕਸੁਰਤਾ ਨਾਲ ਨਿਸ਼ਚਿਤ ਹਰਕਤ ਹੈ ਅਤੇ ਆਜ਼ਾਦੀ, ਅੰਦਾਜ਼ ਵੀ ਹੈ ਜੋ ਬੇਹੱਦ ਦੁਰਲੱਭ ਹਨ।" (ਹੀਗਲ ਦੇ 'ਸੁਹਜ-ਸ਼ਾਸ਼ਤਰ' ਬਾਰੇ ਭਾਸ਼ਣ ਵਿਚੋਂ)

ਕੀ ਇਹ ਲਿਖਤ ਸਾਡੀ ਇਸ ਜਵਾਨ ਕੈਲੇਫੋਰਨੀਆ ਵਾਸੀ ਨਾਇਕਾ ਦੀ ਵਾਸਤਵਿਕ ਭਵਿੱਖ-ਬਾਣੀ ਵਾਂਗੂ ਨਹੀਂ ਪੜ੍ਹੀ ਜਾਂਦੀ। ਮਹੱਤਵ ਇਸ ਗੱਲ ਦਾ ਹੈ ਕਿ ਇਹ ਵਿਸ਼ੇਸ਼ ਪੈਰਾ ਹੀਗਲ ਦੀ ਕਵਿਤਾ ਬਾਰੇ ਬਹਿਸ ਵਿਚ ਮਿਲਦਾ ਹੈ। ਸਰਬ-ਵਿਆਪੀ ਕਲਾ ਵਿਚ ਜੋ ਮਨੁੱਖੀ ਆਤਮਾ ਦੀ ਸਮੁੱਚਤਾ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ ਤੇ ਜੋ ਸਭ ਭਾਂਤ ਦੇ ਕਲਾਤਮਿਕ ਪ੍ਰਗਟਾਵੇ ਦੇ ਰੂਪਾਂ ਨੂੰ ਜੋੜਦਾ ਹੈ-ਸਾਰੀਆਂ ਕਲਾਵਾਂ ਦੇ ਖੇਤਰ ਵਿਚ, ਕਵਿਤਾ, ਆਧੁਨਿਕ ਆਤਮਾ ਦੀ ਹੂਕ ਨੂੰ ਅਵਾਜ਼ ਦੇਣ ਦੇ ਮਾਮਲੇ ਵਿਚ ਪਹਿਲੇ ਥਾਂ 'ਤੇ ਸੀ ਤੇ ਨਿਰਤ ਸਭ ਤੋਂ ਅਖੀਰਲੀ ਥਾਂ 'ਤੇ। ਆਧੁਨਿਕ ਸਮੇਂ ਵਿਚ ਨਿਰਤ ਜਿਵੇਂ ਡੋਰਿਸ ਹੈਫਰੇ ਨੇ ਕਿਹਾ ਹੈ-ਬਾਕੀ ਕਲਾਵਾਂ ਨਾਲੋਂ ਦਸ ਤੋਂ ਪੰਜਾਹ ਸਾਲ ਪਿੱਛੇ ਹੈ। ਇਸ ਸੀਮਾ ਦੇ ਕਾਰਨਾਂ ਦੀ ਪੁਣਛਾਣ ਕਰਨੀ ਕੋਈ ਮੁਸ਼ਕਿਲ ਨਹੀਂ। ਕਵਿਤਾ ਦਾ ਮਾਧਿਅਮ ਸ਼ਬਦ ਹੈ ਜੋ ਸਭ ਵਸਤੂਆਂ ਵਿਚੋਂ ਚੁੱਕਣਾ ਸੌਖਾ ਹੈ ਤੇ ਜੋ ਤਸ਼ੱਦਦ ਤੋਂ ਸਭ ਤੋਂ ਘੱਟ ਪ੍ਰਭਾਵਤ ਹੁੰਦਾ ਹੈ ਪਰ ਨਿਰਤ ਵਿਚ ਮਾਧਿਅਮ ਜਿਸਮ ਹੁੰਦਾ ਹੈ ਜਿਸ ਉੱਤੇ ਤਸ਼ੱਦਦ ਬੁਰੀ ਤਰ੍ਹਾਂ ਅਸਰ ਪਾਉਂਦਾ ਹੈ।


ਕਿਸੇ ਵੀ ਹਾਲਤ ਵਿਚ ਇਹ ਕੋਈ ਮੌਕਾ-ਮੇਲ ਨਹੀਂ ਕਿ ਆਈਸਾਡੋਰਾ ਸਮਕਾਲੀ ਨਿਰਤਕਾਰਾਂ ਤੋਂ ਪ੍ਰਭਾਵਤ ਨਹੀਂ ਹੋਈ। ਵੱਡੇ ਨਿਰਤਕਾਰਾਂ ਤੋਂ ਵੀ ਨਹੀਂ ਸਗੋਂ ਇਸ ਗੱਲ ਦੇ ਬਿਲਕੁਲ ਉਲਟ ਉਹ ਮਹਾਨ ਕਵੀਆਂ ਤੋਂ ਪ੍ਰਭਾਵਤ ਹੋਈ। ਬਲੇਕ, ਵਿੱਟਮੈਨ, ਰੂਸੋ, ਨਿਟਸ਼ੇ, ਕੀਟਸ, ਸ਼ੈਲੇ, ਬਾਇਰਨ, ਪੋਅ, ਪੂਰਵ-ਰੈਫੇਲਾਈਟਾਂ, ਮਹਾਨ ਫਰਾਂਸੀਸੀ ਰੋਮਾਂਟਿਕ-ਕਵੀਆਂ ਤੇ ਰੂਸੀ ਪ੍ਰਤੀਕਵਾਦੀਆਂ ਦੇ ਕਾਵਿ ਗ੍ਰੰਥ ਹੀ ਨਵੇਂ ਨ੍ਰਿਤ ਨੂੰ ਵਿਕਸਤ ਕਰਨ ਲਈ ਉਸਦੀ ਪ੍ਰੇਰਨਾ ਦੇ ਮੁੱਖ ਸੋਮੇ ਸਨ। ਆਈਸਾਡੋਰਾਨੇ ਆਪਣੇ ਆਪ ਨੂੰ ਇਸ ਮਹਾਨ ਕਾਵਿਕ-ਪਰੰਪਰਾ ਨਾਲ ਜੋੜ ਲਿਆ-ਸ਼ੈਕਸਪੀਅਰ, ਵਰਡਜ਼ਵਰਥ, ਕਾਲਰਿਜ, ਸ਼ਿਲਰ ਹੇਨ ਅਤੇ ਬਾਦਲੇਅਰ ਵਰਗੇ ਯੌਰਪ ਦੇ ਅਨੇਕਾਂ ਮਹਾਂਕਵੀਆਂ ਤੋਂ ਲੈ ਕੇ ਵੀਹਵੀਂ ਸਦੀ ਦੇ ਮੁਢਲੇ ਪੜ੍ਹ-ਯਥਾਰਥਵਾਦੀ ਕਲਾਕਾਰਾਂ ਤੀਕ ਉਹ ਸਭ ਤੋਂ ਵੱਧ ਸੁਤੰਤਰ ਕਲਪਨਾ ਦੀ ਪ੍ਰਮੁੱਖਤਾ ਤੋਂ ਮੋਹਤਾਤ ਸੀ।

ਉਹ ਚਿਤਰਕਾਰਾਂ, ਬੁੱਤ-ਘਾੜਿਆਂ ਅਤੇ ਸੰਗੀਤਕਾਰਾਂ ਤੋਂ ਵੀ ਪ੍ਰਭਾਵਤ ਸੀ। ਪ੍ਰਾਚੀਨ ਅਤੇ ਕਲਾਸੀਕਲ ਕਲਾ ਵਿਚਲੀ ਹਰ ਜੀਵੰਤ ਚੀਜ਼ ਦੀ ਉਹ ਉਤਸੁਕ ਵਿਦਿਆਰਥਣ ਸੀ। ਉਹ ਨਵੀਆਂ ਲਹਿਰਾਂ ਲਈ ਪ੍ਰੇਰਨਾ ਬਿੰਦੂ ਬਣ ਗਈ ਜੋ ਏਨੀਆਂ ਭਿੰਨ-ਭਿੰਨ ਸਨ ਕਿ ਨਿਊਯਾਰਕ ਦਾ ਅਸ਼ਕਾਨ ਸਕੂਲ, ਯਾਦਸ਼, ਡਾਈਯੁੰਗ, ਇਟਾਲਵੀ ਭਵਿੱਖਵਾਦੀ, ਰੂਸੀ ਪ੍ਰਤੀਕਵਾਦੀ ਲਹਿਰ ਅਤੇ ਫਰਾਂਸੀਸੀ ਦਾਦਾ ਵਾਦ ਤੀਕ ਸਭ ਉਪਰ ਉਸਨੇ ਅਹਿਮ ਪ੍ਰਭਾਵ ਪਾਇਆ।

ਉਹ ਅਮਲ ਕਿ ਜਿਸ ਨੇ ਨਿਰਤ ਦੀ ਕਲਾ ਨੂੰ ਅਜਿਹੇ ਰੂਪ ਵਿਚ ਕਾਇਆ ਕਲਪ ਕੀਤਾ, ਉਹ ਪ੍ਰਗਟਾਵੇ ਦੇ ਹੋਰ ਅਨੇਕਾਂ ਕਲਾ ਰੂਪਾਂ ਵਿਚ ਵਾਪਰੇ ਇਨਕਲਾਬਾਂ ਨੂੰ ਗ੍ਰਹਿਣ ਕਰ ਕੇ ਸ਼ੁਰੂ ਹੋਇਆ ਸੀ। ਉਹ ਨਿਰਤ ਨੂੰ ਸਿਰਜਨਾਤਮਿਕ-ਕਾਵਿਕ ਸੁਰਾਂ ਨਾਲ ਓਤਪੋਤ ਕਰਨ ਵਾਲੀ ਪਹਿਲੀ ਨਰਤਕੀ ਤਾਂ ਸੀ ਹੀ-ਕਮਾਲ ਤਾਂ ਇਹ ਸੀ ਕਿ ਉਸਨੇ ਆਪਣੀ ਅਜਿਹੀ ਜ਼ੋਰਦਾਰ ਕਲਾ ਨਾਲ ਕਾਵਿ ਕਲਾ ਅਤੇ ਹੋਰ ਸੂਖਮ ਕਲਾਵਾਂ ਨੂੰ ਵੀ ਪ੍ਰਭਾਵਿਤ ਕੀਤਾ।

ਆਈਸਾਡੋਰਾ ਨੂੰ ਨ੍ਰਿਤ ਕਲਾ ਤੋਂ ਵੱਡੀਆਂ ਉਮੀਦਾਂ ਸਨ। ਇਕ ਕਲਾ ਵਜੋਂ, ਇਕ ਨਵੀਂ ਸਿਖਿਆਤਮਕ ਸ਼ਕਤੀ ਵਜੋਂ ਤੇ ਸਮਾਜਕ ਪਰਿਵਰਤਨ ਦੇ ਇਕ ਸਾਧਨ ਵਜੋਂ ਵੀ ਉਸਨੇ ਆਪਣੇ ਆਪ ਨੂੰ ਕੇਵਲ ਨਿਰਤਕੀ ਹੀ ਨਹੀਂ ਸੀ ਸਮਝਿਆ ਤੇ ਨਾ ਹੀ ਉਹ ਕਦੇ ਇੰਝ ਆਪਣੇ ਆਪ ਨੂੰ ਸੀਮਿਤ ਕਰਨਾ ਹੀ ਚਾਹੁੰਦੀ ਸੀ। ਉਸ ਦੀ ਪਹੁੰਚ ਕਦੇ ਵੀ ਕਲਾਤਮਿਕ ਤੋਂ ਸੱਖਣੀ ਤੰਗਨਜ਼ਰੀ ਵਾਲੀ ਨਹੀਂ ਸੀ, ਉਸ ਦੀਆਂ ਤਾਂਘਾਂ ਕੇਵਲ ਸਟੇਜ ਤੋਂ ਬਹੁਤ ਦੂਰ ਦੀਆਂ ਸਨ। ਉਸ ਨੇ ਜੋ ਕੁਝ ਵੀ ਕੀਤਾ, ਉਸ ਉੱਤੇ ਪ੍ਰਮਾਣਕਤਾ ਦਾ ਨਿਸ਼ਾਨ ਸੀ। ਉਹ ਇਸ ਗੱਲ ਉੱਤੇ ਬਲ ਦਿੰਦੀ ਸੀ ਕਿ "ਮੈਂ ਮਹਿਜ਼ ਨਰਤਕੀ ਨਹੀਂ ਹਾਂ।... ...ਮੈਂ ਜੋ ਤਲਾਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ, ਉਹ ਹੈ ਜੀਵਨ ਦੇ ਕਿਸੇ ਨਵੇਂ ਰੂਪ ਨੂੰ ਪ੍ਰਗਟ ਕਰਨਾ ਤੇ ਲੋਕਾਈ ਸਾਹਮਣੇ ਨੁਮਾਇਆ ਕਰਨਾ।" ਉਹ ਤਾਂ ਸਦਾ ਉਦਾਤ ਦੀ ਕਿਸੇ ਉਚੀਓਂ ਉਚੀ ਸਿਖਰ ਨੂੰ ਛੂਹਣਾ ਚਾਹੁੰਦੀ ਸੀ।

ਬਚਪਨ ਵੇਲੇ ਵੀ ਉਹ ਅਤਿ ਦੀ ਬਾਗ਼ੀਆਨਾ ਤਬੀਅਤ ਵਾਲੀ ਸੀ ਤੇ ਉਮਰ ਦੇ ਹਰ ਸਾਲ ਉਹ ਹੋਰ ਵਧੇਰੇ ਰੈਡੀਕਲ ਹੁੰਦੀ ਚਲੀ ਗਈ। ਉਸ ਦੇ ਗੈਰ-ਰਵਾਇਤੀ ਨਿਰਤ ਨੇ ਅੰਤਿਮ ਤੌਰ ਤੇ ਉਸ ਨੂੰ ਜੀਵਨ ਦੀ ਉਸਾਰੂ ਰੌਅ ਦੇ ਵਿਰੋਧ ਵਿਚ ਖੜ੍ਹੀਆਂ ਅਨੇਕਾਂ ਰੂੜੀਵਾਦੀ ਸ਼ਕਤੀਆਂ ਅਤੇ ਹੋਰ ਧਾਰਮਿਕ, ਸਭਿਆਚਾਰਕ ਤੇ ਰਾਜਸੀ ਬੁਨਿਆਦਪ੍ਰਸਤ-ਆਤਮਵਿਹੀਨ ਧਿਰਾਂ ਨਾਲ ਟੱਕਰ ਵਿਚ ਲੈ ਆਂਦਾ। ਬਹੁਤੇ ਪ੍ਰਮਾਣਕ ਕਵੀਆਂ ਵਾਂਗ ਉਸ ਨੇ ਹਮੇਸ਼ਾ ਹੀ ਸੱਤਾ ਨਾਲ ਟੱਕਰਾਂ ਸਹੇੜੀਆਂ ਤੇ ਉਹ ਲਗਾਤਾਰ ਸਮੇਂ ਦੀ ਬੁਰਜ਼ੂਆ ਪ੍ਰੈਸ ਵੱਲੋਂ ਬਦਨਾਮ ਕੀਤੀ ਜਾਂਦੀ ਰਹੀ। ਅਮੀਰ ਸ਼੍ਰੇਣੀ ਦੇ ਕਥਿਕ ਬੈਲੇ ਪ੍ਰੇਮੀ ਤਾਂ ਇਕ ਪਾਸੇ, ਬਾਈਬਲ ਦੇ ਧਰਮ-ਪ੍ਰਚਾਰਕਾਂ, ਥੋਥੇ ਰਾਜਨੀਤੀਵਾਨਾਂ, ਅਮਰੀਕੀ ਲੀਜ਼ਨ ਅਤੇ ਕੂ ਕਲਕਸ ਕਲਾਨ ਵਰਗੀਆਂ ਖੂੰਖਾਰ ਦਹਿਸ਼ਤਗਰਦ ਧਿਰਾਂ ਨੇ ਉਸ ਦਾ ਅਪਮਾਨ ਕਰਨ ਦੀ ਕੋਈ ਕਸਰ ਨਾ ਛੱਡੀ। ਉਲਟਾ ਇਨ੍ਹਾਂ ਸਭਨਾਂ ਨੇ ਮਿਲਕੇ ਉਸ ਨੂੰ ਇਨਸਾਨੀ ਦੁਸ਼ਮਣੀ 'ਤੇ ਅਧਾਰਤ ਪੂੰਜੀਵਾਦ-ਈਸਾਈ ਪ੍ਰਪੰਚ ਦਾ ਬਹੁਤ ਹੀ ਬੇਲਿਹਾਜ ਕ੍ਰਿਟੀਕ ਵਿਕਸਿਤ ਕਰਨ ਲਈ ਮਜਬੂਰ ਕੀਤਾ। ਮੋੜਵੇਂ ਤੌਰ ਤੇ ਇਹਨਾਂ ਸਭਨਾ ਧਿਰਾਂ ਨੇ ਮਿਲ ਕੇ ਉਸ ਨੂੰ ਉਨ੍ਹਾਂ ਇਨਕਲਾਬੀ ਧਿਰਾਂ ਦੇ ਨੇੜੇ ਧਕੇਲ ਦਿੱਤਾ ਜੋ ਮਾਨਵ ਬਰਾਬਰੀ ਅਤੇ ਇਨਸਾਫ 'ਤੇ ਅਧਾਰਤ ਸਮਾਜਿਕ ਪਰਿਵਰਤਨ ਦੀ ਤਲਾਸ਼ ਵਿਚ ਸਨ। ਉਸ ਦਾ ਉਦੇਸ਼ ਸੁਤੰਤਰਤਾ ਅਤੇ ਇਨਸਾਨੀ ਹੁਸਨ ਦੇ ਕਿਸੇ ਵੱਡੇ ਮੁਕਾਮ ਨੂੰ ਛੂਹਣਾ ਸੀ ਜਿਸਦੀ ਤਲਾਸ਼ ਵਿਚ ਉਹ ਬੁਰਜ਼ੂਆਂ ਅਮਨ-ਕਾਨੂੰਨ ਦੀਆਂ ਲਾਗੂ ਕੀਤੀਆਂ ਸੀਮਾਵਾਂ ਨੂੰ ਉਲੰਘਣ ਦੇ ਰਾਹ ਤੁਰ ਪਈ। ਜਿਹੜੀ ਆਜ਼ਾਦੀ ਤੇ ਠਾਠ ਵਾਲਾ ਗੁਣ ਉਸ ਦੇ ਨਾਚ ਵਿਚ ਸੀ, ਉਸੇ ਤਰ੍ਹਾਂ ਹੀ ਉਸ ਨੇ ਇਨਕਲਾਬੀ ਤੇ ਗਰਮ-ਦਲੀ ਮੁੱਦਿਆਂ ਦੇ ਸਮੁੱਚੇ ਰਣ ਖੇਤਰ ਨੂੰ ਅਪਣਾ ਲਿਆ।



ਆਈਸਾਡੋਰਾ ਦੇ ਸਮਾਜਿਕ ਵਿਚਾਰਾਂ ਦਾ ਖੇਤਰ ਬਹੁਤ ਵਿਸ਼ਾਲ ਸੀ। ਉਸ ਦੇ ਪ੍ਰੋਗਰਾਮ ਵਿਚ ਇਕ ਜਾਂ ਦੂਸਰੇ ਅਵਸਰ ਤੇ ਸਭ ਕੁਝ ਹੀ ਸ਼ਾਮਿਲ ਸੀ-ਪੁਸ਼ਾਕ ਵਿਚ ਪਰਿਵਰਤਨ ਤੋਂ ਆਰੰਭ ਹੋ ਕੇ ਵੈਸ਼ਨੂੰ ਭੋਜਨ 'ਤੇ ਸੰਤਾਨ-ਸੰਜਮ ਤੀਕ; ਪਰ ਉਸ ਦੇ ਵਿਦਰੋਹ ਦਾ ਤੱਤ ਹੋਛਾ ਜਾਂ ਤੁੱਛ ਨਹੀਂ ਸੀ ਜਿਵੇਂ ਕੁਝ ਆਲੋਚਕਾਂ ਨੇ ਅਜਿਹਾ ਕਹਿ ਕੇ ਉਸਦੀ ਸ਼ਾਨ ਨੂੰ ਛੁਟਿਆਉਣ ਦੀ ਕੋਸ਼ਿਸ਼ ਕੀਤੀ, ਸਗੋਂ ਇਸ ਦੇ ਉਲਟ ਉਸ ਨੇ ਲੰਮੇਰੇ ਸਮੇਂ ਤੀਕ ਉਨ੍ਹਾਂ ਸੰਘਰਸ਼ਾਂ ਪ੍ਰਤੀ ਗੰਭੀਰ, ਨਿਰੰਤਰ ਤੇ ਅਮਲੀ ਰੂਪ ਵਿਚ ਪ੍ਰਤੀਬੱਧਤਾ ਦਾ ਸਬੂਤ ਦਿੱਤਾ ਜਿਹਨਾਂ ਮੁੱਦਿਆਂ ਨੂੰ ਉਹ ਖਾਸ ਤੌਰ ਤੇ ਆਪਣੀ ਆਤਮਾ ਦੀ ਜਿੰਦ ਤੇ ਜਾਨ ਸਮਝਦੀ ਸੀ। ਔਰਤਾਂ ਦੇ ਸੁਤੰਤਰ ਸਵੈ ਪ੍ਰਗਟਾਵੇ ਦੀ ਲਹਿਰ, ਦੰਭ 'ਤੇ ਅਧਾਰਤ ਵਿਖਾਵੇ ਦੇ ਧਰਮ ਦੀ ਵਿਰੋਧਤਾ ਅਤੇ ਦਿਹਾੜੀਦਾਰ ਗੁਲਾਮੀ ਦਾ ਵਿਰੋਧ ਉਸਨੇ ਤਾ-ਉਮਰ ਦ੍ਰਿੜਤਾ ਨਾਲ ਕੀਤਾ।

ਆਪਣੀ ਸਾਰੀ ਹੱਯਾਤੀ ਵਿਚ ਉਹ ਔਰਤ ਦੀ ਕਿਸੇ ਅਲੌਕਿਕ ਸ਼ਾਨ ਅਤੇ ਸਵੈਮਾਨ ਦਾ ਮੁਜੱਸਮਾ ਸੀ ਅਤੇ ਉਸ ਦੀਆਂ ਲਿਖਤਾਂ ਇਸ ਖਾਤਰ ਸੰਘਰਸ਼ ਦੇ ਮਹੱਤਵਪੂਰਨ ਦਸਤਾਵੇਜ਼ ਹਨ। ਸਾਡੇ ਗਿਆਨ ਅਨੁਸਾਰ ਉਸ ਨੇ ਕਦੇ ਵੀ ਆਪਣੇ ਆਪ ਨੂੰ ਨਾਰੀਵਾਦੀ ਆਗੂ ਨਹੀਂ ਆਖਿਆ, ਨਾ ਹੀਂ ਉਹ ਕਿਸੇ ਨਾਰੀਵਾਦੀ ਗਰੁੱਪ ਨਾਲ ਸਬੰਧ ਰੱਖਦੀ ਸੀ। ਐਪਰ ਇਹ ਹੈਰਾਨੀ ਦੀ ਗੱਲ ਨਹੀਂ ਕਿ ਉਹ ਅੰਟੋਨੀਤੀ ਕੋਨੀ ਕਾਊ, ਸਾਲਵੀਆ ਪੇਖੁਰਸਾ, ਅਲੈਗਜੈਂਡਰਾ ਕੋਲਨਤੀ ਅਤੇ ਕਲਾਰਾ ਜ਼ੈਟਕਿਨ ਵਰਗੀਆਂ ਮਹਿਲਾ ਇਨਕਲਾਬੀ ਹਸਤੀਆਂ ਦੇ ਸੰਪਰਕ ਵਿਚ ਆਈ ਜਿਨ੍ਹਾਂ ਦੇ ਔਰਤ ਦੀ ਆਜ਼ਾਦੀ ਦੇ ਏਜੰਡੇ ਵਿਚ ਸਮਾਜਵਾਦੀ ਇਨਕਲਾਬ ਸ਼ਾਮਿਲ ਸੀ। ਆਈਸਾਡੋਰਾ ਨੇ ਹਮੇਸ਼ਾਂ ਹੀ ਇਹ ਗੱਲ ਮੰਨੀ ਕਿ ਕਿਸੇ ਵੀ ਹੋਰ ਗੱਲ ਨਾਲੋਂ ਉਸ ਦਾ ਨਿਰਤ "ਔਰਤ ਦੀ ਮੁਕਤੀ ਦਾ ਪ੍ਰਤੀਕ" ਸੀ। ਉਹ ਬੜੀ ਦਲੇਰੀ ਨਾਲ ਭਵਿੱਖ ਵਿਚ "ਉਸ ਨਵੀਂ ਔਰਤ ਦੀ ਉਡੀਕ ਵਿਚ ਸੀ ਜੋ ਹੁਣ ਤੀਕ ਹੋਈ ਕਿਸੇ ਵੀ ਔਰਤ ਨਾਲੋਂ ਕਿਤੇ ਵੱਧ ਜਾਨਦਾਰ ਹੋਵੇ ਜੋ ਮੁਕਤ ਦੇਹ ਦਾ ਸਭ ਤੋਂ ਬੁਧੀਮਾਨ ਪ੍ਰਚਮ ਹੋਵੇ।"

ਆਜ਼ਾਦ ਖਿਆਲ ਪਰਿਵਾਰ ਵਿਚ ਪਲ ਕੇ ਆਈਸਾਡੋਰਾ ਹਰ ਤਰ੍ਹਾਂ ਦੇ ਰਵਾਇਤੀ ਧਰਮਾਂ ਦੀ ਤਿੱਖੀ ਆਲੋਚਕ ਬਣੀ ਰਹੀ। ਇੰਝ ਕਰਨ ਨਾਲ ਕਦੇ ਕਦੇ ਉਹ ਪ੍ਰਾਚੀਨ ਧਾਰਮਿਕ ਮਿੱਥਾਂ ਦੀਆਂ ਕਈ ਕੇਂਦਰੀ ਹਸਤੀਆਂ ਤੱਕ ਨੂੰ ਵੀ ਆਪਣੇ ਵਿਅੰਗ ਦੀ ਧਾਰ ਦਾ ਸ਼ਿਕਾਰ ਬਣਾਉਂਦੀ ਰਹੀ। ਇਸ ਤੋਂ ਬਿਨਾ ਸ਼ੈਲੇ, ਰਿੰਬਾ, ਆਂਦਰੇ ਬਰੀਤੋਂ ਅਤੇ ਹੋਰ ਦੂਸਰੇ ਕਵੀਆਂ ਜੋ ਆਪਣੇ ਧੜੱਲੇਦਾਰ ਨਾਸਤਕ ਵਿਚਾਰਾਂ ਕਾਰਨ ਪ੍ਰਸਿੱਧ ਸਨ, ਦੇ ਕਾਵਿ ਜਗਤ ਨਾਲ ਉਹ ਨਿਰੰਤਰ ਵਾਬਸਤਾ ਸੀ। ਉਹ ਗੁੱਝੇ ਸਿਧਾਤਾਂ, ਧਰਮ-ਵਿਰੋਧੀ ਖਿਆਲਾਂ ਤੇ ਮਾਨਸਿਕ ਖੋਜ ਵਿਚ ਵੀ ਡੂੰਘੀ ਦਿਲਚਸਪੀ ਰੱਖਦੀ ਸੀ। ਇਨ੍ਹਾਂ ਕਵੀਆਂ ਵਾਂਗ ਉਹ ਇਨ੍ਹਾਂ ਪਥਰਾ ਚੁੱਕੀਆਂ ਸਮਾਜਿਕ-ਧਾਰਮਿਕ ਰਵਾਇਤਾਂ ਦੀ ਸਾਰਥਿਕਤਾ ਨੂੰ ਚੁਣੌਤੀ ਦੇ ਰਹੀ ਸੀ। ਕਈ ਵਾਰ ਉਹ ਇੰਝ ਸਿਰਫ ਕਾਵਿਕ ਮੰਤਵਾਂ ਲਈ ਹੀ ਕਰਦੀ ਸੀ। ਉਹ ਮਹਾਨ ਸਪੈਨਿਸ਼ ਬੁਤਸਾਜ਼ ਲੂਈਸ ਬੂਨੀਅਲ ਵਾਂਗ ਕਦੇ ਵੀ ਐਲਾਨ ਕਰ ਸਕਦੀ ਸੀ: "ਰੱਬ ਦਾ ਸ਼ੁਕਰ ! ਮੈਂ ਅਜੇ ਵੀ ਨਾਸਤਕ ਹਾਂ।"

ਸਿਖਿਆ ਬਾਰੇ ਉਸ ਦੇ ਵਿਚਾਰ ਕਾਫੀ ਹੱਦ ਤੀਕ ਵਿਕਸਿਤ ਹੋ ਚੁੱਕੇ ਸਨ। ਸਮਾਜਿਕ ਸਿਧਾਂਤਕਾਰ ਵਜੋਂ ਇਹ ਉਸ ਦਾ ਸਭ ਤੋਂ ਵਧ ਮੌਲਿਕ ਕੰਮ ਸੀ। ਵੱਖਰੇ ਪ੍ਰਸੰਗ ਵਿਚ ਇਕ ਬੱਚੇ ਵਜੋਂ ਉਸ ਦਾ ਆਪਣਾ ਸਕੂਲੀ ਤਜਰਬਾ ਬਹੁਤ ਹੀ ਬੁਰਾ ਰਿਹਾ ਸੀ। ਉਸ ਅਰਸੇ ਨੂੰ ਉਹ ਬੜਾ ਹੱਤਕ-ਭਰਿਆ ਤੇ ਤਬਾਹਕੁਨ ਸਮਝਦੀ ਸੀ ਅਤੇ ਬਚਪਨ ਦੀਆਂ ਕਰਤਾਰੀ ਸੰਭਾਵਨਾਵਾਂ ਦੀ ਬਰਬਾਦੀ ਦਾ ਬਾਇਸ ਆਖਦੀ ਸੀ। ਉਸ ਨੇ ਆਧੁਨਿਕ ਵਿਦਿਅਕ ਸੰਸਥਾਵਾਂ ਦਾ ਬੜਾ ਡੂੰਘਾ ਆਲੋਚਨਾਤਮਕ ਵਿਸ਼ਲੇਸ਼ਣ ਪੇਸ਼ ਕੀਤਾ ਜਿਸ ਦੀ ਸਾਰਥਿਕਤਾ ਅੱਜ ਵੀ ਖਤਮ ਨਹੀਂ ਹੋਈ।

ਉਸ ਦਾ ਆਪਣਾ ਸਕੂਲ ਦੂਸਰੇ ਸਕੂਲਾਂ ਨਾਲੋਂ ਬਿਲਕੁਲ ਵੱਖਰੀ ਤਰ੍ਹਾਂ ਵਿਉਂਤਿਆ ਗਿਆ ਸੀ ਤੇ ਉਹ ਦੂਸਰੇ ਸਭ ਸਕੂਲਾਂ ਦੇ ਉਲਟ ਸੀ। ਆਮ ਅਰਥਾਂ ਵਿਚ ਉਸ ਸਕੂਲ ਨੂੰ ਨਿਰਤ ਦਾ ਸਕੂਲ ਨਹੀਂ ਸੀ ਸਮਝਦੀ ਸਗੋਂ ਉਹ ਇਸ ਨੂੰ ਇਕ ਤਰ੍ਹਾਂ ਦੀ ਨਵ-ਆਤਮਿਕ ਉਸਾਰੀ ਦੀ ਟਕਸਾਲ ਮੰਨਦੀ ਸੀ ਤੇ ਇਸ ਨੂੰ ਵਿਸ਼ਵ ਦੇ ਰੂਹਾਨੀ ਕਾਇਆ ਕਲਪ ਦਾ ਜ਼ਰੀਆ ਸਮਝਦੀ ਸੀ। ਆਪਣੇ ਸਿੱਖਿਆ ਸਬੰਧੀ ਵਿਚਾਰਾਂ ਵਿਚ ਉਹ ਚਾਰਲਸ ਫੋਰੀਅਰ ਵਰਗੇ ਖਾਸ ਸੁਪਨ-ਸਾਜ਼ਾਂ ਵਿਚ ਸ਼ਾਮਲ ਹੁੰਦੀ ਹੈ ਜਿਹੜਾ ਧਰਤੀ ਉਪਰ ਸਵਰਗ ਉਤਾਰਨ ਦੀ ਸੰਭਾਵਨਾ ਦਾ ਸਿਧਾਂਤਕਾਰ ਸੀ।

ਹਰ ਤਰ੍ਹਾਂ ਦੇ ਰਾਜਸੀ ਗਰਮ-ਦਲੀਏ ਅਰਾਜਕਤਾਵਾਦੀ, ਸਮਾਜਵਾਦੀ ਤੇ ਵਿਅਕਤੀਵਾਦੀ ਉਸ ਦੇ ਦੋਸਤਾਂ ਦੀ ਮੰਡਲੀ ਦਾ ਸ਼ਿੰਗਾਰ ਹੁੰਦੇ ਸਨ ਪਰ ਡੰਕਨ ਦਾ ਆਪਣਾ ਖੱਬੇਪੱਖੀਵਾਦ ਕਦੇ ਵੀ ਸਪੱਸ਼ਟ ਰਾਜਸੀ ਦਿਸ਼ਾ ਗ੍ਰਹਿਣ ਨਾ ਕਰ ਸਕਿਆ। ਜੇ ਕੀਤਾ ਤਾਂ ਜੀਵਨ ਵਿਚ ਬਹੁਤ ਦੇਰ ਬਾਅਦ ਕੀਤਾ। ਉਹ 1905 ਦੇ ਰੂਸੀ ਇਨਕਲਾਬ ਦੇ "ਖੂਨੀ ਐਤਵਾਰ" ਦੇ ਸਿੱਟੇ ਨੂੰ ਵੇਖ ਕੇ ਡੂੰਘੀ ਤਰ੍ਹਾਂ ਪ੍ਰਭਾਵਤ ਹੋਈ ਸੀ ਅਤੇ ਬਾਰਾਂ ਸਾਲ ਬਾਅਦ ਜ਼ਾਰਸ਼ਾਹੀ ਦੇ ਖਾਤਮੇ ਤੋਂ ਪਿੱਛੋਂ ਉਸ ਨੇ ਕਮਿਊਨਿਸਟ ਵਜੋਂ ਸੋਚਣਾ ਸ਼ੁਰੂ ਕੀਤਾ। ਉਸ ਨੇ ਆਪਣੀ ਸਵੈ-ਜੀਵਨੀ 'ਮਾਈ ਲਾਈਫ਼' ਵਿਚ ਲਿਖਿਆ ਹੈ, "ਰੂਸੀ ਕ੍ਰਾਂਤੀ ਦੀ ਰਾਤ ਨੂੰ ਮੈਂ ਅਵੇਸ਼ ਵਿਚ ਆ ਕੇ ਮਸਤ ਦਰਵੇਸ਼ਾਂ ਵਾਂਗ ਨੱਚ ਉਠੀ ਸਾਂ ਅਤੇ ਪੂਰੀ ਰਾਤ ਨੱਚਦੀ ਹੀ ਚਲੀ ਗਈ ਸਾਂ।" ਆਪਣੇ ਜੀਵਨ ਦੇ ਆਖਰੀ ਵਰ੍ਹਿਆਂ ਵਿਚ ਤੀਜੀ ਇੰਟਰਨੈਸ਼ਨਲ ਦੇ ਮੰਤਵ ਬਾਰੇ ਉਸ ਦੀ ਨਿਹਚਾ ਆਡੋਲ ਸੀ।

ਆਈਸਾਡੋਰਾ ਨੂੰ ਵਧੇਰੇ ਸਨਮਾਨ ਯੋਗ ਦਿੱਖ ਵਾਲੀ ਵਿਖਾਈ ਦੇਣ ਲਈ ਕਈਆਂ ਟਿੱਪਣੀਕਾਰਾਂ ਨੇ ਉਸ ਦਾ ਮਖੌਲ ਉਡਾਇਆ ਹੈ ਜਾਂ ਮਜ਼ਦੂਰ-ਲਹਿਰ ਪ੍ਰਤੀ ਉਸ ਦੇ ਸਪਸ਼ਟ ਸਮਰਥਨ ਨੂੰ ਅੱਖੋਂ ਉਹਲੇ ਕੀਤਾ ਗਿਆ ਹੈ ਪਰ ਖੁਸ਼ਕਿਸਮਤੀ ਨਾਲ ਇਸ ਵਿਸ਼ੇ ਬਾਰੇ ਉਸ ਦੇ ਸਪੱਸ਼ਟ ਐਲਾਨਾਂ ਨੂੰ ਗ਼ਲਤ-ਅਰਥਾਂ ਵਿਚ ਪੇਸ਼ ਕਰਨਾ ਅਸੰਭਵ ਹੈ। ਪੂੰਜੀ ਤੇ ਉਜਰਤ ਦੀ ਸਾਡੇ ਸਮਿਆਂ ਦੀ ਕੇਂਦਰੀ ਟੱਕਰ ਵਿਚ ਆਈਸਾਡੋਰਾ ਨੂੰ ਇਸ ਗੱਲ ਵਿਚ ਭੋਰਾ ਵੀ ਸ਼ੱਕ ਨਹੀਂ ਸੀ ਰਹਿਣ ਦਿੱਤਾ ਕਿ ਉਹ ਕਿਸ ਪਾਸੇ ਸੀ। ਉਸਦਾ ਐਲਾਨ ਸੀ: "ਆਪਣੀ ਲਾਲ ਪੁਸ਼ਾਕ ਵਿਚ ਮੈਂ ਸਦਾ ਹੀ ਇਨਕਲਾਬ ਲਈ ਨੱਚਦੀ ਰਹੀ ਸਾਂ।"

ਇਹ ਸੱਚ ਹੈ ਕਿ ਵਿਚਾਰਧਾਰਕ ਵਾਦ-ਵਿਵਾਦ ਦੌਰਾਨ ਉਹ ਕਈ ਵਾਰ ਕੁਝ ਕੱਟੜ ਧਿਰਾਂ

*(ਬਾਕੀ ਅਗਲੇ ਸਫੇ 'ਤੇ)*

# ਇੰਜ ਲੱਗੀ ਖੂਹ ਦੀ ਇੱਟ ਚੁਬਾਰੇ ਨੂੰ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਕਈ ਬੰਦੇ ਆਪਣੇ ਕੱਦ ਨਾਲੋਂ ਉਚਾ ਬੋਲ ਜਾਂਦੇ ਹਨ। ਉਨ੍ਹਾਂ ਦੇ ਛੱਡੇ ਮਿਹਣਿਆਂ ਦੇ ਤੀਰ ਕਿਸੇ ਦੇ ਅਰਮਾਨਾਂ ਭਰੇ ਦਿਲ ਨੂੰ ਚੀਰ ਕੇ ਰੱਖ ਦਿੰਦੇ ਹਨ। ਜੇ ਜੱਟ ਦੀ ਵੱਟ ਦਾ ਰੌਲਾ ਮੁੱਕ ਜਾਵੇ ਤਾਂ ਥਾਣੇ ਤੇ ਕਚਹਿਰੀਆਂ ਵੀ ਮੰਦੇ ਦੀ ਮਾਰ ਹੇਠ ਆ ਜਾਣ। ਜੇ ਚਿਹਰਿਆਂ ਤੇ ਕੱਪੜਿਆਂ ਤੋਂ ਆਦਮੀ ਦੀ ਸੁਭਾਅ ਦਾ ਪਤਾ ਲੱਗਦਾ ਹੋਵੇ ਤਾਂ ਫਿਰ ਕੋਈ ਵੀ ਕਦੇ ਧੋਖਾ ਨਾ ਖਾਵੇ ਪਰ ਜੇ ਪਰਮਾਤਮਾ ਦਾ ਮਿਹਰਾਂ ਭਰਿਆ ਹੱਥ ਕਿਸੇ ਦੇ ਸਿਰ 'ਤੇ ਆ ਜਾਵੇ, ਫਿਰ ਕੱਖ ਤੋਂ ਲੱਖ ਨਹੀਂ, ਕੱਖ ਤੋਂ ਕਰੋੜ ਹੁੰਦਿਆਂ ਬਹੁਤਾ ਸਮਾਂ ਨਹੀਂ ਲੱਗਦਾ।

ਕਰੋਲ ਬਾਗ (ਦਿੱਲੀ) ਦੇ ਇਕ ਹੋਟਲ ਵਿਚ ਪੰਜ-ਛੇ ਟਰੈਵਲ ਏਜੰਟ ਜੂਆ ਖੇਡ ਰਹੇ ਸਨ। ਪਰਦੇਸਾਂ ਨੂੰ ਜਾਣ ਵਾਲੇ ਮੁੰਡਿਆਂ ਦੇ ਮਾਪਿਆਂ ਦੀ ਦਸਾਂ ਨਹੁੰਆਂ ਦੀ ਕਮਾਈ ਆਪਣੀਆਂ ਜੇਬਾਂ ਵਿਚ ਪਾਈ ਰੱਬ ਨੂੰ ਭੁਲਾਈ ਬੈਠੇ ਸਨ। ਸ਼ਰਾਬ ਤੇ ਸ਼ਬਾਬ ਨਾਲ ਮਸਤੀ ਮਾਰ ਰਹੇ ਸਨ। ਜਿੱਥੇ ਪੰਜ ਖਰਚਣ ਦੀ ਲੋੜ ਸੀ, ਉਥੇ ਪੰਜਾਹ ਖਰਚ ਰਹੇ ਸਨ। ਇਨ੍ਹਾਂ ਨੇ ਕਿਹੜਾ ਮੱਕੀ ਗੁੱਡ ਕੇ ਬਣਾਏ ਸੀ। ਪੰਜਾਬੋਂ ਬੁਲਾਏ ਹੋਏ ਦਸ-ਬਾਰਾਂ ਮੁੰਡੇ ਪਹਾੜਗੰਜ ਦੇ ਇਕ ਹੋਟਲ ਵਿਚ ਤਾੜੇ ਹੋਏ ਸਨ ਜਿਨ੍ਹਾਂ ਨੂੰ ਅੱਜ-ਕੱਲ੍ਹ ਦਾ ਲਾਰਾ ਲਾਇਆ ਹੋਇਆ ਸੀ। ਜੇ ਇਹ ਮੁੰਡੇ ਭੁੱਖ ਦਾ ਦੁੱਖ ਰੋਂਦੇ ਤਾਂ ਪੰਜਾਂ ਨੂੰ ਸੌ ਰੁਪਏ ਦੇ ਦਿੰਦੇ, ਸਾਰੇ ਦਿਨ ਦੀ ਖੁਰਾਕ ਲਈ। ਸਾਰਿਆਂ ਨੂੰ ਹਦਾਇਤ ਦਿੱਤੀ ਜਾਂਦੀ ਕਿ ਖਾਣਾ ਖਾ ਕੇ ਕਮਰੇ ਵਿਚ ਹੀ ਰਹਿਣਾ ਹੈ। ਅਸੀਂ ਤੁਹਾਨੂੰ ਇਟਲੀ ਦੀ ਅੰਬੈਸੀ ਵਾਸਤੇ ਕਦੋਂ ਵੀ ਬੁਲਾ ਸਕਦੇ ਹਾਂ। ਜਾਂਦੇ ਹੋਏ ਕਹਿ ਜਾਣਾ ਕਿ ਅਸੀਂ ਚੱਲੇ ਹਾਂ, ਲਵਲੀ ਪਾਸੋਂ ਟਿਕਟਾਂ ਦਾ ਪਤਾ ਕਰਨ। ਤੁਹਾਨੂੰ ਇਕ ਦੋ ਦਿਨਾਂ ਵਿਚ ਜਹਾਜ਼ ਦਾ ਝੂਟਾ ਦਿਵਾ ਦੇਣਾ ਹੈ।

ਇਨ੍ਹਾਂ ਕਰਮਾਂ ਮਾਰੇ ਮੁੰਡਿਆਂ ਵਿਚ ਮੈਂ ਵੀ ਸ਼ਾਮਲ ਸੀ। ਮੈਂ ਵੀ ਇਟਲੀ ਜਾਣ ਵਾਸਤੇ ਪੈਸੇ ਦੇਈ ਬੈਠਾ ਸਾਂ। ਘਰੋਂ ਤਾਂ ਮੱਥੇ ਟੇਕ ਕੇ ਤੁਰੇ ਸੀ ਕਿ ਦੂਜੇ ਦਿਨ ਹੀ ਜਹਾਜ਼ ਚੜ੍ਹ ਜਾਵਾਂਗੇ ਪਰ ਜਹਾਜ਼ ਕਿੱਥੇ? ਸਾਡੇ ਨਾਲ ਖੰਨੇ ਕੋਲ ਦਾ ਜੱਗੀ ਵੀ ਰਹਿੰਦਾ ਸੀ ਜੋ ਸਰਹਿੰਦ ਵਾਲੇ ਸ਼ਰਮੇ ਏਜੰਟ ਦੀ ਕਾਰ ਚਲਾਉਂਦਾ ਸੀ। ਸ਼ਰਮਾ ਦਿੱਲੀ ਪਹੁੰਚ ਕੇ ਦੂਜੇ ਏਜੰਟਾਂ ਨਾਲ ਰਲ ਜਾਂਦਾ ਅਤੇ ਜੱਗੀ ਨੂੰ ਮੁੰਡਿਆਂ ਕੋਲ ਛੱਡ ਜਾਂਦਾ। ਜੱਗੀ ਮੁੰਡਿਆਂ 'ਤੇ ਵੀ ਨਿਗਰਾਨੀ ਰੱਖਦਾ ਅਤੇ ਦਿਲ ਵੀ ਲਵਾਈ ਰੱਖਦਾ। ਜੱਗੀ ਭਲਾਮਾਣਸ ਮੁੰਡਾ ਲਗਦਾ। ਸਾਊ ਸੁਭਾਅ ਸੀ। ਮੈਨੂੰ ਉਹ ਚੰਗਾ ਲੱਗਦਾ ਅਤੇ ਮੈਂ ਜ਼ਿਆਦਾ ਉਸ ਨਾਲ ਹੀ ਗੱਲਾਂ ਕਰਦਾ। ਸਾਨੂੰ ਪਹਾੜਗੰਜ ਰਹਿੰਦਿਆਂ ਮਹੀਨਾ ਹੋ ਗਿਆ ਸੀ। ਨਾ ਇਟਲੀ ਨੂੰ ਰਵਾਨਾ ਹੋਏ, ਨਾ ਪਿੰਡ ਮੁੜਨ ਜੋਗੇ ਸਾਂ। ਜੱਗੀ, ਸ਼ਰਮੇ ਨਾਲ ਵੀਕ ਐਂਡ 'ਤੇ ਪਿੰਡ ਜਾ ਆਉਂਦਾ। ਅਸੀਂ ਉਥੇ ਹੀ ਤਾੜੇ ਰਹਿੰਦੇ। ਜੱਗੀ ਨੂੰ ਪੁੱਛਦੇ ਕਿ "ਸ਼ਰਮੇ ਹੋਰੀਂ ਸਾਡੀ ਫਲੈਟ ਕਦੋਂ ਕਰਾਉਣਗੇ।" ਜੱਗੀ ਰੋਜ਼ ਸ਼ਰਮੇ ਨਾਲ ਗੱਲ ਜੋ ਕਰਦਾ ਸੀ। "ਭਰਾਵੋਂ ਅਜੇ ਸਮਾਂ ਲੱਗੇਗਾ। ਪਹਿਲਾ ਗਰੁਪ ਅਜੇ ਪਹੁੰਚਿਆ ਨਹੀਂ। ਜਦੋਂ ਉਹ ਪਹੁੰਚ ਗਿਆ, ਫਿਰ ਤੁਹਾਡੀ ਵਾਰੀ ਹੈ।" ਲਗਦਾ ਜਿਵੇਂ ਜੱਗੀ ਸੱਚ ਬੋਲਦਾ ਹੋਵੇ। ਅਸੀਂ ਫਿਰ ਆਪਣੀ ਵਾਰੀ ਦੀ ਉਡੀਕ ਕਰਨ ਲੱਗ ਜਾਂਦੇ।

ਇੱਕ ਸ਼ਾਮ ਮੈਂ ਰਹਿਰਾਸ ਦਾ ਪਾਠ ਕਰ ਰਿਹਾ ਸਾਂ। ਜੱਗੀ ਕੋਲ ਬੈਠਾ ਸੁਣਦਾ ਸੀ। ਬਾਕੀ ਮੁੰਡੇ ਬਾਹਰ ਵੱਲ ਗਏ ਹੋਏ ਸਨ। ਸਾਡੇ ਕਮਰੇ ਵਿਚ ਪੁਲਿਸ ਆ ਗਈ। ਉਹ ਜੱਗੀ ਨੂੰ ਕੁਝ ਪੁੱਛਣ ਅਤੇ ਕਮਰੇ ਦੀ ਤਲਾਸ਼ੀ ਲੈਣ ਲੱਗੇ। ਜੱਗੀ ਉਨ੍ਹਾਂ ਨੂੰ ਸਹੀ ਉਤਰ ਨਹੀਂ ਦੇ ਰਿਹਾ ਸੀ। ਏਜੰਟਾਂ ਵਾਲੀ ਬੋਲੀ ਬੋਲਦਾ ਸੀ। ਇੰਨੇ ਨੂੰ ਮੈਂ ਵੀ ਰਹਿਰਾਸ ਸੰਪੂਰਨ ਕਰਕੇ ਹਟ ਗਿਆ। ਫਿਰ ਇਕ ਸਿਪਾਹੀ ਨੇ ਮੈਨੂੰ ਪੁੱਛਿਆ ਕਿ "ਤੂੰ ਗੁਰੂ ਜੀ ਦਾ ਪਾਠ ਕੀਤੈ, ਸੱਚੋ-ਸੱਚ ਦੱਸ, ਤੁਸੀਂ ਇੱਥੇ ਕਿਵੇਂ ਰਹਿੰਦੇ ਹੋ। ਮੈਂ ਸਿਪਾਹੀ ਨੂੰ ਸਭ ਕੁਝ ਸੱਚ ਦੱਸ ਦਿੱਤਾ। ਉਨ੍ਹਾਂ ਨੇ ਸਾਨੂੰ ਕੁਝ ਨਹੀਂ ਕਿਹਾ ਅਤੇ ਚਲੇ ਗਏ। ਲਗਦਾ ਸੀ, ਸਾਡੇ ਹੋਟਲ ਵਿਚ ਕੋਈ ਮਾੜੀ ਘਟਨਾ ਵਾਪਰ ਗਈ ਸੀ। ਮੇਰੇ ਸੱਚ ਬੋਲਣ 'ਤੇ ਜੱਗੀ ਬਹੁਤ ਗੁੱਸੇ ਹੋਇਆ ਪਰ ਹੌਲੀ-ਹੌਲੀ ਇਸ ਸੱਚ ਨੇ ਜੱਗੀ ਮੇਰੇ ਬਹੁਤ ਨੇੜੇ ਲੈ ਆਂਦਾ। ਫਿਰ ਅਸੀਂ ਗੂੜ੍ਹੇ ਮਿੱਤਰ ਬਣ ਗਏ। ਹੁਣ ਜੱਗੀ ਨਿੱਕੀ-ਨਿੱਕੀ ਗੱਲ ਵੀ ਮੇਰੇ ਨਾਲ ਸਾਂਝੀ ਕਰ ਲੈਂਦਾ ਅਤੇ ਆਪਣੇ ਬਾਰੇ ਇੰਜ ਦੱਸਿਆ:

ਅਸੀਂ ਗਰੀਬ ਮਾਪਿਆਂ ਦੇ ਤਿੰਨ ਪੁੱਤ ਹਾਂ। ਮੇਰੇ ਨਾਲੋਂ ਛੋਟਾ ਖੰਨੇ ਆਰੇ 'ਤੇ ਕੰਮ ਕਰਦਾ ਹੈ। ਸਭ ਨਾਲੋਂ ਛੋਟਾ ਅਜੇ ਪੜ੍ਹਦਾ ਹੈ। ਪਿਓ ਨੇ ਕਿਸੇ ਦਾ ਟਰੱਕ ਚਲਾ ਕੇ ਸਾਨੂੰ ਪਾਲਿਆ। ਐਕਸੀਡੈਂਟ ਵਿਚ ਪਿਓ ਦੀ ਇਕ ਲੱਤ ਚਲੀ ਗਈ। ਜਿਹੜੀ ਜ਼ਮੀਨ ਸੀ, ਉਹ ਦਾਦੇ ਨੇ ਨਸ਼ਿਆਂ ਵਿਚ ਉਡਾ ਦਿੱਤੀ। ਅਸੀਂ ਰੋਟੀ ਨੂੰ ਤਰਸਣ ਲੱਗੇ। ਪਿਓ ਕਿਸੇ ਨਾਲ ਕੰਮ ਕਰਵਾਉਂਦਾ ਤਾਂ ਆਟਾ ਲਿਆ ਕੇ ਰੋਟੀ ਪਕਾਉਂਦੇ। ਕਦੇ ਰੱਜ ਕੇ ਰੋਟੀ ਖਾਧੀ ਹੀ ਨਹੀਂ। ਫਿਰ ਜਦੋਂ ਅਸੀਂ ਦੋਵੇਂ ਭਰਾ ਥੋੜ੍ਹਾ-ਬਹੁਤਾ ਕਮਾਉਣ ਲੱਗੇ ਤਾਂ ਕਿਤੇ ਜਾ ਕੇ ਦੋ ਵਕਤ ਚੁੱਲ੍ਹਾ ਤਪਣ ਲੱਗਿਆ। ਹੁਣ ਸ਼ਰਮੇ ਦੀ ਗੱਡੀ ਚਲਾਉਂਦਾ ਹਾਂ। ਬੰਦਾ ਤਾਂ ਵਧੀਆ ਪਰ ਜਨਾਨੀਆਂ ਦੇ ਚੱਕਰਾਂ ਵਿਚ ਪਿਐ। ਏਜੰਟੀ ਦਾ ਰੋਗ ਲਾ ਬੈਠਾ। ਆਪਣਾ ਦਿਲ ਪਰਚਾਵਾਂ ਕਰਨ ਲਈ ਦਿੱਲੀ ਨੂੰ ਤੁਰਿਆ ਰਹਿੰਦੈ।...ਇਹ ਸਭ ਕੁਝ ਦੱਸਦਾ ਜੱਗੀ ਰੋ ਪੈਂਦਾ।

ਦੀਵਾਲੀ ਨੇੜੇ ਆ ਰਹੀ ਸੀ। ਏਜੰਟਾਂ ਦੀ ਚੱਲਦੀ ਗੇਮ ਰੁਕ ਗਈ। ਸਾਨੂੰ ਸਾਰਿਆਂ ਨੂੰ ਘਰਾਂ ਨੂੰ ਮੁੜਨਾ ਪਿਆ। ਜੱਗੀ ਮੈਨੂੰ ਖੰਨੇ ਤੱਕ ਲੈ ਆਇਆ। ਉਥੋਂ ਬੱਸ ਬਿਠਾ ਦਿੱਤਾ। ਮੈਂ ਪਿੰਡ ਮਸਾਂ ਵੜਿਆ। ਸਾਰਾ ਪਿੰਡ ਹੀ ਮਖੌਲ ਕਰਦਾ ਕਿ ਆ ਗਿਆ ਇਟਲੀ ਤੋਂ ਪੱਕਾ ਹੋ ਕੇ। ਮੈਨੂੰ ਧਰਤੀ ਵਿਹਲ ਨਾ ਦਿੰਦੀ ਜਿਥੇ ਮੈਂ ਵੜ ਕੇ ਪਿੰਡ ਵਾਲਿਆਂ ਤੋਂ ਬਚ ਜਾਵਾਂ। ਮੈਂ ਸਹੁੰ ਖਾ ਲਈ ਕਿ ਬਾਹਰ ਜਾਣਾ ਹੀ ਜਾਣਾ ਹੈ। ਫਿਰ ਇਕ ਹੋਰ ਏਜੰਟ ਲੱਭਿਆ ਜਿਸ ਨੇ ਮੈਨੂੰ ਅਮਰੀਕਾ ਦਿਖਾ ਦਿੱਤੀ। ਦਿੱਲੀ ਜਾਂਦਿਆਂ ਇਕ-ਦੋ ਵਾਰ ਮੈਂ ਜੱਗੀ ਨੂੰ ਵੀ ਮਿਲਿਆ ਸੀ। ਅਸੀਂ ਫਿਰ ਮਿਲਣ ਦਾ ਵਾਅਦਾ ਕਰਕੇ 1998 ਵਿਚ ਵਿਛੜ ਗਏ।

ਪਿਛਲੇ ਮਹੀਨੇ ਇਕ ਵਿਆਹ 'ਤੇ ਮੈਂ ਜੱਗੀ ਨੂੰ ਪਛਾਣ ਲਿਆ। ਖੰਨੇ ਦੇ ਵਿਛੜੇ ਸੈਕਰਾਮੈਂਟੋ ਮਿਲੇ। ਵਿਆਹ ਦੀ ਪਾਰਟੀ ਸ਼ਾਮ ਨੂੰ ਹਾਲ ਵਿਚ ਸੀ। ਸਾਨੂੰ ਪਾਰਟੀ ਨਾਲੋਂ ਆਪਸ ਵਿਚ ਗੱਲਾਂ ਕਰਨ ਦਾ ਜ਼ਿਆਦਾ ਚਾਅ ਸੀ। ਪਹਿਲਾਂ ਮੈਂ ਅਮਰੀਕਾ ਪਹੁੰਚਣ ਦੀ ਸਾਰੀ ਕਹਾਣੀ ਦੱਸੀ। ਫਿਰ ਜੱਗੀ ਨੇ ਦੱਸਿਆ ਕਿ ਰੱਬ ਨੇ ਛੱਪਰ ਪਾੜ ਕੇ ਕਿਵੇਂ ਧੰਨ-ਧੰਨ ਕਰਵਾਈ।

ਜੱਗੀ ਨੇ ਦੱਸਿਆ, ਬਾਈ ਤੁਸੀਂ ਤਾਂ ਪੈਸੇ ਅਤੇ ਪਾਸਪੋਰਟ ਵਾਪਸ ਕਰਵਾ ਲਏ। ਫਿਰ ਛੇ ਕੁ ਮਹੀਨੇ ਪਿੱਛੋਂ ਸ਼ਰਮੇ ਨੂੰ ਦਿੱਲੀ ਮੁੰਬਈ ਦਾ ਇਕ ਏਜੰਟ ਮਿਲ ਪਿਆ ਜਿਸ ਨਾਲ ਰਲ ਕੇ ਸ਼ਰਮੇ ਨੇ ਬਹੁਤ ਮੁੰਡੇ ਅਮਰੀਕਾ, ਕੈਨੇਡਾ ਵਾੜ ਦਿੱਤੇ। ਇਕ ਦਿਨ ਉਸੇ ਹੋਟਲ ਵਿਚ ਫਿਰ ਮਹਿਫ਼ਲ ਲੱਗੀ ਹੋਈ ਸੀ। ਮੁੰਬਈ ਵਾਲੇ ਖਾਨ ਨੇ ਸ਼ਰਮੇ ਤੋਂ ਮੇਰੇ ਬਾਰੇ ਪੁੱਛਿਆ ਕਿ ਇਹ ਮੁੰਡਾ ਕੌਣ ਹੈ ਜੋ ਸਾਡੀ ਸਾਰੀ ਗੱਲਬਾਤ ਸੁਣਦਾ ਰਹਿੰਦਾ। ਸ਼ਰਮੇ ਨੇ ਮੇਰੀ ਸਾਰੀ ਕਹਾਣੀ ਸੱਚ ਦੱਸ ਦਿੱਤੀ। ਕਹਾਣੀ ਸੁਣ ਕੇ ਖਾਨ ਬੋਲਿਆ, "ਜੱਗਿਆ ਅਮਰੀਕਾ ਜਾਣਾ ਹੈ। ਮੈਂ ਉਤਰ ਦਿੱਤਾ, "ਖਾਨ ਸਾਹਿਬ, ਕਦੇ ਖੂਹ ਦੀ ਇੱਟ ਵੀ ਚੁਬਾਰੇ ਨੂੰ ਲੱਗੀ ਹੈ।" ਮੇਰਾ ਰੋਣਾ ਨਿਕਲ ਗਿਆ। "ਜੱਗਿਆ ਅੱਲਾ ਤਾਅਲਾ ਵੱਲ ਹੋਵੇ, ਇਹ ਕੋਈ ਵੱਡੀ ਗੱਲ ਵੀ ਨਹੀਂ ਹੈ।" ਖਾਨ ਨੇ ਮੇਰਾ ਮੋਢਾ ਘੁੱਟਿਆ।

"ਸ਼ਰਮੇ ਇਹ ਮੁੰਡਾ ਅਗਲੇ ਗਰੁਪ ਵਿਚ ਪਾ ਦੇ ਜੋ ਅਮਰੀਕਾ ਨੂੰ ਜਾਣਾ ਹੈ।" ਖਾਨ ਨੇ ਸ਼ਰਮੇ ਨੂੰ ਜ਼ੋਰ ਨਾਲ ਕਿਹਾ।

ਸ਼ਰਮੇ ਨੇ ਧੀਮੀ ਜਿਹੀ ਆਵਾਜ਼ ਵਿਚ ਹਾਂ ਕੀਤੀ। ਉਹ ਸ਼ਾਇਦ ਮੈਨੂੰ ਆਪਣੇ ਨਾਲੋਂ ਦੂਰ ਨਹੀਂ ਕਰਨਾ ਚਾਹੁੰਦਾ ਸੀ। ਮੈਂ ਉਸ ਨੂੰ ਭਰਾਵਾਂ ਤੋਂ ਵੀ ਵੱਧ ਸੀ। ਫਿਰ ਅਗਲੇ ਹਫ਼ਤੇ ਮੇਰਾ ਪਾਸਪੋਰਟ ਤੇ ਵੀਜ਼ਾ ਮੇਰੇ ਹੱਥ ਵਿਚ ਸਨ ਅਤੇ ਖਾਨ ਸਾਹਮਣੇ ਬੈਠਾ ਸਿਗਰਟ ਪੀ ਰਿਹਾ ਸੀ। ਮੈਂ ਖਾਨ ਦੇ ਪੈਰੀਂ ਡਿੱਗ ਪਿਆ। ਫਿਰ ਮੈਂ ਸ਼ਰਮੇ ਦੇ ਪੈਰੀਂ ਹੱਥ ਲਾਇਆ। (ਮੈਂ ਇਕ ਪਲ ਸੋਚਿਆ ਕਿ ਅੱਜ 'ਸਿੰਘ' ਉਤੇ ਕੀ ਭੀੜ ਆ ਪਈ ਜਿਹੜਾ ਕਦੇ 'ਖਾਨ' ਦੇ, ਤੇ ਕਦੇ 'ਸ਼ਰਮੇ' ਦੇ ਪੈਰ ਫੜਦਾ ਹੈ।) ਮਨ ਕਾਬੂ ਕਰਕੇ ਦੋਵਾਂ ਦਾ ਧੰਨਵਾਦ ਕੀਤਾ। ਘਰੇ ਮਾਂ ਤੇ ਪਿਉ ਨੂੰ ਪਤਾ ਨਾ ਲੱਗਿਆ ਕਿ ਪੁੱਤ ਨਿਊ ਯਾਰਕ ਤੋਂ ਬੋਲ ਰਿਹਾ। ਜਿਨ੍ਹਾਂ ਦੇ ਘਰ ਫੋਨ ਮਿਲਾਇਆ, ਉਹ ਵੀ ਹੈਰਾਨ ਹੋ ਗਏ। ਸ਼ਰਮੇ ਦੇ ਦੋਸਤ ਨੇ ਮੈਨੂੰ ਕੈਲੀਫੋਰਨੀਆ ਭੇਜ ਦਿੱਤਾ। ਸ਼ਰਮੇ ਨਾਲ ਗੱਲ ਹੋਈ ਤਾਂ ਉਹ ਕਹਿੰਦਾ, "ਜੇ ਆਪਣੇ ਭਰਾ ਨੂੰ ਮੰਗਾਉਣਾ ਹੈ ਤਾਂ ਦੱਸ। ਸਾਡੇ ਕੋਲ ਇਕ ਬੰਦਾ ਘਟਦਾ ਹੈ।"

ਸ਼ਰਮੇ ਅਤੇ ਖਾਨ ਸਦਕਾ ਮੇਰਾ ਛੋਟਾ ਭਰਾ ਸੱਤੀ ਵੀ ਆ ਗਿਆ। ਸਾਰੇ ਹੈਰਾਨ ਕਿ ਇਨ੍ਹਾਂ ਦੇ ਦੋਵੇਂ ਪੁੱਤ ਅਮਰੀਕਾ ਕਿਵੇਂ ਪਹੁੰਚ ਗਏ। ਫਿਰ ਮੈਂ ਇਕ ਗੁਜਰਾਤੀ ਕੁੜੀ ਨਾਲ ਵਿਆਹ ਕਰਵਾ ਕੇ ਸਿਟੀਜ਼ਨ ਹੋ ਗਿਆ। ਸੱਤੀ ਦਾ ਵਿਆਹ ਇੱਥੇ ਪੱਕਾ ਹੀ ਕਰ ਦਿੱਤਾ। ਅਸੀਂ ਦੋਵਾਂ ਨੇ ਟਰੱਕ ਲੈ ਲਏ। ਸੋਹਣੀ ਕਮਾਈ ਕੀਤੀ। ਪਿੰਡ ਗਿਆ। ਪਹਿਲਾਂ ਨਿਆਈਂ ਵਿਚ ਦੋ ਕਿੱਲੇ ਜ਼ਮੀਨ ਖਰੀਦੀ। ਅਗਲੇ ਸਾਲ ਗਿਆ, ਵਧੀਆ ਕੋਠੀ ਪਾਈ। ਮਾਂ-ਪਿਉ ਨੂੰ ਸਫ਼ਾਰੀ ਗੱਡੀ ਵਿਚ ਘੁੰਮਾਇਆ। ਬਾਪੂ ਨੂੰ ਪਹਿਲਾਂ ਲੋਕ ਜੀਤੂ ਮੱਟ ਕਹਿੰਦੇ ਸੀ, ਹੁਣ ਜੀਤ ਸਿਉਂ ਕਹਿਣ ਲੱਗ ਗਏ ਹਨ। ਨਿੱਕਾ ਕਾਲਜ ਪੜ੍ਹਨ ਲਾ ਦਿੱਤਾ। ਰਿਸ਼ਤਿਆਂ ਵਾਲੇ ਜ਼ੋਰ ਪਾਉਂਦੇ ਨੇ ਕਿ ਸਾਡਾ ਰਿਸ਼ਤਾ ਲਵੋ। ਮੈਂ ਨਿੱਕੇ ਨੂੰ ਵੀ ਅਮਰੀਕਾ ਲਿਆਉਣਾ ਹੈ।

ਬਾਈ, ਫਿਰ ਮੈਂ ਤੀਜੀ ਵਾਰ ਪਿੰਡ ਗਿਆ। ਲੋੜਵੰਦ ਘਰ (ਜਿਵੇਂ ਅਸੀਂ ਇਕ ਦਿਨ ਹੁੰਦੇ ਸੀ) ਦੀ ਕੁੜੀ ਦਾ ਰਿਸ਼ਤਾ ਲਿਆ। ਪਰਮਾਤਮਾ ਨੇ ਇਕ ਸਾਲ ਬਾਅਦ ਹੀ ਪੁੱਤ ਦੇ ਦਿੱਤਾ। ਕੁਝ ਕਾਰਨਾਂ ਕਰਕੇ ਸੱਤੀ ਦਾ ਘਰ ਵਾਲੀ ਨਾਲੋਂ ਤਲਾਕ ਹੋ ਗਿਆ। ਦੋਵਾਂ ਨੂੰ ਬਹੁਤ ਸਮਝਾਇਆ ਪਰ ਗੱਲ ਨਾ ਬਣੀ। ਹੁਣ ਸੱਤੀ ਦਾ ਵਿਆਹ ਵੀ ਮੈਂ ਆਪਣੀ ਸਾਲੀ ਨਾਲ ਹੀ ਕਰ ਆਇਆ ਹਾਂ। ਮਾਂ-ਪਿਉ ਸੱਦ ਲਏ ਸਨ। ਉਹ ਛੇ ਮਹੀਨੇ ਲਾ ਕੇ ਵਾਪਸ ਜਾ ਵੜਦੇ ਹਨ। ਅਸੀਂ ਦੋਵੇਂ ਇਕੱਠੇ ਹੀ ਰਹਿੰਦੇ ਹਾਂ। ਵਧੀਆ ਘਰ ਹੈ, ਵਧੀਆ ਗੱਡੀਆਂ ਹਨ। ਹੁਣ ਜੇ ਪਿੰਡ ਜਾਂਦਾ ਹਾਂ ਤਾਂ ਗਰੀਬ ਬੱਚਿਆਂ ਨੂੰ ਕਿਤਾਬਾਂ, ਕਾਪੀਆਂ ਅਤੇ ਵਰਦੀਆਂ ਲੈ ਕੇ ਦੇ ਆਉਂਦਾ ਹਾਂ। ਅੱਜ ਵੀ ਮੇਰਾ ਸਿਰ ਖਾਨ ਅਤੇ ਸ਼ਰਮੇ ਲਈ ਝੁਕਦਾ ਹੈ ਜਿਨ੍ਹਾਂ ਨੇ ਖੂਹ ਦੀ ਇੱਟ ਚੁਬਾਰੇ ਨੂੰ ਲਾ ਦਿੱਤੀ। ਮੈਨੂੰ ਮੇਰੀ ਇਮਾਨਦਾਰੀ ਦਾ ਫ਼ਲ ਮਿਲ ਗਿਆ।

ਜੱਗੀ ਦੀ ਕਹਾਣੀ ਸੁਣ ਕੇ ਮੈਨੂੰ ਪੱਕਾ ਯਕੀਨ ਹੋ ਗਿਆ ਕਿ ਰੱਬ ਬੰਦੇ ਵਿਚ ਹੀ ਵੱਸਦਾ ਹੈ।

# ਆਈਸਾਡੋਰਾ ਡੰਕਨ ਜ਼ਿੰਦਗੀ ਦੇ ਸੁਹੱਪਣ ਲਈ ਤੜਫ਼ ਦਾ ਨਾਂ ਸੀ

ਵੱਲ ਜ਼ਰਾ-ਮਾਸਾ ਉਲਰ ਜਾਂਦੀ ਰਹੀ ਸੀ ਤੇ ਇਸ ਗੱਲ ਦੀ ਸੰਭਾਵਨਾ ਵਿਖਾਲੀ ਨਹੀਂ ਦਿੰਦੀ ਕਿ ਉਸ ਨੇ ਮਾਰਕਸਵਾਦੀ ਸਿਧਾਂਤ ਦੇ ਨਰੋਏ ਨੁਕਤਿਆਂ ਨੂੰ ਸਮਝਣ ਲਈ ਕਾਫੀ ਕੋਸ਼ਿਸ਼ ਕੀਤੀ ਹੋਵੇ। ਇਨਕਲਾਬੀ ਲਹਿਰ ਵੱਲ ਉਸ ਦਾ ਝੁਕਾਅ ਆਮ ਕਰਕੇ ਰੋਮਾਂਟਿਕ ਅਤੇ ਸੁਪਨਮਈ ਸੀ ਪਰ ਇਹ ਝੁਕਾਅ ਭਾਵਨਾਤਮਕ ਪੱਧਰ 'ਤੇ ਸਭ ਤੋਂ ਚੰਗੇਰੇ ਅਰਥਾਂ ਵਿਚ ਹੀ ਸੀ। ਸੰਬੋਧਨ ਦੇ ਪੁਰਾਣੇ ਰੂਪਾਂ 'ਮਿਸ', 'ਮੈਡਮ' ਨੂੰ ਤਿਆਗ ਕੇ ਉਸ ਨੇ ਹਮੇਸ਼ਾ ਸਾਥੀ ਸ਼ਬਦ ਦੀ ਵਰਤੋਂ ਉੱਤੇ ਜ਼ੋਰ ਦਿੱਤਾ ਸੀ। ਬਾਲਸ਼ਵਿਕ ਰੂਸ ਲਈ, ਲੈਨਿਨ ਲਈ ਤੇ ਇੰਟਰਨੈਸ਼ਨਲ ਲਈ ਉਸ ਦਾ ਸਨੇਹ ਕਿਸੇ ਵੀ ਸ਼ੰਕੇ ਤੋਂ ਪਾਰ ਸੀ। ਆਪਣੀ ਮਿੱਤਰ ਮੰਡਲੀ ਵਿਚ ਉਸਨੇ ਕਈ ਵਾਰ ਇਹ ਦਾਅਵਾ ਕੀਤਾ ਸੀ ਕਿ ਧਰਤੀ 'ਤੇ ਸਵਰਗ ਉਤਾਰਨ ਦੇ ਦਾਈਏ ਭਲੇ ਹੀ ਹਰ ਧਰਮ ਦੇ ਪੈਗੰਬਰ ਨੇ ਸਮੇਂ ਸਮੇਂ ਤੇ ਬੰਨ੍ਹੇ ਹੋਣ ਪਰ ਅਮਲੀ ਰੂਪ ਵਿਚ ਅਜਿਹਾ ਹੰਭਲਾ ਸੋਵੀਅਤ ਕਰਾਂਤੀ ਦੇ ਮਹਾਂ ਨਾਇਕ ਡਾ. ਵਲਾਦੀਮੋਰ ਇਲੀਅਚ ਲੈਨਿਨ ਨੇ ਹੀ ਮਾਰਿਆ ਸੀ ਪਰ ਲੈਨਿਨ ਤੋਂ ਪਿੱਛੋਂ ਜਦੋਂ ਮਜ਼ਦੂਰਾਂ ਦੀਆਂ ਕੌਂਸਲਾਂ ਨੂੰ ਵਿਸ਼ਾਲ ਅਤੇ ਵਿਸ਼ੇਸ਼ ਅਧਿਕਾਰਾਂ ਵਾਲੀ ਅਫਸਰਸ਼ਾਹੀ ਹੱਥੋਂ ਜਿਸ ਨੂੰ ਸਟਾਲਿਨ ਨੇ ਪੱਕੇ ਪੈਰੀਂ ਕੀਤਾ ਸੀ-ਸੱਟਾਂ ਖਾਣੀਆਂ ਪਈਆਂ ਤਾਂ ਉਹ ਇਸ ਸਮਾਜਕ ਤਜਰਬੇ ਪ੍ਰਤੀ ਆਲੋਚਨਾਤਮਕ ਹੋ ਗਈ ਸੀ। ਐਪਰ ਇਨਕਲਾਬ ਦੀਆਂ ਪ੍ਰਾਪਤੀਆਂ ਅਤੇ ਬੁਨਿਆਦੀ ਆਦਰਸ਼ਾਂ ਨਾਲ ਉਸ ਦੀ ਇਕ ਮੁੱਠਤਾ ਕਦੇ ਵੀ ਘਟੀ ਨਹੀਂ ਸੀ ਸਗੋਂ ਇਹ ਲਗਾਤਾਰ ਤਕੜੀ ਹੁੰਦੀ ਗਈ ਸੀ।

ਇਹ ਤੱਥ ਕਿ ਉਹ ਕਦੇ ਵੀ ਕਿਸੇ ਇਨਕਲਾਬੀ ਜਥੇਬੰਦੀ ਵਿਚ ਸ਼ਾਮਿਲ ਨਹੀਂ ਸੀ ਹੋਈ, ਦਾ ਇਹ ਅਰਥ ਨਹੀਂ ਕਿ ਇਨਕਲਾਬ ਲਈ ਉਸ ਦਾ ਸਮਰਥਨ ਕੇਵਲ ਮੂੰਹ-ਜ਼ਬਾਨੀ ਸੀ। ਇਸ ਦੇ ਉਲਟ, ਆਈਸਾਡੋਰਾ ਹਮੇਸ਼ਾਂ ਹੀ ਸਰਗਰਮ ਵਰਕਰ ਰਹੀ। 1900 ਦੇ ਸ਼ੁਰੂ ਵਿਚ ਦਾਦਾਵਾਦ ਦੇ ਕਲਾਤਮਿਕ ਵਿਦਰੋਹ ਤੋਂ ਬਹੁਤ ਪਹਿਲਾਂ ਉਸ ਨੇ ਬਰਲਿਨ ਦੀ ਜਵਾਨੀ ਨੂੰ ਧੜੱਲੇਦਾਰ ਭਾਸ਼ਣ ਰਾਹੀਂ ਸ਼ਹਿਰ ਦੀਆਂ ਪਾਰਕਾਂ ਵਿਚੋਂ ਉਨ੍ਹਾਂ ਧਾਕੜ ਜਰਨੈਲਾਂ ਦੇ ਬੁੱਤਾਂ ਨੂੰ ਮਿਸਮਾਰ ਕਰ ਦੇਣ ਲਈ ਸੱਦਾ ਦਿੱਤਾ ਸੀ ਜਿਹੜੇ ਪਾਰਕਾਂ ਦੇ ਸੁਹਜ ਨੂੰ ਖੰਡਿਤ ਕਰਦੇ ਸਨ। ਉਹ ਜਿਹੜੀ ਮਈ-ਦਿਵਸ ਦੇ ਵਰਕਰਾਂ ਬਾਰੇ ਏਨੇ ਸੰਗੀਤਕ ਢੰਗ ਨਾਲ ਲਿਖ ਸਕਦੀ ਸੀ, ਸਦਾ ਹੀ ਗਲੀਆਂ ਵਿਚਲੇ ਜਲੂਸਾਂ ਵਿਚ ਸ਼ਾਮਿਲ ਹੋਣ ਲਈ ਤਤਪਰ ਰਹਿੰਦੀ ਸੀ। ਉਸ ਨੇ ਰੂਸ ਦੇ ਕਾਲ-ਮਾਰੇ ਲੋਕਾਂ ਲਈ ਸਹਾਇਤਾ ਇਕੱਠੀ ਕਰਨ ਲਈ, ਆਇਰਲੈਂਡ ਦੀ ਸੁਤੰਤਰਤਾ ਲਈ ਅਤੇ ਸ਼੍ਰੇਣਕ-ਯੁੱਧ ਦੇ ਕਮਿਊਨਿਸਟ ਕੈਦੀਆਂ ਦੀ ਰਿਹਾਈ ਲਈ ਪ੍ਰਚਾਰ ਕੀਤਾ। ਆਪਣੇ ਜੀਵਨ ਦੇ ਅੰਤ ਦੇ ਨੇੜੇ ਪੈਰਿਸ ਵਿਚਲਾ ਉਸ ਦਾ ਘਰ ਸਾਕੋ ਅਤੇ ਵੈਨਜ਼ੀਟੀ ਨਾਂ ਦੇ ਉਘੇ ਅਰਾਜਵਤਾਵਾਦੀ ਨਾਇਕਾਂ ਦੇ ਬਚਾਅ ਲਈ ਕਮੇਟੀ ਦੀਆਂ ਮੀਟਿੰਗਾਂ ਦਾ ਅੱਡਾ ਬਣ ਗਿਆ ਸੀ ਅਤੇ ਇਹਨਾਂ ਦੋ ਅਰਾਜਕਤਾਵਾਦੀ ਨੇਤਾਵਾਂ ਨੂੰ ਫਾਹੇ ਲਾਏ ਜਾਣ ਵਿਰੁੱਧ ਉਸਨੇ ਬੜੇ ਰੋਹ ਭਰੇ ਜਲੂਸਾਂ ਵਿਚ ਸਰਗਰਮ ਹਿੱਸਾ ਲਿਆ ਸੀ ਪਰ ਕਿੰਨੇ ਘੱਟ ਅਲੋਚਕ ਇਸ ਗੱਲ ਨੂੰ ਪ੍ਰਵਾਨ ਕਰਨ ਲਈ ਤਿਆਰ ਸਨ ਕਿ ਕਿਸ ਪ੍ਰਕਾਰ ਇਸ ਮਹਾਨ ਨਰਤਕੀ ਨੇ ਜੀਵਨ-ਭਰ ਦੇ ਆਪਣੇ ਕੰਮ ਨੂੰ ਅਮੀਰਾਂ ਲਈ ਮਨ-ਪਰਚਾਵੇ ਦਾ ਮਾਧਿਅਮ ਬਣਨ ਦੀ ਥਾਂ ਮਨੁੱਖੀ ਮੁਕਤੀ ਲਈ ਸੰਗਰਾਮ ਦਾ ਵਸੀਲਾ ਬਣਾਉਣ ਨੂੰ ਤਰਜੀਹ ਦਿੱਤੀ।

ਉਸ ਦੇ ਕਿਸੇ ਇਕ ਵੀ ਜੀਵਨੀ-ਲੇਖਕ ਨੇ 1915 ਵਿਚ ਨਿਊਯਾਰਕ ਵਿਚ ਜੂਲੀਟੀ ਪੋਟਿਨਜ਼ ਦੀ ਅਗਵਾਈ ਅਧੀਨ ਇੰਟਰਨੈਸ਼ਨਲ ਲੇਡੀਜ਼ ਗਾਰਮੈਂਟ ਵਰਕਰ ਯੂਨੀਅਨ ਵੱਲੋਂ ਆਈਸਾਡੋਰਾ ਦੀ ਅਗਵਾਈ ਅਧੀਨ ਮਜ਼ਦੂਰ-ਜਮਾਤ ਦੇ ਬੱਚਿਆਂ ਲਈ ਸਕੂਲ ਖੋਲ੍ਹਣ ਦਾ ਜ਼ਿਕਰ ਨਹੀਂ ਕੀਤਾ। ਅਫਸੋਸ ਹੈ ਕਿ ਉਹ ਯੋਜਨਾ ਸਿਰੇ ਨਾ ਚੜ੍ਹ ਸਕੀ। ਹਮੇਸ਼ਾਂ ਹੀ ਉਸ ਦਾ ਸਕੂਲ ਬਦਕਿਸਮਤੀ ਦਾ ਸ਼ਿਕਾਰ ਹੁੰਦਾ ਰਿਹਾ। ਪਿੱਛੋਂ ਵੀ ਜਦੋਂ ਸੋਵੀਅਤ ਸਰਕਾਰ ਦੀ ਸਹਾਇਤਾ ਨਾਲ ਮਾਸਕੋ ਵਿਚ ਸਕੂਲ ਖੋਲ੍ਹਿਆ ਗਿਆ ਤਾਂ ਇਹ ਉਸ ਦੀਆਂ ਆਸਾਂ ਤੋਂ ਥੱਲੇ ਹੀ ਰਹਿ ਗਿਆ। ਉਸਨੇ ਸ਼ਾਨਦਾਰ ਚੌਗਿਰਦੇ ਵਿਚ ਹਜ਼ਾਰਾਂ ਬੱਚਿਆਂ ਲਈ ਵੱਡੇ ਸਕੂਲ ਦਾ ਸੁਪਨਾ ਲਿਆ ਸੀ। ਐਪਰ 'ਫੋਰੀਅਰ ਫਿਲਾਂਸਟਰੀ' ਵਾਂਗ ਡੰਕਨ ਦਾ ਸਕੂਲ ਅਸਲੀਅਤ ਨਾਲੋਂ ਵੱਧ ਕੇਵਲ ਇਕ ਸੁਪਨਾ ਹੀ ਬਣਕੇ ਰਹਿ ਗਿਆ। ਫਿਰ ਵੀ ਫੋਰੀਅਰ ਦੇ ਸੁਪਨੇ ਵਾਂਗ ਇਹ ਅਜੇ ਵੀ ਮਿੱਥ ਦੀ ਪੱਧਰ ਉੱਤੇ ਜੀਵਨ ਲਈ ਇਕ ਅਦਭੁੱਤ ਤੇ ਮਹਾਨ ਅਪੀਲ ਦੀ ਸ਼ਕਲ ਵਿਚ ਜੀਉਂਦਾ ਹੈ-ਕਿਉਂਕਿ ਆਈਸਾਡੋਰਾ ਦੀ ਦ੍ਰਿਸ਼ਟੀ ਸਕੂਲ ਉੱਤੇ ਹੀ ਰੁਕੀ ਨਹੀਂ। ਸਕੂਲ ਉਸ ਲਈ ਕੇਵਲ ਇਕ ਆਰੰਭ ਹੀ ਸੀ। ਵਾਲਟ ਵਿੱਟਮੈਨ ਦੇ ਕਾਵਿ ਐਲਾਨਨਾਮੇ "ਮੈਂ ਅਮਰੀਕਾ ਨੂੰ ਗਾਉਂਦੇ ਸੁਣਦਾ ਹਾਂ" ਵਿਚ ਉਸ ਨੇ ਵਾਧਾ ਕੀਤਾ ਤੇ ਕਿਹਾ, "ਮੈਂ ਅਮਰੀਕਾ ਨੂੰ ਨੱਚਦੇ ਵੇਖਦੀ ਹਾਂ"। ਉਹ ਕੌਮਾਂਤਰੀਵਾਦੀ ਸੀ ਤਾਂ ਉਹ ਸੱਚੀਂ ਹੀ ਸਾਰੇ ਵਿਸ਼ਵ ਨੂੰ ਨੱਚਦਾ ਵੇਖਣ ਲਈ ਕਹਿ ਸਕਦੀ ਸੀ ਬਲਕਿ ਉਸਦੀ ਤਾਂ ਆਪਦੀ ਸਮੁੱਚੀ ਆਤਮਿਕ ਤਾਕਤ ਨਾਲ ਚਾਹਤ ਹੀ ਇਹ ਸੀ।

ਆਪਣੇ ਨਿਰਤ, ਆਪਣੀ ਸਿੱਖਿਆ ਤੇ ਆਪਣੀ ਜ਼ਿੰਦਗੀ ਵਿਚ ਆਈਸਾਡੋਰਾ ਨੇ ਦਿਆਲੂ ਅਤੇ ਸਭ ਨੂੰ ਕਲਾਵੇ ਵਿਚ ਲੈਣ ਵਾਲੀ ਕ੍ਰਾਂਤੀਕਾਰੀ ਭਾਵਨਾ ਅਤੇ ਰਚਨਾਤਮਿਕਤਾ ਤੇ ਸੁਤੰਤਰਤਾ ਵਾਲੀ ਉਚੇਰੀ ਤੇ ਨਵੀਂ ਜ਼ਿੰਦਗੀ ਦਾ ਸੰਚਾਰ ਕੀਤਾ। ਸਰਬ-ਸਾਂਝੀਵਾਲਤਾ ਦਾ ਕੁਝ ਕਿਆਸ ਜੋ ਉਸ ਦੇ ਕ੍ਰਾਂਤੀਕਾਰੀ ਵਲਵਲੇ ਵਿਚ ਲੁਪਤ ਹੈ; ਦੁਨਿਆਵੀ, ਸੰਕੀਰਣ, ਯੁੱਧਨੀਤਕ ਅਤੇ ਦਾਅ-ਪੇਚਕ ਵਿਰੋਧ (ਜੋ ਉਹਨਾਂ ਲੋਕਾਂ ਨੂੰ ਪਾੜਦੇ ਹਨ ਜਿਨ੍ਹਾਂ ਦਾ ਸਾਂਝਾ ਉਦੇਸ਼ ਸੰਸਾਰ ਨੂੰ ਬਦਲਣਾ ਹੈ) ਤੋਂ ਪਾਰ ਜਾਣ ਦੀ ਉਸ ਦੀ ਯੋਗਤਾ ਦਾ ਅਨੁਮਾਨ ਉਸ ਉਤਸ਼ਾਹ ਤੋਂ ਵੇਖਿਆ ਜਾ ਸਕਦਾ ਹੈ ਜਿਹੜਾ ਉਸ ਨੇ ਤੇ ਉਸ ਦੇ ਕੰਮ ਨੇ ਉਹਨਾਂ ਲੜਾਕੂ ਸੂਰਮਿਆਂ ਵਿਚ ਪੈਦਾ ਕੀਤਾ ਜਿਹਨਾਂ ਦੇ ਵਿਚਾਰ ਉਂਝ ਇਕ ਦੂਸਰੇ ਦੇ ਵਿਰੋਧ ਵਿਚ ਖੜ੍ਹੇ ਸਨ। ਅਸੀਂ ਜਾਣਦੇ ਹਾਂ ਕਿ ਲੈਨਿਨ "ਡੰਕਨ ਨੂੰ ਬਹੁਤ ਪਸੰਦ ਕਰਦਾ ਸੀ" ਤੇ ਉਹ ਉਸ ਦੇ ਕੰਮ ਵਿਚ "ਡੂੰਘੀ ਦਿਲਚਸਪੀ" ਲੈਂਦਾ ਸੀ। ਉਸ ਨੇ ਕਿਹਾ ਸੀ, "ਅਸੀਂ ਜਿੰਨਾ ਜ਼ਿਆਦਾ ਧਿਆਨ ਉਸ ਦੇ ਕੀਤੇ ਜਾ ਰਹੇ ਕੰਮ ਵੱਲ ਦਿਆਂਗੇ, ਓਨੇ ਹੀ ਚੰਗੇਰੇ ਨਤੀਜੇ ਨਿਕਲਣਗੇ।" ਉਹ ਉੱਘੇ ਅਰਾਜਕਤਾਵਾਦੀ ਅਲੈਗਜੈਂਡਰ ਬਰਕਮੈਨ ਦੀ ਚੰਗੀ ਮਿੱਤਰ ਸੀ। ਬਾਲਸ਼ਵਿਕਵਾਦ ਦਾ ਇਹ ਨਿਧੜਕ ਅਲੋਚਕ ਬਰਕਮੈਨ, ਆਈਸਾਡੋਰਾ ਦਾ ਬੜਾ ਨਿੱਘਾ ਪ੍ਰਸ਼ੰਸਕ ਸੀ ਅਤੇ ਉਸ ਨੂੰ "ਮਹਾਨ ਤੇ ਪਵਿੱਤਰ ਆਤਮਾ" ਸਮਝਦਾ ਸੀ ਪਰ ਸ਼ਾਇਦ ਇਹ ਸਮਾਜਵਾਦੀ ਆਗੂ ਫਲੋਇਡ ਡੈਲ ਸੀ ਜਿਸ ਨੇ 1916 ਵਿਚ 'ਦਾ ਮਾਸਿਜ਼' ਵਿਚ ਲਿਖਦੇ ਹੋਏ ਉਸ ਉਤਸ਼ਾਹ ਨੂੰ ਵਧੀਆ ਢੰਗ ਨਾਲ ਪ੍ਰਗਟ ਕੀਤਾ ਹੈ ਜੋ ਖੱਬੇਪੱਖੀਆਂ ਦੀ ਪੂਰੀ ਪੀੜ੍ਹੀ ਵਿਚ ਉਸ ਨੇ ਪ੍ਰੇਰਤ ਕੀਤਾ ਸੀ:

"ਇਕ ਅਜੀਬ ਤੇ ਹਨੇਰੀ ਉਨੀਵੀਂ ਸਦੀ: ਇਹ ਯਾਦ ਕਰਨ ਨਾਲ ਮੈਨੂੰ ਕੋਈ ਧਰਵਾਸ ਨਹੀਂ ਮਿਲਦਾ ਕਿ ਉਸ ਹਨੇਰੇ ਯੁੱਗ ਵਿਚ ਕੁਝ ਉਹ ਬੋਦੀਵਾਲੇ ਤਾਰੇ ਵੀ ਸਨ ਜਿਵੇਂ ਨਿਟਸ਼ੇ ਅਤੇ ਵਾਲਟ ਵਿੱਟਮੈਨ, ਡਾਰਵਨ ਅਤੇ ਮਾਰਕਸ ਉਸ ਸਦੀ ਦੀ ਸ਼ਾਨ ਦੇ ਪੈਗੰਬਰ ਸਨ। ਮੈਂ ਜਦੋਂ ਇਹ ਸੋਚਦਾ ਹਾਂ ਕਿ ਜੇ ਮੈਂ ਉਸ ਸਦੀ ਦੇ ਹਨੇਰੇ ਵਿਚ ਜੀਵਿਆ ਤੇ ਮਰਿਆ ਨਾ ਹੁੰਦਾ, ਮੈਂ ਕਦੀ ਵੀ ਮਨੁੱਖੀ ਜਿਸਮ ਦੀ ਸੁੰਦਰਤਾ ਤੇ ਖੌਫ਼ ਨੂੰ ਇਹਨਾਂ ਅੱਖਾਂ ਨਾਲ ਨਾ ਵੇਖਿਆ ਹੁੰਦਾ। ਰੱਬ ਨੂੰ ਉਸ ਦੇ ਸਿੰਘਾਸਨ ਤੋਂ ਲਾਹ ਦੇਣਾ ਤੇ ਸਰਬ-ਸਾਂਝੇ-ਧਨ ਅਤੇ ਮਹਾਂ-ਮਾਨਵ ਬਾਰੇ ਸੁਪਨੇ ਲੈਣਾ ਹੀ ਕਾਫੀ ਨਹੀਂ ਸੀ। ਖੁਸ਼ੀ-ਖੁਸ਼ੀ ਮਰਨ ਤੋਂ ਪਹਿਲਾਂ ਆਈਸਾਡੋਰਾ ਡੰਕਨ ਨੂੰ ਨੱਚਦਿਆਂ ਵੇਖਣਾ ਵੀ ਆਵਸ਼ਕ ਸੀ। ਆਈਸਾਡੋਰਾ ਮਹਾਨ ਜਲਵਾ ਸੀ; ਉਸਦੀ ਹਸਤੀ ਆਪਣੇ ਆਪ ਵਿਚ ਇਲਹਾਮ ਸੀ।"

ਆਈਸਾਡੋਰਾ ਨੇ ਆਪਣੇ ਆਪ ਨੂੰ ਕਦੇ ਲੇਖਕ ਨਹੀਂ ਸੀ ਸਮਝਿਆ। 'ਮਾਈ ਲਾਈਫ' ਵਿਚ ਉਹ ਇਸ ਗੱਲ ਉੱਤੇ ਅਫਸੋਸ ਪ੍ਰਗਟ ਕਰਦੀ ਸੀ ਕਿ "ਉਸ ਕੋਲ ਸਰਵੈਨਟੀਜ਼ ਜਾਂ ਕਹੋ ਕਿ ਮਹਿਜ਼ ਕੈਸਾਨੋਵਾ" ਵਰਗੀ ਕਲਮ ਦੀ ਘਾਟ ਸੀ ਪਰ ਸੱਚ ਤਾਂ ਇਹ ਹੈ ਕਿ ਜਦੋਂ ਲਿਖਣ 'ਤੇ ਆਈ ਤਾਂ ਉਸ ਨੇ ਪੂਰਨ ਰੂਪ ਵਿਚ ਬੇਬਾਕ ਹੋ ਕੇ ਆਤਮਿਕ ਸ਼ਿੱਦਤ ਦੇ ਲਿਸ਼ਕਾਰੇ ਨਾਲ ਲਿਖਿਆ ਸੀ। 'ਮਾਈ ਲਾਈਫ' ਸ਼ਾਇਦ ਬੈਂਜਾਮਿਨ ਫਰੈਕਲਿਨ ਦੀ ਸਵੈਜੀਵਨੀ ਤੋਂ ਬਾਅਦ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਆਤਮ-ਕਥਾ ਹੈ। ਯਕੀਨੀ ਤੌਰ ਤੇ ਕਿਸੇ ਵੀ ਹੋਰ ਨਿਰਤਕ ਕੋਲ ਦੱਸਣ ਲਈ ਏਨਾ ਕੁਝ ਨਹੀਂ ਅਤੇ ਉਸ ਨੇ ਏਨੀ ਸੁਹਣੀ ਤਰ੍ਹਾਂ ਕਿਹਾ ਹੈ ਤੇ ਵਿਸ਼ਿਆਂ ਦੇ ਏਨੇ ਵਿਸ਼ਾਲ ਖੇਤਰ ਬਾਰੇ ਕਿਹਾ ਹੈ ਕਿ ਹੈਰਾਨੀ ਹੁੰਦੀ ਹੈ।

ਆਪਣੇ ਹੀ ਤਰੀਕੇ ਨਾਲ ਉਸਨੇ 'ਸਭੈ ਸਾਂਝੀਵਾਲ ਸਦਾਇਨਿ' ਦੇ ਸੁਪਨੇ ਨੂੰ ਅਮਲੀ ਰੂਪ ਵਿਚ ਸਾਕਾਰ ਕਰਨ ਦੀ ਜੱਦੋਜਹਿਦ ਨੂੰ ਲਗਾਤਾਰ ਤਨ, ਮਨ ਅਤੇ ਧਨ ਨਾਲ ਸਮਰਥਨ ਦਿੱਤਾ। ਸੁਤੰਤਰ ਮੁਹੱਬਤ ਦੇ ਹੱਕ ਦੀ ਉਹ ਮਹਾਨ ਝੰਡਾ ਬਰਦਾਰ ਸੀ। ਉਹ ਉਨ੍ਹਾਂ ਸਭ ਲੋਕਾਂ ਲਈ ਪ੍ਰੇਰਨਾ ਬਣੀ ਰਹੇਗੀ ਜੋ ਜ਼ਿੰਦਗੀ ਨੂੰ ਸੋਹਣੀ, ਹੋਰ ਵਧੇਰੇ ਸੋਹਣੀ ਬਣਾਉਣ ਦਾ ਸੁਪਨਾ ਲੈਂਦੇ ਹਨ ਅਤੇ ਇਸ ਸੁਪਨੇ ਨੂੰ ਹਕੀਕਤ ਵਿਚ ਬਦਲਣ ਲਈ ਕੋਸ਼ਿਸ਼ ਕਰਦੇ ਹਨ।

*(ਪੰਜਾਬੀ ਅਨੁਵਾਦ:ਹਰਭਜਨ ਸਿੰਘ ਹੁੰਦਲ)*

***ਹਰ ਤਰ੍ਹਾਂ ਦੇ ਰਾਜਸੀ ਗਰਮ-ਦਲੀਏ ਅਰਾਜਕਤਾਵਾਦੀ, ਸਮਾਜਵਾਦੀ ਤੇ ਵਿਅਕਤੀਵਾਦੀ ਉਸ ਦੇ ਦੋਸਤਾਂ ਦੀ ਮੰਡਲੀ ਦਾ ਸ਼ਿੰਗਾਰ ਹੁੰਦੇ ਸਨ ਪਰ ਡੰਕਨ ਦਾ ਆਪਣਾ ਖੱਬੇਪੱਖੀਵਾਦ ਕਦੇ ਵੀ ਸਪੱਸ਼ਟ ਰਾਜਸੀ ਦਿਸ਼ਾ ਗ੍ਰਹਿਣ ਨਾ ਕਰ ਸਕਿਆ। ਜੇ ਕੀਤਾ ਤਾਂ ਜੀਵਨ ਵਿਚ ਬਹੁਤ ਦੇਰ ਬਾਅਦ ਕੀਤਾ। ਉਹ 1905 ਦੇ ਰੂਸੀ ਇਨਕਲਾਬ ਦੇ "ਖੂਨੀ ਐਤਵਾਰ" ਦੇ ਸਿੱਟੇ ਨੂੰ ਵੇਖ ਕੇ ਡੂੰਘੀ ਤਰ੍ਹਾਂ ਪ੍ਰਭਾਵਤ ਹੋਈ ਸੀ ਅਤੇ ਬਾਰਾਂ ਸਾਲ ਬਾਅਦ ਜ਼ਾਰਸ਼ਾਹੀ ਦੇ ਖਾਤਮੇ ਤੋਂ ਪਿੱਛੋਂ ਉਸ ਨੇ ਕਮਿਊਨਿਸਟ ਵਜੋਂ ਸੋਚਣਾ ਸ਼ੁਰੂ ਕੀਤਾ।***

# ਰਾਖ਼ ਉਡ ਗਈ ਵਰੋਲੇ ਬਣ ਕੇ



ਜੀਵਨ ਜਾਚ

ਅਜੈ ਤਨਵੀਰ

***ਅਜੇ ਤਨਵੀਰ ਦਾ ਸ਼ਾਇਰਾਨਾ ਨਾਂ ਪੀਟਾ ਚੰਦੇਲੀਵਾਲਾ ਵੀ ਹੈ। ਉਸ ਨੇ ਦਰਜਨਾਂ ਹਿੱਟ ਗੀਤ ਪੰਜਾਬੀ ਗਾਇਕੀ ਨੂੰ ਦਿੱਤੇ ਹਨ। ਇੰਦਰਜੀਤ ਨਿੱਕੂ ਦਾ ਮੁੰਡੇ ਚੁੰਮ ਚੁੰਮ ਰੱਖਦੇ ਰੁਮਾਲ, ਮਰਹੂਮ ਕੁਲਵਿੰਦਰ ਢਿੱਲੋਂ ਦਾ ਸਾਡੀ ਫ਼ਤਿਹ ਦਾ ਜਵਾਬ ਫਤਿਹ ਦੇਣ ਵਾਲੀਏ ਨੀਂ ਤੇਰੀ ਬੜੀ ਮਿਹਰਬਾਨੀ, ਨਛੱਤਰ ਗਿੱਲ ਦਾ ਬੱਲੀਏ ਡਰਾਈਵਰਾਂ ਦਾ ਦਿਨ ਰਾਤ ਜੀ ਟੀ ਰੋਡ ਉਤੇ ਲੰਘਦਾ ਅਤੇ ਰਵਿੰਦਰ ਗਰੇਵਾਲ ਦੀ ਪ੍ਰਣਾਮ ਸ਼ਹੀਦਾਂ ਨੂੰ ਐਲਬਮ ਵਿਚਲੇ ਸਾਰੇ ਗੀਤ ਪੀਟਾ ਚੰਦੇਲੀਵਾਲੇ ਦੇ ਲਿਖੇ ਹੋਏ ਹਨ। ਕਾਲਮ 'ਜੀਵਨ ਜਾਚ' ਅਧੀਨ ਉਸ ਨੇ ਪੰਜਾਬ ਟਾਈਮਜ਼ ਲਈ ਲਿਖਣਾ ਸ਼ੁਰੂ ਕੀਤਾ ਹੈ। -ਸੰਪਾਦਕ***

ਦੁਨੀਆਂ ਦੇ ਰੰਗ ਗਿਣਨੇ ਬੜੇ ਔਖੇ ਨੇ। ਕਈ ਵਾਰੀ ਆਦਮੀ ਇਨ੍ਹਾਂ ਰੰਗਾਂ ਨੂੰ ਗਿਣਦਾ-ਗਿਣਦਾ ਆਪ ਉਨ੍ਹਾਂ ਰੰਗਾਂ ਵਿਚ ਇੰਨਾ ਮਸਤ ਹੋ ਜਾਂਦਾ ਏ ਕਿ ਉਸ ਨੂੰ ਪਤਾ ਨਹੀਂ ਲੱਗਦਾ ਕਿ ਮੈਂ ਜਿਹੜਾ ਕਾਰਜ ਅਰੰਭਿਆ ਸੀ, ਉਹ ਵਿਚਕਾਰ ਹੀ ਲਟਕ ਰਿਹਾ ਏ। ਉਹ ਕਾਰਜ ਮੈਨੂੰ ਆਵਾਜ਼ਾਂ ਮਾਰ ਰਿਹਾ ਏ ਕਿ ਮੈਨੂੰ ਤਾਂ ਕਿਸੇ ਪਾਸੇ ਲਾ। ਫਿਰ ਜੋ ਮਰਜ਼ੀ ਕਰੀਂ, ਜੋ ਤੇਰਾ ਦਿਲ ਚਾਹੁੰਦਾ ਏ।

ਅਜੋਕੇ ਯੁੱਗ ਵਿਚ ਇਨਸਾਨ ਦੀਆਂ ਲਾਲਸਾਵਾਂ ਇੰਨੀਆਂ ਜ਼ਿਆਦਾ ਵਧ ਗਈਆਂ ਹਨ ਕਿ ਆਪਣੇ ਅਤੇ ਪਰਾਏ ਦੀ ਕੋਈ ਪਛਾਣ ਨਹੀਂ ਰਹੀ। ਇਨ੍ਹਾਂ ਹੀ ਲਾਲਸਾਵਾਂ ਨੇ ਉਸ ਸ਼ਬਦ ਨੂੰ ਜਨਮ ਦਿੱਤਾ ਜਿਸ ਦਾ ਨਾਂ ਏ ਸੁਆਰਥ। ਸੁਆਰਥੀ ਆਦਮੀ ਅਜਿਹੇ ਹਨ੍ਹੇਰੇ ਵਿਚ ਰਹਿੰਦਾ ਏ ਜੋ ਕਦੇ ਵੀ ਚਾਨਣ ਦਾ ਰੂਪ ਧਾਰਨ ਨਹੀਂ ਕਰਦਾ। ਜਿਸ ਪਿਆਰ-ਮੁਹੱਬਤ ਵਿਚ ਸੁਆਰਥ ਤੇ ਮਤਲਬ ਲੁਕਿਆ ਹੋਵੇ, ਉਸ ਪਿਆਰ ਦੀ ਕੋਈ ਬੁਨਿਆਦ ਨਹੀਂ ਹੁੰਦੀ। ਮਾੜੀ ਸੋਚ ਰੱਖ-ਰੱਖ ਕੇ ਉਸ ਦੀ ਆਤਮਾ ਅੰਦਰੋਂ ਇੰਨੀ ਥੱਕ ਜਾਂਦੀ ਹੈ ਕਿ ਉਸ ਕੋਲ ਹੋਰ ਕੋਈ ਵੀ ਸਹਾਰਾ ਨਹੀਂ ਹੁੰਦਾ। ਸਹਾਰਾ ਤਾਂ ਉਸ ਦੀ ਮੁੱਖ ਲੋੜ ਹੀ ਹੁੰਦੀ ਏ। ਨਕਲੀ ਪਿਆਰ, ਘੁੱਟ ਕੇ ਪਾਈਆਂ ਨਕਲੀ ਜੱਫੀਆਂ ਅਸਲੀ ਪਿਆਰ ਵਿਚ ਹੀ ਰਲਾ ਕੇ ਚੱਲਦੀਆਂ ਹਨ। ਜ਼ਹਿਰ ਗੁੜ ਦੇ ਵਿਚ ਦੇਈਏ ਤਾਂ ਪਤਾ ਨਹੀਂ ਲਗਦਾ ਕਿ ਜ਼ਹਿਰ ਏ ਕਿ ਗੁੜ।

ਸੁਆਰਥ ਅਤੇ ਲਾਲਚ ਨੇ ਚੰਗੀਆਂ ਵਸਤਾਂ ਬਾਰੇ ਵੀ ਸਭ ਨੂੰ ਵੀ ਸੋਚਾਂ ਵਿਚ ਪਾ ਦਿੱਤਾ ਏ। ਹਰ ਕੋਈ ਸੋਚ ਰਿਹਾ ਏ ਕਿ ਇਹ ਚੰਗੀ ਚੀਜ਼ ਏ ਜਾਂ ਬੇਕਾਰ। ਅੱਜ ਦੇ ਸਮੇਂ ਵਿਚ ਆਦਮੀ ਦੀ ਇਮਾਨਦਾਰੀ ਸੁਆਰਥ ਅਤੇ ਬੇਈਮਾਨੀ ਅੱਗੇ ਹਾਰ ਜਾਂਦੀ ਏ। ਝੂਠ ਜਿੱਤ ਜ਼ਰੂਰ ਜਾਂਦਾ ਏ ਪਰ ਕਾਮਯਾਬ ਨਹੀਂ ਹੁੰਦਾ। ਸੋਚ ਕਾਮਯਾਬ ਹੁੰਦੀ ਏ। ਕਈਆਂ ਦੀ ਹਾਰ ਵੀ ਜਿੱਤ ਨਾਲੋਂ ਕਿਤੇ ਜ਼ਿਆਦਾ ਨਰੋਈ ਹੁੰਦੀ ਏ। ਚੰਗੀ ਸੋਚ ਵਾਲੇ ਵਿਅਕਤੀ ਨੂੰ ਕੱਪੜੇ ਸਾਰੇ ਹੀ ਫੱਬਦੇ ਹਨ। ਇਕ ਤੁਹਾਡੀ ਸੋਚ ਹੀ ਏ ਜਿਸ ਨੇ ਜਦੋਂ ਅੰਦਰੋਂ ਬਾਹਰ ਨਿਕਲਣਾ ਏ ਤੇ ਜਦੋਂ ਲੋਕਾਂ ਦੀ ਕਚਹਿਰੀ ਵਿਚ ਜਾਣਾ ਏ, ਉਸ ਨੂੰ ਸਲਾਮਾਂ ਹੋਈਆਂ ਹਨ ਜਾਂ ਨਹੀਂ, ਇਹ ਸਾਰਾ ਤੁਹਾਡੀ ਸੋਚ 'ਤੇ ਹੀ ਨਿਰਭਰ ਕਰਦਾ ਹੈ। ਸੁਆਰਥੀ ਆਦਮੀ ਦੇ ਬੋਲਾਂ ਵਿਚ ਐਸੀ ਮਿਠਾਸ ਅਤੇ ਐਸੀ ਨਿਮਰਤਾ ਹੁੰਦੀ ਏ ਕਿ ਦੂਜੇ ਆਦਮੀ ਕੋਲ ਕੁਝ ਵੀ ਨਹੀਂ ਰਹਿ ਜਾਂਦਾ ਜਿਹੜਾ ਉਸ ਨੂੰ ਪ੍ਰਵਾਨ ਨਾ ਕਰੇ। ਉਹ ਮਿਠਾਸ ਹੀ ਹੌਲੀ-ਹੌਲੀ ਅਜਿਹੇ ਦੁਸਾਂਦੇ ਦਾ ਰੂਪ ਧਾਰਨ ਕਰ ਲੈਂਦੀ ਹੈ ਜਿਸ ਨੂੰ ਲਏ ਬਿਨਾ ਆਦਮੀ ਬਿਮਾਰ-ਬਿਮਾਰ ਮਹਿਸੂਸ ਕਰਦਾ ਏ। ਦੂਜੇ ਪਾਸੇ ਸੁਆਰਥੀ ਦੇ ਭੱਥੇ ਦੇ ਤੀਰ ਪੂਰੇ ਨਿਸ਼ਾਨੇ 'ਤੇ ਵੱਜ ਰਹੇ ਹੁੰਦੇ ਹਨ। ਉਹ ਧੋਖੇ ਦੇਣ ਦਾ ਮਾਹਿਰ ਡਾਕਟਰ ਬਣ ਚੁੱਕਾ ਹੁੰਦਾ ਏ। ਉਸ ਦੀ ਦਵਾਈ ਕਈ ਮਰੀਜ਼ਾਂ 'ਤੇ ਅਸਰ ਕਰਨ ਲੱਗ ਪੈਂਦੀ ਏ।

ਇਹ ਸੁਆਰਥ ਜੇ ਹੋਸਨੀ ਮੁਬਾਰਕ ਨੂੰ ਨਾ ਹੁੰਦਾ ਤਾਂ 30 ਸਾਲ ਮਿਸਰ 'ਤੇ ਰਾਜ ਨਾ ਕਰਦਾ। ਉਸ ਨੂੰ ਸੁਆਰਥ ਅਤੇ ਲਾਲਚ ਨੇ ਨਾਗ ਵਲ ਪਾ ਕੇ ਕੁਰਸੀ ਨਾਲ ਅਜਿਹਾ ਬੰਨ੍ਹਿਆ ਕਿ ਅਖ਼ੀਰ ਜਦੋਂ ਛੁੱਟਿਆ ਤਾਂ ਅਖ਼ੀਰ ਹੀ ਆਈ ਲਗਦੀ ਏ। ਸੁਆਰਥੀ ਆਦਮੀ ਆਪਣੀ ਜ਼ਮੀਰ ਨੂੰ ਪਹਿਲਾਂ ਹੀ ਮਾਰ ਦਿੰਦੇ ਹਨ। ਜ਼ਮੀਨਾਂ ਮਹਿੰਗੀਆਂ ਹੋਈਆਂ ਹਨ, ਜ਼ਮੀਰਾਂ ਸਸਤੀਆਂ। ਲਾਲਚੀ ਕੋਲ ਖੜ੍ਹੇ ਹੋਣਾ ਵੀ ਜ਼ਮੀਰ ਆਪਣਾ ਨਿਰਾਦਰ ਸਮਝਦੀ ਏ। ਜ਼ਮੀਰ ਉਸ ਮਰਦ ਦੀ ਹੀ ਜਿਉਂਦੀ ਹੈ ਜਿਸ ਨੇ ਸਿਰ 'ਤੇ ਕਫ਼ਨ ਬੰਨ੍ਹ ਕੇ ਜੰਗ ਦੇ ਮੈਦਾਨ ਵਿਚ ਬੋਲੀਆਂ ਪਾਈਆਂ ਹੋਣ। ਮਤਲਬੀ ਲੋਕ ਜਦੋਂ ਦੂਜਿਆਂ ਦੇ ਜਜ਼ਬਾਤ ਨਾਲ ਖੇਡਦੇ ਹਨ ਤਾਂ ਉਨ੍ਹਾਂ ਨੂੰ ਬੜਾ ਮਜ਼ਾ ਆਉਂਦਾ ਹੋਵੇਗਾ। ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਅਗਲੇ 'ਤੇ ਕੀ ਗੁਜ਼ਰ ਰਹੀ ਏ! ਉਹ ਕਿਸ ਤਰ੍ਹਾਂ ਆਪਣਾ ਗੁਜ਼ਾਰਾ ਕਰਦਾ ਏ। ਉਨ੍ਹਾਂ ਨੂੰ ਤਾਂ ਆਪਣੇ ਕੰਮ ਤੱਕ ਮਤਲਬ ਹੈ। ਕੰਮ ਹੋ ਗਿਆ, ਫਿਰ ਤੁਸੀਂ ਕੌਣ, ਮੈਂ ਕੌਣ! ਬਿਨਾਂ ਸੋਚੇ-ਸਮਝੇ ਯਾਰੀ-ਦੋਸਤੀ ਵਿਚ ਕੀਤੇ ਜਾਣ ਵਾਲੇ ਫ਼ੈਸਲੇ ਅਤੇ ਮਿਹਨਤ ਤੋਂ ਬਿਨਾਂ ਕੀਤੇ ਤਜਰਬੇ ਕਈ ਹਾਦਸਿਆਂ ਨੂੰ ਜਨਮ ਦਿੰਦੇ ਹਨ।

ਸਾਡੀਆਂ ਲੋੜਾਂ ਹੀ ਅਜਿਹੇ ਵਿਅਕਤੀ ਪੈਦਾ ਕਰਦੀਆਂ ਹਨ ਜਿਨ੍ਹਾਂ ਵਿਚ ਕੁਝ ਇਸ ਲਾਈਨ 'ਤੇ ਤੁਰ ਪੈਂਦੇ ਹਨ ਅਤੇ ਬਾਕੀ ਵਿਚਾਰੇ ਸਮੇਂ ਦੀਆਂ ਦੀਵਾਰਾਂ ਨਾਲ ਟੱਕਰਾਂ ਮਾਰ ਰਹੇ ਹਨ। ਜੇ ਸੁਆਰਥ ਨਾ ਹੁੰਦਾ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਕੁਰਸੀ ਕਦੇ ਵੀ ਸੁਖਬੀਰ ਨੂੰ ਨਹੀਂ ਦੇਣੀ ਸੀ। ਫਿਰ ਸ਼ਾਇਦ ਕੁਰਸੀ ਮਨਪ੍ਰੀਤ ਬਾਦਲ ਨੂੰ ਮਿਲ ਜਾਂਦੀ ਪਰ ਕੁਰਸੀ ਮਿਲ ਕਿੱਦਾਂ ਜਾਂਦੀ! ਇਕੱਲੇ ਮਨਪ੍ਰੀਤ ਦੀ ਨਹੀਂ ਗੱਲ, ਹੋਰ ਪਤਾ ਨਹੀਂ ਕਿੰਨੇ ਆਦਮੀ ਇਸ ਚਿੱਕੜ ਨਾਲ ਲਿਬੜੇ ਹੋਏ ਹਨ। ਜੇ ਇਹ ਸੁਆਰਥ ਨਾ ਹੁੰਦਾ ਤਾਂ ਕਦੇ ਵੀ ਸੁਖਬੀਰ ਦੀ ਪਤਨੀ ਬਠਿੰਡਾ ਤੋਂ ਐਮ.ਪੀ. ਨਾ ਬਣਦੀ ਅਤੇ ਨਾ ਹੀ ਚੋਣਾਂ ਦੇ ਦਿਨਾਂ ਵਿਚ ਘਰ-ਘਰ ਫਰਿੱਜਾਂ, ਟੀ.ਵੀ., ਸ਼ਰਾਬਾਂ, ਹਰ ਪ੍ਰਕਾਰ ਦੇ ਨਸ਼ੇ ਵਰਤਾਏ ਜਾਂਦੇ। ਇਹ ਸਾਰੇ ਕੰਮ ਸੁਆਰਥ ਹੀ ਕਰਾਉਂਦਾ ਏ। ਸਾਡੇ ਸਮਾਜ ਦੇ ਹਰ ਖੇਤਰ ਵਿਚ ਇਸ ਦੀ ਪੂਰੀ ਪਹਿਰੇਦਾਰੀ ਏ। ਜਿਸ ਤਰ੍ਹਾਂ ਕੋਈ ਬੀਮਾਰੀ ਲਹੂ ਵਿਚ ਰਚ ਜਾਂਦੀ ਏ, ਇਸੇ ਤਰ੍ਹਾਂ ਹੀ ਇਹ ਬੀਮਾਰੀ, ਇਹ ਕੋਹੜ ਸਾਡੇ ਸਮਾਜ ਵਿਚ ਬੁਰੀ ਤਰ੍ਹਾਂ ਫੈਲ ਗਿਆ ਏ ਜਿਸ ਦਾ ਇਲਾਜ ਕਰਨਾ ਬਹੁਤ ਜ਼ਿਆਦਾ ਔਖਾ ਏ। ਮੇਰਾ ਕਹਿਣ ਦਾ ਭਾਵ ਕਿ ਇੰਨਾ ਔਖਾ ਜੋ ਹੋ ਹੀ ਨਹੀਂ ਸਕਦਾ।

ਜਿਹੜੇ ਲੋਕ ਅੰਦਰੋਂ ਹੀ ਸ਼ੀਤ ਰਾਹੀਂ ਆਕਾਸ਼ ਅਤੇ ਤਾਰੇ ਦੇਖਦੇ ਹਨ, ਤੇ ਜਿਹੜੇ ਬਾਹਰ ਖੁੱਲ੍ਹੇ ਮੈਦਾਨ ਵਿਚੋਂ ਅੰਬਰ ਦੇ ਤਾਰੇ ਗਿਣਦੇ ਹਨ, ਉਨ੍ਹਾਂ ਦੀ ਸੋਚ ਵਿਚ ਜ਼ਮੀਨ-ਆਸਮਾਨ ਦਾ ਫ਼ਰਕ ਹੁੰਦਾ ਏ। ਸੁਆਰਥੀ ਆਦਮੀ ਲਈ ਤਾਂ ਇਨ੍ਹਾਂ ਗੱਲਾਂ ਦਾ ਕੋਈ ਵੀ ਮਾਇਨਾ ਨਹੀਂ ਹੁੰਦਾ। ਉਸ ਦਾ ਮਨੋਰਥ ਆਪਣਾ ਮਤਲਬ ਹੁੰਦਾ ਹੈ। ਆਪਣੇ ਕੰਮ ਤਕ ਮਤਲਬ ਹੁੰਦਾ ਏ। ਜਦੋਂ ਕੰਮ ਹੋ ਗਿਆ, ਫਿਰ ਬੱਸ।

ਸੁਆਰਥ ਦੇ ਰੰਗਾਂ ਵਿਚ ਇਕ ਰੰਗ ਹਕੂਮਤ ਦਾ ਏ। ਹਕੂਮਤ ਦਾ ਰੰਗ ਜਦੋਂ ਆਦਮੀ ਉਤੇ ਚੜ੍ਹਦਾ ਏ ਤਾਂ ਉਸ ਨੂੰ ਆਪਣਾ-ਪਰਾਇਆ, ਕੁਝ ਵੀ ਨਜ਼ਰ ਨਹੀਂ ਆਉਂਦਾ। ਸਿਰਫ਼ ਕੁਰਸੀ ਹੀ ਨਜ਼ਰ ਆਉਂਦੀ ਏ। ਇਹ ਨਸ਼ਾ ਦਿਨ-ਰਾਤ ਹੀ ਚੜ੍ਹਿਆ ਰਹਿੰਦਾ ਏ। ਰਾਜਿਆਂ-ਮਹਾਰਾਜਿਆਂ ਨੂੰ ਹਕੂਮਤ ਦੇ ਸੁਆਰਥ ਨੇ ਇੰਨਾ ਪਾਗ਼ਲ ਕਰ ਦਿੱਤਾ ਕਿ ਕਈਆਂ ਦੇ ਖ਼ਾਨਦਾਨ ਹੀ ਖ਼ਤਮ ਹੋ ਗਏ। ਅੰਗਰੇਜ਼ਾਂ ਨੇ ਆਪਣੇ ਸੁਆਰਥ ਲਈ ਹੀ ਹਿੰਦੁਸਤਾਨ 'ਤੇ ਇੰਨਾ ਚਿਰ ਰਾਜ ਕੀਤਾ। ਹੋਰ ਉਨ੍ਹਾਂ ਨੂੰ ਕਿਹੜਾ ਭਾਰਤ ਨਾਲ ਪਿਆਰ ਸੀ ਕਿ ਉਹ ਆਪਣਾ ਦੇਸ਼ ਛੱਡ ਕੇ ਸਾਡੇ ਦੇਸ਼ ਵਿਚ ਰੇਲ ਦੀਆਂ ਲਾਈਨਾਂ ਵਿਛਾਉਂਦੇ। ਉਨ੍ਹਾਂ ਨੂੰ ਕੋਈ ਚਾਅ ਨਹੀਂ ਸੀ। ਮਤਲਬ ਇਹ ਸੀ ਕਿ ਹਿੰਦੁਸਤਾਨ ਸੋਨੇ ਦੀ ਚਿੜੀ ਸੀ। ਛੋਟੇ-ਛੋਟੇ ਰਾਜਾਂ ਵਿਚ ਵੰਡ ਹੋ ਚੁੱਕੀ ਸੀ। ਗੋਰੇ ਚਾਲਾਕ ਸਨ। ਉਨ੍ਹਾਂ ਆਪਣੇ ਤੀਰਾਂ ਦਾ ਨਿਸ਼ਾਨਾ ਇੰਨਾ ਟਿਕਾ ਕੇ ਮਾਰਿਆ ਕਿ ਕੋਈ ਵੀ ਬਚ ਨਹੀਂ ਸਕਿਆ।

ਜੇ ਸੁਆਰਥ ਨਾ ਹੁੰਦਾ ਤਾਂ ਸੱਦਾਮ ਹੁਸੈਨ ਕਦੇ ਵੀ ਇੰਨੇ ਮੁਸਲਮਾਨਾਂ ਨੂੰ ਮੌਤ ਦੇ ਘਾਟ ਨਾ ਉਤਾਰਦਾ ਤੇ ਆਪ ਵੀ ਅਖ਼ੀਰ ਉਥੇ ਹੀ ਨਾ ਗਿਆ ਹੁੰਦਾ ਜਿਥੇ ਕਦੇ ਉਸ ਨੇ ਆਪਣੇ ਹੱਥੀਂ ਲੋਕਾਂ ਨੂੰ ਭੇਜਿਆ ਸੀ। ਤੁਰ ਜਾਣਾ ਏ ਸਾਰਿਆਂ ਨੇ ਪਰ ਤੁਰਨ ਦੇ ਢੰਗ ਵੱਖਰੇ ਹਨ:

ਦੁਨੀਆਂ ਨੂੰ ਜਿੱਤਣਾ ਏ ਜਿਹੜੇ ਕਹਿੰਦੇ ਸੀ
ਇੰਨੇ ਤਕੜੇ ਸੀ, ਨਾ ਕਿਸੇ ਤੋਂ ਢਹਿੰਦੇ ਸੀ
ਮਾਲਾ ਹੁਣ ਗਈ ਖਿਲਰ ਗਏ ਮਣਕੇ
ਬੜੇ-ਬੜੇ ਰਾਜਿਆਂ ਦੀ ਰਾਖ ਉਡ ਗਈ
ਵਰੋਲੇ ਬਣ ਕੇ।

ਜੇ ਅਮਰੀਕਾ ਨੇ ਸੱਦਾਮ ਦਾ ਖੁਰਾ-ਖੋਜ ਮਿਟਾਇਆ ਏ ਤਾਂ ਇਸ ਵਿਚ ਅਮਰੀਕਾ ਦਾ ਵੀ ਸੁਆਰਥ ਹੀ ਹੈ। ਆਪਣੇ ਆਪ ਨੂੰ ਆਦਮੀ ਨੇ ਸਦਾ ਬੇਕਸੂਰ ਹੀ ਸਾਬਤ ਕੀਤਾ ਏ। ਉਸ ਦਾ ਨਾਂ ਭਾਵੇਂ ਕਾਤਲਾਂ ਦੀ ਲਿਸਟ ਵਿਚ ਸਭ ਤੋਂ ਜ਼ਿਆਦਾ ਵਾਰ ਹੀ ਕਿਉਂ ਨਾ ਆਵੇ ਪਰ ਉਹ ਮੰਨਦਾ ਨਹੀਂ। ਮੁਸੀਬਤਾਂ ਉਦੋਂ ਜ਼ਿਆਦਾ ਰੋਗ ਬਣ ਜਾਂਦੀਆਂ ਹਨ ਜਦੋਂ ਅਸੀਂ ਉਨ੍ਹਾਂ ਕੋਲੋਂ ਗਿਆਨ ਦੀ ਵਿਦਿਆ ਧਾਰਨ ਨਹੀਂ ਕਰਦੇ। ਧਾਰਨ ਤਾਂ ਹੀ ਕਰਾਂਗੇ ਜੇ ਆਪਣੇ ਸੁਆਰਥ ਨੂੰ ਅੱਗ ਲਾਵਾਂਗੇ। ਜੇ ਸੁਆਰਥ ਨੂੰ ਅੱਗ ਲਾ ਹੀ ਦਿੱਤੀ, ਫਿਰ ਕੁਝ ਕੋਲ ਨਹੀਂ ਬਚਣਾ। ਇਸ ਕਰਕੇ ਲਾਲਚ, ਮਤਲਬ, ਸੁਆਰਥ, ਇਕ-ਦੂਜੇ ਦੇ ਇੰਨੇ ਨੇੜੇ ਰਹਿੰਦੇ ਹਨ ਕਿ ਕਦੇ ਵੀ ਆਵਾਜ਼ ਨਹੀਂ ਮਾਰਨੀ ਪੈਂਦੀ ਕਿ ਉਹ ਯਾਰਾ! ਮੇਰੀ ਗੱਲ ਸੁਣੀਂ। ਸਿਰਫ਼ ਇਸ਼ਾਰਾ ਹੀ ਕਰਨਾ ਪੈਂਦਾ ਏ। ਉਸ ਵੇਲੇ ਹੀ ਇਹ ਹਾਜ਼ਰ ਹੋ ਜਾਂਦੇ ਹਨ। ਜਦੋਂ ਇਕੱਠੇ ਹੋਣ ਤਾਂ ਆਪਣੀ ਕਾਰਵਾਈ ਸ਼ੁਰੂ ਕਰ ਦਿੰਦੇ ਹਨ। ਇਸ ਦੇ ਕੀ ਸਿੱਟੇ ਨਿਕਲਦੇ ਹਨ, ਇਹ ਤੁਸੀਂ ਸਭ ਜਾਣਦੇ ਹੋ।

ਆਦਮੀ ਦੀ ਸੋਚ ਵਿਚ ਉਸ ਵਕਤ ਤੇੜਾਂ ਆਉਂਦੀਆਂ ਹਨ ਜਦੋਂ ਉਸ ਦੀਆਂ ਲੋੜਾਂ ਵਿਚ ਲਾਲਚ ਪ੍ਰਵੇਸ਼ ਕਰ ਜਾਂਦਾ ਏ। ਸੁਆਰਥੀ ਆਦਮੀ ਨੇ ਕਦੇ ਵੀ ਇਨ੍ਹਾਂ ਗੱਲਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਬੇਸ਼ੱਕ, ਇਨ੍ਹਾਂ ਦੇ ਸਿੱਟੇ ਬੜੇ ਭਿਆਨਕ ਨਿਕਲੇ ਹਨ। ਅੱਜ ਲੀਬੀਆ ਦਾ ਹਾਕਮ ਗੱਦਾਫ਼ੀ ਵੀ ਸੁਆਰਥ ਦੀ ਮੰਜ਼ਿਲ ਉਪਰ ਬੈਠਾ ਲਲਕਾਰੇ ਮਾਰ ਰਿਹਾ ਹੈ। ਕੀ ਕਰੇ ਵਿਚਾਰਾ, ਰਾਜ-ਭਾਗ ਛੱਡ ਨਹੀਂ ਹੁੰਦਾ। ਛੱਡ ਵੀ ਕਿਵੇਂ ਹੋਵੇ! ਬੜੀ ਸ਼ੈਅ ਹੁੰਦੀ ਏ ਕੁਰਸੀ ਦੀ ਭੁੱਖ!! ਗੱਦਾਫ਼ੀ ਕੀ, ਹੋਰ ਵੀ ਜਿਹੜੇ 30 ਸਾਲਾਂ ਤੋਂ ਦੇਸ਼ ਦੀ ਜਨਤਾ ਦੇ ਜਜ਼ਬਾਤ ਨਾਲ ਖੇਡ ਰਹੇ ਹਨ, ਉਨ੍ਹਾਂ ਦੀ ਹਾਲਤ ਇਸ ਤਰ੍ਹਾਂ ਹੋਈ ਹੁੰਦੀ ਏ ਜਿਸ ਤਰ੍ਹਾਂ ਖੂਹਾਂ ਵਿਚਲੇ ਰੁੱਖਾਂ ਦੀ; ਜਿਨ੍ਹਾਂ ਦੀ ਛਾਂ ਕਦੇ ਵੀ ਕਿਸੇ ਨੂੰ ਨਸੀਬ ਨਹੀਂ ਹੁੰਦੀ ਪਰ ਇਹ ਦਰਖ਼ਤ ਕਦੇ ਵੀ ਸੁਕਦੇ ਨਹੀਂ; ਸਦਾ ਹਰੇ ਹੀ ਰਹਿੰਦੇ ਹਨ। ਸੁਆਰਥੀਆਂ ਦੀ ਵੀ ਸਦਾ ਚੜ੍ਹਦੀ ਕਲਾ ਹੀ ਰਹੀ ਏ।

ਸੁਆਰਥ ਦਾ ਰੰਗ ਦੇਸ਼ ਭਗਤਾਂ, ਯੋਧਿਆਂ-ਸੂਰਮਿਆਂ 'ਤੇ ਵੀ ਚੜ੍ਹਿਆ ਸੀ ਪਰ ਇਸ ਦੀ ਪਛਾਣ ਵੱਖਰੀ ਹੈ; ਇਹ ਰੰਗ ਕਦੇ ਫਿੱਕਾ ਨਹੀਂ ਪੈਂਦਾ। ਦੇਸ਼ ਕੌਮ ਅਤੇ ਧਰਮ ਦੇ ਹਿਤਾਂ ਦੀ ਰਾਖੀ ਲਈ ਜਿਨ੍ਹਾਂ ਦੇਸ਼ ਭਗਤਾਂ ਨੇ ਆਪਣੇ ਜਜ਼ਬਾਤ ਕੜਕਦੀਆਂ ਧੁੱਪਾਂ ਵਿਚ ਲੂਹ ਦਿੱਤੇ, ਉਨ੍ਹਾਂ ਦਾ ਵੀ ਸੁਆਰਥ ਸੀ। ਆਪਣੇ ਲਈ ਨਹੀਂ; ਆਪਣੇ ਦੇਸ਼ ਲਈ, ਆਪਣੀ ਕੌਮ ਲਈ, ਆਪਣੇ ਧਰਮ ਲਈ। ਸੁਆਰਥ ਸੁਆਰਥ ਵਿਚ ਫ਼ਰਕ ਏ, ਝੂਠ ਝੂਠ ਵਿਚ ਫ਼ਰਕ। ਇਕ ਝੂਠ ਕਿਸੇ ਨੂੰ ਫਾਹੇ ਲਾ ਦਿੰਦਾ ਹੈ, ਤੇ ਇਕ ਝੂਠ ਕਿਸੇ ਨੂੰ ਜੀਵਨ ਬਖ਼ਸ਼ ਦਿੰਦਾ ਏ। ਦੇਸ਼ ਭਗਤਾਂ ਦੇ ਸੁਆਰਥ ਦੀਆਂ ਗਵਾਹੀਆਂ ਸਦਾ ਇਤਿਹਾਸ ਦਿੰਦਾ ਰਿਹਾ ਏ ਅਤੇ ਦਿੰਦਾ ਰਹੇਗਾ:

ਦੇਸ਼ ਭਗਤਾਂ ਨੇ ਸਦਾ ਹੀ
ਲਾੜੀ ਮੌਤ ਵਿਆਹੀ ਏ।
ਦੱਸਣ ਦੀ ਨਹੀਂ ਲੋੜ
ਦਿੰਦਾ ਇਤਿਹਾਸ ਗਵਾਹੀ ਏ।
ਇਹ ਲਹੂ ਦੀਆਂ ਨਦੀਆਂ ਦੇ ਵਿਚ
ਤਰਨਾ ਜਾਣਦੇ ਨੇ
ਦੇਸ਼ ਕੌਮ ਦੀ ਖ਼ਾਤਰ
ਹੱਸ ਕੇ ਮਰਨਾ ਜਾਣਦੇ ਨੇ
ਸਾਡੇ ਲੀਡਰਾਂ ਸੁਆਰਥ ਰੱਖਿਆ
ਕੁਰਸੀ ਪਾਉਣੇ ਲਈ
ਹੱਸ ਕੇ ਫ਼ਾਂਸੀ ਚੜ੍ਹੇ ਸੂਰਮੇ
ਦੇਸ਼ ਬਚਾਉਣੇ ਲਈ।

ਪਤਾ ਨਹੀਂ ਕਿੰਨੇ ਦੇਸ਼ ਭਗਤਾਂ ਨੇ ਆਪਣੀਆਂ ਜਾਨਾਂ ਦੇਸ਼ ਦੇ ਲੇਖੇ ਲਾਈਆਂ। ਕਦੇ ਪ੍ਰਵਾਹ ਨਾ ਕੀਤੀ। ਤੱਤੀਆਂ ਠੰਡੀਆਂ ਰੁੱਤਾਂ ਵਿਚ ਵੀ ਆਪਣੇ ਸੁਆਰਥ ਲਈ ਰੁਕੇ ਨਹੀਂ ਕਿਉਂਕਿ ਉਨ੍ਹਾਂ ਦਾ ਮਨੋਰਥ ਆਪਣੇ ਲਈ ਕੋਈ ਜਗੀਰਾਂ ਇਕੱਠੀਆਂ ਕਰਨੀਆਂ ਨਹੀਂ ਸੀ। ਸਿਰਫ਼ ਪਿਆਰ ਤੇ ਦੇਸ਼ ਪ੍ਰੇਮ ਦੀ ਲਗਨ ਸੀ ਜੋ ਕਦੇ ਵੀ ਟਿਕ ਕੇ ਬੈਠਣ ਨਹੀਂ ਦਿੰਦਾ। ਆਪਣੇ ਸੁਆਰਥ ਤੋਂ ਹਟ ਕੇ ਕਿਸੇ ਲਈ ਕੀਤਾ ਕੰਮ ਸੁਆਰਥ ਨਹੀਂ ਹੁੰਦਾ। ਦੇਸ਼ ਭਗਤਾਂ ਦਾ ਸੁਆਰਥ ਦੇਸ਼ ਆਜ਼ਾਦ ਕਰਾਉਣ ਅਤੇ ਆਉਣ ਵਾਲੀਆਂ ਨਸਲਾਂ ਲਈ ਅਜਿਹਾ ਚਾਨਣ ਪੈਦਾ ਕਰਨਾ ਹੁੰਦਾ ਏ ਕਿ ਉਹ ਕਦੇ ਵੀ ਹਨ੍ਹੇਰੇ ਵਿਚ ਨਾ ਭਟਕਦੇ ਰਹਿਣ।

ਸੁਆਰਥੀ ਆਦਮੀ ਆਪਣੇ ਮਤਲਬ ਲਈ ਕਿਸੇ ਦੇ ਅੰਦਰ ਵੜਦਾ ਏ, ਕਦੇ ਵੀ ਮਹਿਸੂਸ ਨਹੀਂ ਹੋਣ ਦਿੰਦਾ ਕਿ ਉਹ ਕੀ ਕਰ ਰਿਹਾ ਹੈ। ਪਤਾ ਉਦੋਂ ਹੀ ਲੱਗਦਾ ਏ ਜਦੋਂ ਉਹ ਆਪਣਾ ਕੰਮ ਕਰ ਜਾਂਦਾ ਏ। ਸੁਆਰਥੀ ਜਿਹੜੀ ਪੌੜੀ ਲਾ ਕੇ ਉਪਰ ਚੜ੍ਹਦਾ ਏ, ਉਸ ਪੌੜੀ ਨੂੰ ਕਦੇ ਵੀ ਉਸ ਕੋਠੇ ਨਾਲ ਨਹੀਂ ਛੱਡਦਾ। ਇਕ ਵਾਰ ਇਕ ਬੜੇ ਮਸ਼ਹੂਰ ਕਲਾਕਾਰ ਨੇ ਮੇਰੇ ਕੋਲੋਂ ਗੀਤਾਂ ਦੀ ਮੰਗ ਕਰ ਦਿੱਤੀ। ਮੈਂ ਕਿਹਾ, "ਕੋਈ ਗੱਲ ਨਹੀਂ, ਮੈਂ ਆਪ ਨੂੰ ਗੀਤ ਜ਼ਰੂਰ ਦੇਵਾਂਗਾ।" ਗੀਤ ਆ ਗਿਆ। ਗੀਤ ਨੂੰ ਲੋਕਾਂ ਨੇ ਪ੍ਰਵਾਨ ਕੀਤਾ ਜਾਂ ਨਹੀਂ, ਵੱਖਰਾ ਮਸਲਾ ਹੈ ਪਰ ਉਸ ਕਲਾਕਾਰ ਦਾ ਮੈਨੂੰ ਦੁਬਾਰਾ ਫ਼ੋਨ ਨਹੀਂ ਆਇਆ। ਸੋਚਾਂ ਵਿਚ ਡੁੱਬਿਆ ਮੈਂ ਸੋਚ ਰਿਹਾ ਸੀ ਕਿ ਕਿੰਨਾ ਚੰਗਾ ਹੁੰਦਾ, ਜੇ ਮੈਂ ਉਸ ਨੂੰ ਗੀਤ ਨਾ ਹੀ ਦਿੰਦਾ। ਮਿਲਦੇ ਤਾਂ ਰਹਿ ਜਾਣਾ ਸੀ। ਇਸ ਗੱਲ ਨੂੰ ਕਈ ਵਾਰੀ ਯਾਦ ਕਰ ਕੇ ਮੈਂ ਹੋਰ ਤਾਂ ਕੁਝ ਨਹੀਂ ਕਰ ਸਕਿਆ ਪਰ ਕੁਝ ਲਾਈਨਾਂ ਜ਼ਰੂਰ ਲਿਖ ਦਿੱਤੀਆਂ ਉਹਦੇ 'ਤੇ:

ਚੱਲ ਜਾਏ ਕੈਸਟ ਜੇ ਕਲਾਕਾਰ ਦੀ
ਬਦਲ ਜਾਂਦੀ ਫਿਰ ਅੱਖ ਯਾਰ ਦੀ
ਕਿਤੇ ਵੇਖਿਆ ਲੱਗਦਾ ਤੈਨੂੰ
ਅੱਖ ਭੁਲੇਖਾ ਖਾ ਜਾਂਦੀ
ਆਕੜ ਤਾਂ ਫਿਰ ਮਿੱਤਰੋ
ਮੱਲੋ-ਮੱਲੀ ਆ ਜਾਂਦੀ

ਇਹ ਵਾਕਿਆ ਕਿਹੜਾ ਸੁਆਰਥ ਤੋਂ ਘੱਟ ਸੀ! ਕੀ ਕਰੀਏ? ਕਈ ਵਾਰੀ ਇਸ ਤਰ੍ਹਾਂ ਹੀ ਹੁੰਦਾ ਏ ਕਿ ਮਰਦੀ ਨੇ ਅੱਕ ਚੱਬਿਆ, ਨੀ ਮੈਂ ਹਾਰ ਕੇ ਜੇਠ ਨਾਲ ਲਾਈਆਂ। ਇਹ ਸੁਆਰਥੀ ਲੋਕ ਤਾਂ ਬੜਿਆਂ ਨੂੰ ਅੱਕ ਚੱਬਣ ਲਾ ਦਿੰਦੇ ਹਨ। ਕਿਸੇ ਦੇ ਮੱਥੇ 'ਤੇ ਨਹੀਂ ਲਿਖਿਆ ਹੁੰਦਾ ਕਿ ਉਹ ਇਸ ਤਰ੍ਹਾਂ ਹੈ, ਇਹ ਇਸ ਤਰ੍ਹਾਂ ਦਾ ਹੈ। ਅੰਦਾਜ਼ੇ ਕਈ ਵਾਰ ਠੀਕ ਨਿਕਲ ਜਾਂਦੇ ਹਨ ਤੇ ਕਈ ਵਾਰੀ ਗਲਤ। ਜੇ ਠੀਕ ਨਿਕਲ ਜਾਣ ਤਾਂ ਆਦਮੀ ਸੋਚਦਾ ਏ ਕਿ ਮੇਰਾ ਦੁਨੀਆਂ ਵਿਚ ਤਜਰਬਾ ਬੜਾ ਏ। ਮੈਂ ਇਕ ਪਲ ਵਿਚ ਆਦਮੀ ਨੂੰ ਪਛਾਣ ਲੈਂਦਾ ਹਾਂ ਕਿ ਇਹ ਕਿਸ ਤਰ੍ਹਾਂ ਦਾ ਹੈ। ਜੇ ਗ਼ਲਤ ਹੋ ਜਾਣ ਤਾਂ ਫਿਰ ਕੌਣ ਪੈਣ ਦਿੰਦਾ ਏ ਪਰਾਂ ਉਤੇ ਪਾਣੀ! ਇਕ ਗੱਲ ਹੋਰ ਸਾਂਝੀ ਕਰਦਾ ਹਾਂ, ਸਿਆਣੇ ਆਖਦੇ ਹਨ ਕਿ ਸੁਆਰਥ ਅਜੇ ਤਾਂ ਖੇਡਦਾ ਏ, ਜਦੋਂ ਜਵਾਨ ਹੋਇਆ, ਫਿਰ ਪਤਾ ਲੱਗੂਗਾ ਇਹਦੇ ਰੰਗਾਂ ਦਾ:

ਇਹ ਦੁਨੀਆਂ ਏ ਰੰਗ-ਬਰੰਗੀ
ਕਿੰਨੀ ਮਾੜੀ ਕਿੰਨੀ ਚੰਗੀ
ਮੈਂ ਨ੍ਹੀਂ ਕਹਿਣੋਂ ਡਰਦਾ
ਜ਼ਰਾ ਗ਼ੌਰ ਨਾਲ ਪੜ੍ਹਿਓ ਜੀ
ਮੈਂ ਗੱਲਾਂ ਸੱਚੀਆਂ ਕਰਦਾ

ਸੱਚ, ਸੱਚ ਹੀ ਹੁੰਦਾ ਏ। ਬੇਸ਼ੱਕ ਸੀਖਾਂ ਪਿੱਛੇ ਕੈਦ ਹੋਵੇ, ਚਾਹੇ ਫ਼ਾਂਸੀਆਂ ਦੇ ਰੱਸੇ ਚੁੰਮੇ। ਇਸ ਦੀ ਹੋਂਦ ਕਦੇ ਵੀ ਖ਼ਤਮ ਨਹੀਂ ਹੋ ਸਕਦੀ। ਜਦੋਂ ਤਕ ਦੁਨੀਆਂ ਕਾਇਮ ਰਹੇਗੀ, ਸੱਚ ਰਹੇਗਾ।

## ਮੇਰੀ ਕਹਾਣੀ ਦਾ ਪਿਛੋਕੜ

(ਸਫਾ 32 ਦੀ ਬਾਕੀ)

ਨੂੰ ਝੱਟ ਦੇ ਝੱਟ ਲਈ ਆਪਣੇ ਨਾਲ ਉਡਾ ਲਿਆ, ਉਸ ਪਿਉ ਦਾ ਹੱਕ ਮੇਰੇ 'ਤੇ ਜ਼ਿਆਦਾ ਹੈ? ਮੇਰੀ ਮਾਂ ਬੇਸ਼ਕ ਮਜਬੂਰ ਹੈ। ਆਪਣੀ ਮੁਹੱਬਤ ਦੀ ਯਾਦ! ਮੇਰੀ ਮਾਂ ਬੇਸ਼ੱਕ ਹਰ ਕੁਰਬਾਨੀ ਕਰ ਸਕਦੀ ਹੈ ਤੁਹਾਡੇ ਲਈ। ਮੈਂ ਤੁਹਾਡੀ ਬੇਟੀ ਬਣਨ ਲਈ ਬਿਲਕੁਲ ਤਿਆਰ ਨਹੀਂ। ਤੁਹਾਡੀ ਜਾਈ ਹੋ ਕੇ ਵੀ ਮੈਂ ਤੁਹਾਡੀ ਬੇਟੀ ਬਣਨ ਤੋਂ ਇਨਕਾਰੀ ਹਾਂ। ਤੁਹਾਨੂੰ ਖ਼ਾਲੀ ਹੱਥ ਮੁੜਨਾ ਹੋਵੇਗਾ। ਜਿਵੇਂ ਤੁਸੀਂ ਇਹ ਸੋਲਾਂ ਵਰ੍ਹੇ ਕੱਟੇ, ਬਾਕੀ ਉਮਰ ਤੁਹਾਨੂੰ ਸਖਣੀ ਗੁਜ਼ਾਰਨੀ ਹੋਵੇਗੀ। ਹਾਂ ਤੇ ਹੁਣ ਤੁਸੀਂ ਜਾ ਸਕਦੇ ਹੋ, ਮੇਰੇ ਪਿਤਾ ਦੇ ਆਉਣ ਦਾ ਵਕਤ ਹੋ ਰਿਹਾ ਹੈ। ਤੁਸੀਂ ਤਸ਼ਰੀਫ਼ ਲੈ ਜਾਓ ਤਾਂ ਜੋ ਮੈਂ ਦਰਵਾਜ਼ਾ ਬੰਦ ਕਰ ਲਵਾਂ।"

ਤੇ ਮੈਨੂੰ ਉਹ ਬੂਹਾ ਯਾਦ ਆਣ ਲੱਗ ਪਿਆ ਹੈ ਜਿਹੜਾ 1947 ਵਿਚ ਬੰਦ ਹੋ ਗਿਆ ਸੀ। ਸੱਚਮੁੱਚ ਇਹ ਢੋਇਆ ਹੋਇਆ ਬੂਹਾ ਇੱਕ ਇੱਕਲਾ ਕਾਰਨ ਹੈ ਜਿਸ ਮੇਰੀ ਕਲਾ ਨੂੰ ਸਭ ਤੋਂ ਵਧੀਕ ਪ੍ਰਭਾਵਿਤ ਕੀਤਾ ਹੈ। ਇਤਨੇ ਵਰ੍ਹੇ ਹੋ ਗਏ ਇਹ ਖਰੀਂਢ ਉਂਜ ਦਾ ਉਂਜ ਬਣਿਆ ਹੋਇਆ ਹੈ।

"ਦੁੱਗਲ ਚਾਚਾ, ਦੂਰ ਬਹੁਤ ਦੂਰ ਜਾ ਰਹੇ ਨੇ। ਇਨ੍ਹਾਂ ਨੂੰ ਜੀਅ ਭਰ ਕੇ ਪਿਆਰ ਕਰ ਲੈ।" ਤੇ ਮੇਰੀ ਕੁੱਛੜ ਨੰਗ-ਮੁਨੰਗੀ, ਗੁਲਾਬ, ਗੋਰੇ ਮਾਸ ਦੀ ਲਚ-ਲਚ ਕਰਦੀ ਗੁੱਡੀ, ਸ਼ਬਨਮ ਮੁੜ-ਮੁੜ ਮੇਰੇ ਗਲੇ ਨਾਲ ਚਿਮਟ ਜਾਂਦੀ ਹੈ। ਮੇਰੇ ਮੂੰਹ, ਮੱਥੇ, ਗੱਲ੍ਹਾਂ, ਬੁੱਲ੍ਹੀਆਂ, ਜਿੱਥੇ ਆਂਦਾ ਪਿਆਰ ਕਰਦੀ ਜਾਂਦੀ ਹੈ। ਹਰ ਪਿਆਰ ਤੇ ਜਿਵੇਂ ਉਸ ਨੂੰ ਠੰਢ ਪੈ ਰਹੀ ਹੋਵੇ। ਸਾਹਮਣੇ ਚੁੱਪ-ਚੁਪੀਤੀ ਸੋਚਾਂ ਵਿਚ ਗੜੂੰਦ ਆਪਣੀ ਅੰਮੀ ਵੱਲ ਵੇਖਦੀ ਤੇ ਠਹਾਕਾ ਮਾਰ ਕੇ ਹੱਸ ਪੈਂਦੀ ਹੈ।

ਇਹ ਦ੍ਰਿਸ਼ ਅਕਸਰ ਮੇਰੀਆਂ ਅੱਖੀਆਂ ਦੇ ਸਾਹਮਣੇ ਤਰਨ ਲੱਗਦਾ ਹੈ ਤੇ ਮੈਂ ਲਾਭ-ਚਾਂਭ ਦੇ ਖ਼ਲਾਅ ਵਿਚ ਕੁਝ ਟੋਲਣ ਲੱਗ ਪੈਂਦਾ ਹਾਂ।

## ਸਰਕਾਰ ਨੇ ਪਹਿਲੀ ਵਾਰ ਆਹ ਕੰਮ ਚੰਗਾ ਕੀਤੈ!

(ਸਫਾ 33 ਦੀ ਬਾਕੀ)

ਇਨ੍ਹਾਂ ਮਾਂਵਾਂ ਦੀਆਂ ਧੀਆਂ ਨੇ ਉਨ੍ਹਾਂ ਦੀ ਵੀ ਸਾਰ ਲਈ ਆ ਕਦੇ? ਆਦਮੀ ਤੀਵੀਂ ਹੱਥੋਂ ਜੇਕਰ ਵਿਕਟਿਮ ਹੋ ਜਾਵੇ ਤਾਂ ਫਿਰ ਜਦੋਂ ਕੋਈ ਸਾਰ ਨਹੀਂ ਲੈਂਦਾ ਤਾਂ ਸਿਸਟਮ ਨੂੰ ਕੋਸਣਾ ਸਬੱਬੀ ਗੱਲ ਹੋ ਨਿਬੜਦੀ ਐ। ਰਹੀ ਗੱਲ ਜ਼ੁਲਮ ਨੂੰ ਠੱਲ ਪਾਉਣ ਵਾਲੀ, ਅੰਗਿਆਰਿਆਂ ਦੀ ਕੜਾਹੀ ਬਾਲਣ ਦੀ ਪੰਡ ਥੱਲੇ ਲੁਕਾਉਣ ਨਾਲ ਠੰਡੀ ਨਹੀਂ ਹੋ ਜਾਂਦੀ! ਬਾਲਣ ਦੀ ਵੀ ਉਹ ਪੰਡ-ਜਿਸ ਦੀ ਕੋਈ ਨਾ ਕੋਈ ਟਾਹਣੀ ਜਾਂ ਪੱਤਾ ਕਿਸੇ ਹੋਰ ਪੰਡ ਨਾਲ ਜੁੜਿਆ ਹੁੰਦਾ ਹੈ ਅਤੇ ਬਾਲਣ ਦਾ ਇਹ ਢੇਰ ਰੜ੍ਹੇ ਮਾਰੂਥਲ ਵਿਚ ਨਹੀਂ, ਸਗੋਂ ਜੰਗਲ ਦੀ ਛਾਂ ਥੱਲੇ ਸੁੱਕਣੇ ਪਾਇਆ ਹੋਵੇ! ਮੈਂ ਤਾਂ ਕਹਿਨਾਂ, ਫੰਡਾਂ ਵਿਚ ਕਟੌਤੀ ਹੋਣ ਨਾਲ ਸ਼ਾਇਦ ਜੰਗਲ ਹਰਿਆ-ਭਰਿਆ ਰਹਿ ਸਕੇ! ਘਰਾਂ ਵਿਚ ਦਿਨੇ ਉੱਲੂ ਬੁਲਾਉਣ ਵਾਲੀਆਂ ਬਿਲਬਤੌਰੀਆਂ ਕਾਸ਼! ਸਿੰਬਲ ਰੁੱਖਾਂ ਦੀ ਪਹਿਰੇਦਾਰੀ ਕਰਨ ਲਈ ਕਿਤੇ ਹੋਰ ਉਡਾਰੀਆਂ ਮਾਰ ਜਾਣ।"

"ਵਾਹ ਬਈ ਵਾਹ! ਯਾਰ ਤੂੰ ਨਿਰਾ ਸ਼ਰਾਬੀ-ਕਬਾਬੀ ਨਹੀਂ, ਹਿਸਾਬੀ-ਕਿਤਾਬੀ ਵੀ ਬਹੁਤ ਲਗਦੈਂ, ਹੋ ਸਕਦੈ ਤੇਰੇ ਵਰਗੇ ਹਿਸਾਬੀ-ਕਿਤਾਬੀ ਸਰਕਾਰ ਵਿਚ ਵੀ ਬੈਠੇ ਹੋਣ ਜਿਨ੍ਹਾਂ ਨੇ ਇਹ ਨੇਕ ਫੈਸਲਾ ਲੈਣ ਬਾਰੇ ਸੋਚਿਆ ਹੋਵੇ।"

"ਤਾਰੀਫ ਲਈ ਧੰਨਵਾਦ! ਨਾਲ ਲੱਗਦੀ, ਇੱਕ ਗੱਲ ਹੋਰ ਕਰ ਹੀ ਦੇਵਾਂ ਕਿ ਘਰੇਲੂ ਹਿੰਸਾ ਲਈ ਸਿਰਫ ਮਰਦ ਹੀ ਜ਼ਿੰਮੇਵਾਰ ਨਹੀਂ! ਗ੍ਰਹਿਸਥੀ ਜੀਵਨ ਦੀ ਜ਼ਰਖੇਜ਼ ਜ਼ਮੀਨ 'ਤੇ ਜਦ ਆਦਮੀ ਮਰਦਉਪੁਣੇ ਦੇ ਕਦੇ ਕਦੇ ਕਰੁੱਤੇ ਸਿਆੜ ਕੱਢ ਦਿੰਦਾ ਏ ਤਾਂ ਔਰਤ ਵੀ ਈਰਖਾ ਦੇ ਬੀਜ ਬੀਜਣ ਵਲੋਂ ਕਸਰ ਨਹੀਂ ਛੱਡਦੀ ਅਤੇ ਫੇਰ ਰੀਝਾਂ ਨਾਲ ਉਗਾਈ ਸਰੋਂ ਦੇ ਚਾਵਾਂ ਲੱਦੇ ਫੁੱਲਾਂ 'ਤੇ ਤੇਲਾ ਅਤੇ ਕਣਕ ਦੀਆਂ ਸੋਨ-ਸੁਨਿਹਰੀ ਬੱਲੀਆਂ ਨੂੰ ਨਫਰਤ ਦੀ ਕਾਂਅਗਿਆਰੀ ਪੈਣ ਨਾਲ ਉਮਰਾਂ ਦੀ ਫਸਲ ਤਬਾਹ ਹੋ ਜਾਂਦੀ ਹੈ।"

"ਯਾਰ! ਅੱਜ ਤੂੰ ਕੁਝ ਬਹੁਤੀਆਂ ਸਿਆਣੀਆਂ ਜਿਹੀਆਂ ਨਹੀਂ ਗੱਲਾਂ ਕਰਨ ਲੱਗ ਪਿਆ? ਪਰ ਇੱਕ ਗੱਲ ਤਾਂ ਹੈ, ਕਟੌਤੀਆਂ ਵਾਲਾ ਪੈਸਾ ਹੁਣ ਹੋਰ ਪਾਸੇ ਨਹੀਂ, ਸਗੋਂ 'ਔਰਤਾਂ ਵਲੋਂ ਆਦਮੀਆਂ ਵਿਰੁਧ ਹਿੰਸਾ' ਵਰਗੀਆਂ ਸੰਸਥਾਵਾਂ ਬਣਾ ਕੇ ਇਧਰ ਲਗਾਉਣਾ ਚਾਹੀਦਾ ਹੈ। ਫੇਰ ਹੀ ਸੰਤੁਲਨ ਰਹਿ ਸਕੇਗਾ।"

"ਪਰ ਬਾਈ! ਆਪਣੀ ਕੀਹਨੇ ਸੁਣਨੀ ਐ? ਆਥਣ ਹੋ ਚੱਲਿਐ, ਐਧਰ ਨੂੰ ਆ ਜਾ! ਪੈਗ-ਸ਼ੈਗ ਲਾ ਕੇ ਬਾਕੀ ਵਿਚਾਰ ਵਟਾਂਦਰਾ ਫੇਰ ਕਰਦੇ ਆਂ!"

"ਨਹੀਂ, ਅੱਜ ਨਹੀਂ! ਫੇਰ ਸਹੀ, ਹੁਣ ਤਾਂ ਮੇਰੀ ਵੀ ਧਲਿਆਰੇ ਵਾਲੇ ਬਾਬੇ ਨੇ ਛੁਡਾਈ ਹੋਈ ਆ!"

"ਧਲਿਆਰੇ ਵਾਲੇ ਨੇ ਧਲਿਆਰਾ ਪਾ ਕੇ ਸਾਥੋਂ ਕੀ ਡੋਕੇ ਲੈਣੇ ਆ? ਹੁਣ ਤਾਂ ਤੇਰੀ ਸ਼ਰਾਬ ਈ ਛੁਡਾਈ ਆ! ਮੇਰੇ ਵਾਂਗੂੰ ਫੇਰ ਨਾ ਪਛਤਾਈਂ ਜਦੋਂ ਘਰਵਾਲੀ ਵੀ ਛੁਡਾ ਦਿੱਤੀ।"

"ਨਾਲੇ, ਤੂੰ ਤਾਂ ਕਹਿੰਦਾ ਸੀ ਤੇਰੀ ਘਰਵਾਲੀ...! ਚੱਲ ਫੋਨ ਰੱਖਦੇ ਹਾਂ, ਬੈਠ ਕੇ ਗੱਲ ਕਰਾਂਗੇ।"

"ਓ ਕੇ! ਆ ਜਾ ਬਾਈ! ਕੁੰਡੇ ਵਾਲੀ ਇੰਤਜ਼ਾਰ ਕਰ ਰਹੀ ਐ!"

# ਮਾਣ ਹੁੰਦੈ ਦੁਖੀਆਂ ਦਾ ਦਰਦ ਪਛਾਣ ਮਦਦ ਕਰਨ ਵਾਲਿਆਂ 'ਤੇ



## ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ:91-98141-78883

ਜਿਊਂਦਿਆਂ ਦੀ ਸਾਰ ਲੈਣ ਨਾਲੋਂ ਮੋਇਆਂ ਦੇ ਨਾਂ ਦੇ ਪੱਥਰ ਲਵਾਉਣੇ ਕਿੰਨਾ ਅਸਾਨ ਕੰਮ ਏ। ਮੋਇਆਂ ਦੇ ਮੂੰਹ ਨੂੰ ਘਿਓ ਲਾਇਆ ਜਾਂਦੈ ਪਰ ਜਿਊਂਦਿਆਂ ਨੂੰ ਪਾਣੀ ਦਾ ਗਿਲਾਸ ਨਹੀਂ ਦਿੱਤਾ ਜਾਂਦਾ। ਤੁਰ ਗਏ ਦੇ ਨਾਂ 'ਤੇ ਗੁਰਦੁਆਰੇ ਦੇ ਕਮਰੇ ਲਈ ਪੰਜ ਹਜ਼ਾਰ ਦੇ ਮੋਟੇ ਅੱਖਰਾਂ 'ਚ ਨਾਂ ਲਿਖਾਉਣ ਦਾ ਲਾਲਚ 'ਅਮਰ' ਹੋਣ ਦਾ ਮਾਡਰਨ ਸਾਧਨ ਬਣ ਗਿਐ। ਫ਼ਰਸ਼ 'ਤੇ ਪੱਥਰ ਲੁਆ ਲੋਕਾਂ ਨੂੰ ਪੈਰਾਂ ਨਾਲ ਲਤੜਨ ਲਈ ਆਖਿਆ ਜਾਂਦੈ। ਗੁਰਦੁਆਰਿਆਂ, ਸਕੂਲਾਂ ਜਾਂ ਹੋਰ ਸਾਂਝੀਆਂ ਥਾਂਵਾਂ ਲਈ ਫਰਾਂ 'ਤੇ ਨਾਂ ਲਿਖਵਾ ਪੱਖਾ ਦਾਨ ਕੀਤਾ ਜਾਂਦੈ ਤੇ ਜਦੋਂ ਪੱਖਾ ਤੇਜ਼ ਕਰੀਦੈ ਤਾਂ ਇੰਜ ਜਾਪਦੈ ਜਿਵੇਂ ਸਬੰਧਤ ਨਾਂ ਵਾਲੇ ਬੰਦੇ ਨੂੰ ਘੁਮਾ-ਘੁਮਾ ਸੁੱਟਿਆ ਜਾਂਦਾ ਹੋਵੇ।

ਸਿਰਫ਼ 'ਮਹਾਨ' ਬਣਨ ਲਈ 'ਦਾਨ' ਦੇਣ ਦੀਆਂ ਕੋਸ਼ਿਸ਼ਾਂ ਉਦੋਂ ਤੱਕ ਜਾਰੀ ਰਹਿਣਗੀਆਂ ਜਦੋਂ ਤੱਕ 'ਚਮਕਣ' ਵਾਲੀ ਭੁੱਖ ਕਾਇਮ ਰਹੇਗੀ। ਕੋਈ ਸਰਦਾ- ਪੁੱਜਦਾ ਬੰਦਾ ਕਿਸੇ ਗਰੀਬ-ਗੁਰਬੇ ਨੂੰ ਆਟੇ ਦੀ ਬੋਰੀ ਜਾਂ ਦਸ ਕਿਲੋ ਦਾਲ਼ ਦਿੰਦੈ ਤਾਂ ਕੋਸ਼ਿਸ਼ ਉਸਦੀ ਇਹੀ ਰਹਿੰਦੀ ਏ ਕਿ ਕੱਲ੍ਹ ਦੀਆਂ ਅਖ਼ਬਾਰਾਂ ਉਸੇ ਦੇ ਨਾਂ 'ਤੇ ਛਪਣ। ਆਮ ਲੋਕਾਂ ਦੀ ਗੱਲ ਛੱਡੋ, ਸਾਡੇ ਚੁਣੇ ਪ੍ਰਤੀਨਿਧੀ ਸਾਨੂੰ ਹੀ ਚਾਰ ਰੁਪਏ ਕਿਲੋ ਆਟਾ, ਵੀਹ ਰੁਪਏ ਦਾਲ਼ ਦਿੰਦਿਆਂ ਫੋਟੋਆਂ ਖਿਚਵਾਉਣ ਤੁਰ ਪੈਂਦੇ ਨੇ। ਸਰਕਾਰੀ ਦਫ਼ਤਰਾਂ ਦੇ ਗੇੜੇ ਕੱਢ-ਕੱਢ ਹੋਸ਼ ਗੁਆ ਚੁੱਕੇ ਬਜ਼ੁਰਗਾਂ ਨੂੰ ਢਾਈ ਸੌ ਰੁਪਿਆ ਮਹੀਨਾ ਪੈਨਸ਼ਨ ਦਿੱਤੀ ਜਾਂਦੀ ਏ ਤੇ ਉਹ ਦੇਣ ਵੇ਼ਲੇ ਵੀ ਐਮ.ਐਲ.ਏ. ਬਜ਼ੁਰਗਾਂ ਨਾਲ ਇੰਜ ਫੋਟੋ ਖਿਚਵਾਉਂਦੈ, ਜਿਵੇਂ ਬਹੁਤ ਵੱਡਾ ਅਹਿਸਾਨ ਕਰ ਰਿਹਾ ਹੋਵੇ। ਕੁਦਰਤੀ ਆਫ਼ਤ ਨਾਲ ਫ਼ਸਲਾਂ ਤਬਾਹ ਹੋ ਜਾਂਦੀਆਂ ਨੇ ਤਾਂ ਮੁਆਵਜੇ ਦੇ ਨਾਂ ਤਿਲ-ਫੁੱਲ ਰਕਮ ਦਿੰਦਿਆਂ ਕਿਸਾਨਾਂ ਨਾਲ ਫੋਟੋ ਖਿਚਵਾ ਅਖ਼ਬਾਰਾਂ 'ਚ ਲਵਾਈ ਜਾਂਦੀ ਏ। ਗ਼ਰੀਬ ਕੁੜੀਆਂ ਨੂੰ ਸ਼ਗਨ ਸਕੀਮ ਲਈ ਜਿਹੜਾ ਚੈਕ ਮਿਲਦਾ ਏ, ਉਹਦੇ ਵਿਚੋਂ ਕਮਿਸ਼ਨ ਵੀ ਖਾਧਾ ਜਾਂਦੈ ਤੇ ਅਫ਼ਸਰਸ਼ਾਹੀ ਫੋਟੋ ਵੀ ਇੰਜ ਖਿਚਵਾਉਂਦੀ ਏ, ਜਿਵੇਂ ਪੁੰਨ ਦਾ ਇਹ ਕੰਮ ਉਨ੍ਹਾਂ ਆਪਣੀ ਜੇਬ 'ਚੋਂ ਕੀਤਾ ਹੋਵੇ। ਸਮਝ ਨਹੀਂ ਆਉਂਦੀ ਕਿ 'ਦਿਆਲੂ' ਬਣਨ ਦੀ ਇਹ ਕੇਹੀ ਖਿੱਚ ਏ?

ਕੁੱਝ ਸਮਾਂ ਪਹਿਲਾਂ ਆਪਣੇ ਵੇ਼ਲੇ ਦੀ ਮਸ਼ਹੂਰ ਕਬੱਡੀ ਖਿਡਾਰਨ ਜਸਪ੍ਰੀਤ ਕੌਰ ਦੀ ਹੋਣੀ ਬਾਰੇ ਲੇਖ ਲਿਖਿਆ ਸੀ। ਉਸਦੀ ਦਾਸਤਾਨ ਸੁਣਨ ਵੇ਼ਲੇ ਸਰਕਾਰਾਂ 'ਤੇ ਜਿੰਨਾ ਗੁੱਸਾ ਆ ਰਿਹਾ ਸੀ, ਉਸ ਨਾਲੋਂ ਕਿਤੇ ਵੱਧ ਉਨ੍ਹਾਂ ਖੇਡ ਕਲੱਬਾਂ 'ਤੇ ਆਉਂਦਾ ਸੀ ਜਿਹੜੀਆਂ ਸਿਰਫ਼ ਤੰਦਰੁਸਤ ਸਰੀਰਾਂ ਦੀ ਬੋਲੀ ਲਾਉਂਦੀਆਂ ਨੇ। ਕਿੰਨਾ ਦਰਦ ਸੀ ਜਸਪ੍ਰੀਤ ਦੀਆਂ ਗੱਲਾਂ 'ਚ...2002 ਤੱਕ ਕਿੰਨੀ ਫੁਰਤੀਲੀ ਖਿਡਾਰਨ ਵਜੋਂ ਜਾਣੀ ਜਾਂਦੀ ਰਹੀ ਪਰ ਪਟਿਆਲੇ 'ਚ ਮੈਚ ਦੌਰਾਨ ਜਦੋਂ ਹਰਿਆਣਵੀ ਖਿਡਾਰਨ ਨੂੰ ਜੱਫ਼ਾ ਲਾਇਆ ਤਾਂ ਰੀੜ੍ਹ ਦੀ ਹੱਡੀ ਦਾ ਮਣਕਾ ਟੁੱਟ ਗਿਆ। ਸਰਕਾਰ ਨੇ ਮਦਦ ਦਿੱਤੀ, ਅਖ਼ਬਾਰਾਂ 'ਚ ਵੀ ਚਰਚਾ ਹੋਈ। ਟੁੱਟੇ ਮਣਕੇ ਨੂੰ ਅਪ੍ਰੇਸ਼ਨ ਨਾਲ ਕੱਢ ਦਿੱਤਾ ਗਿਆ ਪਰ



*ਜਸਪ੍ਰੀਤ ਕੌਰ, ਉਸਦੀ ਮਾਤਾ, ਭੈਣ, ਭਿੰਦਰ ਸੇਖੋਂ, ਨਰਿੰਦਰਪਾਲ ਸਿੰਘ ਤੇ ਲੇਖਕ*

ਉਹ ਸਦਾ ਲਈ ਅਪਾਹਜ ਹੋ ਗਈ। ਸਰੀਰ ਦਾ ਹੇਠਲਾ ਹਿੱਸਾ ਮਰ ਗਿਆ ਤੇ ਹੁਣ ਉਸ ਨੂੰ ਵੀਲ੍ਹ ਚੇਅਰ 'ਤੇ ਬਿਠਾਉਣ ਲਈ ਵੀ ਦੋ ਜਣਿਆਂ ਦੀ ਲੋੜ ਪੈਂਦੀ ਏ। ਉਹ ਵਿਚਾਰੀ ਕੰਧ 'ਤੇ ਟੰਗੀਆਂ ਉਨ੍ਹਾਂ ਫੋਟੋਆਂ ਵੱਲ ਤੱਕਦੀ ਰਹਿੰਦੀ ਏ ਜਿਨ੍ਹਾਂ 'ਚ ਕਿਸੇ ਵੇ਼ਲੇ ਉਹ ਰੇਡ ਪਾਉਣ ਆਈਆਂ ਖਿਡਾਰਨਾਂ ਨੂੰ ਜੱਫਾ ਲਾਉਂਦੀ ਏ।

ਉਹਦੀ ਹਾਲਤ ਬਾਰੇ 'ਪੰਜਾਬ ਟਾਈਮਜ਼' ਸਮੇਤ ਕਈ ਹੋਰ ਅਖ਼ਬਾਰਾਂ 'ਚ ਲਿਖਿਆ। ਪੜ੍ਹਨ ਵਾਲਿਆਂ ਬੜੇ ਫੋਨ ਕੀਤੇ, ਇੱਕ-ਦੋ ਰੇਡੀਓ ਵਾਲਿਆਂ ਟਾਕ ਸ਼ੋਅ ਵੀ ਕਰਾਏ, ਉਸ ਨਾਲ ਹਮਦਰਦੀ ਜ਼ਾਹਰ ਕੀਤੀ ਪਰ ਫੋਕੀ ਹਮਦਰਦੀ ਨਾਲ ਜ਼ਿੰਦਗੀ ਨਹੀਂ ਨਿਕਲਦੀ। ਬਹੁਤੇ ਸੱਜਣ ਅਜਿਹੇ ਵੀ ਸਨ ਜਿਹੜੇ ਸਿਰਫ਼ ਫੋਨ ਕਰਕੇ ਦੁਖੀਆਂ ਦੇ ਦਰਦੀ ਬਣਨ ਦਾ ਭਰਮ ਪਾਲਦੇ ਪ੍ਰਤੀਤ ਹੋਏ। ਇੱਕੜ-ਦੁੱਕੜ ਸੱਜਣਾਂ ਵਾਅਦਾ ਕੀਤਾ ਕਿ ਅਸੀਂ ਉਸ ਕੁੜੀ ਦੀ ਮਦਦ ਕਰਾਂਗੇ ਤੇ ਬਾਅਦ 'ਚ ਉਨ੍ਹਾਂ ਕਰ ਵੀ ਦਿੱਤੀ।

ਇੱਕ ਸੱਜਣ ਦਾ ਫੋਨ ਆਇਆ, ਕਿਹਾ, 'ਭਿੰਦਰ ਸੇਖੋਂ ਬੋਲਦਾਂ ਟੋਰਾਂਟੋ ਤੋਂ...ਸਾਡੀ 'ਮੈਟਰੋ ਪੰਜਾਬੀ ਸਪੋਰਟਸ ਐਂਡ ਕਲਚਰਲ ਕਲੱਬ ਆਫ਼ ਟੋਰਾਂਟੋ' ਦੇ ਸਾਰੇ ਮੈਂਬਰਾਂ ਨੇ ਫ਼ੈਸਲਾ ਕੀਤੈ ਕਿ ਜਸਪ੍ਰੀਤ ਦੀ ਮਦਦ ਕਰਨੀ ਏ...ਉਹਨੂੰ ਇਲੈਕਟ੍ਰਿਕ ਵੀਲ੍ਹ ਚੇਅਰ ਲੈ ਕੇ ਦੇਣ ਦਾ ਇਰਾਦਾ ਏ...ਕੁੜੀ ਨੂੰ ਪੁੱਛਿਓ ਕਿ ਕੀ ਉਹਨੂੰ ਕਬੂਲ ਏ ਜਾਂ ਕਿਸੇ ਹੋਰ ਸਹਾਇਤਾ ਦੀ ਜ਼ਰੂਰਤ ਏ?'

ਜਸਪ੍ਰੀਤ ਨੇ ਦੱਸਿਆ ਕਿ ਉਹ ਵੀਲ੍ਹ ਚੇਅਰ ਪੱਧਰ ਥਾਂਵਾਂ 'ਤੇ ਚੱਲ ਸਕਦੀ ਏ, ਪਿੰਡਾਂ ਦੇ ਟੋਇਆਂ 'ਚ ਨਹੀਂ। ਭਿੰਦਰ ਨੂੰ ਅਗਲੇ ਦਿਨ ਜਦੋਂ ਇਸ ਸਭ ਬਾਰੇ ਦੱਸਿਆ ਤਾਂ ਉਸ ਵਾਅਦਾ ਕੀਤਾ ਕਿ ਜਦੋਂ ਪੰਜਾਬ ਆਵਾਂਗੇ, ਕੁੜੀ ਦੀ ਆਰਥਿਕ ਮਦਦ ਕਰਾਂਗੇ।

ਪਿਛਲੇ ਦਿਨੀਂ ਉਹ ਆ ਗਏ ਤੇ ਸਿੱਧੇ ਜਸਪ੍ਰੀਤ ਦੇ ਘਰ ਗਏ। ਗੱਲਾਂਬਾਤਾਂ ਸ਼ੁਰੂ ਹੋਈਆਂ, 'ਤੁਹਾਨੂੰ ਕਿਹੋ ਜਿਹੀ ਮਦਦ ਚਾਹੀਦੀ ਏ, ਮਹੀਨੇਵਾਰ, ਛਿਮਾਹੀ...ਫਿਕਸ ਡਿਪਾਜਟ ਜਾਂ ਕੋਈ ਹੋਰ?'

ਜਸਪ੍ਰੀਤ ਵੱਲੋਂ ਕੋਈ ਜਵਾਬ ਨਾ ਮਿਲਣ 'ਤੇ ਉਨ੍ਹਾਂ ਮੈਨੂੰ ਆਖਿਆ, 'ਸਾਡਾ ਨਾਂ ਅਖ਼ਬਾਰ 'ਚ ਨਹੀਂ ਆਉਣਾ ਚਾਹੀਦਾ, ਨਾ ਕੋਈ ਫੋਟੋ ਛਪਣੀ ਚਾਹੀਦੀ ਏ। ਸਾਡੀ ਕਲੱਬ ਵੱਲੋਂ ਮਹੀਨੇਵਾਰ ਮਦਦ ਵੀ ਦਿੱਤੀ ਜਾਇਆ ਕਰੇਗੀ ਤੇ ਆਹ ਸਵਾ ਲੱਖ ਰੁਪਿਆ ਅਸੀਂ ਹੁਣੇ ਦੇਣਾ ਚਾਹੁੰਦੇ ਹਾਂ।'

ਜਸਪ੍ਰੀਤ ਨੂੰ ਚੁੱਕ ਗੱਡੀ 'ਚ ਬਿਠਾਇਆ ਤੇ ਫ਼ਰੀਦਕੋਟ ਉਸ ਦੇ ਅਕਾਊਂਟ 'ਚ ਪੈਸੇ ਜਮ੍ਹਾਂ ਕਰਵਾਏ। ਉਨ੍ਹਾਂ ਦੇ ਜਜ਼ਬੇ ਨੂੰ ਦੇਖ ਰਸ਼ਕ ਹੋਣੋਂ ਨਾ ਰਹਿ ਸਕਿਆ। ਭਾਵੇਂ ਇਹ ਸਭ ਲਿਖਣਾ ਉਨ੍ਹਾਂ ਦੇ ਕਹਿਣ ਦੇ ਉਲਟ ਹੈ ਪਰ ਮਨ ਚਾਹੁੰਦੈ ਕਿ ਉਨ੍ਹਾਂ ਬਾਰੇ ਜ਼ਰੂਰ ਲਿਖਿਆ ਜਾਵੇ, ਜਿਹੜੇ ਕਿਸੇ ਨਾਲ ਖੜ੍ਹਨ ਵੇ਼ਲੇ ਚਾਹੁੰਦੇ ਨੇ ਕਿ ਇਸ ਗੱਲ ਦਾ ਭੇਦ ਨਾ ਖੁੱਲ੍ਹੇ, ਕੋਈ ਉਨ੍ਹਾਂ ਦੀ ਸ਼ਰਧਾ ਨੂੰ ਦਿਖਾਵਾ ਨਾ ਸਮਝੇ। ਉਹ ਗੁਪਤ ਚਾਹੁੰਦੇ ਨੇ ਪਰ ਇਹ ਸਭ ਜਨਤਕ ਕਰਨਾ ਇਸ ਲਈ ਜ਼ਰੂਰੀ ਹੋ ਜਾਂਦੈ ਤਾਂ ਜੁ ਹੋਰਨਾਂ ਨੂੰ ਪਤਾ ਲੱਗੇ ਕਿ ਮੰਦਰਾਂ, ਮਸੀਤਾਂ, ਗੁਰਦੁਆਰਿਆਂ ਨੂੰ ਸੰਗਮਰਮਰੀ ਬਣਾਉਣ ਨਾਲੋਂ ਕਿਤੇ ਵੱਧ ਕੰਮ ਜਿਊਂਦਿਆਂ ਦਾ ਦਰਦ ਪਛਾਣਨਾ ਏ।

ਭਿੰਦਰ ਤੇ ਨਰਿੰਦਰਪਾਲ ਸਿੰਘ ਗੋਪ ਫੋਟੋ ਖਿਚਵਾਉਣ ਤੋਂ ਵੀ ਮਨ੍ਹਾਂ ਕਰਦੇ ਰਹੇ। ਵਾਰ-ਵਾਰ ਕਹਿਣ 'ਤੇ ਉਹ ਮਸੀਂ ਮੰਨੇ। ਉਨ੍ਹਾਂ ਦੇ ਕਹੇ ਮੁਤਾਬਕ ਉਹ ਫੋਟੋ ਨਹੀਂ ਛਪਵਾ ਰਹੇ, ਜਿਹੜੀ 'ਚ ਉਹ ਪੈਸੇ ਫੜਾਉਂਦੇ ਨੇ। ਜਦੋਂ ਉਨ੍ਹਾਂ ਨੂੰ ਫੋਟੋ ਲਈ ਮਜਬੂਰ ਕੀਤਾ ਤਾਂ ਕਹਿਣਾ ਮੰਨ ਮੈਨੂੰ ਵੀ ਨਾਲ ਖੜ੍ਹਨਾ ਪਿਆ।

ਮਨ ਨੂੰ ਤਸੱਲੀ ਹੁੰਦੀ ਏ, ਜਦੋਂ ਲਿਖਤ 'ਤੇ ਗੌਰ ਕਰਦਿਆਂ ਦਾਨੀ ਸੱਜਣ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਂਦੇ ਨੇ ਤੇ ਇਸ ਤੋਂ ਵੀ ਵੱਡੀ ਖੁਸ਼ੀ ਇਸ ਗੱਲ ਦੀ ਏ ਕਿ ਉਨ੍ਹਾਂ ਅੱਜ ਤੱਕ ਇਹ ਨਹੀਂ ਆਖਿਆ ਸਾਡਾ ਨਾਂ ਫ਼ਲਾਣੇ ਅਖ਼ਬਾਰ 'ਚ ਜ਼ਰੂਰ ਦਿਓ, ਸਾਡਾ ਜ਼ਿਕਰ ਰੇਡੀਓ 'ਤੇ ਕਰੋ।

ਆਪਣੇ ਵੇ਼ਲੇ ਦਾ ਪ੍ਰਸਿੱਧ ਗਾਇਕ ਜੋਗਿੰਦਰ ਸਿੰਘ ਮਤਵਾਲਾ ਰਿਕਸ਼ਾ ਚਲਾਉਂਦਿਆਂ ਬੱਸ ਦੀ ਲਪੇਟ 'ਚ ਆ ਕੇ ਬਾਂਹ ਤੁੜਵਾ ਬੈਠਾ ਤਾਂ ਕੋਟਕਪੂਰੇ ਦੇ ਬੱਸ ਅੱਡੇ 'ਚ ਬੈਠਾ ਉਹ ਕੁਰਲਾ ਰਿਹਾ ਸੀ। ਪਲੱਸਤਰ ਜੋਗੇ ਵੀ ਪੈਸੇ ਨਹੀਂ ਸਨ ਉਸ ਕੋਲ। ਉਸ ਦੀ ਪੰਜਾਬੀ ਗਾਇਕੀ ਨੂੰ ਦੇਣ ਕਿੰਨੀ ਵੱਡੀ ਏ ਤੇ ਉਹ ਮੌਜੂਦਾ ਸਮੇਂ ਕਿਹੜੇ ਹਾਲ 'ਚ ਏ, ਇਹਦੇ ਬਾਰੇ ਅਖ਼ਬਾਰਾਂ 'ਚ ਲਿਖਿਆ ਤਾਂ ਕਈ ਸੱਜਣਾਂ ਮਦਦ ਭੇਜੀ। ਜਦੋਂ ਦੋ ਕੁ ਹਫ਼ਤਿਆਂ ਬਾਅਦ ਉਸ ਨੂੰ 33 ਹਜ਼ਾਰ ਰੁਪਿਆ ਫੜਾਉਣ ਗਿਆ ਤਾਂ ਉਸ ਨੇ ਦੱਸਿਆ ਕਿ ਕਈ ਹੋਰ ਸੱਜਣ ਉਸ ਨੂੰ ਲੱਭ ਕੇ ਮਦਦ ਕਰ ਗਏ। ਉਨ੍ਹਾਂ ਦੇ ਨਾਂ ਵੀ ਨਹੀਂ ਪਤਾ ਤੇ ਥਾਂ ਵੀ ਨਹੀਂ।

'84 ਦੇ ਦੰਗਿਆਂ ਮੌਕੇ ਆਪਣੇ ਪਰਿਵਾਰ ਦੇ ਸੱਤ ਜੀਅ ਗੁਆ ਬੈਠਾ ਹਰਵਿੰਦਰ ਸਿੰਘ ਲਾਡੀ, ਜਿਹੜਾ ਹੁਣ ਜਲੰਧਰ ਕਿਰਾਏ ਦੇ ਮਕਾਨ 'ਚ ਰਹਿ ਤੂੰਬੀਆਂ ਬਣਾ ਗੁਜ਼ਾਰਾ ਕਰਦੈ, ਬਾਰੇ ਲਿਖਿਆ ਤਾਂ ਇੱਕ ਸੱਜਣ ਨੇ ਉਸਦੀ ਮਦਦ ਕੀਤੀ। ਲੱਖੀ ਵਣਜਾਰਾ ਦੀ ਮਦਦ ਵੀ ਹੋਈ ਤੇ ਅਮਰ ਸਿੰਘ ਮਸਤਾਨਾ ਦੀ ਵੀ। 'ਸੁਰਾਂ ਦੇ ਵਾਰਿਸ' ਕਿਤਾਬ ਪੜ੍ਹ ਜਲੰਧਰ ਦੇ 'ਮਾਈ ਐਫ਼.ਐਮ.' ਰੇਡੀਓ ਨੇ ਉਨ੍ਹਾਂ ਕਲਾਵਾਨਾਂ ਵਿਚੋਂ ਜ਼ਿਆਦਾ ਮੰਦੜੇ ਹਾਲ ਪੰਜ ਜਣਿਆਂ ਨੂੰ ਇਕਵੰਜਾ-ਇਕਵੰਜਾ ਸੌ ਨਾਲ ਸਨਮਾਨਿਤ ਵੀ ਕੀਤਾ ਤੇ ਸਟੇਜ 'ਤੇ ਮੁੜ ਗਾਉਣ ਦਾ ਮੌਕਾ ਵੀ ਦਿੱਤਾ। ਕਿੰਨਾ ਨੂਰ ਸੀ ਉਨ੍ਹਾਂ ਦੇ ਚਿਹਰਿਆਂ 'ਤੇ, ਕਿਵੇਂ ਹੁੱਬਕੀਂ ਰੋਏ ਸਨ ਉਹ ਉਸ ਦਿਨ।

ਇਹ ਸਭ ਲਿਖਣ ਦਾ ਕਾਰਨ 'ਮਹਾਨਤਾ' ਦੀ ਫੀਤੀ ਦੀ ਭੁੱਖ ਵੀ ਨਹੀਂ, 'ਦੁਖੀਆਂ ਦਾ ਦਰਦੀ' ਬਣਨ ਦੀ ਲਿੱਲ੍ਹ ਵੀ ਨਹੀਂ ਤੇ ਖੁਦ ਨੂੰ 'ਸ਼ਾਬਾਸ਼' ਦੇਣਾ ਵੀ ਨਹੀਂ। ਬਸ ਉਨ੍ਹਾਂ ਸੱਜਣਾਂ ਨੂੰ ਸਲਾਮ ਕਰਨ ਨੂੰ ਮਨ ਕਰਦੈ, ਜਿਹੜੇ ਦੁਖੀਆਂ ਬਾਰੇ ਪੜ੍ਹ ਉਨ੍ਹਾਂ ਦੀ ਮਦਦ ਲਈ ਨਿੱਤਰ ਆਉਂਦੇ ਨੇ। ਉਨ੍ਹਾਂ ਨੂੰ ਕਦੇ ਦੇਖਿਆ ਨਹੀਂ ਹੁੰਦਾ, ਉਹ ਕੀ ਕਰਦੇ ਨੇ, ਕੁੱਝ ਪਤਾ ਨਹੀਂ ਹੁੰਦਾ, ਬਸ ਉਨ੍ਹਾਂ ਅੰਦਰਲੀ ਹਮਦਰਦੀ 'ਤੇ ਰਸ਼ਕ ਹੋਣ ਲੱਗਦੈ। ਜੇ ਪੰਜਾਬ ਦਾ ਕੋਈ ਲੀਡਰ, ਸਮਾਜ ਸੇਵੀ ਸੰਸਥਾ, ਧਾਰਮਿਕ ਸੰਸਥਾ ਜਾਂ ਹੋਰ ਇਹੋ ਜਿਹੀ ਮਦਦ ਕਰੇ ਤਾਂ ਸਭ ਤੋਂ ਪਹਿਲਾਂ ਪੱਤਰਕਾਰਾਂ ਨੂੰ ਸੱਦੇਗਾ, ਵਧੀਆ ਵਧੀਆ ਪੋਚ ਬਣਾ ਮਦਦ ਦਿੰਦਿਆਂ ਦੀਆਂ ਫੋਟੋਆਂ ਖਿਚਵਾਏਗਾ ਤੇ ਜਿਹੜੇ ਅਖ਼ਬਾਰ 'ਚ ਅਗਲੇ ਦਿਨ ਨਹੀਂ ਛਪੇਗੀ, ਉਸ ਦੇ ਪੱਤਰਕਾਰ ਨਾਲ ਨਰਾਜ਼ਗੀ ਜ਼ਾਹਰ ਕਰੇਗਾ ਪਰ ਧੰਨ ਨੇ ਇਹ ਲੋਕ, ਜਿਹੜੇ ਨਾਂ ਦੀ ਭੁੱਖ ਤੋਂ ਕੋਹਾਂ ਦੂਰ ਨੇ ਤੇ ਦਸਵੰਧ ਗਰੀਬ-ਗੁਰਬਿਆਂ ਲਈ ਇਸ ਕਰਕੇ ਕੱਢਦੇ ਨੇ ਕਿ ਉਹ ਵੀ ਸਾਡੇ ਸਮਾਜ ਦਾ ਹਿੱਸਾ ਨੇ। ਇਹ ਲੋਕ ਜਾਣਦੇ ਨੇ ਕਿ ਗ਼ਰੀਬੀ ਸਭ ਤੋਂ ਵੱਡੀ ਲਾਹਨਤ ਹੈ ਤੇ ਇਸ ਦਾ ਟਾਕਰਾ ਸਰਕਾਰ 'ਤੇ ਟੇਕ ਰੱਖਿਆਂ ਨਹੀਂ, ਸਗੋਂ ਆਪਣੇ ਬਲਬੂਤੇ ਹੀ ਕੀਤਾ ਜਾ ਸਕਦੈ।

## ਸੰਪਾਦਕ ਦੀ ਡਾਕ

### ਵਾਹਿਗੁਰੂ ਅੱਗੇ ਅਰਦਾਸ

ਪਿਆਰੇ ਵੀਰ ਜੀ,

ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਅਤੇ ਸਮਾਜਿਕ ਤੇ ਸਭਿਆਚਾਰਕ ਸੰਸਥਾਵਾਂ ਵਲੋਂ ਪੰਜਾਬ ਟਾਈਮਜ਼ ਨੂੰ ਇਸ ਮੁਕਾਮ 'ਤੇ ਪਹੁੰਚਾਉਣ ਲਈ ਤੁਹਾਡੀ ਘਾਲਣਾ ਦੇ ਸਤਿਕਾਰ ਵਜੋਂ ਕੀਤੇ ਗਏ ਸਨਮਾਨ ਬਾਰੇ ਅਖਬਾਰ ਵਿਚ ਰਿਪੋਰਟ ਅਤੇ ਤਸਵੀਰਾਂ ਵੇਖੀਆਂ। ਮੇਰੇ ਵਲੋਂ ਵੀ ਆਪ ਜੀ ਨੂੰ ਬਹੁਤ ਬਹੁਤ ਵਧਾਈ। ਸੱਚਮੁੱਚ ਹੀ ਆਪ ਜੀ ਨੇ ਇਸ ਅਖਬਾਰ ਨੂੰ ਇਕ ਬਹੁਤ ਹੀ ਵਧੀਆ ਅਖਬਾਰ ਦੇ ਤੌਰ 'ਤੇ ਸਥਾਪਤ ਕਰ ਦਿਤਾ ਹੈ ਜਿਸ ਦੀ ਮੈਨੂੰ ਅਤੇ ਮੇਰੇ ਵਰਗੇ ਹੋਰ ਹਜ਼ਾਰਾਂ ਪਾਠਕਾਂ ਨੂੰ ਹਰ ਹਫਤੇ ਉਡੀਕ ਰਹਿੰਦੀ ਹੈ ਪਰ ਤਸਵੀਰਾਂ ਵਿਚ ਆਪ ਜੀ ਨੂੰ ਵ੍ਹੀਲ ਚੇਅਰ ਵਿਚ ਬੈਠਿਆਂ ਵੇਖ ਕੇ ਮਨ ਨੂੰ ਥੋੜ੍ਹਾ ਸਦਮਾ ਲੱਗਾ। ਮੈਨੂੰ ਪਤਾ ਨਹੀਂ ਸੀ ਕਿ ਆਪ ਜੀ ਦੀ ਸਿਹਤ ਇੰਨੀ ਖਰਾਬ ਹੈ। ਮੈਂ ਤੁਹਾਡੇ ਸਿਰੜ ਅਤੇ ਨਿਸ਼ਚੇ ਦੀ ਸਰਾਹਨਾ ਕਰਦਾ ਹਾਂ ਕਿ ਆਪ ਨੇ ਸਰੀਰਕ ਮਜਬੂਰੀਆਂ ਦੇ ਬਾਵਜੂਦ ਅਖਬਾਰ ਨੂੰ ਨਵੀਆਂ ਮੰਜ਼ਿਲਾਂ 'ਤੇ ਪਹੁੰਚਾਇਆ ਹੈ। ਪਰਮਾਤਮਾ ਅੱਗੇ ਦਿਲ ਦੀ ਗਹਿਰਾਈ ਤੋਂ ਅਰਦਾਸ ਹੈ ਕਿ ਆਪ ਜੀ ਨੂੰ ਤੰਦਰੁਸਤੀ ਅਤੇ ਪੂਰੀ ਚੜ੍ਹਦੀ ਕਲਾ ਬਖਸ਼ੇ। ਨਕਲੀ ਤਾਂਤਰਿਕ ਬਾਬਿਆਂ ਬਾਰੇ ਇਕ ਰਚਨਾ ਵੀ ਭੇਜ ਰਿਹਾਂ। ਉਮੀਦ ਹੈ ਛਾਪ ਕੇ ਧੰਨਵਾਦੀ ਬਣਾਓਗੇ।

#### ਇਕ ਫੋਨ ਕਰੋ

ਚਲਦਾ ਹੋਵੇ ਕੇਸ ਕਚਹਿਰੀ
ਬਹੁੜੀਆਂ ਪਾਉਂਦਾ ਵੇਖਿਓ ਵੈਰੀ
ਪੈਰੀਂ ਡਿੱਗੂ ਕਿੰਨਾ ਜ਼ਹਿਰੀ
ਕਿਸਮਤ ਨੂੰ ਅਜ਼ਮਾਓ।
ਦੁੱਖ ਦੂਰ ਕਰ ਦਿਆਂਗੇ,
ਸਾਨੂੰ ਇਕ ਵਾਰੀ ਫੋਨ ਮਿਲਾਓ।

ਰਹਿੰਦਾ ਹੋਵੇ ਪਤੀ ਸ਼ਰਾਬੀ
ਜਾਂ ਹੋਰ ਦੇ ਪਿੱਛੇ ਲੱਗਿਆ।
ਉਹ ਵੀ ਆ ਜੂ ਗੁੱਸੇ ਹੋਇਆ
ਜੇ ਹੋਵੇ ਧੀ-ਪੁੱਤ ਭੱਜਿਆ।
ਫੀਸ ਆਉਂਦੀ ਰਹੂ ਮਗਰੋਂ
ਪਹਿਲਾਂ ਮੁਸ਼ਕਲ ਹੱਲ ਕਰਾਓ।

ਕੁੱਖ ਸੁਲੱਖਣੀ ਕਿਵੇਂ ਨ੍ਹੀਂ ਹੁੰਦੀ
ਸਾਡੀ ਫੁੱਲ ਗਾਰੰਟੀ।
ਕੋਈ ਦੁਖਿਆਰੀ ਬੀਬਾ ਨੂੰ ਜੇ
ਸੱਸ ਤੋਂ ਮਿਲਦੀ ਭੰਡੀ।
ਵੇਖਿਓ ਪਾਣੀ ਭਰਦੀ ਨੂੰ
ਨਾ ਸਹੁਰੇ ਤੋਂ ਘਬਰਾਓ।

ਪਿਆਰ 'ਚ ਧੋਖਾ ਦੇ ਗਿਆ ਹੋਵੇ
ਬਣ ਕੇ ਦਿਲਬਰ ਜਾਨੀ।
ਕਾਲਾ ਜਾਦੂ ਸਿਰ ਚੜ੍ਹ ਬੋਲੂ
ਯਾਦ ਕਰੂਗਾ ਨਾਨੀ।
ਸਕਾ ਸਬੰਧੀ ਸੜਦਾ ਹੈ ਜੇ
ਅੱਜ ਹੀ ਯੱਬ ਮੁਕਾਓ।

ਚਿੱਟੀ ਦਾੜ੍ਹੀ ਲਾ ਕੇ ਨਕਲੀ
ਪੇਪਰ ਵਿਚ ਛਪਵਾਉਂਦੇ।
ਠੱਗ ਆਖਦੇ ਠੱਗੇ ਨਾ ਜਾਇਓ
ਕਹਿ ਕਹਿ ਗਾਹਕ ਫਸਾਉਂਦੇ।
ਲਾਟੋ ਦਾ ਵੀ ਨੰਬਰ ਲੱਕੀ
ਆ ਜਾਓ, ਦੇਰ ਨਾ ਲਾਓ।

ਚੀਮਨੇ ਇਕ ਬਾਬਾ ਘਰ ਵਿਚ
ਬੈਠਾ ਨੋਟ ਬਣਾਵੇ।
ਕਹੇ 'ਰਾਜ' ਨੂੰ ਕੀ ਕਰਾਂ?
ਕੋਈ ਕੰਮ ਲੋਟ ਨਾ ਆਵੇ।
ਚਾਹਾਂ ਧਰੀਆਂ, ਪੀ ਕੇ ਜਾਇਓ
ਰੌਲਾ ਨਾ ਬੱਸ ਪਾਓ।

***-ਰਾਜ ਧਾਲੀਵਾਲ***
***ਟੈਫਟ, ਕੈਲੀਫੋਰਨੀਆ।***

---

### ਫੱਕੀ ਤੋਂ ਡਰਨ ਫਰਿਸ਼ਤੇ

ਸੰਪਾਦਕ ਜੀ,

ਮੇਰੀ ਲੰਮੀ ਲਿਖਤ 'ਮੇਰੀ ਫੱਕੀ ਤੋਂ ਡਰਨ ਫਰਿਸ਼ਤੇ' ਛਾਪਣ ਲਈ ਬਹੁਤ ਬਹੁਤ ਧੰਨਵਾਦ। ਮੈਨੂੰ ਇਸ ਲਿਖਤ ਦੇ ਛਪਣ ਤੋਂ ਬਾਅਦ ਪਾਠਕਾਂ ਤੋਂ ਬਹੁਤ ਹੀ ਭਰਵਾਂ ਅਤੇ ਉਤਸ਼ਾਹਜਨਕ ਹੁੰਗਾਰਾ ਮਿਲਿਆ ਹੈ। ਕਰੀਬ ਕਰੀਬ ਪੂਰੇ ਉਤਰੀ ਅਮਰੀਕਾ ਤੋਂ ਪਾਠਕਾਂ ਦੇ ਫੋਨ ਆਏ ਹਨ ਅਤੇ ਉਹ ਜਾਨਣਾ ਚਾਹੁੰਦੇ ਸਨ ਕਿ ਕੀ ਇਹ ਕਹਾਣੀ ਸੱਚੀ ਹੈ। ਉਹ ਕੁਦਰਤ ਦੇ ਵਰਤਾਰਿਆਂ ਤੋਂ ਬਲਹਾਰ ਜਾ ਰਹੇ ਸਨ। ਕਈ ਲੋਕਾਂ ਨੂੰ ਹੋਮਿਓਪੈਥੀ ਬਾਰੇ ਸਵਾਲ ਸਨ। ਇਨ੍ਹਾਂ ਲੋਕਾਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਅਖਬਾਰ ਵਿਚ ਇਹ ਕਹਾਣੀ ਕਿੱਦਾਂ ਪੜ੍ਹੀ। ਜਾਪਦਾ ਹੈ ਕਿ ਪੰਜਾਬ ਟਾਈਮਜ਼ ਅਖਬਾਰ ਨੂੰ ਪਾਠਕ ਬਹੁਤ ਉਚਾ ਮਾਣ ਸਨਮਾਨ ਦਿੰਦੇ ਹਨ ਅਤੇ ਉਹ ਇਸ ਨੂੰ ਮਹਿਜ ਜਾਣਕਾਰੀ ਅਤੇ ਮਨੋਰੰਜਨ ਲਈ ਨਹੀਂ ਪੜ੍ਹਦੇ ਸਗੋਂ ਗਿਆਨ ਹਾਸਲ ਕਰਨ ਲਈ ਪੜ੍ਹਦੇ ਹਨ। ਉਹ ਇਹ ਅਖਬਾਰ ਆਪਣੇ ਕੰਮ 'ਤੇ ਨਾਲ ਲੈ ਕੇ ਜਾਂਦੇ ਹਨ, ਟੈਕਸੀਆਂ ਵਿਚ ਰੱਖਦੇ ਹਨ, ਗੱਡੀ ਦੇ ਸਫਰ ਵਿਚ ਨਾਲ ਲੈ ਕੇ ਜਾਂਦੇ ਹਨ, ਟਰੱਕਾਂ ਵਿਚ ਆਪਣੇ ਕੋਲ ਰੱਖਦੇ ਹਨ ਅਤੇ ਆਪਣੇ ਰਿਸ਼ਤੇਦਾਰਾਂ, ਮਿੱਤਰਾਂ ਦੋਸਤਾਂ ਨੂੰ ਵੀ ਇਹ ਅਖਬਾਰ ਪੜ੍ਹਨ ਲਈ ਉਤਸ਼ਾਹਿਤ ਕਰਦੇ ਹਨ। ਪਾਠਕਾਂ ਦੀਆਂ ਗੱਲਾਂ ਤੋਂ ਮੈਨੂੰ ਇਹ ਵੀ ਪੱਕ ਹੋਇਆ ਹੈ ਕਿ ਉਹ ਇਸ ਅਖਵਾਰ ਨੂੰ ਪਹਿਲੇ ਤੋਂ ਅਖੀਰਲੇ ਪੰਨੇ ਤੱਕ ਬੜੀ ਗੰਭੀਰਤਾ ਨਾਲ ਪੜ੍ਹਦੇ ਹਨ। ਮੇਰੇ ਵਲੋਂ ਤੁਹਾਨੂੰ ਅਜਿਹੀ ਬਾਕਮਾਲ ਸੰਸਥਾ ਖੜ੍ਹੀ ਕਰਨ ਲਈ ਬਹੁਤ ਬਹੁਤ ਵਧਾਈ। ਪਾਠਕਾਂ ਵਾਸਤੇ ਸਹੀ ਅਤੇ ਲਾਹੇਵੰਦ ਸਮੱਗਰੀ ਜੁਟਾਉਣ ਦੀ ਤੁਹਾਡੀ ਅੰਤਰਦ੍ਰਿਸ਼ਟੀ ਕਾਬਲੇ ਤਾਰੀਫ ਹੈ।

***-ਗੋਬਿੰਦਰ ਸਿੰਘ ਸਮਰਾਓ***
***ਫੋਨ: 408-991-4249***
*gosamrao@yahoo.com*

---

### ਸਾਂਭਣਯੋਗ ਅਖਬਾਰ

ਸੰਪਾਦਕ ਸਾਹਿਬ,

ਪੰਜਾਬ ਟਾਈਮਜ਼ ਅਖਬਾਰ ਬੇਸ਼ਕ ਹਰ ਹਫਤੇ ਨਹੀਂ ਮਿਲਦਾ ਕਿਉਂਕਿ ਅਸੀਂ ਵੱਡੇ ਸ਼ਹਿਰਾਂ ਤੋਂ ਥੋੜ੍ਹਾ ਦੂਰ ਰਹਿੰਦੇ ਹਾਂ ਪਰ ਇਸ ਦਾ ਹਰ ਅੰਕ ਸਾਂਭਣਯੋਗ ਹੁੰਦਾ ਹੈ। ਸ. ਤਰਲੋਚਨ ਸਿੰਘ ਦੁਪਾਲਪੁਰ ਦੀਆਂ ਲਿਖਤਾਂ ਕਮਾਲ ਦੀਆਂ ਹੁੰਦੀਆਂ ਹਨ। ਅਸ਼ੋਕ ਭੌਰਾ ਵੀ ਵਧੀਆ ਲਿਖਦਾ ਹੈ।

ਗੁਰੂ ਘਰਾਂ ਦੇ ਝਗੜਿਆਂ ਬਾਰੇ ਕੁਝ ਲੇਖ ਜ਼ਰੂਰ ਛਾਪਿਆ ਕਰੋ ਤਾਂ ਜੋ ਝਗੜੇ ਕਰਨ ਵਾਲਿਆਂ ਨੂੰ ਅਕਲ ਦੀ ਗੱਲ ਸਮਝ ਆ ਸਕੇ। ਜਿਸ ਤਰ੍ਹਾਂ ਗੁਰੂ ਘਰਾਂ ਵਿਚ ਝਗੜੇ ਵਧ ਰਹੇ ਹਨ ਅਤੇ ਪੱਗਾਂ ਉਛਾਲੀਆਂ ਜਾ ਰਹੀਆਂ ਹਨ, ਉਸ ਤੋਂ ਤਾਂ ਇਹ ਜਾਪਦਾ ਹੈ ਕਿ ਕਦੀ ਜੋੜੇ ਘਰਾਂ ਵਾਂਗ ਦਸਤਾਰ ਘਰ ਵੀ ਬਣਾਉਣੇ ਪੈਣਗੇ ਤਾਂ ਜੋ ਲੜਾਈਆਂ ਕਰਨ ਵਾਲੇ ਗੁਰੂ ਦੀ ਬਖਸ਼ੀ ਇਸ ਦਾਤ ਦੀ ਹੇਠੀ ਨਾ ਕਰ ਸਕਣ।

***-ਰਾਜਿੰਦਰਪਾਲ ਸਿੰਘ***

---

### ਪਾਖੰਡਵਾਦ ਵਿਰੁਧ ਮੁਹਿੰਮ

ਪਾਖੰਡਵਾਦ ਵਿਰੁਧ ਫੇਸਬੁੱਕ 'ਤੇ "ਸੰਤਾਂ ਦੇ ਕੌਤਕ" ਗਰੁੱਪ ਦੀ ਚਰਚਾ ਜ਼ੋਰਾਂ 'ਤੇ। ਧਰਮ ਦੇ ਨਾਂ 'ਤੇ ਆਪੇ ਬਣੇ ਮਹਾਂਪੁਰਸ਼ਾਂ, 108 ਤੋਂ ਲੈ ਕੇ 1000008 ਤੱਕ ਦੀਆਂ ਨੰਬਰ ਪਲੇਟਾਂ ਵਾਲੇ ਬਾਬਿਆਂ ਵੱਲੋਂ ਲੋਕਾਂ ਨੂੰ 'ਸਹੀ ਰਸਤੇ' ਜਾਂ ਸੁਰਗਾਂ ਨੂੰ ਸਿੱਧੀ ਪੌੜੀ ਲਾ ਕੇ ਦੇਣ ਦੇ ਨਾਂ 'ਤੇ ਕੀਤੀ ਜਾ ਰਹੀ ਲੁੱਟ ਖਿਲਾਫ ਕੁਝ ਕੁ ਜਾਗਰੂਕ ਲੋਕਾਂ ਨੇ 'ਸ਼ੋਸਲ ਨੈਟਵਰਕ' ਫੇਸਬੁੱਕ ਜ਼ਰੀਏ "ਸੰਤਾਂ ਦੇ ਕੌਤਕ" ਨਾਂ ਦਾ ਗਰੁੱਪ ਬਣਾ ਕੇ ਆਪਣਾ ਪ੍ਰਚਾਰ ਆਰੰਭਿਆ ਹੋਇਆ ਹੈ। ਇਸ ਗਰੁੱਪ 'ਚ ਸ਼ਾਮਲ ਹੋਏ ਮੈਂਬਰਾਂ ਵੱਲੋਂ ਆਪਣੇ ਆਪ ਨੂੰ 'ਮਹਾਂਪੁਰਸ਼' ਅਖਵਾਉਂਦੇ ਅਤੇ ਵੱਡੀਆਂ ਵੱਡੀਆਂ ਮੱਤਾਂ ਦਿੰਦੇ ਬਾਬਿਆਂ ਦੀ ਨਿੱਜੀ ਜ਼ਿੰਦਗੀ ਨਾਲ ਸੰਬੰਧਤ ਤਸਵੀਰਾਂ ਵੀ ਪਾਈਆਂ ਜਾ ਰਹੀਆਂ ਹਨ। ਜਿਹੜੀਆਂ ਇਹ ਦੱਸਣ ਲਈ ਕਾਫੀ ਹਨ ਕਿ ਲੋਕਾਂ ਨੂੰ ਸੁਰਗਾਂ ਦੀ ਟਿਕਟ ਦੇਣ ਦੇ ਨਾਂ 'ਤੇ ਬਾਬੇ ਕਿਵੇਂ ਰਾਜਿਆਂ ਵਰਗੀ ਸ਼ਾਹੀ ਜ਼ਿੰਦਗੀ ਜਿਉਂਦੇ ਹਨ। ਸਿੱਖੀ ਦੇ ਨਾਂ 'ਤੇ ਕਿਵੇਂ ਸਿੱਖੀ ਨੂੰ ਹੀ ਅਮਰਵੇਲ ਵਾਂਗ ਚਿੰਬੜੇ ਹੋਏ ਹਨ... ਗਰੁੱਪ ਦੇ ਮੈਂਬਰ ਬਣਿਆਂ ਪਤਾ ਚੱਲਦੈ। ਬਹੁਤ ਹੀ ਥੋੜ੍ਹੇ ਜਿਹੇ ਸਮੇਂ ਵਿਚ ਗਰੁੱਪ ਦੇ ਮੈਂਬਰਾਂ ਦੀ ਗਿਣਤੀ ਤਿੰਨ ਹਜਾਰ ਤੋਂ ਵੀ ਟੱਪ ਚੁੱਕੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਤਰਕਸ਼ੀਲ ਸੁਸਾਇਟੀਆਂ ਵੀ ਅਜਿਹੇ ਪਾਖੰਡਵਾਦ ਵਿਰੁਧ ਆਵਾਜ ਬੁਲੰਦ ਕਰਦੀਆਂ ਆ ਰਹੀਆਂ ਹਨ। ਚੇਤਨਤਾ ਫੈਲਾਉਣ ਦੇ ਉਸ ਰਾਹ 'ਚ ਵੀ ਸਰਕਾਰ ਨੇ ਅਜਿਹਾ ਬੰਨ੍ਹ ਮਾਰਨ ਦਾ ਯਤਨ ਕੀਤਾ ਕਿ ਕੁੱਝ ਤਰਕਸ਼ੀਲ ਕਿਤਾਬਾਂ ਉਪਰ ਪਾਬੰਦੀ ਲਗਾ ਦਿੱਤੀ ਗਈ ਸੀ। ਨਾਸਤਿਕ ਜਾਂ ਆਸਤਿਕ ਹੋਣਾ ਕਿਸੇ ਦਾ ਵੀ ਨਿੱਜੀ ਮਸਲਾ ਹੈ ਪਰ ਲੋਕਾਂ ਨੂੰ ਪਾਖੰਡਵਾਦ ਖਿਲਾਫ ਜਾਗਰੂਕ ਕਰਨਾ ਵੀ ਨਿੱਗਰ ਸੋਚ ਦਾ ਹਿੱਸਾ ਹੈ। ਤਰਕਸ਼ੀਲਾਂ ਵੱਲੋਂ ਸਿਰਫ ਪੰਜਾਬ ਹੀ ਨਹੀਂ ਸਗੋਂ ਦੂਜੇ ਸੂਬਿਆਂ ਦੇ ਬਾਬਿਆਂ ਦੇ ਪਾਖੰਡ ਵੀ ਨੰਗੇ ਕੀਤੇ ਗਏ ਸਨ। ਹੁਣ ਆਮ ਲੋਕਾਂ ਵੱਲੋਂ "ਸੰਤਾਂ ਦੇ ਕੌਤਕ" ਗਰੁੱਪ ਰਾਹੀਂ ਲੋਕਾਂ ਨੂੰ ਜਾਗਰੂਕ ਕਰਨਾ ਵੀ ਇੱਕ ਚੰਗਾ ਸ਼ਗਨ ਹੈ। ਚੇਤਨਾ ਫੈਲਾਉਣ ਦੇ ਰਾਹ ਤੁਰੇ ਲੋਕਾਂ ਨੂੰ ਸਲਾਮ।

***-ਦਰਸ਼ਨ ਬਸਰਾਓਂ।***

# ਥਿਏਟਰ ਤੇ ਸਿਨੇਮਾ ਦੇ ਯੁੱਗ ਪੁਰਸ਼

# ਪ੍ਰਿਥਵੀਰਾਜ ਕਪੂਰ



ਭਾਰਤੀ ਸਿਨੇਮਾ ਦੇ ਇਤਿਹਾਸ 'ਚ ਬਹੁਤ ਘੱਟ ਅਜਿਹੇ ਅਦਾਕਾਰ ਹੋਏ ਹਨ ਜਿਨ੍ਹਾਂ ਨੇ ਫ਼ਿਲਮਾਂ ਤੇ ਰੰਗਮੰਚ 'ਚ ਬਰਾਬਰ ਦਾ ਯੋਗਦਾਨ ਪਾਇਆ। ਪ੍ਰਿਥਵੀਰਾਜ ਕਪੂਰ ਇਕ ਅਜਿਹੇ 'ਆਈਕਨ' ਸਨ ਜਿਨ੍ਹਾਂ ਨੇ ਜਿਥੇ ਇਕ ਪਾਸੇ ਪ੍ਰਿਥਵੀ ਥਿਏਟਰਜ਼ ਦੀ ਸਥਾਪਨਾ ਕੀਤੀ, ਉਥੇ ਹੀ ਉਹ ਫ਼ਿਲਮ ਜਗਤ ਦੇ ਪ੍ਰਸਿੱਧ ਕਪੂਰ ਖਾਨਦਾਨ ਦੇ ਮੋਹਰੀ ਪੁਰਸ਼ ਵੀ ਬਣੇ।

3 ਨਵੰਬਰ 1906 ਨੂੰ ਲਾਇਲਪੁਰ (ਹੁਣ ਪਾਕਿਸਤਾਨ 'ਚ) ਵਿਚ ਜਨਮੇ ਪ੍ਰਿਥਵੀਰਾਜ ਕਪੂਰ ਦੇ ਪਿਤਾ ਸਬ-ਇੰਸਪੈਕਟਰ ਸਨ। ਉਨ੍ਹਾਂ ਦੀ ਮੁੱਢਲੀ ਪੜ੍ਹਾਈ ਲਾਇਲਪੁਰ ਅਤੇ ਲਾਹੌਰ 'ਚ ਹੋਈ। ਉਹ ਉੱਚ ਸਿੱਖਿਆ ਲਈ ਪੇਸ਼ਾਵਰ ਦੇ ਐਡਵਰਡਜ਼ ਕਾਲਜ 'ਚ ਦਾਖ਼ਲ ਹੋਏ ਤੇ ਉਨ੍ਹਾਂ ਨੇ ਵਕੀਲ ਬਣਨ ਲਈ ਲਾਅ 'ਚ ਇਕ ਸਾਲ ਦਾ ਪ੍ਰੋਗਰਾਮ ਜੁਆਇਨ ਕਰ ਲਿਆ। ਇਸੇ ਦੌਰਾਨ ਉਨ੍ਹਾਂ ਦੀ ਅਭਿਨੈ ਪ੍ਰਤਿਭਾ ਨੂੰ ਪ੍ਰਸਿੱਧੀ ਮਿਲੀ। ਇਸ ਕਾਲਜ ਦੇ ਪ੍ਰੋਫੈਸਰ ਜਯ ਦਿਆਲ ਅੰਗਰੇਜ਼ ਮਹਿਲਾ ਨੋਰਾ ਰਿਚਰਡਸ ਨਾਲ ਮਿਲ ਕੇ ਇਕ ਥਿਏਟਰ ਗਰੁਪ ਚਲਾਉਂਦੇ ਸਨ। ਉਨ੍ਹਾਂ ਨੂੰ ਸ਼ੇਕਸਪੀਅਰ ਤੇ ਇਬਸਨ ਨਾਲ ਖ਼ਾਸ ਲਗਾਅ ਸੀ। ਇਨ੍ਹਾਂ ਦੋਵਾਂ ਨੇ ਆਪਣੇ ਨਾਟਕਾਂ ਲਈ ਪ੍ਰਿਥਵੀਰਾਜ ਨੂੰ 'ਪਰਫੈਕਟ ਮੈਟੀਰੀਅਲ' ਮੰਨਿਆ ਤੇ ਅਭਿਨੈ ਦਾ ਮੌਕਾ ਦਿੱਤਾ। ਰੰਗਮੰਚ 'ਚ ਇਸ ਤਰ੍ਹਾਂ ਪ੍ਰਿਥਵੀਰਾਜ ਨੇ ਪਹਿਲਾ ਕਦਮ ਰੱਖਿਆ।

ਸੰਨ 1928 'ਚ ਉਹ ਮੁੰਬਈ ਆ ਗਏ ਤੇ ਉਨ੍ਹਾਂ ਨੇ ਮੂਕ ਫ਼ਿਲਮਾਂ 'ਚ ਐਕਸਟ੍ਰਾ ਦੇ ਤੌਰ 'ਤੇ ਕੈਰੀਅਰ ਦੀ ਸ਼ੁਰੂਆਤ ਕੀਤੀ। ਆਪਣੀ ਤੀਸਰੀ ਫ਼ਿਲਮ 'ਸਿਨੇਮਾ ਗਰਲ' (1929) 'ਚ ਉਨ੍ਹਾਂ ਨੂੰ ਲੀਡ ਰੋਲ ਨਿਭਾਉਣ ਦਾ ਮੌਕਾ ਮਿਲਿਆ। ਨੌਂ ਮੂਕ ਫ਼ਿਲਮਾਂ ਕਰਨ ਤੋਂ ਬਾਅਦ ਉਨ੍ਹਾਂ ਨੇ ਭਾਰਤ ਦੀ ਪਹਿਲੀ ਬੋਲਣ ਵਾਲੀ ਫ਼ਿਲਮ 'ਆਲਮ ਆਰਾ' (1931) 'ਚ ਇਕ ਸਹਾਇਕ ਕਿਰਦਾਰ ਵੀ ਨਿਭਾਇਆ ਸੀ। 1937 'ਚ ਬਣੀ ਫ਼ਿਲਮ 'ਵਿੱਦਿਆਪਤੀ' ਵਿਚ ਨਿਭਾਏ ਉਨ੍ਹਾਂ ਦੇ ਕਿਰਦਾਰ ਨੂੰ ਕਾਫੀ ਪ੍ਰਸ਼ੰਸਾ ਮਿਲੀ। ਸੋਹਰਾਬ ਮੋਦੀ ਦੀ ਫ਼ਿਲਮ 'ਸਿਕੰਦਰ' (1941) ਵਿਚ ਉਨ੍ਹਾਂ ਵੱਲੋਂ ਨਿਭਾਇਆ ਸਿਕੰਦਰ ਮਹਾਨ ਦਾ ਕਿਰਦਾਰ ਉਨ੍ਹਾਂ ਦੀਆਂ ਯਾਦਗਾਰ ਪ੍ਰਫਾਰਮੈਂਸਿਜ਼ 'ਚੋਂ ਇਕ ਹੈ। ਇਸਦੇ ਨਾਲ ਹੀ ਉਨ੍ਹਾਂ ਨੇ 'ਜੇ. ਗ੍ਰਾਂਟ ਐਂਡਰਸਨ' ਨਾਂ ਦੇ ਅੰਗਰੇਜ਼ੀ ਰੰਗਮੰਚ ਗਰੁਪ ਨੂੰ ਵੀ ਜੁਆਇਨ ਕੀਤਾ। ਹੁਣ ਉਹ ਰੰਗਮੰਚ ਅਤੇ ਸਿਨੇਮਾ ਦੇ ਇਕ ਬੇਹਤਰੀਨ ਕਲਾਕਾਰ ਦੇ ਤੌਰ 'ਤੇ ਸਥਾਪਿਤ ਹੋ ਚੁੱਕੇ ਸਨ।

ਸੰਨ 1944 'ਚ ਪ੍ਰਿਥਵੀਰਾਜ ਨੇ 'ਪ੍ਰਿਥਵੀ ਥਿਏਟਰ' ਦੀ ਸ਼ੁਰੂਆਤ ਕੀਤੀ, ਜਿਸਦੀ ਪਹਿਲੀ ਪੇਸ਼ਕਸ਼ ਸੀ ਮਹਾਕਵੀ ਕਾਲੀਦਾਸ ਦੀ ਕਲਾਸਿਕ ਰਚਨਾ 'ਸ਼ਕੁੰਤਲਾ'। ਪ੍ਰਿਥਵੀ ਥਿਏਟਰ ਨੇ 16 ਸਾਲ ਦੇ ਸਮੇਂ ਦੌਰਾਨ 2662 ਦੇ ਲੱਗਭਗ ਸ਼ੋਅ ਕੀਤੇ, ਜਿਨ੍ਹਾਂ 'ਚੋਂ ਹਰੇਕ 'ਚ ਪ੍ਰਿਥਵੀਰਾਜ ਖ਼ੁਦ ਨਾਇਕ ਸਨ। ਉਨ੍ਹਾਂ ਨੇ ਹਿੰਦੀ ਅਤੇ ਬੰਗਾਲੀ 'ਚ ਬਹੁਤ ਸਾਰੀਆਂ ਹਿੱਟ ਫ਼ਿਲਮਾਂ ਦਿੱਤੀਆਂ। ਉਨ੍ਹਾਂ ਦੀ ਸਭ ਤੋਂ ਯਾਦਗਾਰੀ ਫ਼ਿਲਮ ਸੀ 'ਮੁਗਲ-ਏ-ਆਜ਼ਮ'। ਉਨ੍ਹਾਂ ਵੱਲੋਂ ਇਸ ਫ਼ਿਲਮ 'ਚ ਨਿਭਾਇਆ ਸਮਰਾਟ ਅਕਬਰ ਦਾ ਕਿਰਦਾਰ ਭਾਰਤੀ ਸਿਨੇਮਾ ਦੇ ਸਭ ਤੋਂ ਵੱਧ ਯਾਦਗਾਰੀ ਕਿਰਦਾਰਾਂ 'ਚੋਂ ਇਕ ਹੈ।

1945 'ਚ ਵੰਡ ਨਾਲ ਸੰਬੰਧਤ ਇੰਦਰ ਰਾਜ ਆਨੰਦ ਦੇ ਨਾਟਕ 'ਦੀਵਾਰ' ਦੇ ਕਾਰਨ ਉਨ੍ਹਾਂ ਨੂੰ ਇਕ ਭਾਈਚਾਰੇ ਵੱਲੋਂ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਸੀ। ਬਟਵਾਰੇ ਦੇ ਦਿਨਾਂ 'ਚ ਹੀ ਉਨ੍ਹਾਂ ਨੇ 'ਗੱਦਾਰ' ਅਤੇ 'ਪਠਾਨ' ਵਰਗੇ ਤਾਕਤਵਰ ਸਿਆਸੀ ਨਾਟਕ ਖੇਡੇ, ਜਿਨ੍ਹਾਂ ਨਾਲ ਕਾਫੀ ਵਿਵਾਦ ਪੈਦਾ ਹੋਇਆ ਸੀ। ਪ੍ਰਿਥਵੀਰਾਜ ਦੀ ਫ਼ਿਲਮ ਮਾਧਿਅਮ ਦੀ ਮਾਸਟਰੀ ਦੇ ਕਾਰਨ ਕਈ ਨਵੀਆਂ ਪ੍ਰਤਿਭਾਵਾਂ ਨੂੰ ਸਾਹਮਣੇ ਆਉਣ ਦਾ ਮੌਕਾ ਮਿਲਿਆ ਸੀ। ਰਾਮਾਨੰਦ ਸਾਗਰ, ਸੰਗੀਤਕਾਰ ਸ਼ੰਕਰ ਜੈਕਿਸ਼ਨ ਅਤੇ ਰਮੇਸ਼ ਸਹਿਗਲ ਸਾਰੇ ਪ੍ਰਿਥਵੀ ਥਿਏਟਰ ਦੀ ਖ਼ੋਜ ਸਨ। ਉਨ੍ਹਾਂ ਦੇ ਬੇਟਿਆਂ ਰਾਜ ਕਪੂਰ, ਸ਼ੰਮੀ ਕਪੂਰ ਅਤੇ ਸ਼ਸ਼ੀ ਕਪੂਰ ਨੇ ਵੀ ਆਪਣੇ ਕੈਰੀਅਰ ਪ੍ਰਿਥਵੀ ਥਿਏਟਰ ਤੋਂ ਹੀ ਸ਼ੁਰੂ ਕੀਤੇ ਸਨ।

ਆਪਣੀ ਫ਼ਿਲਮ 'ਪੈਸਾ' ਨਿਰਦੇਸ਼ਿਤ ਕਰਦੇ ਸਮੇਂ ਉਨ੍ਹਾਂ ਦੀ ਸ਼ਾਨਦਾਰ ਆਵਾਜ਼ ਚਲੀ ਗਈ, ਹਾਲਾਂਕਿ ਬਾਅਦ 'ਚ ਵਾਪਸ ਆ ਗਈ ਪਰ ਇਸ 'ਚ ਪਹਿਲਾਂ ਵਰਗਾ ਦਮ-ਖਮ ਨਹੀਂ ਰਿਹਾ। ਇਸੇ ਤ੍ਰਾਸਦੀ ਕਾਰਨ ਉਨ੍ਹਾਂ ਨੂੰ ਪ੍ਰਿਥਵੀ ਥਿਏਟਰ ਬੰਦ ਕਰਨਾ ਪਿਆ ਅਤੇ ਫ਼ਿਲਮਾਂ ਵੀ ਘੱਟ ਕਰ ਦਿੱਤੀਆਂ। ਉਸ ਤੋਂ ਬਾਅਦ ਉਨ੍ਹਾਂ ਨੇ 'ਨਾਨਕ ਨਾਮ ਜਹਾਜ਼ ਹੈ' ਵਰਗੀਆਂ ਕੁਝ ਪੰਜਾਬੀ-ਹਿੰਦੀ ਧਾਰਮਿਕ ਫ਼ਿਲਮਾਂ 'ਚ ਕੰਮ ਕੀਤਾ। ਉਨ੍ਹਾਂ ਦੀ ਆਖਰੀ ਫ਼ਿਲਮ 'ਕਲ ਆਜ ਔਰ ਕਲ' ਸੀ ਜਿਸ ਵਿਚ ਕਪੂਰ ਖ਼ਾਨਦਾਨ ਦੀਆਂ ਤਿੰਨਾਂ ਪੀੜ੍ਹੀਆਂ ਨੇ ਅਭਿਨੈ ਕੀਤਾ ਸੀ। ਸੰਨ 1954 'ਚ ਉਨ੍ਹਾਂ ਨੂੰ ਸੰਗੀਤ ਨਾਟਕ ਅਕੈਡਮੀ ਫੈਲੋਸ਼ਿਪ ਵੱਲੋਂ, 1969 'ਚ ਭਾਰਤ ਸਰਕਾਰ ਵਲੋਂ ਪਦਮਭੂਸ਼ਣ ਅਤੇ 1972 'ਚ ਉਨ੍ਹਾਂ ਦੀ ਮੌਤ ਤੋਂ ਬਾਅਦ ਦਾਦਾ ਸਾਹਿਬ ਫਾਲਕੇ ਪੁਰਸਕਾਰ (1971) 'ਚ ਨਾਲ ਸਨਮਾਨਤ ਕੀਤਾ ਗਿਆ ਸੀ।

## ਹਿਟਲਰ ਦੀ ਗਰਲ ਫ੍ਰੈਂਡ ਬਣੀ

# ਨੇਹਾ ਧੂਪੀਆ



'ਜੂਲੀ' ਤੋਂ ਲੈ ਕੇ 'ਫਸ ਗਏ ਰੇ ਓਬਾਮਾ' ਤਕ ਕਈ ਫਿਲਮਾਂ ਵਿਚ ਆਪਣਾ ਜਲਵਾ ਦਿਖਾ ਚੁੱਕੀ ਅਦਾਕਾਰਾ ਨੇਹਾ ਧੂਪੀਆ ਨੂੰ ਹੁਣ ਆਪਣੀ ਨਵੀਂ ਫਿਲਮ 'ਡੀਅਰ ਫਰੈਂਡ ਹਿਟਲਰ' ਤੋਂ ਬਹੁਤ ਉਮੀਦਾਂ ਹਨ।

ਹਿਟਲਰ ਦੀ ਜ਼ਿੰਦਗੀ 'ਤੇ ਆਧਾਰਤ ਇਸ ਫਿਲਮ 'ਚ ਨੇਹਾ ਨੇ ਉਸ ਦੀ ਗਰਲਫਰੈਂਡ ਈਵਾ ਬ੍ਰੋਨ ਦਾ ਕਿਰਦਾਰ ਨਿਭਾਇਆ ਹੈ। ਇਸ ਫਿਲਮ ਦੇ ਟ੍ਰੇਲਰ ਹਾਲ ਹੀ ਵਿਚ ਬਰਨੀਨਾਲੇ ਫਿਲਮ ਫੈਸਟੀਵਲ ਵਿਚ ਦਿਖਾਏ ਗਏ ਜਿਥੇ ਲੋਕਾਂ ਨੇ ਫਿਲਮ ਨੂੰ ਲੈ ਕੇ ਉਤਸ਼ਾਹ ਦਿਖਾਇਆ ਪਰ ਫਿਲਮ ਵਿਚ ਆਪਣੇ ਰੋਲ ਤੋਂ ਬੇਹੱਦ ਖੁਸ਼ ਨੇਹਾ ਧੂਪੀਆ ਇਸ ਗੱਲ ਤੋਂ ਖਫਾ ਹੈ ਕਿ ਅਨੁਪਮ ਖੇਰ ਨੇ ਹਿਟਲਰ ਦੀ ਭੂਮਿਕਾ ਨੂੰ ਅੰਜਾਮ ਦੇਣ ਦੇ ਆਖਰੀ ਮੌਕੇ ਆਪਣੇ ਰੋਲ ਤੋਂ ਇਨਕਾਰ ਕਰ ਦਿੱਤਾ। ਅਨੁਪਮ ਖੇਰ ਪਹਿਲਾਂ ਹਿਟਲਰ ਦੀ ਭੂਮਿਕਾ ਨਿਭਾਉਣ ਵਾਲੇ ਸਨ ਪਰ ਆਲੋਚਨਾਵਾਂ ਵਿਚਾਲੇ ਉਨ੍ਹਾਂ ਨੇ ਫਿਲਮ ਛੱਡਣ ਦਾ ਫੈਸਲਾ ਕੀਤਾ। ਇਸ ਤੋਂ ਬਾਅਦ ਰਘੁਵੀਰ ਯਾਦਵ ਫਿਲਮ ਵਿਚ ਮੁੱਖ ਭੂਮਿਕਾ ਵਿਚ ਹਨ। ਅਨੁਪਮ ਖੇਰ ਦੇ ਫਿਲਮ ਛੱਡ ਦੇਣ ਤੋਂ ਬਾਅਦ ਨੇਹਾ ਧੂਪੀਆ ਵੀ ਫਿਲਮ ਛੱਡਣ ਜਾ ਰਹੀ ਸੀ ਪਰ ਬਾਅਦ ਵਿਚ ਨੇਹਾ ਨੇ ਕਿਹਾ ਕਿ ਅਜਿਹਾ ਕਰਨਾ ਪ੍ਰੋਫੈਸ਼ਨਲ ਨਹੀਂ ਹੁੰਦਾ। ਨੇਹਾ ਦਾ ਇਹ ਵੀ ਮੰਨਣਾ ਹੈ ਕਿ ਉਹ ਇਸ ਫਿਲਮ ਨਾਲ ਆਪਣੇ ਆਲੋਚਕਾਂ ਦਾ ਮੂੰਹ ਬੰਦ ਕਰ ਸਕੇਗੀ। ਇਹ ਫਿਲਮ ਜਰਮਨੀ ਦੇ ਤਾਨਾਸ਼ਾਹ ਹਿਟਲਰ ਦੀ ਜ਼ਿੰਦਗੀ 'ਤੇ ਆਧਾਰਤ ਹੈ।

# ਸ਼ਾਹਰੁਖ ਦਾ ਨਹੀਂ ਕੋਈ ਸਾਨੀ:ਕਰਨ ਜੌਹਰ



ਬਾਲੀਵੁੱਡ ਦੇ ਸਫਲ ਡਾਇਰੈਕਟਰ ਕਰਨ ਜੌਹਰ ਦੀ ਸ਼ਾਹਰੁਖ ਖਾਨ ਨਾਲ ਦੋਸਤੀ ਇੰਨੀ ਮਜ਼ਬੂਤ ਹੈ ਕਿ ਉਹ ਉਨ੍ਹਾਂ ਅੱਗੇ ਕਿਸੇ ਨੂੰ ਵੀ ਕੁਝ ਨਹੀਂ ਸਮਝਦੇ। ਉਨ੍ਹਾਂ ਦਾ ਮੰਨਣਾ ਹੈ ਕਿ ਵੈਸ਼ਵਿਕ ਪੱਧਰ 'ਤੇ ਬਾਲੀਵੁੱਡ ਦੇ ਅਕਸ ਨੂੰ ਪੇਸ਼ ਕਰਨ ਵਿਚ ਸ਼ਾਹਰੁਖ ਖਾਨ ਅਮਿਤਾਭ ਬਚਨ ਤੋਂ ਕਿਤੇ ਅੱਗੇ ਹਨ।

ਕਰਨ ਨੇ ਇਹ ਗੱਲਾਂ ਇੰਟਰਵਿਊ ਦੌਰਾਨ ਕਹੀਆਂ ਜਿਨ੍ਹਾਂ ਕਾਰਨ ਕੋਈ ਵੀ ਨਾਰਾਜ਼ ਹੋ ਸਕਦਾ ਹੈ। ਉਨ੍ਹਾਂ ਨੇ ਆਪਣੇ-ਆਪ ਨੂੰ ਸਮਾਜ ਪ੍ਰਤੀ ਜ਼ਿੰਮੇਵਾਰ ਫਿਲਮ ਨਿਰਮਾਤਾ ਦੱਸਿਆ ਤੇ ਦੂਸਰੇ ਪਾਸੇ ਜਦੋਂ ਟਾਕ ਸ਼ੋਅ 'ਕੌਫੀ ਵਿਦ ਕਰਨ' 'ਚ ਸਮਾਜਕ ਜ਼ਿੰਮੇਵਾਰੀ ਦੀ ਗੱਲ ਆਈ ਤਾਂ ਉਨ੍ਹਾਂ ਨੇ ਪੱਲਾ ਝਾੜ ਲਿਆ। ਜਦੋਂ ਉਨ੍ਹਾਂ ਤੋਂ ਹੋਰ ਫਿਲਮ ਨਿਰਮਾਤਾਵਾਂ ਬਾਰੇ ਪੁੱਛਿਆ ਗਿਆ ਤਾਂ ਉਹ ਬੋਲੇ ਕਿ ਹੋਰਾਂ ਦੇ ਮੁਕਾਬਲੇ ਉਹ ਜ਼ਿਆਦਾ ਜ਼ਿੰਮੇਵਾਰ ਹਨ ਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਨੂੰ ਸਮਝਦੇ ਹਨ।

ਕਰਨ ਨੇ ਕਿਹਾ ਕਿ ਹਾਲ ਹੀ ਵਿਚ ਬਣੀਆਂ ਦਬੰਗ ਤੇ ਗੋਲਮਾਲ-3 ਸਿਰਫ ਇੰਟਰਟੇਨਮੈਂਟ ਲਈ ਬਣੀਆਂ ਜਦਕਿ ਉਨ੍ਹਾਂ ਦੀਆਂ ਮਾਈ ਨੇਮ ਇਜ਼ ਖਾਨ ਤੇ ਦੋਸਤਾਨਾ ਵਰਗੀਆਂ ਫਿਲਮਾਂ ਨੇ ਸਮਾਜ 'ਚ ਇਕ ਸ਼ੀਸ਼ਾ ਦਿਖਾਉਣ ਦਾ ਕੰਮ ਕੀਤਾ। ਕਰਨ ਨੇ ਕਿਹਾ ਕਿ ਪੂਰੇ ਦੇਸ਼ ਵਿਚ ਏਕਤਾ ਦੀ ਕਮੀ ਹੈ ਤੇ ਸਿਰਫ ਕਹਿਣ ਲਈ ਅਸੀਂ ਹਿੰਦੂ-ਮੁਸਲਿਮ ਭਾਈ-ਭਾਈ ਹਾਂ ਪਰ ਅੰਦਰੂਨੀ ਮਤਭੇਦ ਬਹੁਤ ਜ਼ਿਆਦਾ ਹਨ।

# ਈਸ਼ਾ ਕੋਪੀਕਰ ਹੋਈ ਨਾਰਾਜ਼

ਈਸ਼ਾ ਕੋਪੀਕਰ ਦੀਆਂ ਹੁਣ ਤਕ 10 ਤੋਂ ਵਧੇਰੇ ਫਿਲਮਾਂ ਰਿਲੀਜ਼ ਹੋ ਚੁੱਕੀਆਂ ਹਨ ਪਰ ਇਸ ਦੇ ਬਾਵਜੂਦ ਫਿਲਮ ਨਗਰੀ 'ਚ ਉਸ ਦੀ ਕੋਈ ਖਾਸ ਪਛਾਣ ਨਹੀਂ ਬਣ ਸਕੀ। ਅੱਜ ਵੀ ਲੋਕ ਉਸ ਨੂੰ 'ਖੱਲਾਸ ਗਰਲ' ਦੇ ਨਾਂ ਨਾਲ ਹੀ ਜਾਣਦੇ ਹਨ ਪਰ ਈਸ਼ਾ ਨੂੰ ਇਸ ਦਾ ਕੋਈ ਰੰਜ ਨਹੀਂ ਹੈ ਪਰ ਉਸ ਨੂੰ ਰਾਮਗੋਪਾਲ ਵਰਮਾ ਨਾਲ ਨਾਰਾਜ਼ਗੀ ਜ਼ਰੂਰ ਹੈ।

ਅਸਲ 'ਚ ਈਸ਼ਾ ਦੀ ਇਹ ਨਾਰਾਜ਼ਗੀ ਅੱਜ ਦੀ ਨਹੀਂ ਹੈ ਸਗੋਂ ਉਹ ਇਕ ਲੰਬੇ ਅਰਸੇ ਤੋਂ ਹੀ ਰਾਮੂ ਤੋਂ ਖਿਝੀ ਹੋਈ ਹੈ ਪਰ ਹੁਣ ਉਹ ਖੁੱਲ੍ਹ ਕੇ ਉਸ ਖ਼ਿਲਾਫ਼ ਗੁੱਸਾ ਉਗਲਣ ਲੱਗੀ ਹੈ। ਇਸ ਗੁੱਸੇ ਦਾ ਕਾਰਨ ਹੈ ਫਿਲਮ 'ਸ਼ਬਰੀ'। ਕਈ ਸਾਲ ਪਹਿਲਾਂ ਈਸ਼ਾ ਨੇ ਰਾਮੂ ਦੀ ਫਿਲਮ 'ਸ਼ਬਰੀ' 'ਚ ਕੰਮ ਕੀਤਾ ਸੀ। ਫਿਲਮ ਨੂੰ ਪੂਰੀ ਹੋਇਆਂ ਚਾਰ ਸਾਲ ਹੋ ਗਏ ਹਨ ਪਰ ਹੁਣ ਤਕ ਇਹ ਫਿਲਮ ਸਿਨੇਮਾ ਘਰਾਂ ਦਾ ਮੂੰਹ ਨਹੀਂ ਦੇਖ ਸਕੀ। ਈਸ਼ਾ ਦਾ ਦੋਸ਼ ਹੈ ਕਿ ਰਾਮੂ ਦੀ ਫਿਲਮ ਦੇ ਬਾਕੀ ਨਿਰਮਾਤਾਵਾਂ ਨਾਲ ਲੜਾਈ ਚੱਲ ਰਹੀ ਹੈ, ਇਸ ਕਾਰਨ ਉਹ ਫਿਲਮ ਨੂੰ ਰਿਲੀਜ਼ ਕਰਨ 'ਚ ਦਿਲਚਸਪੀ ਨਹੀਂ ਲੈ ਰਿਹਾ। ਈਸ਼ਾ ਨੂੰ ਇਹ ਗੱਲ ਇਸ ਲਈ ਵੀ ਦੁੱਖ ਦਿੰਦੀ ਹੈ ਕਿਉਂਕਿ ਉਸ ਦਾ ਮੰਨਣਾ ਹੈ ਕਿ 'ਸ਼ਬਰੀ' ਉਸ ਦੇ ਕੈਰੀਅਰ ਦੀ ਸਭ ਤੋਂ ਬਿਹਤਰੀਨ ਫਿਲਮ ਹੈ, ਜਿਸ 'ਚ ਉਸ ਨੇ ਲੇਡੀ ਗੈਂਗਸਟਰ ਦਾ ਕਿਰਦਾਰ ਨਿਭਾਇਆ ਹੈ ਪਰ ਉਸ ਦੀ ਸ਼ਾਨਦਾਰ ਅਦਾਕਾਰੀ ਦਰਸ਼ਕਾਂ ਤਕ ਨਹੀਂ ਪਹੁੰਚ ਰਹੀ। ਇਹੀ ਕਾਰਨ ਹੈ ਕਿ ਹੁਣ ਉਹ ਪੂਰੀ ਕੋਸ਼ਿਸ਼ ਕਰ ਰਹੀ ਹੈ ਕਿ ਉਸ ਦੀ ਇਹ ਫਿਲਮ ਛੇਤੀ ਪ੍ਰਦਰਸ਼ਿਤ ਹੋਵੇ।

# ਵਿਆਹ ਤੋਂ ਬਾਅਦ ਲਾਰਾ ਬਦਲੀ

ਹਰ ਗੱਲ 'ਤੇ ਭਿੜ ਪੈਣ ਵਾਲੀ ਲਾਰਾ ਵਿਆਹ ਤੋਂ ਬਾਅਦ ਕਾਫੀ ਬਦਲ ਗਈ ਹੈ। ਹੁਣ ਉਹ ਇਹ ਵੀ ਦੱਸ ਰਹੀ ਹੈ ਕਿ ਸਬੰਧ ਹਮੇਸ਼ਾ ਚੰਗੇ ਬਣਾਉਣੇ ਚਾਹੀਦੇ ਹਨ ਤੇ ਸਬੰਧ ਤੋੜਨ ਵਾਲੀਆਂ ਗੱਲਾਂ ਤੋਂ ਦੂਰ ਰਹਿਣਾ ਚਾਹੀਦਾ ਹੈ।

ਲਾਰਾ ਆਪਣੀ ਜ਼ਿੰਦਗੀ 'ਚ 19 ਫਰਵਰੀ ਨੂੰ ਬਹੁਤ ਮਹੱਤਵ ਦਿੰਦੀ ਹੈ। ਲਾਰਾ ਦੀ ਰੁਚੀ ਟੈਨਿਸ ਖੇਡ ਪ੍ਰਤੀ ਵੀ ਵਧ ਗਈ ਹੈ। ਲਾਰਾ ਚਾਹੁੰਦੀ ਹੈ ਕਿ ਕੁਲ ਦੁਨੀਆਂ ਦੀ ਟੈਨਿਸ 'ਚ ਉਸ ਦੇ ਮਹੇਸ਼ ਭੂਪਤੀ ਦਾ ਨਾਂ ਹੀ ਹੋਵੇ। ਇਹ ਸਾਰਾ ਮਹੀਨਾ ਲਾਰਾ ਆਪਣੇ ਉਨ੍ਹਾਂ ਖਾਸ 300 ਲੋਕਾਂ ਨੂੰ ਮਿਲ ਕੇ ਗੁਜ਼ਾਰੇਗੀ ਜਿਹੜੇ ਉਸ ਦੀਆਂ ਜੀਵਨ ਖੁਸ਼ੀਆਂ 'ਚ ਉਚੇਚੇ ਤੌਰ 'ਤੇ ਸ਼ਾਮਲ ਹੋਏ ਸਨ।



ਲਾਰਾ ਨੇ ਖਾਸ ਤੌਰ 'ਤੇ 300 ਡੱਬੇ ਬਣਵਾਏ ਹਨ ਪਰ ਕੇਲੀ ਦੋਰਜੀ ਤੇ ਦੀਨੋ ਮੋਰੀਆ ਨੂੰ ਉਸ ਨੇ ਕੁਝ ਵੀ ਨਹੀਂ ਦਿੱਤਾ। ਦੂਸਰੇ ਪਾਸੇ 'ਕਾਫ਼ੀ ਵਿਦ ਕਰਨ' ਸ਼ੋਅ 'ਚ ਜਾ ਕੇ ਲਾਰਾ ਨੇ ਮੰਨਿਆ ਹੈ ਕਿ ਕੇਲੀ ਤੇ ਦੀਨੋ ਨਾਲ ਉਸ ਦੀ ਦੋਸਤੀ ਜਾਰੀ ਰਹੇਗੀ। ਲਾਰਾ ਵੈਸੇ ਪਿਛਲੇ ਦਸ ਸਾਲ ਭੁੱਲ ਜਾਣਾ ਚਾਹੁੰਦੀ ਹੈ। ਲਾਰਾ ਦਾ ਸਵਾਦ ਵੀ ਬਦਲ ਗਿਆ ਹੈ। ਹੁਣ ਉਹ ਮਨੋਰੰਜਨ ਤੇ ਖੇਡ ਸ਼ੋਅ ਦੇਖਣ ਦੀ ਥਾਂ ਰਾਜਨੀਤੀ ਦੇ ਚੈਨਲ ਤੇ ਖਬਰਾਂ ਦੇ ਚੈਨਲ ਜ਼ਿਆਦਾ ਦੇਖ ਰਹੀ ਹੈ। ਲਾਰਾ ਛੇਤੀ ਹੀ ਡੁਬਈ ਵੀ ਜਾਵੇਗੀ ਤੇ ਰਾਜਨੀਤੀ 'ਚ ਜਾਣ ਬਾਰੇ ਵੀ ਸੋਚ ਸਕਦੀ ਹੈ। ਡੁਬਈ 'ਚ ਉਹ ਇਕ ਫੈਸ਼ਨ ਸਟੋਰ ਖੋਲ੍ਹਣ ਦੀ ਯੋਜਨਾ ਬਣਾ ਚੁੱਕੀ ਹੈ।


HOT
New Generation CCTV Solution
SONY Effio-E DSP @700 TVL
ULTRA HIGH RESOLUTION
·Sony Ex-View HAD CCD II
·Built-in Vari-focal Lens
·Indoor/Outdoor Applications
BuyOnlineNow
www.EzChase.com
5% OFF
Spring Promotion
ADVANCED PACKAGE
PRO PACKAGE
CCTV
BEST DEAL!
ONE STOP SHOP FOR CCTV EQUIPMENTS TO PROTECT YOUR HOME & BUSINESS
·We sell less price but make your security priceless.
·We only provide high quality at economy price.
·Two year Warranty on our products.
Customer Service: 1-800-235-1391


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

ਦੇਗ ਤੇਗ ਫਤਿਹ

ੴ ਸਤਿਗੁਰ ਪ੍ਰਸਾਦਿ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

## ਨਵੀਂ ਇਮਾਰਤ ਦਾ ਉਦਘਾਟਨ 10 ਅਪਰੈਲ ਨੂੰ



ਫੋਟੋ:ਮੀਕਾ ਸਟੂਡੀਓ

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਸਭ ਨੂੰ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਵਾਹਿਗੁਰੂ ਦੀ ਅਪਾਰ ਕਿਰਪਾ ਅਤੇ ਆਪ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਨਵੀਂ ਖੂਬਸੂਰਤ ਇਮਾਰਤ ਮੁਕੰਮਲ ਹੋ ਚੁੱਕੀ ਹੈ ਅਤੇ ਹੁਣ ਉਸ ਦੀਆਂ ਇੰਸਪੈਕਸ਼ਨਾਂ ਹੋ ਰਹੀਆਂ ਹਨ। 10 ਅਪਰੈਲ 2011 ਐਤਵਾਰ ਵਾਲੇ ਦਿਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਾਲਕੀ ਵਿਚ ਸਜਾ ਕੇ ਸੰਗਤ ਵਲੋਂ ਨਗਰ ਕੀਰਤਨ ਦੇ ਰੂਪ 'ਚ ਨਵੀਂ ਇਮਾਰਤ ਦੀ ਪਰਿਕਰਮਾ ਕਰਨ ਤੋਂ ਬਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਨਵੀਂ ਇਮਾਰਤ ਵਿਚ ਕੀਤਾ ਜਾਵੇਗਾ।

ਸਮੂਹ ਸੰਗਤਾਂ ਨੂੰ ਇਸ ਸ਼ੁੱਭ ਮੌਕੇ ਪਹੁੰਚਣ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ। ਸਿੱਖ ਜਥੇਬੰਦੀਆਂ ਅਤੇ ਗੁਰੂ ਘਰਾਂ ਦੀਆਂ ਕਮੇਟੀਆਂ ਨੂੰ ਇਸ ਅਵਸਰ 'ਤੇ ਪਹੁੰਚਣ ਲਈ ਸੰਦੇਸ਼ ਭੇਜੇ ਜਾ ਰਹੇ ਹਨ। ਨਵੀਂ ਇਮਾਰਤ ਵਿਚ ਗੁਰੂ ਮਹਾਰਾਜ ਦੇ ਪ੍ਰਥਮ ਪ੍ਰਕਾਸ਼ ਸਬੰਧੀ ਉਚੇਚੇ ਪ੍ਰਬੰਧ ਕੀਤੇ ਜਾ ਰਹੇ ਹਨ। ਗੁਰੂ ਘਰ ਵਲੋਂ ਇਸ ਪਾਵਨ ਮੌਕੇ ਅਪਰੈਲ ਦਾ ਸਾਰਾ ਮਹੀਨਾ ਵਿਸ਼ੇਸ਼ ਕੀਰਤਨ ਦਰਬਾਰ ਕਰਵਾਏ ਜਾਣਗੇ ਜਿਸ ਵਿਚ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਸਾਬਕਾ ਹਜ਼ੂਰੀ ਕੀਰਤਨੀ ਜਥੇ, ਬੰਗਲਾ ਸਾਹਿਬ ਦਿੱਲੀ ਤੋਂ ਕੀਰਤਨੀ ਜਥੇ ਅਤੇ ਕਥਾਵਾਚਕ ਹਾਜ਼ਰੀਆਂ ਭਰਨਗੇ। ਗੁਰੂ ਘਰ ਦੀ ਸੰਗਤ ਵਲੋਂ ਲੜੀਵਾਰ ਅਖੰਡ ਪਾਠ ਸਾਹਿਬ ਪਹਿਲੀ ਤੋਂ 30 ਅਪਰੈਲ ਤੱਕ ਹੋਣਗੇ।

ਪੰਜਾਬ ਤੋਂ ਬਾਹਰ ਕੈਲੀਫੋਰਨੀਆ ਦੇ ਸ਼ਹਿਰ ਸੈਨ ਹੋਜ਼ੇ ਦੀਆਂ ਖੂਬਸੂਰਤ ਪਹਾੜੀਆਂ 'ਤੇ 40 ਏਕੜ ਦੇ ਰਕਬੇ ਵਿਚ ਸੁਸ਼ੋਭਿਤ ਗੁਰਦੁਆਰਾ ਸੈਨ ਹੋਜ਼ੇ ਦੁਨੀਆਂ ਭਰ 'ਚ ਇੱਕ ਬਹੁਤ ਵੱਡੇ ਆਕਾਰ ਵਾਲਾ ਗੁਰੂ ਘਰ ਮੰਨਿਆ ਜਾ ਰਿਹਾ ਹੈ ਜਿਸ ਵਿਚ 140 ਜਰਬ 150 ਫੁੱਟ ਦਰਬਾਰ ਹਾਲ, 150 ਜਰਬ 100 ਫੁੱਟ ਲੰਗਰ ਹਾਲ, ਦੋ ਬਹੁਤ ਵੱਡੀਆਂ ਰਸੋਈਆਂ, ਕੂਲਰ ਰੂਮ, ਰਸਦ ਰੱਖਣ ਲਈ 4 ਕਮਰੇ, ਭਾਂਡੇ ਧੋਣ ਵਾਲੀ ਮਸ਼ੀਨ, ਰੋਟੀ ਬਣਾਉਣ ਵਾਲੀ ਮਸ਼ੀਨ, ਹੈਡ ਗ੍ਰੰਥੀ ਅਤੇ ਸਹਾਇਕ ਗ੍ਰੰਥੀ ਲਈ 2 ਤਿੰਨ ਤਿੰਨ ਬੈਡਰੂਮ ਦੇ ਘਰ, ਕੀਰਤਨੀ ਜਥਿਆਂ ਦੀ ਰਿਹਾਇਸ਼ ਲਈ 6 ਕਮਰੇ, ਯਾਤਰੂਆਂ ਦੀ ਰਿਹਾਇਸ਼ ਲਈ 2 ਕਮਰੇ, ਆਮ ਵਰਤੋਂ ਲਈ 3 ਕਮਰੇ, ਵਿਆਹ/ਸ਼ਾਦੀ ਸਮੇਂ ਲੜਕੀ/ਲੜਕੇ ਦੇ ਤਿਆਰ ਹੋਣ ਲਈ 2 ਕਮਰੇ, ਖਾਲਸਾ ਸਕੂਲ ਲਈ 11 ਕਮਰੇ ਅਤੇ 2 ਦਫਤਰ, ਲਾਇਬਰੇਰੀ ਅਤੇ ਕਮੇਟੀ ਲਈ ਕਮਰੇ ਅਤੇ ਮੀਟਿੰਗ ਰੂਮ ਵਗੈਰਾ ਤਿਆਰ ਹੋ ਰਹੇ ਹਨ।

ਦੁਨੀਆਂ ਭਰ 'ਚ ਇਹ ਪਹਿਲਾ ਗੁਰੂ ਘਰ ਹੈ ਜਿਸ ਨੂੰ ਗਰੀਨ ਗੁਰਦੁਆਰਾ ਸਾਹਿਬ ਦਾ ਦਰਜਾ ਪ੍ਰਾਪਤ ਹੈ ਜਿਸ ਵਿਚ ਸਾਰੀ ਵਰਤੋਂ ਲਈ ਬਿਜਲੀ ਸੋਲਰ ਪੈਨਲ ਨਾਲ ਤਿਆਰ ਕਰਨ ਅਤੇ ਲੰਗਰ ਵਾਸਤੇ ਸਟੀਲ ਦੇ ਬਰਤਨ ਦਾ ਇੰਤਜ਼ਾਮ ਕੀਤਾ ਗਿਆ ਹੈ।

ਨਵੀਂ ਖੂਬਸੂਰਤ ਇਮਾਰਤ ਨੂੰ ਦੇਖ ਕੇ ਸੰਗਤਾਂ ਵਿਚ ਬਹੁਤ ਉਤਸ਼ਾਹ ਹੈ। ਹਰ ਸਨਿਚਰਵਾਰ ਸੰਗਤਾਂ ਹੁੰਮ ਹੁਮਾ ਕੇ ਕਾਰ ਸੇਵਾ ਕਰਦੀਆਂ ਹਨ।

ਲੰਘੇ ਐਤਵਾਰ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਸੰਸਥਾ ਜੈਨਕੋ ਦੇ ਕੁੱਝ ਉਘੇ ਮੈਂਬਰਾਂ ਨੇ ਇਸ ਨਵੇਂ ਗੁਰੂ ਘਰ ਦੇ ਦਰਸ਼ਨ ਕੀਤੇ ਅਤੇ ਬਹੁਤ ਪ੍ਰਭਾਵਤ ਹੋਏ। ਉਨ੍ਹਾਂ ਰੋਟੀ ਬਣਾਉਣ ਵਾਲੀ ਮਸ਼ੀਨ ਦਾ 51 ਹਜ਼ਾਰ ਡਾਲਰ ਅਤੇ ਖਾਲਸਾ ਸਕੂਲ ਦੇ ਇੱਕ ਕਮਰੇ ਦਾ 51 ਹਜ਼ਾਰ ਡਾਲਰ ਗੁਰੂ ਘਰ ਨੂੰ ਦੇਣ ਦਾ ਪ੍ਰਣ ਕੀਤਾ। ਇਸੇ ਤਰ੍ਹਾਂ ਲੰਘੇ ਐਤਵਾਰ ਸਾਡਾ ਚੈਨਲ ਟੀ ਵੀ ਦੇ ਸਿੱਧੂ ਦਮਦਮੀ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਆਏ ਤਾਂ ਉਨ੍ਹਾਂ ਦੇ ਨਾਲ ਆਏ ਇੰਦਰਜੀਤ ਸਿੰਘ ਥਿੰਦ, ਕੁਲਵੰਤ ਸਿੰਘ ਨਿੱਝਰ ਅਤੇ ਸੁਖਵੀਰ ਸਿੰਘ ਨਿੱਝਰ ਨੇ ਗੁਰਦੁਆਰਾ ਸਾਹਿਬ ਦੀ ਨਵੀਂ ਬਣੀ ਖੂਬਸੂਰਤ ਇਮਾਰਤ ਤੋਂ ਪ੍ਰਭਾਵਤ ਹੋ ਕੇ 11,000 ਡਾਲਰ ਗੁਰੂ ਘਰ ਲਈ ਭੇਟ ਕੀਤੇ। ਯਾਦ ਰਹੇ ਕਿ ਪਦਮ ਸ੍ਰੀ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਨੇ ਗੁਰੂ ਘਰ ਦੀ ਨਵੀਂ ਬਣੀ ਇਮਾਰਤ ਨਿਰਵਿਘਨ ਸੰਪੂਰਨ ਹੋਣ ਲਈ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕੀਤੀ ਸੀ। ਬਾਬਾ ਜੀ ਨੂੰ ਇੰਦਰਜੀਤ ਸਿੰਘ ਥਿੰਦ ਲੈ ਕੇ ਆਏ ਸਨ।

### ਪ੍ਰੋਗਰਾਮ

ਪਹਿਲੀ ਅਪ੍ਰੈਲ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜੀਵਾਰ ਅਖੰਡ ਪਾਠ ਅਰੰਭ ਹੋਣਗੇ ਜਿਨ੍ਹਾਂ ਦੇ ਭੋਗ 24 ਅਪਰੈਲ ਨੂੰ ਪਾਏ ਜਾਣਗੇ। ਜਿਸ ਵੀ ਕਿਸੇ ਗੁਰੂ ਕੇ ਪਿਆਰੇ ਨੇ ਸੇਵਾ ਲੈਣੀ ਹੋਵੇ ਉਹ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਮਹਿੰਦਰ ਸਿੰਘ ਨਾਲ ਸੰਪਰਕ ਕਰ ਸਕਦਾ ਹੈ।

4 ਅਪਰੈਲ ਨੂੰ ਕਵੀ ਦਰਬਾਰ ਹੋਵੇਗਾ ਜਿਸ ਵਿਚ ਸਾਰੀਆਂ ਸਾਹਿਤ ਸਭਾਵਾਂ ਪੁੱਜਣਗੀਆਂ।

9 ਅਪਰੈਲ ਨੂੰ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਕ੍ਰਿਪਾਲ ਸਿੰਘ, ਭਾਈ ਬਲਦੇਵ ਸਿੰਘ ਵਡਾਲਾ, ਭਾਈ ਬਲਵਿੰਦਰ ਸਿੰਘ, ਸਾਬਕਾ ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਤੇ ਭਾਈ ਅਤਰ ਸਿੰਘ, ਅਤੇ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਦੇ ਹਜ਼ੂਰੀ ਰਾਗੀ ਭਾਈ ਗੁਰਮੁਖ ਸਿੰਘ, ਗੁਰਦੁਆਰਾ ਸੈਨ ਹੋਜ਼ੇ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਤੋਂ ਇਲਾਵਾ ਬਾਬਾ ਬਲਵਿੰਦਰ ਸਿੰਘ ਕੁਰਾਲੀ ਵਾਲੇ ਹਿੱਸਾ ਲੈਣਗੇ।

14 ਅਪਰੈਲ ਨੂੰ ਖਾਲਸੇ ਦਾ ਸਾਜਨਾ ਦਿਵਸ ਮਨਾਇਆ ਜਾਵੇਗਾ। ਇਸ ਦਿਨ ਅੰਮ੍ਰਿਤ ਸੰਚਾਰ ਹੋਵੇਗਾ ਅਤੇ ਖਾਲਸਾ ਸਕੂਲ ਦੇ ਬੱਚੇ ਵਿਸ਼ੇਸ਼ ਪ੍ਰੋਗਰਾਮ ਕਰਨਗੇ।

18 ਅਪਰੈਲ ਤੋਂ ਲੈ ਕੇ 27 ਅਪਰੈਲ ਤੱਕ ਪੰਥ ਦੇ ਮਹਾਨ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ ਗੁਰਬਾਣੀ ਦੀ ਕਥਾ ਕਰਨਗੇ।

23 ਅਪਰੈਲ ਨੂੰ ਢਾਡੀ ਦਰਬਾਰ ਹੋਵੇਗਾ ਜਿਸ ਵਿਚ ਪੰਥ ਦੇ ਮਹਾਨ ਢਾਡੀ ਜਥੇ ਹਿੱਸਾ ਲੈਣਗੇ।

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: sanjosegurdwara.com